# MOVING To INDIANA?



*ਇੰਡੀਆਨਾ ’ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ*

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ

Contact me today to BUY/SELL/INVEST in Indiana.

**Ph: (317) 670-1055**

Beenu.sikand@gmail.com www.LegacyHomesInternational.com

*Beenu Sikand*
*Legacy Homes Intl.*
*Broker Owner,*
*Realtor, CRS, MBA*

*Successfully Selling Real Estate for 17 Years!*

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

For the Best advice for BUYING-SELLING-RENTING

Ben Singh Bashal (Realtor/Broker) Kamaljeet Kaur (Realtor/Broker)

**Ph: 317-809-1818** **Ph: 317-909-9295**

midlandrealtygroup@yahoo.com kahlonkamaljeet@gmail.com

Midland Realty Group-Company You Trust



*Kamaljeet Kaur*

*Mortgage rates available from 2.1% to 3%*



Twenty-Second Year of Publication *ਨਿਊ ਯਾਰਕ ਐਡੀਸ਼ਨ* Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 08, February 20, 2021 20451 N. Plum Grove Rd., Palatine, IL 60074 Ph:847-359-0746, Fax:847-705-9388



## ਨਿਗਮ ਚੋਣਾਂ ਨੇ ਰਵਾਇਤੀ ਪਾਰਟੀਆਂ ‘ਤੇ ਲਾਏ ਸਵਾਲੀਆ ਨਿਸ਼ਾਨ

### ਪੰਜਾਬ ਦੇ ਸਿਆਸੀ ਭਵਿੱਖ ਬਾਰੇ ਦਿੱਤੇ ਵੱਡੇ ਸੰਕੇਤ

**ਚੰਡੀਗੜ੍ਹ:** ਪੰਜਾਬ ਵਿਚ 8 ਨਗਰ ਨਿਗਮਾਂ ਅਤੇ 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦੇ ਨਤੀਜੇ ਸੂਬੇ ਦੀਆਂ ਸਥਾਪਤ ਸਿਆਸੀ ਧਿਰਾਂ ਦੇ ਭਵਿੱਖ ਬਾਰੇ ਵੱਡੇ ਸੰਕੇਤ ਦੇ ਗਏ ਹਨ। ਕੁਝ ਹਲਕੇ ਇਨ੍ਹਾਂ ਚੋਣਾਂ ਨੂੰ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਸੈਮੀਫਾਈਨਲ ਮੰਨ ਰਹੇ ਸਨ, ਪਰ ਇਨ੍ਹਾਂ ਦੇ ਨਤੀਜੇ ਅਜਿਹੇ ਹੋਣਗੇ, ਇਹ ਗੱਲ ਸਿਆਸੀ ਮਾਹਿਰਾਂ ਦੀਆਂ ਗਿਣਤੀਆਂ-ਮਿਣਤੀਆਂ ਉਤੇ ਵੀ ਸਵਾਲੀਆ ਨਿਸ਼ਾਨ ਲਾ ਗਏ ਹਨ।

ਖੇਤੀ ਕਾਨੂੰਨਾਂ ਖਿਲਾਫ ਉਠੇ ਰੋਹ ਕਾਰਨ ਇਨ੍ਹਾਂ ਚੋਣਾਂ ਵਿਚ ਭਾਜਪਾ ਦੀ ਹੋਣੀ ਤਾਂ ਤਕਰੀਬਨ ਤੈਅ ਹੀ ਜਾਪ ਰਹੀ ਸੀ ਪਰ ਸੂਬੇ ਦੀਆਂ ਪ੍ਰਮੁੱਖ ਵਿਰੋਧੀ ਧਿਰਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਆਮ ਆਦਮੀ ਪਾਰਟੀ ਦਾ ਅਜਿਹਾ ਹਸ਼ਰ ਹੋਵੇਗਾ, ਇਸ ਦਾ ਅੰਦਾਜ਼ਾ ਸ਼ਾਇਦ ਕਿਸੇ ਨੇ ਨਹੀਂ ਲਾਇਆ ਸੀ। ਇਨ੍ਹਾਂ ਦੋਵੇਂ ਧਿਰਾਂ ਤੋਂ ਕਿਤੇ ਵੱਧ ਸੀਟਾਂ ਤਾਂ ਆਜ਼ਾਦ ਉਮੀਦਵਾਰ ਹੀ ਲੈ ਗਏ। ਇਥੋਂ ਤੱਕ ਕਿ ਸ੍ਰੀ ਆਨੰਦਪੁਰ ਸਾਹਿਬ ਨਗਰ ਕੌਂਸਲ ਦੇ ਚੋਣ ਨਤੀਜੇ ਸਾਰੇ ਪੰਜਾਬ ਤੋਂ ਵੱਖਰੇ ਆਏ। ਇਥੋਂ ਦੀਆਂ ਕੁੱਲ 13 ਸੀਟਾਂ ‘ਤੇ ਲੋਕਾਂ ਨੂੰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਆਮ ਆਦਮੀ ਪਾਰਟੀ ਵਿਚੋਂ ਕੋਈ ਵੀ ਧਿਰ ਪਸੰਦ ਨਾ ਆਈ ਅਤੇ ਸਾਰੇ ਆਜ਼ਾਦ ਉਮੀਦਵਾਰ ਜਿਤਾ ਦਿੱਤੇ। ਆਦਮਪੁਰ ਵਿਚ ਕੁੱਲ 13 ਵਾਰਡਾਂ ਵਿਚੋਂ 12 ਆਜ਼ਾਦ ਉਮੀਦਵਾਰ ਜੇਤੂ ਰਹੇ ਜਦੋਂਕਿ ਇਕ ਵਾਰਡ ਤੋਂ ਬਸਪਾ ਜੇਤੂ ਰਹੀ।

ਭਾਜਪਾ ਆਪਣੇ ਗੜ੍ਹ ਪਠਾਨਕੋਟ ਤੇ ਹੁਸ਼ਿਆਰਪੁਰ ਅਤੇ ਅਕਾਲੀ ਦਲ (ਬਾਦਲ) ਬਠਿੰਡਾ ਤੇ ਸ੍ਰੀ ਮੁਕਤਸਰ ਸਾਹਿਬ ਵਿਚ ਪੂਰੀ ਤਰ੍ਹਾਂ ਮਾਂਜਿਆ ਗਿਆ। ਚੋਣਾਂ ਦੌਰਾਨ ਆਸ ਮੁਤਾਬਿਕ, ਹਾਕਮ ਧਿਰ ਕਾਂਗਰਸ ਵੱਡੀ ਧਿਰ ਬਣ ਕੇ ਉਭਰੀ। 14 ਫਰਵਰੀ ਨੂੰ ਮਿਉਂਸਪਲ ਚੋਣਾਂ ਹੋਈਆਂ ਸਨ। ਇਨ੍ਹਾਂ ਚੋਣਾਂ ਵਿਚ ਕੁੱਲ 9222 ਉਮੀਦਵਾਰ ਚੋਣ ਮੈਦਾਨ ‘ਚ ਨਿੱਤਰੇ ਸਨ। ਚੋਣਾਂ ਦੌਰਾਨ ਕਾਂਗਰਸ ਨੇ 2037, ਸ਼੍ਰੋਮਣੀ ਅਕਾਲੀ ਦਲ ਨੇ 1569, ਭਾਜਪਾ ਨੇ 1003, ਆਮ ਆਦਮੀ ਪਾਰਟੀ ਨੇ 1006 ਅਤੇ ਬਹੁਜਨ ਸਮਾਜ ਪਾਰਟੀ ਨੇ 106 ਉਮੀਦਵਾਰਾਂ ਸਮੇਤ ਹੋਰਨਾਂ ਪਾਰਟੀਆਂ ਨੇ ਵੀ ਆਪਣੇ ਉਮੀਦਵਾਰ ਮੈਦਾਨ ‘ਚ ਉਤਾਰੇ ਹਨ। ਇਸੇ ਤਰ੍ਹਾਂ ਸਭ ਤੋਂ ਜ਼ਿਆਦਾ, 2832 ਆਜ਼ਾਦ ਉਮੀਦਵਾਰ ਮੈਦਾਨ ਵਿਚ ਸਨ।



ਫਿਲਮ ਅਦਾਕਾਰ ਅਤੇ ਬੀ.ਜੇ.ਪੀ. ਦੇ ਸੰਸਦ ਮੈਂਬਰ ਸੰਨੀ ਦਿਓਲ ਦੇ ਹਲਕੇ ਵਿਚ ਕਾਂਗਰਸ ਨੇ ਝੰਡਾ ਗੱਡ ਦਿੱਤਾ ਹੈ। ਨਗਰ ਕੌਂਸਲ ਗੁਰਦਾਸਪੁਰ ਦੇ 29 ਵਾਰਡਾਂ ਵਿਚ ਪੂਰਨ ਤੌਰ ਉਤੇ ਕਾਂਗਰਸ ਦੇ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਇਹ ਸੰਨੀ ਦਿਓਲ ਤੇ ਬੀ.ਜੇ.ਪੀ. ਨੂੰ ਸਭ ਤੋਂ ਵੱਡਾ ਝਟਕਾ ਹੈ। ਅੰਕੜਿਆਂ ਮੁਤਾਬਕ ਕਾਂਗਰਸ ਨੇ ਪੰਜਾਬ ਦੇ ਸੱਤ ਸ਼ਹਿਰਾਂ ਵਿਚੋਂ ਛੇ ਨਗਰ ਨਿਗਮਾਂ ਵਿਚ ਸਫਲਤਾ ਹਾਸਲ ਕੀਤੀ ਹੈ। ਪਾਰਟੀ ਨੇ ਹੁਸ਼ਿਆਰਪੁਰ, ਕਪੂਰਥਲਾ, ਅਬੋਹਰ, ਪਠਾਨਕੋਟ, ਬਟਾਲਾ ਤੇ ਬਠਿੰਡਾ ਵੀ ਫਤਿਹ ਕਰ ਲਿਆ। ਮੋਗਾ ਨਗਰ ਨਿਗਮ ਵਿਚ ਕਾਂਗਰਸ ਨੂੰ ਬਹੁਮਤ ਨਹੀਂ ਮਿਲਿਆ।

ਬਾਦਲਾਂ ਦੇ ਗੜ੍ਹ ਸ੍ਰੀ ਮੁਕਤਸਰ ਸਾਹਿਬ ਨਗਰ ਕੌਂਸਲ ‘ਤੇ ਕਾਂਗਰਸ ਕਾਬਜ਼ ਹੋ ਗਈ ਹੈ। ਕਾਂਗਰਸ ਦੇ 17, ਸ਼੍ਰੋਮਣੀ ਅਕਾਲੀ ਦਲ ਦੇ 10, ਆਮ ਆਦਮੀ ਪਾਰਟੀ ਦੇ 2, ਭਾਰਤੀ ਜਨਤਾ ਪਾਰਟੀ ਅਤੇ ਆਜ਼ਾਦ ਉਮੀਦਵਾਰ 1-1 ਸੀਟ ਉਤੇ ਜੇਤੂ ਰਹੇ।

ਇਸੇ ਤਰ੍ਹਾਂ ਕਾਂਗਰਸ ਨੇ ਬਠਿੰਡਾ ਨਗਰ ਨਿਗਮ ਦੇ 50 ਵਾਰਡਾਂ ਵਿਚੋਂ 43 ਜਿੱਤੇ ਹਨ। ਸਿਰਫ ਸੱਤ ਵਾਰਡ ਅਕਾਲੀ ਦਲ ਦੇ ਹਿੱਸੇ ਆਏ ਹਨ। ਬੀ.ਜੇ.ਪੀ. ਤੇ ਆਮ ਆਦਮੀ ਪਾਰਟੀ ਦਾ

*(ਬਾਕੀ ਸਫਾ 6 ਉਤੇ)*

## ਕਿਸਾਨ ਜਥੇਬੰਦੀਆਂ ਨੇ ਨਵੀਂ ਰਣਨੀਤੀ ਬਣਾਈ

### ਭਾਜਪਾ ਨੂੰ ਸਿਆਸੀ ਸੇਕ ਲਾਉਣ ਦੀ ਤਿਆਰੀ

**ਨਵੀਂ ਦਿੱਲੀ:** ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਸਣੇ ਹੋਰ ਮੰਗਾਂ ਲਈ ਦਿੱਲੀ ਦੀਆਂ ਹੱਦਾਂ ਉਤੇ ਪਿਛਲੇ ਢਾਈ ਮਹੀਨਿਆਂ ਤੋਂ ਡੇਰੇ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਹੁਣ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਨਵੀਂ ਰਣਨੀਤੀ ਵੱਲ ਤੁਰ ਪਈਆਂ ਹਨ। ਦਿੱਲੀ ਦੀਆਂ ਹੱਦਾਂ ਤੋਂ ਇਲਾਵਾ ਹੁਣ ਸੰਘਰਸ਼ ਨੂੰ ਪੂਰੇ ਮੁਲਕ ਵਿਚ ਭਖਾਇਆ ਜਾਵੇਗਾ।



ਭਾਜਪਾ ਤੇ ਇਸ ਦੇ ਭਾਈਵਾਲਾਂ ਨੂੰ ਸਿਆਸੀ ਸੇਕਾ ਦੇਣ ਲਈ ਉਨ੍ਹਾਂ ਸੂਬਿਆਂ ਵਿਚ ਪਹੁੰਚ ਕੀਤੀ ਜਾਵੇਗੀ ਜਿਥੇ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਸ ਦੀ ਸ਼ੁਰੂਆਤ ਪੱਛਮੀ ਬੰਗਾਲ ਤੇ ਅਸਾਮ ਤੋਂ ਕਰਨ ਦੀ ਰਣਨੀਤੀ ਬਣਾਈ ਗਈ ਹੈ। ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਇਨ੍ਹਾਂ ਸੂਬਿਆਂ ਤੱਕ ਪਹੁੰਚ ਕਰ ਕੇ ਜਿਥੇ ਭਾਜਪਾ ਦੀਆਂ ਮਾਰੂ ਨੀਤੀਆਂ ਦਾ ਪ੍ਰਚਾਰ ਕੀਤਾ ਜਾਵੇਗਾ, ਉਥੇ ਲੋਕਾਂ ਨੂੰ ਸੰਘਰਸ਼ ਦੀ ਹਮਾਇਤ ਲਈ ਅੱਗੇ ਆਉਣ ਲਈ ਅਪੀਲ ਕੀਤੀ ਜਾਵੇਗੀ।

ਯਾਦ ਰਹੇ ਕਿ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਕੇਂਦਰ ਸਰਕਾਰ ਦਾਅਵਾ ਕਰ ਰਹੀ ਹੈ ਕਿ ਇਹ ਅੰਦੋਲਨ ਸਿਰਫ ਇਕ ਸੂਬੇ (ਪੰਜਾਬ) ਦੇ ਕੁਝ ਗੁਮਰਾਹ ਹੋਏ ਲੋਕਾਂ ਦਾ ਹੈ। ਸੰਸਦ ਵਿਚ ਬਜਟ ਇਜਲਾਸ ਦੌਰਾਨ ਵੀ ਕੇਂਦਰੀ ਮੰਤਰੀਆਂ ਨੇ ਇਹੀ ਰਟ ਲਾਈ ਰੱਖੀ ਸੀ। ਇਸੇ ਨੂੰ ਮੁੱਖ ਰੱਖ ਕੇ ਹਰਿਆਣਾ ਵਿਚ ਮਹਾਪੰਚਾਇਤਾਂ ਦਾ ਸਿਲਸਲਾ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਇਹ ਉਤਰ ਪ੍ਰਦੇਸ਼, ਰਾਜਸਥਾਨ ਸਣੇ ਹੋਰ ਸੂਬਿਆਂ ਤੱਕ ਪਹੁੰਚ ਗਿਆ। ਹੁਣ ਇਸ ਦਾ ਘੇਰਾ ਪੂਰੇ ਮੁਲਕ ਵਿਚ ਫੈਲਾਉਣ ਦੀ ਤਿਆਰੀ ਹੈ। ਕਿਸਾਨ ਆਗੂਆਂ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ

*(ਬਾਕੀ ਸਫਾ 6 ਉਤੇ)*


**FRONTIER FUEL CARD**

No obligation or contracts
*(cancel anytime)*
No minimum amount of fuel to buy
Minimal up front to put down
Receive detailed fuel reports

Jagdeep Bains
Jbains@frontierfundinginc.com
**Ph: 417-818-1054**



*Rajwinder Gill*
*(Your Real Estate Pro.)*
*MBA (Finance)*
*Red 1 Realty*

**“Serving All Your Real Estate Needs”**

Columbus, Ohio is one of the fastest growing city in USA and With Best Schools.

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:

*ਰਾਜਵਿੰਦਰ ਗਿੱਲ, ਫੋਨ: 740-621-4455*

Email: Realtorgill1@gmail.com
Website: www.gill-realty.com



*ਬੌਬੀ ਸਿੰਘ*

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

**(ਸੈਲ): 718-757-7809**
ਫੋਨ (ਦਫਤਰ): 718-262-9700
(ਫੈਕਸ): 516-439-5418

*ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।*

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਮਹਾਪੰਚਾਇਤਾਂ ਨੇ ਕਿਸਾਨਾਂ ਦੇ ਸੰਘਰਸ਼ 'ਚ ਹੋਰ ਜੋਸ਼ ਭਰਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਖੇਤੀ ਸੁਧਾਰਾਂ ਦੇ ਨਾਮ 'ਤੇ ਲਿਆਂਦੇ ਗਏ ਖੇਤੀ ਵਿਰੋਧੀ ਕਾਨੂੰਨਾਂ ਨੂੰ ਜਬਰੀ ਥੋਪੇ ਜਾਣ ਵਿਰੁੱਧ ਸ਼ੁਰੂ ਹੋਏ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਕਿਸਾਨ ਜਥੇਬੰਦੀਆਂ ਵੱਲੋਂ ਦੇਸ਼ ਭਰ 'ਚ ਕਿਸਾਨ ਮਹਾਪੰਚਾਇਤਾਂ ਕੀਤੀਆਂ ਜਾ ਰਹੀਆਂ ਹਨ।



ਇਨ੍ਹਾਂ ਕਿਸਾਨ ਮਹਾਪੰਚਾਇਤਾਂ ਦੀ ਸ਼ੁਰੂਆਤ ਹਰਿਆਣਾ ਤੋਂ ਕੀਤੀ ਗਈ ਹੈ। ਸੂਬੇ ਵਿਚ ਹੋਈਆਂ ਕਿਸਾਨ ਮਹਾਪੰਚਾਇਤਾਂ ਤੋਂ ਬਾਅਦ ਖਾਪ ਪੰਚਾਇਤਾਂ ਦੀ ਅਗਵਾਈ ਹੇਠ ਦਿੱਲੀ ਜਾਣ ਵਾਲੇ ਹਰਿਆਣਵੀ ਕਿਸਾਨਾਂ ਦੀ ਗਿਣਤੀ ਪਹਿਲਾਂ ਨਾਲੋਂ ਵਧ ਗਈ ਹੈ। ਦੂਜੇ ਪਾਸੇ ਸੂਬੇ ਦੇ ਸਾਰੇ ਟੌਲ ਪਲਾਜ਼ੇ, ਕੌਮੀ ਸ਼ਾਹਰਾਹ ਅਤੇ ਕਾਰਪੋਰੇਟ ਘਰਾਣਿਆਂ ਦੇ ਦਫਤਰਾਂ ਦੇ ਬਾਹਰ ਦਿੱਤੇ ਜਾਣ ਵਾਲੇ ਧਰਨੇ-ਪ੍ਰਦਰਸ਼ਨਾਂ ਵਿਚ ਵੀ ਵੱਡੀ ਗਿਣਤੀ ਲੋਕ ਹਿੱਸਾ ਲੈ ਰਹੇ ਹਨ।

ਹਰਿਆਣਾ ਵਿਚ ਚੱਲ ਰਹੇ ਕਿਸਾਨੀ ਸੰਘਰਸ਼ ਦੀ ਵਾਗਡੋਰ ਖਾਪ ਪੰਚਾਇਤਾਂ ਨੇ ਸੰਭਾਲ ਲਈ ਹੈ। ਖਾਪ ਪੰਚਾਇਤਾਂ ਵੱਲੋਂ ਕਿਸਾਨਾਂ ਦੀ ਹਮਾਇਤ ਵਿਚ ਸੂਬੇ 'ਚ ਵੱਡੇ-ਵੱਡੇ ਇਕੱਠ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਵਿੱਖ ਦੇ ਸਮਾਗਮਾਂ ਲਈ ਲਾਮਬੰਦੀ ਕੀਤੀ ਜਾ ਰਹੀ ਹੈ। ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਸਰਵ ਜਾਤ ਕੰਡੇਲਾ ਖਾਪ ਦੇ ਪ੍ਰਧਾਨ ਟੇਕਰਾਮ ਕੰਡੇਲਾ ਦੀ ਅਗਵਾਈ ਵਿਚ ਹਰਿਆਣਵੀਆਂ ਦਾ ਵੱਡਾ ਕਾਫਲਾ ਟਿੱਕਰੀ ਬਾਰਡਰ 'ਤੇ ਪਹੁੰਚ ਗਿਆ ਹੈ। ਟੇਕਰਾਮ ਕੰਡੇਲਾ ਨੇ ਕਿਹਾ ਕਿ ਤਿੰਨੋਂ ਖੇਤੀ ਕਾਨੂੰਨਾਂ ਖਿਲਾਫ ਸ਼ੁਰੂ ਹੋਇਆ ਸੰਘਰਸ਼ ਜਨ ਅੰਦੋਲਨ ਬਣ ਚੁੱਕਿਆ ਹੈ ਜਿਸ ਵਿਚ ਹਰ ਤਬਕੇ ਦੇ ਲੋਕ ਸ਼ਮੂਲੀਅਤ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਐਨੇ ਵੱਡੇ ਇਕੱਠ ਦੇ ਬਾਵਜੂਦ ਕੇਂਦਰ ਸਰਕਾਰ ਆਪਣਾ ਅੜੀਅਲ ਵਤੀਰਾ ਛੱਡਣ ਲਈ ਤਿਆਰ ਨਹੀਂ ਹੈ ਪਰ ਦੇਸ਼ ਦਾ ਅੰਨਦਾਤਾ ਪਿੱਛੇ ਹਟਣ ਵਾਲਾ ਨਹੀਂ ਹੈ। ਜਦੋਂ ਤੱਕ ਤਿੰਨੋਂ ਖੇਤੀ ਕਾਨੂੰਨ ਰੱਦ ਨਹੀਂ ਹੋਣਗੇ ਅਤੇ ਐਮ.ਐਸ.ਪੀ. 'ਤੇ ਫਸਲਾਂ ਦੀ ਖਰੀਦ ਵਾਲਾ ਕਾਨੂੰਨ ਨਹੀਂ ਲਿਆਂਦਾ ਜਾਵੇਗਾ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਸਾਂਗਵਾਨ ਖਾਪ ਦੇ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਚਰਖੀ ਦਾਦਰੀ ਤੋਂ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ ਵੀ ਹਰਿਆਣਾ ਵਿਚ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਕਿਸਾਨ ਸੰਘਰਸ਼ ਵਿਚ ਪਹੁੰਚ ਕੇ ਸੰਬੋਧਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਗਵਾਈ ਹੇਠ ਸ਼ੁਰੂ ਹੋਏ ਸੰਘਰਸ਼ ਵਿਚ ਹਰਿਆਣਵੀ ਵੱਡੀ ਗਿਣਤੀ ਵਿਚ ਸ਼ਾਮਲ ਹੋ ਰਹੇ ਹਨ ਜੋ ਪਿੱਛੇ ਹਟਣ ਵਾਲੇ ਨਹੀਂ ਹਨ। ਭਾਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਆਗੂ ਰਵੀ ਆਜ਼ਾਨ ਨੇ ਕਿਹਾ ਕਿ ਅੱਜ ਦੇਸ਼ ਦਾ ਕਿਸਾਨ ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਿਹਾ ਹੈ ਪਰ ਕੇਂਦਰ ਸਰਕਾਰ ਸੱਤਾ ਦੇ ਲਾਲਚ ਵਿਚ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਲਾਹੇਵੰਦ ਦੱਸ ਰਹੀ ਹੈ।

## ਖੇਤੀ ਕਾਨੂੰਨ ਰੱਦ ਕਰਨੇ ਹੀ ਪੈਣਗੇ: ਭੂਸ਼ਣ

**ਨਵੀਂ ਦਿੱਲੀ:** ਟਿਕਰੀ ਬਾਡਰ 'ਤੇ ਬੀ.ਕੇ.ਯੂ. (ਏਕਤਾ)-ਉਗਰਾਹਾਂ ਦੀ ਸਟੇਜ 'ਤੇ ਸੁਪਰੀਮ ਕੋਰਟ ਦੇ ਉਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਹਕੂਮਤ ਵੱਲੋਂ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਲਈ ਮੁਅੱਤਲ ਕਰ ਦੇਣ ਦੀ ਤਜਵੀਜ਼ ਭੇਜਣਾ ਕਿਸਾਨ ਸੰਘਰਸ਼ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਵਿਰੁੱਧ ਪਹਿਲਾਂ ਤਾਂ ਮੋਦੀ ਸਰਕਾਰ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਸੀ ਪਰ ਕਿਸਾਨ ਸੰਘਰਸ਼ ਦੇ ਦਬਾਅ ਹੇਠ ਪਹਿਲਾਂ ਕਾਨੂੰਨਾਂ ਵਿਚ ਸੋਧਾਂ ਕਰਨ ਦੀ ਗੱਲ ਕਹੀ ਗਈ ਅਤੇ ਹੁਣ ਡੇਢ ਸਾਲ ਤੱਕ ਕਾਨੂੰਨ ਮੁਲਤਵੀ ਕਰਨ ਦੀ ਤਜਵੀਜ਼ ਕਿਸਾਨ ਸੰਘਰਸ਼ ਦੀ ਇਕ ਹੋਰ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਕਾਨੂੰਨ ਹਰ ਹਾਲਤ ਰੱਦ ਕਰਨੇ ਹੀ ਪੈਣਗੇ।

## ਕੇਂਦਰ ਦੀ ਸਰਕਾਰ ਬਦਲਣ ਦਾ ਕੋਈ ਇਰਾਦਾ ਨਹੀਂ: ਟਿਕੈਤ

**ਨਵੀਂ ਦਿੱਲੀ:** ਬੀ.ਕੇ.ਯੂ. (ਟਿਕੈਤ) ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨਾਂ ਦਾ ਕੇਂਦਰ ਸਰਕਾਰ ਨੂੰ ਬਦਲਣ ਦਾ ਕੋਈ ਇਰਾਦਾ ਨਹੀਂ ਹੈ ਬਲਕਿ ਉਹ ਤਾਂ ਆਪਣੀਆਂ ਮੁਸ਼ਕਲਾਂ ਦਾ ਹੱਲ ਚਾਹੁੰਦੇ ਹਨ। ਗਣਤੰਤਰ ਦਿਵਸ ਮੌਕੇ ਕਿਸਾਨ ਟਰੈਕਟਰ ਮਾਰਚ ਦੌਰਾਨ ਹੋਈ ਹਿੰਸਾ ਮਗਰੋਂ ਪਹਿਲੀ ਵਾਰ ਸਿੰਘੂ ਬਾਰਡਰ 'ਤੇ ਪੁੱਜੇ ਟਿਕੈਤ ਨੇ ਕਿਹਾ ਕਿ ਆਉਂਦੇ ਦਿਨਾਂ ਵਿਚ ਕਿਸਾਨ ਆਗੂ ਦੇਸ਼ ਦੇ ਵੱਖ ਵੱਖ ਹਿੱਸਿਆਂ ਦਾ ਦੌਰਾ ਕਰਕੇ ਆਪਣੀ ਇਸ ਮੁਹਿੰਮ ਦਾ ਪ੍ਰਚਾਰ ਪਾਸਾਰ ਕਰਨਗੇ। ਇਥੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਟਿਕੈਤ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਰਕਾਰ ਕਿਸਾਨਾਂ ਦੀਆਂ ਮੰਗਾਂ ਦਾ ਨਿਬੇੜਾ ਨਹੀਂ ਕਰਦੀ।

# ਦਿੱਲੀ ਦੀ ਕ੍ਰਾਈਮ ਬ੍ਰਾਂਚ ਵੱਲੋਂ ਕਿਸਾਨਾਂ ਨੂੰ ਭੇਜੇ ਜਾ ਰਹੇ ਨੇ ਨੋਟਿਸ

**ਫਤਹਿਗੜ੍ਹ ਸਾਹਿਬ:** ਕਿਸਾਨੀ ਸੰਘਰਸ਼ ਵਿਚ ਸ਼ਾਮਲ ਹੋਏ ਕਿਸਾਨਾਂ 'ਤੇ ਪਰਚੇ ਦਰਜ ਕਰਕੇ ਦਬਾਅ ਬਣਾਉਣ ਤਹਿਤ ਪੰਜਾਬ ਵਿਚੋਂ ਗਏ ਕਿਸਾਨਾਂ 'ਤੇ ਦਿੱਲੀ ਪੁਲਿਸ ਵੱਲੋਂ ਕੇਸ ਦਰਜ ਕਰਕੇ ਉਨ੍ਹਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ। ਇਥੇ ਕਿਸਾਨਾਂ ਦੇ ਕੇਸਾਂ ਦੀ ਪੈਰਵੀ ਕਰਨ ਸਬੰਧੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਬਣਾਈ ਗਈ ਕਮੇਟੀ ਦੇ ਮੈਂਬਰ ਐਡਵੋਕੇਟ ਅਮਰਦੀਪ ਸਿੰਘ ਧਾਰਨੀ ਨੂੰ ਜ਼ਿਲ੍ਹਾ ਪਟਿਆਲਾ ਤੋਂ ਦੋ ਕਿਸਾਨ ਮਿਲਣ ਲਈ ਆਏ। ਇਨ੍ਹਾਂ ਵਿਚੋਂ ਇਕ ਨੇ ਦੱਸਿਆ ਕਿ ਉਹ ਕਿਸਾਨੀ ਸੰਘਰਸ਼ ਦੌਰਾਨ ਬਿਮਾਰ ਹੋਣ ਉਪਰੰਤ ਦਵਾਈ ਲੈਣ ਲਈ ਗਿਆ ਸੀ ਤੇ ਉਥੇ ਉਸ ਵੱਲੋਂ ਆਪਣਾ ਪਤਾ ਦਰਜ ਕਰਵਾਇਆ ਗਿਆ ਸੀ ਤੇ ਦਿੱਲੀ ਦੀ ਕ੍ਰਾਈਮ ਬ੍ਰਾਂਚ ਵੱਲੋਂ ਉਥੋਂ ਪਤੇ ਪ੍ਰਾਪਤ ਕਰਕੇ ਉਨ੍ਹਾਂ 'ਤੇ ਪਰਚੇ ਦਰਜ ਕਰਕੇ ਪੁਲਿਸ ਥਾਣੇ ਵਿਚ ਸ਼ਾਮਲ ਹੋਣ ਲਈ ਨੋਟਿਸ ਭੇਜੇ ਗਏ ਹਨ।

ਦੂਜੇ ਕਿਸਾਨ ਨੇ ਦੱਸਿਆ ਕਿ ਉਸ ਦਾ ਪਤਾ ਪੁਲਿਸ ਨੂੰ ਕਿਵੇਂ ਲੱਗਿਆ, ਇਸ ਬਾਰੇ ਉਹ ਨਹੀਂ ਜਾਣਦਾ। ਸ੍ਰੀ ਧਾਰਨੀ ਨੇ ਕਿਹਾ ਕਿ ਦਿੱਲੀ ਪੁਲਿਸ ਕਿਸਾਨਾਂ 'ਤੇ ਦਬਾਅ ਬਣਾਉਣ ਲਈ ਅਜਿਹਾ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਆਫਿਸ ਆਫ ਦੀ ਅਸਿਸਟੈਂਟ ਕਮਿਸ਼ਨਰ ਆਫ ਪੁਲਿਸ ਦੇ ਸਪੈਸ਼ਲ ਟੀਮ ਫਾਰ ਐਕਟਿਵ ਰੋਬਰਜ ਐਂਡ ਸਨੈਚਰ ਕ੍ਰਾਈਮ ਬਰਾਂਚ ਨਵੀਂ ਦਿੱਲੀ ਵੱਲੋਂ ਉਨ੍ਹਾਂ ਨੂੰ ਜਾਂਚ ਵਿਚ ਸ਼ਾਮਲ ਹੋਣ ਲਈ ਨੋਟਿਸ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਸਾਂ ਦੀ ਕਾਨੂੰਨੀ ਪੈਰਵੀ ਕਰਨ ਲਈ ਦਿੱਲੀ ਨਾਲ ਸਬੰਧਤ ਵਕੀਲਾਂ ਵੱਲੋਂ ਫਾਈਲਾਂ ਤਿਆਰ ਕਰ ਲਈਆਂ ਗਈਆਂ ਹਨ ਤੇ ਜਲਦ ਹੀ ਇਨ੍ਹਾਂ ਸਬੰਧੀ ਬਣਦੀ ਕਾਨੂੰਨੀ ਪੈਰਵੀ ਮੁਫਤ ਵਿਚ ਕੀਤੀ ਜਾਵੇਗੀ।

# ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਜਾਰੀ ਰੱਖਣ ਦਾ ਐਲਾਨ



**ਨਵੀਂ ਦਿੱਲੀ:** ਬੇਰੀ ਰੋਡ ਬਹਾਦਰਗੜ੍ਹ ਵਿਚ ਕੀਤੀ ਕਿਸਾਨ ਮਹਾਪੰਚਾਇਤ ਵਿਚ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਐਲਾਨ ਕੀਤਾ ਕਿ ਸਰਕਾਰ ਜਿੰਨੇ ਮਰਜ਼ੀ ਹੱਥਕੰਡੇ ਅਪਣਾ ਲਏ, ਜਦੋਂ ਤਕ ਤਿੰਨੋਂ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ ਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਨਹੀਂ ਮਿਲਦੀ, ਉਦੋਂ ਤੱਕ ਕਿਸਾਨ ਸੰਘਰਸ਼ ਜਾਰੀ ਰਹੇਗਾ। ਬੀ.ਕੇ.ਯੂ. ਟਿਕੈਤ ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ 'ਮੰਚ ਤੇ ਪੰਚ' ਸਿੰਘੂ ਵਾਲਾ ਹੀ ਰਹੇਗਾ ਤੇ ਸਰਕਾਰ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨਾਲ ਹੀ ਗੱਲਬਾਤ ਕਰਨੀ ਹੋਵੇਗੀ।

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਡਾ. ਦਰਸ਼ਨ ਪਾਲ, ਰਾਜਿੰਦਰ ਸਿੰਘ ਦੀਪ ਸਿੰਘ ਵਾਲਾ, ਗੁਰਨਾਮ ਸਿੰਘ ਚੜੂਨੀ, ਜੋਗਿੰਦਰ ਉਗਰਾਹਾਂ, ਯੁੱਧਵੀਰ ਸਿੰਘ, ਵਿਕਾਸ ਸੀਸਰ ਸਮੇਤ ਖਾਪ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਇਸ ਭੁਲੇਖੇ ਵਿਚ ਹੈ ਕਿ ਕਿਸਾਨ ਥੱਕ ਹਾਰ ਕੇ ਆਪਣੇ ਘਰਾਂ ਨੂੰ ਚਲੇ ਜਾਣਗੇ, ਪਰ ਸਰਕਾਰ ਨੂੰ ਇਹ ਭੁਲੇਖਾ ਕੱਢ ਦੇਣਾ ਚਾਹੀਦਾ ਹੈ। ਇਹ ਅੰਦੋਲਨ ਲੰਮਾ ਚੱਲੇਗਾ ਅਤੇ ਪੂਰੇ ਦੇਸ਼ ਵਿਚ ਆਪਣੇ ਪੈਰ ਜਮਾ ਰਿਹਾ ਹੈ।

ਭਾਰਤੀ ਕਿਸਾਨ ਯੂਨੀਅਨ (ਟਿਕੈਤ) ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਮਹਾਪੰਚਾਇਤਾਂ ਦੇਸ਼ ਭਰ ਵਿਚ ਕੀਤੀਆਂ ਜਾਣਗੀਆਂ ਤੇ ਕਿਸਾਨਾਂ ਨੂੰ ਲਾਮਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਲਾਲ ਕਿਲੇ ਵੱਲ ਕਿਸਾਨਾਂ ਨੂੰ ਸਿੰਘੂ ਦੇ ਅਗਲੇ ਪਾਸੇ ਬੈਠੇ ਲੋਕ ਲੈ ਕੇ ਗਏ ਜਿਸ ਦਾ ਕੋਈ ਪ੍ਰੋਗਰਾਮ ਨਹੀਂ ਸੀ। ਉਨ੍ਹਾਂ ਕਿਹਾ ਕਿ ਲਾਲ ਕਿਲੇ ਉਪਰ ਵਾਪਰੀਆਂ ਘਟਨਾਵਾਂ ਸਰਕਾਰੀ ਸ਼ਹਿ ਪ੍ਰਾਪਤ ਲੋਕਾਂ ਦਾ ਕੰਮ ਸੀ ਤੇ ਸਰਕਾਰ ਚਾਹੁੰਦੀ ਸੀ ਕਿ ਇਕ ਕੌਮ ਨੂੰ ਬਦਨਾਮ ਕਰਕੇ ਕਮਜ਼ੋਰ ਕੀਤਾ ਜਾਵੇ ਤੇ ਫਿਰ ਕਿਸਾਨਾਂ ਨੂੰ ਬਰਬਾਦ ਕੀਤਾ ਜਾਵੇ।

ਕਿਸਾਨ ਆਗੂ ਨੇ ਕਿਹਾ ਕਿ ਸਰਕਾਰ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ ਕਿ ਮੋਦੀ ਸਿਰਫ ਇਕ ਫੋਨ ਕਾਲ ਦੀ ਦੂਰੀ 'ਤੇ ਹੈ ਜਦੋਂਕਿ ਉਹ ਅਸਲ ਵਿਚ ਗੱਲਬਾਤ ਤੋਂ ਭੱਜ ਚੁੱਕੀ ਹੈ।

## ਟਿਕੈਤ ਤਿੰਨ ਰਾਜਾਂ ਦੀਆਂ 7 ਮਹਾਪੰਚਾਇਤਾਂ 'ਚ ਸ਼ਾਮਲ ਹੋਣਗੇ

**ਗਾਜ਼ੀਆਬਾਦ:** ਬੀ.ਕੇ.ਯੂ. ਆਗੂ ਰਾਕੇਸ਼ ਟਿਕੈਤ ਤਿੰਨ ਨਵੇਂ ਖੇਤੀ ਕਾਨੂੰਨਾਂ ਖਿਲਾਫ ਹਮਾਇਤ ਜੁਟਾਉਣ ਲਈ ਅਗਲੇ ਦਿਨਾਂ ਵਿਚ ਹਰਿਆਣਾ, ਮਹਾਰਾਸ਼ਟਰ ਤੇ ਰਾਜਸਥਾਨ ਵਿਚ ਹੋਣ ਵਾਲੀਆਂ ਸੱਤ ਮਹਾਪੰਚਾਇਤਾਂ 'ਚ ਸ਼ਿਰਕਤ ਕਰਨਗੇ। ਮਹਾਪੰਚਾਇਤਾਂ 23 ਫਰਵਰੀ ਨੂੰ ਖਤਮ ਹੋਣਗੀਆਂ। ਬੀ.ਕੇ.ਯੂ. ਦੇ ਮੀਡੀਆ ਇੰਚਾਰਜ ਧਰਮੇਂਦਰ ਮਲਿਕ ਨੇ ਕਿਹਾ ਕਿ ਇਹ ਮਹਾਪੰਚਾਇਤਾਂ ਹਰਿਆਣਾ ਦੇ ਕਰਨਾਲ, ਰੋਹਤਕ, ਸਿਰਸਾ ਤੇ ਹਿਸਾਰ ਜ਼ਿਲ੍ਹਿਆਂ ਅਤੇ ਮਹਾਰਾਸ਼ਟਰ ਦੇ ਅਕੋਲਾ ਤੇ ਰਾਜਸਥਾਨ ਦੇ ਸੀਕਰ ਵਿਚ ਹੋਣਗੀਆਂ।

# ਸਰਕਾਰ ਨੇ ਖੇਤੀ ਕਾਨੂੰਨਾਂ ਦੇ ਪ੍ਰਚਾਰ ਉਤੇ ਖਰਚੇ 7.95 ਕਰੋੜ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਸੰਸਦ 'ਚ ਦੱਸਿਆ ਕਿ ਨਵੇਂ ਖੇਤੀ ਕਾਨੂੰਨਾਂ ਬਾਰੇ ਗਲਤ ਧਾਰਨਾਵਾਂ ਦੇ ਟਾਕਰੇ ਲਈ ਕੇਂਦਰ ਨੇ ਪ੍ਰਚਾਰ 'ਤੇ ਪੰਜ ਮਹੀਨਿਆਂ ਦੌਰਾਨ 7.95 ਕਰੋੜ ਰੁਪਏ ਖਰਚੇ ਹਨ। ਇਸ 'ਚੋਂ 7,25,57,246 ਰੁਪਏ ਪਿਛਲੇ ਸਾਲ ਸਤੰਬਰ ਤੋਂ ਇਸ ਸਾਲ ਜਨਵਰੀ ਤੱਕ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਜਾਰੀ ਕੀਤੇ ਗਏ।

ਮੰਤਰੀ ਨੇ ਦੱਸਿਆ ਕਿ ਹਿੰਦੀ, ਅੰਗਰੇਜ਼ੀ ਅਤੇ ਖੇਤਰੀ ਭਾਸ਼ਾਵਾਂ ਦੇ ਅਖ਼ਬਾਰਾਂ 'ਚ ਵੀ ਕਿਸਾਨਾਂ ਅਤੇ ਹੋਰ ਧਿਰਾਂ ਦੇ ਖਦਸ਼ਿਆਂ ਨੂੰ ਦੂਰ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਇਸ਼ਤਿਹਾਰ ਦਿੱਤੇ ਗਏ। ਖੇਤੀਬਾੜੀ ਮੰਤਰਾਲੇ ਨੇ ਤਿੰਨ ਪ੍ਰੋਮੋਸ਼ਨਲ ਅਤੇ ਦੋ ਐਜੂਕੇਸ਼ਨਲ ਫਿਲਮਾਂ ਵੀ ਬਣਾਈਆਂ ਜਿਨ੍ਹਾਂ 'ਤੇ 67,99,750 ਰੁਪਏ ਦਾ ਖਰਚਾ ਆਇਆ। ਇਨ੍ਹਾਂ ਫਿਲਮਾਂ ਨੂੰ ਇਲੈਕਟ੍ਰਾਨਿਕ ਮੀਡੀਆ, ਸੋਸ਼ਲ ਮੀਡੀਆ ਅਤੇ ਵੈਬਿਨਾਰਾਂ 'ਤੇ ਦਿਖਾਇਆ ਗਿਆ। ਵਿਦੇਸ਼ 'ਚ ਅਜਿਹੀ ਕੋਈ ਪ੍ਰਚਾਰ ਮੁਹਿੰਮ ਨਹੀਂ ਚਲਾਈ ਗਈ। ਉਂਜ ਮਿਸ਼ਨਾਂ ਅਤੇ ਸਫਾਰਤਖਾਨਿਆਂ 'ਚ ਖੇਤੀ ਕਾਨੂੰਨਾਂ ਬਾਰੇ ਸਰਕਾਰ ਦੀ ਸਥਿਤੀ ਨੂੰ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਸਪੱਸ਼ਟ ਕੀਤਾ ਜਾਂਦਾ ਰਿਹਾ।

## ਐਮਨੈਸਟੀ ਨੇ ਕਿਸਾਨਾਂ ਦੇ ਹੱਕ 'ਚ ਚੁੱਕੀ ਆਵਾਜ਼

**ਨਵੀਂ ਦਿੱਲੀ:** ਐਮਨੈਸਟੀ ਇੰਟਰਨੈਸ਼ਨਲ ਨੇ ਭਾਰਤ ਸਰਕਾਰ ਨੂੰ ਪੱਤਰਕਾਰਾਂ, ਮੁਜ਼ਾਹਰਾਕਾਰੀਆਂ ਤੇ ਕਿਸਾਨ ਆਗੂਆਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰਨ ਲਈ ਕਿਹਾ ਹੈ। ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਨੇ ਬਿਆਨ ਜਾਰੀ ਕਰਦਿਆਂ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਸ਼ਾਂਤਮਈ ਢੰਗ ਨਾਲ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਜੋ ਲੋਕ ਗ੍ਰਿਫਤਾਰ ਕੀਤੇ ਗਏ, ਨੂੰ ਬਿਨਾਂ ਸ਼ਰਤ ਤੇ ਤੁਰਤ ਰਿਹਾਅ ਕੀਤਾ ਜਾਵੇ।

ਐਮਨੈਸਟੀ ਨੇ ਟਵੀਟ ਕੀਤਾ, 'ਸਰਕਾਰ ਨੂੰ ਤਿੰਨੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਅੰਦੋਲਨ ਦੇ ਮੱਦੇਨਜ਼ਰ ਮੁਜ਼ਾਹਰਾਕਾਰੀਆਂ, ਕਿਸਾਨ ਆਗੂਆਂ ਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣਾ ਬੰਦ ਕਰਨਾ ਚਾਹੀਦਾ ਹੈ।' ਜ਼ਿਕਰਯੋਗ ਹੈ ਕਿ 'ਦਿ ਕਾਰਵਾਂ' ਲਈ ਕੰਮ ਕਰਦੇ ਪੱਤਰਕਾਰ ਮਨਦੀਪ ਪੂਨੀਆ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੇ ਉਸ ਨੂੰ 14 ਦਿਨ ਲਈ ਹਿਰਾਸਤ 'ਚ ਰੱਖੇ ਜਾਣ ਮਗਰੋਂ ਐਮਨੈਸਟੀ ਦਾ ਇਹ ਬਿਆਨ ਸਾਹਮਣੇ ਆਇਆ ਹੈ। ਮਨਦੀਪ ਨੂੰ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਸੰਸਥਾ ਨੇ ਕਿਹਾ ਕਿ ਮੁਜ਼ਾਹਰਾਕਾਰੀਆਂ ਖਿਲਾਫ ਕੀਤੀ ਹਿੰਸਾ ਦੀਆਂ ਰਿਪੋਰਟਾਂ ਦੀ ਪੜਤਾਲ ਕਰਨ ਤੇ ਸ਼ੱਕੀ ਦੋਸ਼ੀਆਂ ਨੂੰ ਫੜਨ ਦੀ ਥਾਂ ਅਥਾਰਿਟੀ ਧਰਨੇ ਵਾਲੀਆਂ ਥਾਵਾਂ 'ਤੇ ਲੋਕਾਂ ਦੀ ਪਹੁੰਚ ਰੋਕ ਰਹੀ ਹੈ ਅਤੇ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾ ਰਹੀ ਹੈ।

# ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਸਬੰਧੀ ਸਰਕਾਰ ਕੋਲ ਕੋਈ ਰਿਕਾਰਡ ਨਹੀਂ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਕਿਹਾ ਕਿ ਤਿੰਨੋਂ ਖੇਤੀ ਕਾਨੂੰਨਾਂ ਖਿਲਾਫ ਜਾਰੀ ਅੰਦੋਲਨ ਦੌਰਾਨ ਕਿਸਾਨਾਂ ਦੀਆਂ ਹੋਈਆਂ ਮੌਤਾਂ ਸਬੰਧੀ ਕੋਈ ਰਿਕਾਰਡ ਖੇਤੀ ਮੰਤਰਾਲੇ ਕੋਲ ਨਹੀਂ ਹੈ। ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਰਾਜ ਸਭਾ 'ਚ ਇਕ ਸਵਾਲ ਦੇ ਲਿਖਤੀ ਜਵਾਬ 'ਚ ਇਹ ਵੀ ਦੱਸਿਆ ਕਿ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿਚਕਾਰ 11 ਗੇੜ ਦੀ ਵਾਰਤਾ ਹੋਈ ਪਰ ਕੋਈ ਵੀ ਕਿਸਾਨ ਜਥੇਬੰਦੀ ਖੇਤੀ ਕਾਨੂੰਨਾਂ 'ਤੇ ਚਰਚਾ ਕਰਨ ਲਈ ਰਾਜ਼ੀ ਨਹੀਂ ਹੋਈ ਸਗੋਂ ਉਹ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲੈਣ ਦੀ ਮੰਗ 'ਤੇ ਅੜੇ ਰਹੇ। ਇਹ ਪੁੱਛੇ ਜਾਣ 'ਤੇ ਕਿ ਕਿਸਾਨ ਅੰਦੋਲਨ ਦੌਰਾਨ ਮਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਅਤੇ ਬੱਚਿਆਂ ਨੂੰ ਪਿਛਲੇ ਦੋ ਮਹੀਨਿਆਂ ਦੌਰਾਨ ਦਿੱਤੀ ਗਈ ਸਹਾਇਤਾ ਦਾ ਕੋਈ ਬਿਊਰਾ ਹੈ ਤਾਂ ਸ੍ਰੀ ਤੋਮਰ ਨੇ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰਾਲੇ ਕੋਲ ਅਜਿਹਾ ਕੋਈ ਰਿਕਾਰਡ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਪੂਰੀ ਸਰਗਰਮੀ ਅਤੇ ਲਗਾਤਾਰ ਅੰਦੋਲਨਕਾਰੀ ਕਿਸਾਨ ਜਥੇਬੰਦੀਆਂ ਨਾਲ ਵਾਰਤਾ ਕਰਕੇ ਮਸਲੇ ਦਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ ਸੀ।

ਸ੍ਰੀ ਤੋਮਰ ਨੇ ਕਿਹਾ ਕਿ ਕਿਸਾਨ ਯੂਨੀਅਨਾਂ ਨੂੰ ਕਾਨੂੰਨਾਂ ਦੀਆਂ ਉਹ ਮੱਦਾਂ ਦੱਸਣ ਦੀ ਬੇਨਤੀ ਕੀਤੀ ਸੀ ਜਿਨ੍ਹਾਂ 'ਤੇ ਉਨ੍ਹਾਂ ਨੂੰ ਇਤਰਾਜ਼ ਹੈ ਪਰ ਉਹ ਇਨ੍ਹਾਂ 'ਤੇ ਚਰਚਾ ਕਰਨ ਲਈ ਕਦੇ ਵੀ ਸਹਿਮਤ ਨਹੀਂ ਹੋਏ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬੈਠਕਾਂ ਦੌਰਾਨ ਕਿਸਾਨ ਜਥੇਬੰਦੀਆਂ ਨੂੰ ਖੇਤੀ ਕਾਨੂੰਨਾਂ ਦੀ ਵੈਧਤਾ ਸਮੇਤ ਉਨ੍ਹਾਂ ਦੇ ਲਾਭਾਂ ਬਾਰੇ ਵੀ ਵਿਸਥਾਰ 'ਚ ਜਾਣਕਾਰੀ ਦਿੱਤੀ ਸੀ।

## ਸਰਕਾਰ ਦਾ ਬਿਆਨ ਸ਼ਰਮਨਾਕ ਕਰਾਰ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਅੰਦੋਲਨ ਦੌਰਾਨ ਹੁਣ ਤੱਕ 228 ਕਿਸਾਨ ਸ਼ਹੀਦੀ ਪਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਬੜੀ ਸ਼ਰਮਨਾਕ ਗੱਲ ਹੈ ਕਿ ਸਰਕਾਰ ਸੰਸਦ 'ਚ ਆਖ ਰਹੀ ਹੈ ਕਿ ਉਸ ਦੀ ਅੰਦੋਲਨ ਦੌਰਾਨ ਸ਼ਹੀਦ ਹੋਏ ਪਰਿਵਾਰਾਂ ਨੂੰ ਸਹਾਇਤਾ ਦੇਣ ਦੀ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੀ ਕਿਸਾਨਾਂ ਦੀ ਮੌਤ ਲਈ ਜ਼ਿੰਮੇਵਾਰ ਹੈ ਅਤੇ ਉਹ ਸਰਕਾਰ ਦੀ ਅਸੰਵੇਦਨਸ਼ੀਲਤਾ ਦੀ ਨਿਖੇਧੀ ਕਰਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਅੰਦੋਲਨਕਾਰੀਆਂ ਦੀਆਂ ਜਾਇਜ਼ ਮੰਗਾਂ ਮੰਨੇ ਜਾਣ ਤੋਂ ਪਹਿਲਾਂ ਹੋਰ ਕਿੰਨੀਆਂ ਜਾਨਾਂ ਕੁਰਬਾਨ ਹੁੰਦੇ ਦੇਖਣਾ ਚਾਹੁੰਦੀ ਹੈ।

# ਫੌਜਾਂ ਪਿੱਛੇ ਹਟਾਉਣ ਲਈ ਭਾਰਤ-ਚੀਨ ਵਿਚ ਸਮਝੌਤਾ

**ਨਵੀਂ ਦਿੱਲੀ:** ਪੂਰਬੀ ਲੱਦਾਖ 'ਚ ਭਾਰਤ ਅਤੇ ਚੀਨ ਦੀਆਂ ਫੌਜਾਂ ਵਿਚਕਾਰ ਪਿਛਲੇ 9 ਮਹੀਨਿਆਂ ਤੋਂ ਜਾਰੀ ਜਮੂਦ ਨੂੰ ਤੋੜਨ 'ਚ ਕਾਮਯਾਬੀ ਮਿਲ ਗਈ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਰਾਜ ਸਭਾ 'ਚ ਦੱਸਿਆ ਕਿ ਪੂਰਬੀ ਲੱਦਾਖ 'ਚ ਪੈਂਗੌਂਗ ਝੀਲ ਦੇ ਉਤਰੀ ਅਤੇ ਦੱਖਣੀ ਕੰਢਿਆਂ ਤੋਂ ਫੌਜਾਂ ਪਿੱਛੇ ਹਟਾਉਣ ਲਈ ਭਾਰਤ ਅਤੇ ਚੀਨ ਸਮਝੌਤੇ 'ਤੇ ਪਹੁੰਚ ਗਏ ਹਨ। ਸਮਝੌਤੇ ਤਹਿਤ ਦੋਵੇਂ ਮੁਲਕ ਆਪਣੀਆਂ ਫੌਜਾਂ ਤਾਇਨਾਤ ਕਰਨਾ ਬੰਦ ਕਰ ਦੇਣਗੇ ਅਤੇ ਪੜਾਅਵਾਰ ਫੌਜਾਂ ਨੂੰ ਪਿੱਛੇ ਹਟਾਉਣਾ ਸ਼ੁਰੂ ਕਰਨਗੇ ਜਿਸ ਦੀ ਤਸਦੀਕ ਵੀ ਕੀਤੀ ਜਾਵੇਗੀ।

ਸਮਝੌਤੇ ਦੇ ਵੇਰਵੇ ਸਾਂਝੇ ਕਰਦਿਆਂ ਰਾਜਨਾਥ ਸਿੰਘ ਨੇ ਰਾਜ ਸਭਾ ਨੂੰ ਭਰੋਸਾ ਦਿੱਤਾ ਕਿ ਭਾਰਤ ਨੇ ਚੀਨ ਨਾਲ ਵਾਰਤਾ ਦੌਰਾਨ ਕੁਝ ਵੀ ਨਹੀਂ ਗੁਆਇਆ ਹੈ। ਉਨ੍ਹਾਂ ਕਿਹਾ,''ਭਾਰਤ ਕਿਸੇ ਨੂੰ ਵੀ ਆਪਣੀ ਇਕ ਇੰਚ ਜਮੀਨ 'ਤੇ ਕਬਜ਼ਾ ਕਰਨ ਦੀ ਕੋਈ ਖੁੱਲ੍ਹ ਨਹੀਂ ਦੇਵੇਗਾ।" ਰੱਖਿਆ ਮੰਤਰੀ ਨੇ ਕਿਹਾ ਕਿ ਸਮਝੌਤਾ ਲਾਗੂ ਹੋਣ ਨਾਲ ਪਿਛਲੇ ਸਾਲ 5 ਮਈ ਤੋਂ ਪਹਿਲਾਂ ਵਾਲੇ ਹਾਲਾਤ ਬਹਾਲ ਹੋ ਜਾਣਗੇ।

ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਇਸ ਗੱਲ ਲਈ ਰਾਜ਼ੀ ਹਨ ਕਿ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਦਾ ਪੂਰੀ ਤਰ੍ਹਾਂ ਨਾਲ ਪਾਲਣ ਕਰਦਿਆਂ ਛੇਤੀ ਤੋਂ ਛੇਤੀ ਫੌਜਾਂ ਪਿੱਛੇ ਹਟਾਈਆਂ ਜਾਣ। ਚੀਨ ਵੱਲੋਂ ਫੌਜਾਂ ਪਿੱਛੇ ਹਟਾਉਣ ਦਾ ਅਮਲ ਸ਼ੁਰੂ ਕੀਤੇ ਜਾਣ ਦਾ ਐਲਾਨ ਕਰਨ ਤੋਂ ਬਾਅਦ ਹੀ ਉਪਰਲੇ ਸਦਨ 'ਚ ਬਿਆਨ ਦਿੰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਦੋਵੇਂ ਮੁਲਕ ਉੱਤਰੀ ਅਤੇ ਦੱਖਣੀ ਕੰਢਿਆਂ 'ਤੇ ਪਿਛਲੇ ਸਾਲ ਅਪਰੈਲ ਤੋਂ ਬਣਾਏ ਗਏ ਢਾਂਚਿਆਂ ਨੂੰ ਹਟਾਉਣ ਲਈ ਵੀ ਸਹਿਮਤ ਹੋ ਗਏ ਹਨ। ਇਸ ਤੋਂ ਇਲਾਵਾ ਆਪਣੇ ਇਲਾਕਿਆਂ 'ਚ ਗਸ਼ਤ ਸਮੇਤ ਹੋਰ ਫੌਜੀ ਸਰਗਰਮੀਆਂ ਨੂੰ ਆਰਜ਼ੀ ਤੌਰ 'ਤੇ ਰੋਕਣ ਦਾ ਵੀ ਫੈਸਲਾ ਲਿਆ ਗਿਆ ਹੈ।

ਰੱਖਿਆ ਮੰਤਰੀ ਨੇ ਦੱਸਿਆ ਕਿ ਸਮਝੌਤੇ ਤਹਿਤ ਚੀਨੀ ਪੀਪਲਜ਼ ਲਿਬਰੇਸ਼ਨ ਆਰਮੀ ਆਪਣੇ ਫੌਜੀ ਉਤਰੀ ਕੰਢੇ ਤੋਂ ਫਿੰਗਰ 8 ਦੇ ਪੂਰਬ ਵੱਲ ਰੱਖੇਗੀ।


# ਘਰ ਦੇ ਕੰਮ-ਕਾਰ ਲਈ ਪੰਜਾਬੀ ਬੀਬੀ ਦੀ ਲੋੜ

**Roslyn Heights, NY ਵਿਚ ਘਰ ਦੀ ਸਾਫ-ਸਫਾਈ, ਕੱਪੜਿਆਂ ਨੂੰ ਪ੍ਰੈਸ ਕਰਨ ਅਤੇ ਖਾਣਾ ਬਣਾਉਣ ਲਈ ਪੰਜਾਬੀ ਬੀਬੀ ਦੀ ਲੋੜ ਹੈ, ਜੋ ਘਰ ਆ ਕੇ ਕੰਮ ਕਰ ਸਕੇ।**

**ਸੰਪਰਕ ਕਰੋ, ਫੋਨ: 917-428-7843**

**Need Punjabi lady for House Cleaning, Ironing and Cooking in Roslyn Heights, NY, Zip Code: 11577**


*No live-in just come and go basis.*

**Please call: 917-428-7843**

7-8



**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color & Style

**We Specialize in Bridal & Henna**

**85-03 Roosevelt Ave, Jackson Heights, NY 11373**

**Ph: 718-205-7832**


# Matrimonials

## ਲੜਕੇ ਦੀ ਲੋੜ ਹੈ

Sikh (Jatt) parents invite matrimonial alliance for their daughter 35yrs old, 5'- 10" tall, beautiful, family oriented, never married. Masters in Bio-Engineering Management-executive position in Bay Area, California. The boy should be good-natured, professionally qualified; tall and well settled in USA with family values. Serious inquiries only. Please respond with latest photo and bio-data to kaurprincess11@yahoo.com 8-11

Chicago based Shajdhari Sikh Khatri family looking for suitable match for her Daughter 30 year, MBA. Working in financing company downtown Chicago. Prefer Chicago based Khatri match. Contact: raviunited@aol.com 8-11

ਪੰਜਾਬ ਟਾਈਮਜ਼

## ਲੜਕੀ ਦੀ ਲੋੜ ਹੈ

Match for Arora Sikh clean shaven graduate boy 30 years, 6'-2', business man at Patiala. Contact, Balkar Singh Ph: +91-93163-01328 or balkarsingh@gmail.com 8-11

ਲੁਬਾਣਾ ਸਿੱਖ, 27 ਸਾਲ, 6 ਫੁੱਟ, ਇੰਡੀਆ ਤੋਂ ਕਾਨਵੈਂਟ ਸਕੂਲ ਦਾ ਪੜ੍ਹਿਆ, ਅਮਰੀਕਾ ਦਾ ਸਿਟੀਜ਼ਨ, ਟਰਾਂਸਪੋਰਟਰ, ਫੇਅਰਫੀਲਡ (ਕੈਲੀਫੋਰਨੀਆ) ਵਿਚ ਰਹਿੰਦੇ ਲੜਕੇ ਲਈ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 1-916-667-6609 (ਅਮਰੀਕਾ) ਜਾਂ +91-98766-01370 (ਇੰਡੀਆ) 7-10

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

## ਮਿਜ਼ੌਰੀ 'ਚ ਲਾਸ਼ ਸਮੇਤ ਅੰਤਿਮ ਸੰਸਕਾਰ ਘਰ ਦੀ ਵੈਨ ਚੋਰੀ


**ਸੇਂਟ ਲੂਇਸ, ਮਿਜ਼ੌਰੀ (ਬਿਊਰੋ):** ਇੱਥੇ ਚੋਰਾਂ ਨੇ ਇੱਕ ਫਿਊਨਰਲ ਹੋਮ ਦੀ ਵੈਨ ਨੂੰ ਲਾਸ਼ ਸਮੇਤ ਚੋਰੀ ਕਰ ਲਿਆ। ਪੁਲਿਸ ਮੁਤਾਬਕ ਵੀਰਵਾਰ ਦੀ ਸਵੇਰ ਸੇਂਟ ਲੂਇਸ ਖੇਤਰ ਦੇ ਅੰਤਿਮ ਸੰਸਕਾਰ ਘਰ ਦੀ ਚਾਲੂ ਸਥਿਤੀ ਵਿਚ ਛੱਡੀ ਵੈਨ ਨੂੰ ਇੱਕ ਗੈਸ ਸਟੇਸ਼ਨ ਦੇ ਬਾਹਰੋਂ ਚੋਰੀ ਕੀਤਾ ਗਿਆ ਹੈ। ਇਸ ਮਾਮਲੇ ਵਿਚ ਜਾਂਚਕਰਤਾ ਦੋ ਸ਼ੱਕੀ ਵਿਅਕਤੀਆਂ, ਜਿਨ੍ਹਾਂ ਵਿਚ ਇੱਕ ਆਦਮੀ ਅਤੇ ਇੱਕ ਔਰਤ ਸ਼ਾਮਿਲ ਹਨ, ਦੀ ਭਾਲ ਕਰ ਰਹੇ ਹਨ। ਪੁਲਿਸ ਅਨੁਸਾਰ ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਕਿਸੇ ਨੇ ਅੰਤਿਮ ਸੰਸਕਾਰ ਘਰ ਨਾਲ ਸਬੰਧਤ ਵਾਹਨ ਚੋਰੀ ਹੋਇਆ ਹੋਵੇ। ਇਸ ਤੋਂ ਪਹਿਲਾਂ ਵੀ ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ।


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

- Business Immigration & Worksite Compliance
  ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੁਵਲ ਡਿਫੈਂਸੀ ਐਂਡ ਵੈਵੇਰਸ

Come talk to an experienced immigration attorney

Toll Free No.

866-424-4000

OUR OFFICES

- 432 S Emerson Ave, Suite 220, Greenwood, IN 46143
  Phone: 317.560.4777
- 1067 N Mason Rd., Suite 4, St Louis, Missouri 63141
  Phone: 314.416.8000
- 2440 W Shaw Ave., Suite 205, Fresno, California 93711
  Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English



# ਕਿਚਨ ਹੈਲਪਰ ਦੀ ਲੋੜ ਹੈ

**ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ**

*ਤਨਖਾਹ ਚੰਗੀ, ਰਿਹਾਇਸ਼ ਅਤੇ ਖਾਣਾ ਮੁਫਤ*

*ਛੇ ਦਿਨ ਕੰਮ, ਇਕ ਦਿਨ ਛੁੱਟੀ*

**ਸੰਪਰਕ ਕਰੋ**

**ਫੋਨ: 501-309-4140**

**sami_lal@yahoo.com**




# ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਸੰਘਰਸ਼ ਦੀ ਹਮਾਇਤ ਕਰਨ ਵਾਲੀਆਂ ਹਸਤੀਆਂ ਖਿਲਾਫ ਸਖਤੀ

**ਨਵੀਂ ਦਿੱਲੀ:** ਕਿਸਾਨੀ ਸੰਘਰਸ਼ ਨਾਲ ਸਬੰਧਤ 'ਟੂਲਕਿੱਟ' ਨੂੰ ਸੋਸ਼ਲ ਮੀਡੀਆ 'ਤੇ ਕਥਿਤ ਤੌਰ 'ਤੇ ਸ਼ੇਅਰ ਕਰਨ ਦੇ ਦੋਸ਼ ਹੇਠ ਦਿੱਲੀ ਪੁਲਿਸ ਨੇ ਦੋ ਵਿਅਕਤੀਆਂ ਖਿਲਾਫ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਉਧਰ, ਵਿਰੋਧੀ ਧਿਰਾਂ ਨੇ ਸਰਕਾਰ ਦੀ ਇਸ ਧੱਕੇਸ਼ਾਹੀ ਦੀ ਨਿੰਦਾ ਕਰਦੇ ਹੋਏ ਚਿਤਾਵਨੀ ਦਿੱਤੀ ਹੈ।

ਕਾਬਲੇਗੌਰ ਹੈ ਕਿ ਇਸ ਤੋਂ ਪਹਿਲਾਂ ਦਿੱਲੀ ਪੁਲਿਸ ਨੇ ਇਸ ਮਾਮਲੇ ਵਿਚ ਵਾਤਾਵਰਣ ਕਾਰਕੁਨ ਦਿਸ਼ਾ ਰਵੀ ਨੂੰ ਗ੍ਰਿਫਤਾਰ ਕੀਤਾ ਸੀ। ਟੂਲਕਿੱਟ ਨੂੰ ਕੁਝ ਆਲੋਚਕਾਂ ਨੇ ਭਾਰਤ ਵਿਚ ਵਿਰੋਧ ਪ੍ਰਦਰਸ਼ਨਾਂ ਨੂੰ ਤੇਜ ਕਰਨ ਦੀ ਉਸ ਦੀ ਸਾਜ਼ਿਸ਼ ਦਾ 'ਸਬੂਤ' ਦੱਸਿਆ ਹੈ। ਦੋ ਸ਼ੱਕੀ ਜਿਨ੍ਹਾਂ ਖਿਲਾਫ ਗੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ, ਵਿਚ ਨਿਕਿਤਾ ਜੈਕਬ ਅਤੇ ਸਾਂਤਨੂ ਸ਼ਾਮਲ ਹਨ। ਦੋਵੇਂ ਕਥਿਤ ਤੌਰ 'ਤੇ ਦਸਤਾਵੇਜ਼ ਤਿਆਰ ਕਰਨ ਵਿਚ ਸ਼ਾਮਲ ਹਨ ਤੇ ਉਹ ਖਾਲਿਸਤਾਨੀ ਪੱਖੀਆਂ ਦੇ ਸਿੱਧੇ ਸੰਪਰਕ ਵਿਚ ਸਨ। ਟੂਲਕਿੱਟ ਨੂੰ 18 ਸਾਲਾ ਵਾਤਾਵਰਣ ਕਾਰਕੁਨ ਗ੍ਰੇਟਾ ਥੁਨਬਰਗ ਨੇ ਟਵੀਟ ਕੀਤਾ ਸੀ।

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਸਾਨ ਅੰਦੋਲਨ ਨਾਲ ਜੁੜੀ 'ਟੂਲਕਿਟ' ਸੋਸ਼ਲ ਮੀਡੀਆ 'ਤੇ ਸ਼ੇਅਰ ਕਰਨ ਦੇ ਮਾਮਲੇ ਵਿਚ ਵਾਤਾਵਰਣ ਕਾਰਕੁਨ ਦਿਸ਼ਾ ਰਵੀ ਦੀ ਗ੍ਰਿਫਤਾਰੀ 'ਤੇ ਕਿਹਾ ਕਿ ਭਾਰਤ ਖਾਮੋਸ਼ ਹੋਣ ਵਾਲਾ ਨਹੀਂ ਹੈ। ਉਨ੍ਹਾਂ ਦਿਸ਼ਾ ਦੀ ਗ੍ਰਿਫਤਾਰੀ ਨਾਲ ਜੁੜੀ ਖਬਰ ਸਾਂਝੀ ਕਰਦਿਆਂ ਟਵੀਟ ਕੀਤਾ, ''ਬੋਲ ਕਿ ਲਬ ਆਜ਼ਾਦ ਹੈਂ ਤੇਰੇ, ਬੋਲ ਕਿ ਸੱਚ ਜ਼ਿੰਦਾ ਹੈ ਅਬ ਤਕ! ਵੋ ਡਰੇ ਹੈਂ, ਦੇਸ਼ ਨਹੀਂ!'' ਕਾਂਗਰਸ ਆਗੂ ਨੇ ਕਿਹਾ, '' ਭਾਰਤ ਖਾਮੋਸ਼ ਹੋਣ ਵਾਲਾ ਨਹੀਂ ਹੈ।'' ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਵੀ ਇਸ ਮਾਮਲੇ 'ਤੇ ਕੇਂਦਰ 'ਤੇ ਨਿਸ਼ਾਨ ਸੇਧਦਿਆਂ ਟਵੀਟ ਕੀਤਾ, ''ਡਰਤੇ ਹੈਂ ਬੰਦੂਕ ਵਾਲੇ ਏਕ ਨਿਹੱਥੀ ਲੜਕੀ ਸੇ, ਫੈਲੈ ਹੈਂ ਹਿੰਮਤ ਕੇ ਉਜਾਲੇ ਏਕ ਨਿਹੱਥੀ ਲੜਕੀ ਸੇ।''

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਪੁਲਿਸ ਵੱਲੋਂ 'ਟੂਲਕਿੱਟ' ਮਾਮਲੇ ਦੀ ਜਾਂਚ ਵਿਚ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਇਸ ਨੂੰ 'ਲੋਕਤੰਤਰ 'ਤੇ ਹਮਲਾ ਕਰਾਰ' ਦਿੱਤਾ ਹੈ। ਦਿਸ਼ਾ ਰਵੀ ਨੂੰ 3 ਖੇਤੀ ਕਾਨੂੰਨਾਂ ਨਾਲ ਸਬੰਧਤ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਨਾਲ ਜੁੜੀ 'ਟੂਲਕਿੱਟ' ਸੋਸ਼ਲ ਮੀਡੀਆ 'ਤੇ ਸ਼ੇਅਰ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਕੇਜਰੀਵਾਲ ਨੇ ਟਵੀਟ ਕੀਤਾ, ''21 ਸਾਲਾ ਦਿਸ਼ਾ ਦੀ ਗ੍ਰਿਫਤਾਰੀ ਲੋਕਤੰਤਰ 'ਤੇ ਹਮਲਾ ਹੈ। ਸਾਡੇ ਕਿਸਾਨਾਂ ਦਾ ਸਮਰਥਨ ਕਰਨਾ ਕੋਈ ਅਪਰਾਧ ਨਹੀਂ ਹੈ।''



## ਖੇਤੀ 'ਦੋ ਦੋਸਤਾਂ' ਦੇ ਹੱਥ ਫੜਾਉਣਾ ਚਾਹੁੰਦੇ ਮੋਦੀ: ਰਾਹੁਲ

**ਜੈਪੁਰ:** ਖੇਤੀ ਕਾਨੂੰਨਾਂ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਹਮਲਿਆਂ ਨੂੰ ਜਾਰੀ ਰੱਖਦਿਆਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਆਪਣੀ ਰਾਜਸਥਾਨ ਫੇਰੀ ਦੇ ਦੂਜੇ ਦਿਨ ਕਿਹਾ ਕਿ ਪ੍ਰਧਾਨ ਮੰਤਰੀ ਖੇਤੀ ਨਾਲ ਜੁੜੇ ਕਾਰੋਬਾਰ ਨੂੰ ਕਥਿਤ ਆਪਣੇ 'ਦੋ ਦੋਸਤਾਂ' ਦੇ ਹੱਥਾਂ ਵਿਚ ਦੇਣਾ ਚਾਹੁੰਦੇ ਹਨ। ਰਾਹੁਲ ਨੇ ਅਜਮੇਰ ਦੇ ਰੁਪਾਨਗੜ੍ਹ ਤੇ ਨਾਗੌਰ ਦੇ ਮਕਰਾਨਾ ਵਿਚ ਦੋ ਕਿਸਾਨ ਰੈਲੀਆਂ ਨੂੰ ਸੰਬੋਧਨ ਕੀਤਾ। ਕਾਂਗਰਸ ਆਗੂ ਨੇ ਲੰਘੇ ਦਿਨ ਹਨੂਮਾਨਗੜ੍ਹ ਦੇ ਪੀਲੀਬੰਗਾ ਤੇ ਸ੍ਰੀਗੰਗਾਨਗਰ ਦੇ ਪਦਮਪੁਰ ਵਿਚ ਵੀ ਕਿਸਾਨ ਮਹਾਪੰਚਾਇਤਾਂ ਨੂੰ ਸੰਬੋਧਨ ਕਰਦਿਆਂ ਮੋਦੀ ਸਰਕਾਰ ਨੂੰ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਘੇਰਿਆ ਸੀ।

## ਅੰਦੋਲਨ ਛੇਤੀ ਬਣ ਸਕਦਾ ਕੌਮਾਂਤਰੀ ਮੁੱਦਾ: ਸੁਬਰਾਮਣੀਅਨ

**ਚੰਡੀਗੜ੍ਹ:** ਭਾਜਪਾ ਦੇ ਸੰਸਦ ਮੈਂਬਰ ਸੁਬਰਾਮਣੀਅਨ ਸਵਾਮੀ ਨੇ ਕਿਸਾਨ ਅੰਦੋਲਨ 'ਤੇ ਕੇਂਦਰ ਸਰਕਾਰ ਵੱਲੋਂ ਅਪਣਾਏ ਗਏ ਵਤੀਰੇ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਟਵਿੱਟਰ 'ਤੇ ਕਿਹਾ ਕਿ ਕਿਸਾਨ ਅੰਦੋਲਨ ਛੇਤੀ ਹੀ ਕੌਮਾਂਤਰੀ ਮੁੱਦਾ ਬਣ ਸਕਦਾ ਹੈ ਕਿਉਂਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਕਿਰਤ ਜਥੇਬੰਦੀ ਕੋਲ ਪਹੁੰਚ ਕਰਨ ਦੀ ਯੋਜਨਾ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਵੀ ਇਸ ਜਥੇਬੰਦੀ ਦਾ ਮੈਂਬਰ ਹੈ ਅਤੇ ਕੌਮਾਂਤਰੀ ਕਿਰਤ ਜਥੇਬੰਦੀ ਇਸ ਮੁੱਦੇ 'ਤੇ ਭਾਰਤ ਨੂੰ ਪੱਖ ਰੱਖਣ ਲਈ ਸੱਦ ਸਕਦੀ ਹੈ। ਸਵਾਮੀ ਮੁਤਾਬਕ ਕਿਰਤ ਮਾਪਦੰਡਾਂ ਬਾਰੇ ਕਮੇਟੀ ਦੇ ਚੇਅਰਮੈਨ ਰਹਿੰਦਿਆਂ ਉਨ੍ਹਾਂ ਸਰਕਾਰ ਲਈ 1996 'ਚ ਰਿਪੋਰਟ ਤਿਆਰ ਕੀਤੀ ਸੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਪਹਿਲਾਂ ਕਿਹਾ ਗਿਆ ਸੀ ਕਿ ਕੋਈ ਭਾਰਤ ਦੀ ਸਰਹੱਦ ਅੰਦਰ ਦਾਖਲ ਹੋਇਆ ਹੀ ਨਹੀਂ ਤੇ ਹੁਣ ਕਿਹਾ ਜਾ ਰਿਹਾ ਹੈ ਕਿ ਉਹ ਵਾਪਸ ਚਲੇ ਗਏ।

# ਯੂ.ਪੀ. ਦੇ 18 ਜ਼ਿਲ੍ਹਿਆਂ ਦੇ ਜਾਟ ਕਿਸਾਨਾਂ ਨੇ ਭਾਜਪਾ ਛੱਡੀ

**ਲਖਨਊ:** ਸੁਹੇਲਦੇਵ ਭਾਰਤੀ ਸਮਾਜ ਪਾਰਟੀ (ਐਸ.ਬੀ.ਐਸ.ਏ.) ਦੇ ਮੁਖੀ ਓਮਪ੍ਰਕਾਸ਼ ਰਾਜਭਰ ਨੇ ਆਪਣੀ ਸਾਬਕਾ ਸਹਿਯੋਗ ਪਾਰਟੀ ਭਾਜਪਾ ਉਤੇ ਉੱਤਰ ਪ੍ਰਦੇਸ਼ 'ਚ ਪੰਚਾਇਤ ਚੋਣਾਂ ਤੋਂ ਪਹਿਲਾਂ ਕੇਵਲ ਪੂਰਬੀ ਉਤਰ ਪ੍ਰਦੇਸ ਉਤੇ ਨਜ਼ਰ ਰੱਖਣ ਦਾ ਦੋਸ਼ ਲਗਾਉਂਦਿਆਂ ਦਾਅਵਾ ਕੀਤਾ ਹੈ ਕਿ ਸੂਬੇ ਦੇ 18 ਜ਼ਿਲ੍ਹਿਆਂ 'ਚ ਜਾਟ ਕਿਸਾਨ ਭਾਜਪਾ ਨੂੰ ਛੱਡ ਚੁੱਕੇ ਹਨ, ਜਿਸ ਦਾ ਪਤਾ ਆਉਣ ਵਾਲੀਆਂ ਪੰਚਾਇਤ ਚੋਣਾਂ ਤੇ ਵਿਧਾਨ ਸਭਾ ਚੋਣਾਂ 'ਚ ਲੱਗ ਜਾਵੇਗਾ। ਭਾਜਪਾ ਦੇ ਸਾਬਕਾ ਸਹਿਯੋਗੀ ਰਾਜਭਰ ਜਿਸ ਦੇ ਪੂਰਬੀ ਉਤਰ ਪ੍ਰਦੇਸ਼ ਦੇ 18 ਜ਼ਿਲ੍ਹਿਆਂ 'ਚ ਵੱਡੀ ਗਿਣਤੀ 'ਚ ਸਮਰਥਕ ਹਨ, ਉਨ੍ਹਾਂ ਖਬਰ ਏਜੰਸੀ ਪੀ.ਟੀ.ਆਈ. ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਵਲੋਂ ਮੁਗਲਸਰਾਏ ਸਟੇਸ਼ਨ ਦਾ ਨਾਂ ਦੀਨਦਿਆਲ ਉਪਾਧਿਆਏ ਰੱਖਣ, ਸਰਦਾਰ ਦੀ ਮੂਰਤੀ ਉਤੇ ਸਰਦਾਰ ਵਲੱਬਭਾਈ ਪਟੇਲ ਰੱਖਣ ਅਤੇ ਪ੍ਰਿਥਵੀ ਰਾਜ ਚੌਹਾਨ 'ਤੇ ਉਨ੍ਹਾਂ ਕਦੇ ਇਤਰਾਜ਼ ਨਹੀਂ ਕੀਤਾ, ਫਿਰ ਮਹਾਰਾਜਾ ਸੁਹੇਲਦੇਵ ਦੇ ਨਾਂ ਨਾਲ ਰਾਜਭਰ ਲਿਖਣ 'ਚ ਕੀ ਮੁਸ਼ਕਲ ਹੈ ਜਿਨ੍ਹਾਂ 11ਵੀਂ ਸਦੀ 'ਚ ਗਜ਼ਨੀ ਦੇ ਜਰਨੈਲ ਗਾਜ਼ੀ ਸੱਯਾਦ ਸਾਲਾਰ ਮਸੂਦ ਨੂੰ ਮਾਰ ਸੁੱਟਿਆ ਸੀ।



## ਬੁੱਧੀਜੀਵੀਆਂ ਵੱਲੋਂ ਕਿਸਾਨ ਆਗੂਆਂ ਨਾਲ ਚਰਚਾ

**ਨਵੀਂ ਦਿੱਲੀ:** ਪੰਜਾਬ ਨਾਲ ਸਬੰਧਤ ਦਰਜਨ ਦੇ ਕਰੀਬ ਬੁੱਧੀਜੀਵੀਆਂ ਨੇ ਸਿੰਘੂ ਬਾਰਡਰ 'ਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਦਿੱਤੇ ਜਾ ਰਹੇ ਧਰਨੇ ਦੀ ਅਗਵਾਈ ਕਰ ਰਹੇ ਕਿਸਾਨ ਆਗੂਆਂ ਨਾਲ ਸਾਂਝੀ ਸੱਥ ਤੇ ਹੋਰਨਾਂ ਥਾਵਾਂ 'ਤੇ ਦੋ ਰੋਜ਼ਾ ਚਰਚਾ ਕਰਕੇ ਕਿਸਾਨੀ ਸੰਘਰਸ਼ ਨਾਲ ਜੁੜੇ ਮੁੱਦੇ ਵਿਚਾਰੇ ਤੇ ਅੰਦੋਲਨ ਦੇ ਪ੍ਰਚਾਰ ਪਾਸਾਰ ਲਈ ਸੁਝਾਅ ਦਿੱਤੇ। ਗਿਆਨੀ ਕੇਵਲ ਸਿੰਘ ਦੀ ਅਗਵਾਈ ਹੇਠ ਬੁੱਧੀਜੀਵੀਆਂ ਨੇ ਸਿੰਘੂ ਵਿਖੇ ਕਿਸਾਨ ਆਗੂਆਂ ਨਾਲ ਚਰਚਾ ਦੌਰਾਨ ਅੰਦੋਲਨ ਦੇ ਫੈਲਾਅ ਤੇ ਹੋਰ ਵਰਗਾਂ ਦੀ ਮੋਰਚੇ ਵਿਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਮੀਟਿੰਗਾਂ ਕੀਤੀਆਂ। ਗਿਆਨੀ ਕੇਵਲ ਸਿੰਘ ਨੇ ਦੱਸਿਆ ਕਿ ਉਨ੍ਹਾਂ 'ਪਿੰਡ ਬਚਾਓ, ਪੰਜਾਬ ਬਚਾਓ' ਮੁਹਿੰਮ ਤਹਿਤ ਪੰਜਾਬ ਦੇ ਲੋਕਾਂ ਲਈ ਕਾਫਲੇ ਦੌਰਾਨ ਭੂਮਿਕਾ ਨਿਭਾਈ। ਮੁੱਖ ਮੁੱਦਾ ਕਿਸਾਨ ਅੰਦੋਲਨ ਨੂੰ ਹੋਰ ਮਜ਼ਬੂਤ ਕਰਨਾ ਸੀ ਤੇ ਇਸ ਅੰਦੋਲਨ ਦਾ ਹਿੱਸਾ ਵੀ ਬਣੇ। ਬੁੱਧੀਜੀਵੀਆਂ ਵਿਚ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ, ਹਮੀਰ ਸਿੰਘ, ਪ੍ਰੋ. ਮਨਜੀਤ ਸਿੰਘ, ਕਿਰਨਜੀਤ ਕੌਰ, ਕਰਨੈਲ ਸਿੰਘ ਜਖੇਪਲ, ਤਰਲੋਚਨ ਸਿੰਘ ਸੂਲਰ, ਗੁਰਮੇਲ ਸਿੰਘ ਅਕਾਵਲੀ, ਉੱਤਮਜੋਤ ਸਿੰਘ ਤੇ ਖੁਸ਼ਹਾਲ ਸਿੰਘ ਨੇ ਮੋਰਚਿਆਂ ਵਿਚ ਹਾਜ਼ਰੀ ਭਰੀ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਜ਼ਿੰਮੇਵਾਰੀ ਪ੍ਰਤੀ ਸੁਹਿਰਦ ਹਨ ਤੇ ਆਪਣੇ ਆਪ ਨੂੰ ਮਜ਼ਬੂਤ ਕਰਨ ਦੀ ਹੋਰ ਇੱਛਾ ਰੱਖਦੇ ਹਨ। ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਬੁੱਧੀਜੀਵੀਆਂ ਵੱਲੋਂ ਕਿਸਾਨ ਆਗੂਆਂ ਨੂੰ ਕਈ ਸੁਝਾਅ ਵੀ ਦਿੱਤੇ ਗਏ ਹਨ। ਹੋਰ ਵਰਗਾਂ ਨੂੰ ਮੋਰਚਿਆਂ ਵਿਚ ਸ਼ਾਮਲ ਕਰਨ ਤੇ ਕਿਸਾਨਾਂ ਨਾਲ ਤੋਰਨ ਦੀ ਵਿਉਂਤਬੰਦੀ 'ਤੇ ਚਰਚਾ ਕੀਤੀ।

# ਮਹਾਤਮਾ ਗਾਂਧੀ ਦੀ ਪੋਤੀ ਵੱਲੋਂ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ



**ਨਵੀਂ ਦਿੱਲੀ:** ਗਾਜੀਪੁਰ ਬਾਰਡਰ 'ਤੇ ਦਿੱਤੇ ਜਾ ਰਹੇ ਧਰਨੇ 'ਚ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਪੋਤੀ ਤਾਰਾ ਗਾਂਧੀ ਦੇ ਪਹੁੰਚਣ ਨਾਲ ਕਿਸਾਨਾਂ ਦਾ ਉਤਸ਼ਾਹ ਦੁੱਗਣਾ ਹੋ ਗਿਆ। ਤਾਰਾ ਗਾਂਧੀ ਨੇ ਕਿਹਾ, "ਅਸੀਂ ਉਸ ਵਿਅਕਤੀ ਦੇ ਹੱਕ ਅਦਾ ਕਰਨ ਲਈ ਇਥੇ ਆਏ ਹਾਂ ਜਿਸ ਨੇ ਸਾਡਾ ਢਿੱਡ ਭਰਿਆ ਹੈ।"

ਉਨ੍ਹਾਂ ਕਿਹਾ ਕਿ ਸਰਕਾਰ ਅਤੇ ਜਨਤਾ ਦਾ ਹਿੱਤ ਕਿਸਾਨਾਂ ਦੇ ਹਿੱਤ ਵਿੱਚ ਹੈ। ਸੰਯੁਕਤ ਕਿਸਾਨ ਮੋਰਚੇ ਨੇ ਦੁਹਰਾਇਆ ਕਿ ਜੇ ਸਰਕਾਰ ਕਾਨੂੰਨ ਰੱਦ ਕਰਕੇ ਐਮ.ਐਸ.ਪੀ. ਦੀ ਗਾਰੰਟੀ ਦਿੰਦੀ ਹੈ ਤਾਂ ਕਿਸਾਨ ਘਰ ਵਾਪਸ ਜਾਣ ਲਈ ਤਿਆਰ ਹਨ। ਬਜ਼ੁਰਗ ਤਾਰਾ ਗਾਂਧੀ ਭੱਟਾਚਾਰੀਆ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨ ਅਤੇ ਉਹ ਇਥੇ ਉਨ੍ਹਾਂ ਲਈ ਅਰਦਾਸ ਕਰਨ ਆਈ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਰਾਜਨੀਤਕ ਪਾਰਟੀ ਲਈ ਨਹੀਂ ਆਏ ਹਨ। ਤਾਰਾ ਗਾਂਧੀ ਨੇ ਕਿਹਾ ਕਿ ਇਹ ਕ੍ਰਾਂਤੀ ਦੀ ਧਰਤੀ ਹੈ। ਦੇਸ ਦੀ ਆਜ਼ਾਦੀ ਲਈ ਪਹਿਲੀ ਕ੍ਰਾਂਤੀ ਮੇਰਠ ਤੋਂ ਹੀ 1857 ਵਿਚ ਹੋਈ ਸੀ। ਬਾਪੂ ਦੀ ਪੋਤੀ ਨੇ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਕਿਸਾਨ ਲਹਿਰ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਲਾਭ ਹੀ ਲਾਭ ਹੋਣੇ ਚਾਹੀਦੇ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦਿੱਲੀ ਦੇ ਬਾਰਡਰਾਂ 'ਤੇ ਬੈਠੇ ਕਿਸਾਨਾਂ ਦੀ ਦੇਖਭਾਲ ਕਰੇ। ਕਿਸਾਨ ਨੇਤਾਵਾਂ ਰਾਕੇਸ਼ ਟਿਕੈਤ, ਡਾ. ਦਰਸ਼ਨਪਾਲ ਅਤੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ, ਰਾਜਸਥਾਨ ਅਤੇ ਹਰਿਆਣਾ ਵਾਂਗ ਯੂਪੀ ਵਿਚ ਵੀ ਟੌਲ ਪਲਾਜੇ ਮੁਕਤ ਕਰਨ ਦੀ ਮੁਹਿੰਮ ਚਲਾਈ ਜਾਵੇਗੀ।

# ਨਿਆਂਪਾਲਿਕਾ ਬਾਰੇ ਗੋਗੋਈ ਦਾ ਬਿਆਨ 'ਚਿੰਤਾਜਨਕ': ਪਵਾਰ

**ਪੁਣੇ/ਮੁੰਬਈ:** ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਦੇ ਮੁਖੀ ਸ਼ਰਦ ਪਵਾਰ ਨੇ ਦੇਸ਼ ਦੇ ਸਾਬਕਾ ਚੀਫ ਜਸਟਿਸ ਅਤੇ ਰਾਜ ਸਭਾ ਮੈਂਬਰ ਰੰਜਨ ਗੋਗੋਈ ਵੱਲੋਂ ਨਿਆਂਪਾਲਿਕਾ ਬਾਰੇ ਦਿੱਤੇ ਬਿਆਨ ਨੂੰ 'ਹਿਲਾ ਦੇਣ ਵਾਲਾ ਅਤੇ ਚਿੰਤਾਜਨਕ' ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਸ੍ਰੀ ਰੰਜਨ ਗੋਗੋਈ ਨੇ ਕਿਹਾ ਸੀ ਕਿ ਨਿਆਂਪਾਲਿਕਾ 'ਮਾੜੀ ਹਾਲਤ' ਵਿਚ ਹੈ ਅਤੇ ਉਨ੍ਹਾਂ ਨੇ ਬਕਾਇਆ ਪਏ ਕੇਸਾਂ 'ਤੇ ਚਿੰਤਾ ਜਤਾਈ ਸੀ।

ਪੁਣੇ 'ਚ ਇਕ ਸਮਾਗਮ ਦੌਰਾਨ ਸ੍ਰੀ ਪਵਾਰ ਨੇ ਕਿਹਾ, 'ਪਿਛਲੇ ਹਫਤੇ ਮੈਂ ਕਿਤੇ ਪੜ੍ਹਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਪਰੀਮ ਕੋਰਟ ਦੇ ਜੱਜਾਂ ਨਾਲ ਮੀਟਿੰਗਾਂ ਵਿਚੋਂ ਇਕ ਦੌਰਾਨ ਕਿਹਾ ਸੀ ਕਿ ਭਾਰਤੀ ਨਿਆਂਪਾਲਿਕਾ ਦਾ ਪੱਧਰ ਬਹੁਤ ਉੱਚਾ ਹੈ। ਸਾਨੂੰ ਸਭ ਨੂੰ ਬਹੁਤ ਵਧੀਆ ਲੱਗਾ ਸੀ।' ਐਨ.ਸੀ.ਪੀ. ਦੇ ਸੰਸਥਾਪਕ ਨੇ ਕਿਹਾ, 'ਪਰ ਸਾਬਕਾ ਚੀਫ ਜਸਟਿਸ ਆਫ ਇੰਡੀਆ, ਜਿਨ੍ਹਾਂ ਨੂੰ ਹੁਣ ਰਾਜ ਸਭਾ 'ਚ ਭੇਜਿਆ ਗਿਆ ਹੈ, ਨੇ ਬਹੁਤ ਹਿਲਾ ਦੇਣ ਵਾਲਾ ਬਿਆਨ ਦਿੱਤਾ ਹੈ। ਮੈਂ ਨਹੀਂ ਜਾਣਦਾ ਕਿ ਉਨ੍ਹਾਂ ਨੇ ਨਿਆਂਪਾਲਿਕਾ ਦੀ ਸਚਾਈ ਦੱਸਣ ਦੀ ਕੋਸ਼ਿਸ਼ ਕੀਤੀ, ਪਰ ਗੋਗੋਈ ਵੱਲੋਂ ਕੀਤੀ ਟਿੱਪਣੀ ਸਾਰਿਆਂ ਲਈ 'ਚਿੰਤਾ' ਕਰਨ ਵਾਲੀ ਗੱਲ ਹੈ।

ਦੂਜੇ ਪਾਸੇ ਨਾਸਿਕ 'ਚ ਸ਼ਿਵ ਸੈਨਾ ਨੇਤਾ ਸੰਜੇ ਰਾਊਤ ਨੇ ਕਿਹਾ ਕਿ ਗੋਗੋਈ ਦੇ ਬਿਆਨ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ ਅਤੇ ਸਾਬਕਾ ਚੀਫ ਜਸਟਿਸ ਨੂੰ 'ਆਪਣੇ ਕਾਰਜਕਾਲ ਦੀਆਂ ਉਦਾਹਰਨਾਂ' ਦੇ ਕੇ ਦੱਸਣਾ ਚਾਹੀਦਾ ਹੈ ਕਿ ਉਹ ਅਜਿਹਾ ਕਿਉਂ ਸੋਚਦੇ ਹਨ। ਉਨ੍ਹਾਂ ਕਿਹਾ ਕਿ ਨਿਆਂਪਾਲਿਕਾ ਦੀ ਆਲੋਚਨਾ ਨਹੀਂ ਕੀਤੀ ਜਾਣੀ ਚਾਹੀਦੀ।

# ਵਿਰੋਧ ਪ੍ਰਦਰਸ਼ਨ ਕਿਤੇ ਵੀ ਤੇ ਕਦੇ ਵੀ ਨਹੀਂ ਹੋ ਸਕਦਾ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪਿਛਲੇ ਸਾਲ ਨਾਗਰਿਕਤਾ ਸੋਧ ਐਕਟ (ਸੀ.ਏ.ਏ.) ਖਿਲਾਫ ਸ਼ਾਹੀਨ ਬਾਗ ਵਿਚ ਹੋਏ ਪ੍ਰਦਰਸ਼ਨਾਂ ਦੇ ਮਾਮਲੇ ਵਿਚ ਸੁਣਾਏ ਫੈਸਲੇ 'ਤੇ ਨਜ਼ਰਸਾਨੀ ਦੀ ਮੰਗ ਕਰਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਸਿਖਰਲੀ ਅਦਾਲਤ ਨੇ ਸਾਫ ਕਰ ਦਿੱਤਾ ਕਿ 'ਵਿਰੋਧ ਪ੍ਰਦਰਸ਼ਨ ਦੇ ਹੱਕ ਦਾ ਇਹ ਮਤਲਬ ਨਹੀਂ ਕਿ ਕਿਸੇ ਵੇਲੇ ਵੀ ਤੇ ਕਿਤੇ ਵੀ ਧਰਨਾ ਲਾ ਕੇ ਹੋਰਨਾਂ ਦੇ ਹੱਕਾਂ ਨੂੰ ਅਸਰਅੰਦਾਜ ਕੀਤਾ ਜਾਵੇ।' ਜਸਟਿਸ ਸੰਜੈ ਕਿਸ਼ਨ ਕੌਲ, ਅਨਿਰੁੱਧ ਬੋਸ ਤੇ ਕ੍ਰਿਸ਼ਨਾ ਮੁਰਾਰੀ ਦੇ ਬੈਂਚ ਨੇ ਜੱਜਾਂ ਦੇ ਚੈਂਬਰ ਵਿਚ ਸੁਣਵਾਈ ਕਰਦਿਆਂ ਪਟੀਸ਼ਨਰ ਕਨੀਜ ਫਾਤਿਮਾ ਦੀ ਖੁੱਲ੍ਹੀ ਕੋਰਟ ਵਿਚ ਸੁਣਵਾਈ ਕਰਨ ਦੀ ਅਰਜ਼ੀ ਨੂੰ ਵੀ ਖਾਰਜ ਕਰ ਦਿੱਤਾ। ਸਿਖਰਲੀ ਅਦਾਲਤ ਨੇ ਪਿਛਲੇ ਸਾਲ 7 ਅਕਤੂਬਰ ਨੂੰ ਸੁਣਾਏ ਫੈਸਲੇ ਵਿਚ ਕਿਹਾ ਸੀ ਕਿ ਜਨਤਕ ਥਾਵਾਂ ਨੂੰ ਮਹਿਜ ਆਪਣਾ ਵਿਰੋਧ ਜਤਾਉਣ ਲਈ ਅਣਮਿਥੇ ਸਮੇਂ ਲਈ ਮੱਲ ਕੇ ਨਹੀਂ ਰੱਖਿਆ ਜਾ ਸਕਦਾ। ਸੁਪਰੀਮ ਕੋਰਟ ਨੇ ਉਸ ਮੌਕੇ ਕਿਹਾ ਸੀ ਕਿ ਸ਼ਾਹੀਨ ਬਾਗ 'ਚ ਲੱਗੇ ਧਰਨੇ ਕਰਕੇ ਇਲਾਕੇ ਵਿਚ ਰਹਿੰਦੇ ਲੋਕਾਂ ਨੂੰ ਖਾਸੀ ਪਰੇਸ਼ਾਨੀਆਂ ਦਰਪੇਸ਼ ਹਨ, ਜੋ 'ਸਵੀਕਾਰਯੋਗ' ਨਹੀਂ ਹੈ। ਸੁਪਰੀਮ ਕੋਰਟ ਦੇ ਬੈਂਚ ਨੇ ਸ਼ਾਹੀਨ ਬਾਗ ਦੀ ਵਸਨੀਕ ਕਨੀਜ ਫਾਤਿਮਾ ਵੱਲੋਂ ਦਾਇਰ ਨਜ਼ਰਸਾਨੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਸੁਭਾਵਿਕ ਪ੍ਰਦਰਸ਼ਨ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਜਦੋਂ ਕੋਈ ਵਿਰੋਧ ਪ੍ਰਦਰਸ਼ਨ ਲੰਮਾ ਚਲਦਾ ਹੈ ਤਾਂ ਉਹ ਹੋਰਨਾਂ ਦੇ ਅਧਿਕਾਰਾਂ ਦਾ ਉਲੰਘਣ ਕਰਕੇ ਜਨਤਕ ਥਾਵਾਂ ਮੱਲ ਕੇ ਨਹੀਂ ਕੀਤਾ ਜਾ ਸਕਦਾ। ਤਿੰਨ ਮੈਂਬਰੀ ਬੈਂਚ ਨੇ ਕਿਹਾ, 'ਅਸੀਂ ਨਜ਼ਰਸਾਨੀ ਪਟੀਸ਼ਨ ਤੇ ਸਿਵਲ ਅਪੀਲ ਦੇ ਰਿਕਾਰਡ ਨੂੰ ਗਹੁ ਨਾਲ ਵਾਚਿਆ ਹੈ ਤੇ ਇਹ ਗੱਲ ਮੰਨਦੇ ਹਾਂ ਜਿਨ੍ਹਾਂ ਹੁਕਮਾਂ 'ਤੇ ਨਜ਼ਰਸਾਨੀ ਮੰਗੀ ਗਈ ਹੈ, ਉਨ੍ਹਾਂ ਵਿਚ ਨਾ ਤਾਂ ਕੋਈ ਖਾਮੀ ਹੈ ਤੇ ਨਾ ਹੀ ਇਸ 'ਤੇ ਮੁੜ ਗੌਰ ਕਰਨ ਦੀ ਲੋੜ ਬਣਦੀ ਹੈ।' ਬੈਂਚ ਨੇ ਕਿਹਾ ਕਿ ਸੰਵਿਧਾਨ ਵਿਚ ਪ੍ਰਦਰਸ਼ਨ ਤੇ ਆਪਣਾ ਵਿਰੋਧ ਦਰਜ ਕਰਵਾਉਣ ਦਾ ਵੀ ਹੱਕ ਹੈ, ਪਰ ਇਹ ਹੱਕ ਵੀ ਕੁਝ ਫਰਜ਼ਾਂ 'ਚ ਬੰਨ੍ਹੇ ਹੋਏ ਹਨ, ਕਿਉਂਕਿ ਜਮਹੂਰੀਅਤ ਤੇ 'ਵਿਰੋਧ' ਨਾਲੋ-ਨਾਲ ਚਲਦੇ ਹਨ।



# ਹਿੰਸਾ ਦੇ ਪਰਛਾਵੇਂ ਹੇਠ ਨੇਪਰੇ ਚੜ੍ਹੀਆਂ ਨਗਰ ਕੌਂਸਲ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਨਗਰ ਨਿਗਮ ਤੇ ਨਗਰ ਕੌਂਸਲਾਂ ਲਈ ਹੋਏ ਭਰਵੇਂ ਮਤਦਾਨ ਦੌਰਾਨ ਹਿੰਸਾ ਦਾ ਪਰਛਾਵਾਂ ਰਿਹਾ। ਪੰਜਾਬ ਦੀਆਂ 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਅਤੇ ਅੱਠ ਨਗਰ ਨਿਗਮਾਂ 'ਚ ਲਈ 71.39 ਫੀਸਦ ਮਤਦਾਨ ਹੋਇਆ। ਪੰਜਾਬ ਦੇ 2302 ਸ਼ਹਿਰੀ ਵਾਰਡਾਂ ਲਈ ਚੋਣ ਲੜ ਰਹੇ ਕੁੱਲ 9222 ਉਮੀਦਵਾਰਾਂ ਦੀ ਕਿਸਮਤ ਵੋਟਿੰਗ ਮਸ਼ੀਨਾਂ 'ਚ ਬੰਦ ਹੋ ਗਈ ਹੈ।

ਅਗਲੇ ਸਾਲ ਹੋਣ ਵਾਲੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਹੋਈ ਇਸ ਚੋਣ ਲਈ ਸਾਰੀਆਂ ਸਿਆਸੀ ਧਿਰਾਂ ਨੇ ਅੱਡੀ ਚੋਟੀ ਦਾ ਜੋਰ ਲਾਇਆ। ਖੇਤੀ ਕਾਨੂੰਨਾਂ ਖਿਲਾਫ ਰੋਹ ਦੀ ਲਹਿਰ ਚੋਣਾਂ ਦੌਰਾਨ ਵੀ ਵੇਖਣ ਨੂੰ ਮਿਲੀ ਜਦੋਂ ਕਿ ਵੋਟਰ ਕਰੋਨਾ ਤੋਂ ਭੈਅ ਮੁਕਤ ਦਿਖੇ। ਇਸੇ ਦੌਰਾਨ ਪੰਜਾਬ 'ਚ ਕੌਂਸਲ ਚੋਣਾਂ ਦੌਰਾਨ ਵੱਖ-ਵੱਖ ਥਾਈਂ ਹੋਈ ਹਿੰਸਾ 'ਚ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਪਰ 14 ਦੇ ਕਰੀਬ ਆਗੂ ਅਤੇ ਵਰਕਰ ਜ਼ਖਮੀ ਹੋ ਗਏ। ਪੱਟੀ ਤੇ ਸੁਲਤਾਨਪੁਰ ਲੋਧੀ 'ਚ ਗੋਲੀ ਚੱਲਣ ਦੀ ਖਬਰ ਹੈ। ਬਹੁਤੇ ਜਿਲ੍ਹਿਆਂ ਵਿਚ ਚੋਣਾਂ ਦਾ ਕੰਮ ਅਮਨ-ਅਮਾਨ ਨਾਲ ਸਿਰੇ ਚੜ੍ਹਿਆ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਪੱਟੀ 'ਚ ਖੂਨੀ ਝੜਪ ਹੋਈ ਹੈ ਅਤੇ ਗੋਲੀ ਨਾਲ 'ਆਪ' ਆਗੂ ਮਨਬੀਰ ਸਿੰਘ ਜ਼ਖਮੀ ਹੋ ਗਿਆ, ਜੋ ਹਸਪਤਾਲ 'ਚ ਜੇਰੇ ਇਲਾਜ ਹੈ। ਮਗਰੋਂ 'ਆਪ' ਵਰਕਰਾਂ ਨੇ ਥਾਣੇ ਅੱਗੇ ਧਰਨਾ ਵੀ ਲਾਇਆ। ਇਸੇ ਤਰ੍ਹਾਂ ਰੋਪੜ ਵਿਚ ਅਕਾਲੀ ਤੇ ਕਾਂਗਰਸੀ ਵਰਕਰਾਂ 'ਚ ਪੱਥਰਬਾਜ਼ੀ ਹੋਈ ਅਤੇ ਕਿਰਪਾਨਾਂ ਚੱਲੀਆਂ ਜਿਸ 'ਚ ਨੌਂ ਜਣੇ ਜ਼ਖਮੀ ਹੋਏ ਹਨ, ਜਿਨ੍ਹਾਂ 'ਚੋਂ ਇਕ ਨੂੰ ਪੀ.ਜੀ.ਆਈ. ਚੰਡੀਗੜ੍ਹ ਲਈ ਰੈਫਰ ਕੀਤਾ ਹੈ। ਕਾਂਗਰਸ ਵਰਕਰ ਪ੍ਰਵੀਨ ਦਾ ਇਲਜ਼ਾਮ ਹੈ ਕਿ ਅਕਾਲੀ ਪੈਸੇ ਵੰਡ ਰਹੇ ਸਨ ਤੇ ਜਦੋਂ ਉਨ੍ਹਾਂ ਰੋਕਣਾ ਚਾਹਿਆ ਤਾਂ ਅਕਾਲੀਆਂ ਨੇ ਹਮਲਾ ਕਰ ਦਿੱਤਾ। ਦੂਸਰੀ ਤਰਫ ਅਕਾਲੀ ਦਲ ਦਾ ਕਹਿਣਾ ਹੈ ਕਿ ਯੂਥ ਕਾਂਗਰਸ ਦੇ ਆਗੂਆਂ ਨੇ ਮਿਥ ਕੇ ਅਕਾਲੀ ਵਰਕਰਾਂ 'ਤੇ ਹਮਲਾ ਕੀਤਾ ਹੈ। ਨਗਰ ਕੌਂਸਲ ਭਿੱਖੀਵਿੰਡ ਦੇ ਵਾਰਡ ਨੰਬਰ 4 'ਚ ਝੜਪ ਹੋਈ ਹੈ, ਜਿਸ ਵਿਚ ਅਕਾਲੀ ਉਮੀਦਵਾਰ ਰਿੰਕੂ ਧਵਨ ਦੀ ਨੂੰਹ ਸਪਨਾ ਦੇ ਸੱਟ ਲੱਗੀ ਹੈ। ਇਥੇ 'ਆਪ' ਵਰਕਰ ਤੇ ਵਿਰੋਧੀ ਆਗੂ ਦੀਆਂ ਪੱਗਾਂ ਲੱਥਣ ਦਾ ਵੀ ਸਮਾਚਾਰ ਹੈ।



## ਕਾਂਗਰਸੀਆਂ ਨੇ ਲੋਕਤੰਤਰ ਦਾ ਕਤਲ ਕੀਤਾ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਚੋਣਾਂ ਦੌਰਾਨ ਕਈ ਥਾਵਾਂ 'ਤੇ ਧੱਕੇਸ਼ਾਹੀ ਅਤੇ 'ਆਪ' ਉਮੀਦਵਾਰਾਂ 'ਤੇ ਹਮਲਿਆਂ ਦੀ ਨਿਖੇਧੀ ਕੀਤੀ ਹੈ। ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਅਸੈਂਬਲੀ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕੈਪਟਨ ਅਤੇ ਕਾਂਗਰਸੀਆਂ 'ਤੇ ਜਮਹੂਰੀਅਤ ਦਾ ਕਤਲ ਕੀਤੇ ਜਾਣ ਦੇ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਚੋਣਾਂ ਸਮੇਂ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿਚ ਅਸਫਲ ਰਹੇ ਹਨ ਅਤੇ ਹੁਣ ਜਮਹੂਰੀਅਤ ਦਾ ਕਤਲ ਕਰ ਰਹੇ ਹਨ। ਚੀਮਾ ਨੇ ਦਾਅਵਾ ਕੀਤਾ ਕਿ ਕਾਂਗਰਸੀਆਂ ਨੇ ਕਈ ਥਾਵਾਂ 'ਤੇ 'ਆਪ' ਵਲੰਟੀਅਰਾਂ ਉਤੇ ਹਮਲਾ ਕੀਤਾ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਜੱਦੀ ਜ਼ਿਲ੍ਹਾ ਪਟਿਆਲਾ ਵਿਚ ਪੋਲਿੰਗ ਦੌਰਾਨ ਕਾਫੀ ਹੰਗਾਮੇ ਹੋਏ ਹਨ। ਸਮਾਣਾ ਵਿਚ ਅਕਾਲੀ ਵਰਕਰ ਦੀ ਕੁੱਟਮਾਰ ਦੇ ਰੋਸ 'ਚ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਪਾਤੜਾਂ ਰੋਡ 'ਤੇ ਧਰਨਾ ਲਾਇਆ। ਰਾਜਪੁਰਾ ਵਿਚ ਤਿੰਨ ਵਿਰੋਧੀ ਉਮੀਦਵਾਰਾਂ ਨੇ ਬੂਥਾਂ 'ਤੇ ਕਬਜ਼ੇ ਹੋਣ ਦਾ ਇਲਜ਼ਾਮ ਲਾਉਣ ਮਗਰੋਂ ਚੋਣਾਂ ਦਾ ਬਾਈਕਾਟ ਕਰ ਦਿੱਤਾ। ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ ਨੇ ਵਾਰਡ ਨੰਬਰ ਦੋ ਦੇ ਉਮੀਦਵਾਰ ਕਪਤਾਨ ਸਿੰਘ ਦੀ ਵਿਰੋਧੀ ਧਿਰ ਵੱਲੋਂ ਪੱਗ ਉਤਾਰੇ ਜਾਣ ਅਤੇ ਉਸ ਦੇ ਲੜਕੇ ਦੀ ਕੁੱਟਮਾਰ ਦੇ ਦੋਸ਼ ਲਾਏ। 'ਆਪ' ਨੇ ਹਾਕਮ ਧਿਰ ਦੀ ਧੱਕੇਸ਼ਾਹੀ ਖਿਲਾਫ ਗਗਨ ਚੌਕ ਵਿਚ ਧਰਨਾ ਦਿੱਤਾ।

ਸੁਲਤਾਨਪੁਰ ਲੋਧੀ ਵਿਚ ਵਾਰਡ ਨੰਬਰ ਇਕ 'ਚ ਪੱਥਰਬਾਜੀ ਦੇ ਦੋਸ਼ ਲਗਾਉਂਦੇ ਹੋਏ ਸਾਬਕਾ ਮੰਤਰੀ ਉਪਿੰਦਰਜੀਤ ਕੌਰ ਨੇ ਤਲਵੰਡੀ ਚੌਕ ਵਿਚ ਧਰਨਾ ਲਾਇਆ। ਮਹਿਲਾ ਆਗੂ ਨੇ ਇਕ ਕਾਂਗਰਸੀ ਵੱਲੋਂ ਗੋਲੀ ਚਲਾਏ ਜਾਣ ਦੀ ਗੱਲ ਵੀ ਆਖੀ ਹੈ। ਇਸੇ ਤਰ੍ਹਾਂ ਧੂਰੀ ਵਿਚ ਅਣਪਛਾਤਿਆਂ ਵੱਲੋਂ ਵਾਰਡ ਨੰਬਰ ਇਕ ਦੇ ਪੋਲਿੰਗ ਸਟੇਸ਼ਨ ਦੇ ਬਾਹਰ 'ਆਪ' ਆਗੂਆਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਹੈ, ਜਿਸ 'ਚ ਗੌਰਵ ਬਾਂਸਲ ਦੇ ਸਿਰ 'ਤੇ ਸੱਟ ਲੱਗੀ ਹੈ ਅਤੇ ਇੱਕ ਹੋਰ ਆਗੂ ਨੂੰ ਸੱਟ ਲੱਗੀ ਹੈ। ਬਠਿੰਡਾ ਤੇ ਮਾਨਸਾ ਜਿਲ੍ਹੇ ਵਿਚ ਪੋਲਿੰਗ ਇਕ-ਦੁੱਕਾ ਘਟਨਾਵਾਂ ਨੂੰ ਛੱਡ ਕੇ ਸ਼ਾਂਤੀਪੂਰਵਕ ਰਹੀ। ਵਾਰਡ ਨੰਬਰ ਅੱਠ ਦੇ ਅਕਾਲੀ ਉਮੀਦਵਾਰ ਹਰਪਾਲ ਸਿੰਘ ਨੇ ਦੋਸ਼ ਲਾਏ ਕਿ ਵਿਰੋਧੀ ਆਗੂ ਦੇ ਸਮਰਥਕਾਂ ਨੇ ਉਸ ਦੇ ਸੱਟਾਂ ਮਾਰੀਆਂ ਹਨ ਅਤੇ ਵਾਰਡ ਨੰਬਰ 43 ਵਿਚ ਭਾਜਪਾ ਆਗੂ ਨੇ ਜਾਅਲੀ ਵੋਟਾਂ ਬਣਾਏ ਜਾਣ ਦੇ ਦੋਸ਼ ਲਾਏ ਹਨ। ਸੰਗਰੂਰ ਦੇ ਭਵਾਨੀਗੜ੍ਹ ਵਿਚ ਅਪਸ਼ਬਦ ਬੋਲੇ ਜਾਣ ਕਰਕੇ ਇਕ ਵੋਟਰ ਵੱਲੋਂ ਕਾਂਗਰਸੀ ਆਗੂ ਦੇ ਥੱਪੜ ਮਾਰੇ ਜਾਣ ਦਾ ਸਮਾਚਾਰ ਹੈ। ਇਥੇ ਪੋਲਿੰਗ 'ਚ ਧੱਕੇਸ਼ਾਹੀ ਖਿਲਾਫ ਅਕਾਲੀ ਦਲ ਨੇ ਭਵਾਨੀਗੜ੍ਹ 'ਚ ਧਰਨਾ ਵੀ ਲਾਇਆ।

ਗੁਰੂ ਹਰਸਹਾਏ ਵਿਚ 'ਆਪ' ਵਰਕਰ 'ਤੇ ਹਮਲਾ ਹੋਇਆ ਹੈ ਜਿਸ ਮਗਰੋਂ 'ਆਪ' ਆਗੂ ਮਲਕੀਤ ਥਿੰਦ ਦੀ ਅਗਵਾਈ ਵਿਚ ਵਰਕਰਾਂ ਨੇ ਐਸ.ਡੀ.ਐਮ. ਦਫਤਰ ਅੱਗੇ ਧਰਨਾ ਦਿੱਤਾ। ਅਰਨੀਵਾਲਾ ਵਿਚ ਬੂਥਾਂ 'ਤੇ ਕਬਜ਼ੇ ਦੇ ਇਲਜ਼ਾਮ ਲਾ ਕੇ 'ਆਪ' ਨੇ ਮਲੋਟ ਰੋਡ 'ਤੇ ਧਰਨਾ ਲਾਇਆ। ਕਾਦੀਆਂ ਦੇ ਤਿੰਨ ਵਾਰਡਾਂ ਵਿਚ ਜਾਅਲੀ ਵੋਟਾਂ ਪੈਣ ਦੇ ਰੌਲੇ ਮਗਰੋਂ ਪੋਲਿੰਗ ਕੁਝ ਸਮਾਂ ਰੁਕੀ ਰਹੀ। ਫਿਰੋਜ਼ਪੁਰ ਵਿਚ ਮਾਹੌਲ ਤਾਂ ਦਹਿਸ਼ਤ ਭਰਿਆ ਰਿਹਾ, ਪ੍ਰੰਤੂ ਕੋਈ ਜਾਨੀ ਮਾਲੀ ਨੁਕਸਾਨ ਤੋਂ ਬਚਾਅ ਰਿਹਾ।

ਭਾਜਪਾ ਦੇ ਟੈਂਟ ਵੀ ਨਹੀਂ ਲੱਗੇ: ਜ਼ਿਲ੍ਹੇ ਦੀਆਂ ਪੰਜ ਨਗਰ ਕੌਂਸਲਾਂ ਅਤੇ ਸ਼ਹਿਰ ਦੀ ਨਗਰ ਨਿਗਮ ਦੇ ਵਾਰਡ ਨੰਬਰ-37 ਦੀ ਹੋਈ ਉਪ ਚੋਣ ਵਾਸਤੇ ਪਈਆਂ ਵੋਟਾਂ ਦੌਰਾਨ ਪਿੰਡਾਂ ਅਤੇ ਸ਼ਹਿਰ ਵਿਚ ਭਾਜਪਾ ਦੇ ਟੈਂਟ ਵੀ ਨਹੀਂ ਲੱਗੇ। ਇਹ ਖੇਤੀ ਕਾਨੂੰਨਾਂ ਦੇ ਵਿਰੋਧ ਵਜੋਂ ਕਿਸਾਨਾਂ ਵੱਲੋਂ ਭਾਜਪਾ ਆਗੂਆਂ ਦੇ ਕੀਤੇ ਜਾ ਰਹੇ ਬਾਈਕਾਟ ਦਾ ਸਿੱਟਾ ਹੈ। ਇਸ ਦੌਰਾਨ ਇਹ ਵੋਟਾਂ ਪਾਉਣ ਦਾ ਕੰਮ ਵੱਡੀ ਪੱਧਰ 'ਤੇ ਅਮਨ ਸ਼ਾਂਤੀ ਪੂਰਵਕ ਨਾਲ ਨੇਪਰੇ ਚੜ੍ਹ ਗਿਆ। ਦਿਹਾਤੀ ਖੇਤਰ ਵਿੱਚ ਲਗਭਗ 75.22 ਫੀਸਦ ਮਤਦਾਨ ਹੋਇਆ ਹੈ ਜਿਸ ਤਹਿਤ ਰਮਦਾਸ ਵਿਚ ਲਗਭਗ 81.84 ਫੀਸਦ, ਮਜੀਠਾ ਵਿੱਚ 76.17 ਫੀਸਦ, ਜੰਡਿਆਲਾ ਵਿਚ 74.9 ਫੀਸਦ, ਅਜਨਾਲਾ ਵਿਚ 79.9 ਫੀਸਦ ਅਤੇ ਰਈਆ ਵਿੱਚ 64.36 ਫੀਸਦ ਵੋਟਾਂ ਪਈਆਂ।

## ਹਿੰਸਾ ਲਈ ਅਕਾਲੀ ਵਰਕਰ ਜ਼ਿੰਮੇਵਾਰ: ਜਾਖੜ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਨਗਰ ਨਿਗਮ ਤੇ ਕੌਂਸਲ ਚੋਣਾਂ 'ਚ ਹੋਏ ਸ਼ਾਂਤੀਪੂਰਨ ਅਤੇ ਭਰਵੇਂ ਮਤਦਾਨ ਲਈ ਪੰਜਾਬ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਚੋਣ ਵਿਚ ਵੋਟਰ ਵਿਕਾਸ ਨੂੰ ਦੇਖਦੇ ਹੋਏ ਕਾਂਗਰਸ ਪਾਰਟੀ ਦੇ ਹੱਕ ਵਿਚ ਫਤਵਾ ਦੇਣਗੇ ਤੇ ਵਿਰੋਧੀ ਧਿਰਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਚੋਣ ਕਮਿਸ਼ਨ ਅਤੇ ਪੁਲਿਸ ਪ੍ਰਸ਼ਾਸਨ ਨੂੰ ਨਿਰਪੱਖ ਤੇ ਸ਼ਾਂਤੀਪੂਰਨ ਚੋਣਾਂ ਕਰਾਉਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਜਿੱਥੇ ਕਿਤੇ ਮਾਮੂਲੀ ਹਿੰਸਾ ਹੋਈ ਹੈ, ਉਸ ਪਿੱਛੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦਾ ਹੱਥ ਹੈ।

## ਹਿੰਸਾ ਪ੍ਰਭਾਵਿਤ ਬੂਥਾਂ 'ਤੇ ਮੁੜ ਚੋਣ ਹੋਵੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਵੱਲੋਂ ਕੌਂਸਲ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਬੂਥਾਂ 'ਤੇ ਕਬਜ਼ਾ ਕਰਨ ਤੇ ਵਿਰੋਧੀ ਪਾਰਟੀਆਂ ਖਿਲਾਫ ਵਿਆਪਕ ਹਿੰਸਾ ਕਰ ਕੇ ਵੋਟਰਾਂ ਨੂੰ ਡਰਾਉਣ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਅਕਾਲੀ ਦਲ ਨੇ ਸੂਬਾਈ ਚੋਣ ਕਮਿਸ਼ਨ ਕੋਲ ਸ਼ਿਕਾਇਤ ਦਰਜ ਕਰਾ ਕੇ ਮੰਗ ਕੀਤੀ ਹੈ ਜਿੱਥੇ ਕਿਤੇ ਵੀ ਬੂਥਾਂ 'ਤੇ ਕਬਜ਼ੇ ਕੀਤੇ ਗਏ ਹਨ ਤੇ ਹਿੰਸਾ ਵਾਪਰੀ ਹੈ, ਉਥੇ ਚੋਣ ਰੱਦ ਕੀਤੀ ਜਾਵੇ ਤੇ ਨਵੇਂ ਸਿਰੇ ਤੋਂ ਚੋਣਾਂ ਕਰਵਾਈਆਂ ਜਾਣ। ਸਾਬਕਾ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਹੀ ਸੂਬਾ ਚੋਣ ਕਮਿਸ਼ਨ ਨੂੰ ਚੌਕਸ ਕੀਤਾ ਸੀ, ਪਰ ਇਸ ਚਿਤਾਵਨੀ ਦੇ ਬਾਵਜੂਦ ਆਜ਼ਾਦ ਤੇ ਨਿਰਪੱਖ ਚੋਣਾਂ ਯਕੀਨੀ ਬਣਾਉਣ ਲਈ ਕੋਈ ਠੋਸ ਉਪਰਾਲੇ ਨਹੀਂ ਕੀਤੇ ਗਏ।

# ਅਮਰੀਕਾ 'ਚ ਭਾਰਤੀ ਪਰਵਾਸੀਆਂ ਨੇ ਕਿਸਾਨਾਂ ਦੀ ਹਮਾਇਤ 'ਚ 'ਗੁਲਾਬ' ਮੁਹਿੰਮ ਵਿੱਢੀ

**ਵਾਸ਼ਿੰਗਟਨ:** ਭਾਰਤੀ ਪਰਵਾਸੀਆਂ ਨਾਲ ਜੁੜੇ ਸੰਗਠਨਾਂ ਦੇ ਇਕ ਸਮੂਹ ਨੇ ਭਾਰਤ ਵਿਚ ਨਵੇਂ ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨਾਂ ਦੀ ਹਮਾਇਤ 'ਚ ਵੈਲੇਨਟਾਈਨ ਡੇਅ ਮੌਕੇ ਗੁਲਾਬ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਗਲੋਬਲ ਇੰਡੀਅਨ ਪ੍ਰੋਗਰੈਸਿਵ ਡਾਇਸਪੋਰਾ (ਜੀ.ਆਈ.ਪੀ.ਡੀ.) ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਪੋਸਟ ਵਿਚ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਟਵੀਟ ਕਰਕੇ ਜਾਂ ਫਿਰ ਇਕ ਗੁਲਾਬ ਭੇਜ ਕੇ ਤਿੰਨ ਖੇਤੀ ਕਾਨੂੰਨ ਰੱਦ ਕਰਨ ਬਾਰੇ ਆਖਿਆ ਜਾਵੇ। ਜਾਂ ਫਿਰ ਆਪਣੇ ਸਬੰਧਤ ਖੇਤਰ ਵਿਚ ਭਾਰਤੀ ਅੰਬੈਸੀ/ਜਨਰਲ ਕੌਂਸੁਲੇਟ ਵਿਚ ਗੁਲਾਬ ਭੇਜ ਕੇ ਭਾਰਤ ਵਿਚ ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨਾਂ ਨਾਲ ਇਕਮੁੱਠਤਾ ਦਾ ਇਜ਼ਹਾਰ ਕੀਤਾ ਜਾਵੇ।' ਸੰਸਥਾ ਨੇ ਆਪਣੀ 'ਲਵ ਕੌਂਕਰਜ ਹੇਟ' (ਪਿਆਰ ਨਾਲ ਨਫਰਤ ਨੂੰ ਜਿੱਤਿਆ ਜਾ ਸਕਦਾ ਹੈ) ਮੁਹਿੰਮ ਦੀ ਕੜੀ ਵਿਚ ਭਾਰਤੀ ਕੌਂਸੁਲੇਟਾਂ ਦੇ ਨਾਂ ਪੱਤਰ ਵੀ ਜਾਰੀ ਕੀਤਾ ਹੈ। ਪੱਤਰ ਵਿਚ ਕਾਲੇ ਤੇ ਵਿਵਾਦਿਤ ਖੇਤੀ ਕਾਨੂੰਨਾਂ ਖਿਲਾਫ ਜਾਰੀ ਕਿਸਾਨਾਂ ਦੇ ਇਸ ਅੰਦੋਲਨ ਨੂੰ ਹਮਾਇਤ ਦੇਣ ਦੀ ਮੰਗ ਕੀਤੀ ਗਈ ਹੈ ਤਾਂ ਕਿ ਉਨ੍ਹਾਂ ਦੀ ਇਹ ਜਾਇਜ਼ ਮੰਗ ਸੁਣੀ ਜਾ ਸਕੇ। ਚੇਤੇ ਰਹੇ ਕਿ ਤਿੰਨ ਨਵੇਂ ਖੇਤੀ ਕਾਨੂੰਨਾਂ 'ਤੇ ਲੀਕ ਮਾਰਨ ਤੇ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਦੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਲੈ ਕੇ ਕਿਸਾਨ ਪਿਛਲੇ ਦੋ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਦਿੱਲੀ ਦੀਆਂ ਬਰੂੰਹਾਂ 'ਤੇ ਲਾਏ ਮੋਰਚਿਆਂ 'ਚ ਡਟੇ ਹੋਏ ਹਨ।

## ਸੁਪਰੀਮ ਕੋਰਟ ਵੱਲੋਂ ਵ੍ਹੱਟਸਐਪ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਵ੍ਹੱਟਸਐਪ 'ਤੇ ਯੂਰਪ ਦੇ ਖਪਤਕਾਰਾਂ ਦੀ ਤੁਲਨਾ ਵਿਚ ਭਾਰਤੀਆਂ ਲਈ ਨਿੱਜਤਾ ਦੇ ਘੱਟ ਮਾਪਦੰਡ ਹੋਣ ਦਾ ਦੋਸ਼ ਲਾਉਣ ਵਾਲੀ ਇਕ ਪਟੀਸ਼ਨ 'ਤੇ ਕੇਂਦਰ ਅਤੇ ਵ੍ਹੱਟਸਐਪ ਨੂੰ ਨੋਟਿਸ ਜਾਰੀ ਕਰ ਕੇ ਚਾਰ ਹਫਤਿਆਂ ਵਿਚ ਜਵਾਬ ਮੰਗਿਆ ਹੈ। ਉੱਚ ਅਦਾਲਤ ਨੇ ਕਿਹਾ ਕਿ ਲੋਕਾਂ ਨੂੰ ਖਦਸ਼ਾ ਹੈ ਕਿ ਉਹ ਆਪਣੀ ਨਿੱਜਤਾ ਗੁਆ ਦੇਣਗੇ ਅਤੇ ਉਨ੍ਹਾਂ ਦੀ ਰੱਖਿਆ ਕਰਨਾ ਸਾਡਾ ਫਰਜ਼ ਹੈ। ਚੀਫ ਜਸਟਿਸ ਐਸ.ਏ. ਬੋਬੜੇ ਨੇ ਕਰਮਾਨਿਆ ਸਿੰਘ ਸਰੀਨ ਦੀ ਅੰਤਰਿਮ ਅਪੀਲ 'ਤੇ ਸਰਕਾਰ ਅਤੇ ਵ੍ਹੱਟਸਐਪ ਨੂੰ ਨੋਟਿਸ ਜਾਰੀ ਕੀਤਾ ਹੈ। ਵ੍ਹੱਟਸਐਪ ਨੇ ਉੱਚ ਅਦਾਲਤ ਵਿਚ ਕਿਹਾ ਕਿ ਯੂਰਪ ਵਿਚ ਨਿੱਜਤਾ ਸਬੰਧੀ ਵਿਸ਼ੇਸ਼ ਕਾਨੂੰਨ ਹੈ, ਜੇ ਭਾਰਤ ਵਿਚ ਵੀ ਅਜਿਹਾ ਕਾਨੂੰਨ ਹੋਵੇਗਾ ਤਾਂ ਅਸੀਂ ਉਸ ਦੀ ਪਾਲਣਾ ਕਰਾਂਗੇ।

# ਕੈਦੀਆਂ ਬਾਰੇ ਧਰਮ ਆਧਾਰਿਤ ਅੰਕੜੇ ਸੰਸਦ ਵਿਚ ਦੱਸੇ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦ 4,78,600 ਕੈਦੀਆਂ 'ਚੋਂ 67 ਫੀਸਦ ਹਿੰਦੂ ਜਦੋਂਕਿ 18 ਫੀਸਦ ਦੇ ਕਰੀਬ ਮੁਸਲਿਮ ਭਾਈਚਾਰੇ ਨਾਲ ਸਬੰਧਤ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਜੀ.ਕਿਸ਼ਨ ਰੈੱਡੀ ਵੱਲੋਂ ਪਿਛਲੇ ਹਫਤੇ ਸੰਸਦ ਵਿਚ ਪੇਸ਼ ਉਪਰੋਕਤ ਅੰਕੜੇ ਕੌਮੀ ਅਪਰਾਧ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਵੱਲੋਂ 31 ਦਸੰਬਰ 2019 ਤੱਕ ਇਕੱਤਰ ਕੀਤੇ ਡੇਟਾ 'ਤੇ ਆਧਾਰਿਤ ਹਨ। ਇਨ੍ਹਾਂ ਅੰਕੜਿਆਂ ਮੁਤਾਬਕ 3,21,155 (67 ਫੀਸਦ) ਕੈਦੀ ਹਿੰਦੂ, 85,307(17.82 ਫੀਸਦ) ਮੁਸਲਿਮ, 18001 (3.76 ਫੀਸਦ) ਸਿੱਖ, 13,782(2.87 ਫੀਸਦ) ਈਸਾਈ ਤੇ 3557 (0.74 ਫੀਸਦ) ਹੋਰਨਾਂ ਭਾਈਚਾਰਿਆਂ ਨਾਲ ਸਬੰਧਤ ਹਨ। ਲਿੰਗ ਅਧਾਰ 'ਤੇ ਇਨ੍ਹਾਂ ਅੰਕੜਿਆਂ ਨੂੰ ਵੰਡੀਏ ਤਾਂ ਮਹਿਲਾ ਕੈਦੀਆਂ 'ਚ 13,416 ਹਿੰਦੂ, 3162 ਮੁਸਲਿਮ, 721 ਸਿੱਖ, 784 ਈਸਾਈ ਤੇ 261 ਹੋਰ ਤਬਕਿਆਂ ਤੋਂ ਹਨ। ਪੰਜਾਬ ਦੀਆਂ ਜੇਲ੍ਹਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚ 12,778 ਸਿੱਖ ਕੈਦੀ, 1640 ਈਸਾਈ ਤੇ 915 ਕੈਦੀ ਹੋਰਨਾਂ ਫਿਰਕਿਆਂ ਦੇ ਹਨ।



## ਗੁਜਰਾਤ ਦੇ ਮੁੱਖ ਮੰਤਰੀ ਰੂਪਾਣੀ ਨੂੰ ਲੱਗੀ ਕਰੋਨਾ ਦੀ ਲਾਗ



**ਅਹਿਮਦਾਬਾਦ:** ਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੂਪਾਣੀ ਨੂੰ ਕਰੋਨਾ ਦੀ ਲਾਗ ਲੱਗਣ ਦਾ ਪਤਾ ਚਲਿਆ ਹੈ। ਉਨ੍ਹਾਂ ਨੂੰ ਇਕ ਰੈਲੀ ਵਿਚ ਬੇਹੋਸ਼ ਹੋਣ ਬਾਅਦ ਹਸਪਤਾਲ ਵਿਚ ਭਰਤੀ ਕਰਾਇਆ ਗਿਆ ਸੀ। ਰੂਪਾਣੀ ਵੜੋਦਰਾ ਵਿਚ ਨਿਗਮ ਚੋਣਾਂ ਲਈ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਮੰਚ 'ਤੇ ਬੇਸੁਰਤ ਹੋ ਗਏ ਸਨ। ਉਨ੍ਹਾਂ ਨੂੰ ਜਹਾਜ਼ ਰਾਹੀਂ ਅਹਿਮਦਾਬਾਦ ਲਿਆਇਆ ਗਿਆ ਸੀ। ਹਸਪਤਾਲ ਵੱਲੋਂ ਜਾਰੀ ਬੁਲੇਟਿਨ ਅਨੁਸਾਰ ਰੂਪਾਣੀ ਦੇ ਨਮੂਨੇ ਲਏ ਗਏ ਸਨ ਅਤੇ ਆਰਟੀ-ਪੀ.ਸੀ.ਆਰ. ਜਾਂਚ ਲਈ ਭੇਜੇ ਗਏ ਸਨ। ਜਾਂਚ ਰਿਪੋਰਟ ਵਿਚ ਮੁੱਖ ਮੰਤਰੀ ਨੂੰ ਕਰੋਨਾ ਦੀ ਲਾਗ ਲੱਗਣ ਦੀ ਪੁਸ਼ਟੀ ਹੋਈ ਹੈ।

# ਨਰਿੰਦਰ ਮੋਦੀ ਨੇ ਮੁਲਕ ਵਿਚ ਬਣੇ ਅਰਜੁਨ ਟੈਂਕ ਫੌਜ ਨੂੰ ਸੌਂਪੇ

**ਚੇਨਈ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿਚ ਬਣਾਏ ਗਏ ਅਰਜੁਨ ਮੁੱਖ ਲੜਾਕੂ ਟੈਂਕ (ਐਮ.ਕੇ.-1ਏ) ਭਾਰਤੀ ਫੌਜ ਨੂੰ ਸੌਂਪੇ। ਉਨ੍ਹਾਂ ਨੇ ਇਸ ਨੂੰ ਭਾਰਤ ਦੀ ਇਕਜੁੱਟਤਾ ਦੀ ਭਾਵਨਾ ਦੀ ਉਦਾਹਰਨ ਦੱਸਿਆ ਕਿਉਂਕਿ ਦੱਖਣ ਵੱਲੋਂ ਬਣਾਏ ਗਏ ਬਖਤਰਬੰਦ ਵਾਹਨ ਦੇਸ਼ ਦੀਆਂ ਉਤਰੀ ਸਰਹੱਦਾਂ ਦੀ ਰਾਖੀ ਕਰਨਗੇ।

ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਫਰਵਰੀ 2019 'ਚ ਕਸ਼ਮੀਰ ਦੇ ਪੁਲਵਾਮਾ ਜਿਲ੍ਹੇ 'ਚ ਅਤਿਵਾਦੀ ਹਮਲੇ 'ਚ ਸ਼ਹੀਦ ਹੋਏ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਦੇਸ਼ ਨੂੰ ਆਪਣੇ ਸੁਰੱਖਿਆ ਬਲਾਂ ਉਤੇ ਮਾਣ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਭਾਰਤੀ ਇਸ ਦਿਨ ਨੂੰ ਨਹੀਂ ਭੁਲਾ ਸਕਦਾ। ਦੋ ਸਾਲ ਪਹਿਲਾਂ ਪੁਲਵਾਮਾ 'ਚ ਹਮਲਾ ਹੋਇਆ ਸੀ, ਅਸੀਂ ਉਨ੍ਹਾਂ ਸਾਰੇ ਸ਼ਹੀਦਾਂ ਨੂੰ ਸਰਧਾਂਜਲੀ ਦਿੰਦੇ ਹਾਂ ਜੋ ਉਸ ਹਮਲੇ 'ਚ ਮਾਰੇ



ਗਏ। ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਆਪਣੇ ਸੁਰੱਖਿਆ ਬਲਾਂ ਉਤੇ ਮਾਣ ਹੈ। ਉਨ੍ਹਾਂ ਕਿਹਾ ਕਿ ਸਾਡੇ ਹਥਿਆਰਬੰਦ ਬਲਾਂ ਨੇ ਕਈ ਵਾਰ ਦਿਖਾਇਆ ਹੈ ਕਿ ਉਹ ਆਪਣੀ ਮਾਤ ਭੂਮੀ ਦੀ ਰੱਖਿਆ ਲਈ ਸਮਰੱਥ ਹਨ ਅਤੇ ਭਾਰਤ ਸ਼ਾਂਤੀ ਵਿਚ ਵਿਸ਼ਵਾਸ ਰੱਖਦਾ ਹੈ ਪਰ ਭਾਰਤ ਕਿਸੇ ਵੀ ਹਾਲਤ 'ਚ ਆਪਣੀ ਪ੍ਰਭੂਸੱਤਾ ਦੀ ਰੱਖਿਆ ਕਰੇਗਾ।

ਸਮਾਰੋਹ ਦੌਰਾਨ ਉਨ੍ਹਾਂ ਨੇ ਡੀ.ਆਰ.ਡੀ.ਓ. ਦੀ ਲੜਾਕੂ ਵਾਹਨ ਖੋਜ ਅਤੇ ਵਿਕਾਸ ਇਕਾਈ ਵਲੋਂ ਡਿਜ਼ਾਈਨ, ਵਿਕਸਿਤ ਅਤੇ ਤਿਆਰ ਕੀਤੇ ਅਤਿ ਆਧੁਨਿਕ ਟੈਂਕਾਂ ਦੀ ਸਲਾਮੀ ਵੀ ਸਵੀਕਾਰ ਕੀਤੀ। ਬਾਅਦ ਵਿਚ ਮੋਦੀ ਨੇ ਟੈਂਕ ਦਾ ਮਾਡਲ ਫੌਜ ਮੁਖੀ ਜਨਰਲ ਐਮ. ਐਮ. ਨਰਵਾਣੇ ਨੂੰ ਸੌਂਪਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਉਹ ਆਪਣੀਆਂ ਸਰਹੱਦਾਂ ਦੀ ਰਾਖੀ ਲਈ ਇਕ ਹੋਰ ਯੋਧਾ ਦੇਸ ਨੂੰ ਸੌਂਪ ਕੇ ਅੱਜ ਮਾਣ ਮਹਿਸੂਸ ਕਰਦੇ ਹਨ। ਇਹ ਦੇਸੀ ਗੋਲਾ ਬਾਰੂਦ ਦੀ ਵਰਤੋਂ ਕਰਦਾ ਹੈ। ਤਾਮਿਲਨਾਡੂ ਪਹਿਲਾਂ ਹੀ ਦੇਸ ਦਾ ਮੋਹਰੀ ਆਟੋ ਨਿਰਮਾਣ ਖੇਤਰ ਹੱਬ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਉਹ ਤਾਮਿਲਨਾਡੂ ਨੂੰ ਭਾਰਤ ਦੇ ਟੈਂਕ ਨਿਰਮਾਣ ਹੱਬ ਦੇ ਤੌਰ ਉਤੇ ਉਭਰਦਾ ਦੇਖਦੇ ਹਨ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਔਰਤਾਂ ਖਿਲਾਫ ਅਪਰਾਧ ਕਰਨ ਵਾਲੇ ਬਰੀ ਹੋ ਜਾਂਦੇ ਨੇ ਅਪਰਾਧੀ

**ਚੰਡੀਗੜ੍ਹ:** ਪੰਜਾਬ 'ਚ ਬੱਚਿਆਂ ਤੇ ਔਰਤਾਂ ਖਿਲਾਫ ਅਪਰਾਧ ਦੇ ਮਾਮਲੇ 'ਚ ਮੁਲਜ਼ਮ ਅਦਾਲਤਾਂ 'ਚੋਂ ਸਾਫ ਬਰੀ ਹੋ ਰਹੇ ਹਨ ਅਤੇ ਹੁਣ ਪੰਜਾਬ ਸਰਕਾਰ ਦੀ ਜਾਗ ਖੁੱਲ੍ਹੀ ਹੈ। ਜਨਵਰੀ 2016 ਤੋਂ ਦਸੰਬਰ 2020 ਤੱਕ ਪੰਜਾਬ ਵਿਚ ਬੱਚਿਆਂ ਤੇ ਔਰਤਾਂ ਖਿਲਾਫ ਅਪਰਾਧ ਕਰਨ ਵਾਲਿਆਂ 'ਤੇ 8329 ਪੁਲਿਸ ਕੇਸ ਦਰਜ ਹੋਏ ਹਨ ਜਿਨ੍ਹਾਂ 'ਚੋਂ 4856 ਕੇਸਾਂ ਦਾ ਅਦਾਲਤਾਂ 'ਚੋਂ ਨਿਪਟਾਰਾ ਹੋ ਚੁੱਕਾ ਹੈ ਤੇ 3364 ਕੇਸਾਂ 'ਚ ਮੁਲਜ਼ਮ ਬਰੀ ਹੋ ਚੁੱਕੇ ਹਨ ਜੋ 69.27 ਫੀਸਦ ਬਣਦੇ ਹਨ।

ਪੁਲਿਸ ਤਰਫੋਂ ਤਰਕ ਦਿੱਤਾ ਗਿਆ ਹੈ ਕਿ ਗਵਾਹਾਂ ਦੇ ਮੁੱਕਰਨ ਅਤੇ ਗਵਾਹਾਂ ਦੇ ਬਿਆਨਾਂ ਵਿਚ ਫਰਕ ਹੋਣ ਦਾ ਫਾਇਦਾ ਦੋਸ਼ੀ ਉਠਾ ਰਹੇ ਹਨ। ਵੇਰਵਿਆਂ ਅਨੁਸਾਰ ਬੱਚਿਆਂ ਤੇ ਔਰਤਾਂ ਖਿਲਾਫ ਅਪਰਾਧ ਦੇ ਦਰਜ ਕੇਸਾਂ 'ਚੋਂ ਪੰਜਾਬ 'ਚ ਸਾਲ 2016 'ਚ 592 ਤੇ ਸਾਲ 2017 ਵਿਚ 680 ਕੇਸਾਂ ਵਿਚ ਮੁਲਜ਼ਮ ਬਰੀ ਹੋਏ ਹਨ ਜਦੋਂ ਕਿ ਸਾਲ 2018 ਵਿਚ 785, ਸਾਲ 2019 ਵਿਚ 986 ਅਤੇ ਸਾਲ 2020 ਵਿਚ 321 ਕੇਸਾਂ ਵਿਚੋਂ ਮੁਲਜ਼ਮ ਬਰੀ ਹੋਏ ਹਨ। ਜ਼ਿਲ੍ਹਾ ਅੰਮ੍ਰਿਤਸਰ ਵਿਚ 200 ਕੇਸਾਂ ਅਤੇ ਬਰਨਾਲਾ ਵਿਚ 126 ਕੇਸਾਂ ਵਿਚੋਂ ਮੁਲਜ਼ਮ ਬਰੀ ਹੋਏ ਹਨ। ਬਠਿੰਡਾ ਜ਼ਿਲ੍ਹੇ ਵਿਚ 165, ਫਰੀਦਕੋਟ ਵਿਚ 200, ਪਟਿਆਲਾ 'ਚ 312 ਤੇ ਫਤਹਿਗੜ੍ਹ ਸਾਹਿਬ 'ਚ 140 ਕੇਸਾਂ ਵਿਚ ਮੁਲਜ਼ਮ ਸਾਫ ਬਚ ਨਿਕਲੇ ਹਨ। ਬਠਿੰਡਾ ਜ਼ਿਲ੍ਹੇ ਵਿਚ ਤਕਰੀਬਨ ਸਾਰੇ ਕੇਸਾਂ ਵਿਚ ਗਵਾਹਾਂ ਦੇ ਮੁੱਕਰਨ ਅਤੇ ਗਵਾਹਾਂ ਦੇ ਬਿਆਨਾਂ ਵਿਚ ਫਰਕ ਰਹਿਣ ਕਰਕੇ ਮੁਲਜ਼ਮਾਂ ਨੂੰ ਰਾਹਤ ਮਿਲੀ ਹੈ।

# ਥੋਕ ਕੀਮਤਾਂ 'ਤੇ ਆਧਾਰਿਤ ਮਹਿੰਗਾਈ ਦਰ ਵਧੀ

**ਨਵੀਂ ਦਿੱਲੀ:** ਥੋਕ ਕੀਮਤਾਂ 'ਤੇ ਆਧਾਰਿਤ ਮਹਿੰਗਾਈ ਦਰ (ਡਬਲਿਊ. ਪੀ. ਆਈ.) ਜਨਵਰੀ 'ਚ ਤੇਜ਼ੀ ਨਾਲ 2.03 ਫੀਸਦ 'ਤੇ ਪਹੁੰਚ ਗਈ ਹੈ। ਗੈਰ-ਖੁਰਾਕੀ ਵਸਤਾਂ ਦੇ ਮਹਿੰਗੇ ਹੋਣ ਕਾਰਨ ਇਹ ਵਾਧਾ ਦਰਜ ਹੋਇਆ ਹੈ। ਮਾਹਿਰਾਂ ਨੇ ਅਗਲੇ ਕੁਝ ਮਹੀਨਿਆਂ 'ਚ ਵੀ ਕੀਮਤਾਂ ਵਧਣ ਦੀ ਸੰਭਾਵਨਾ ਜਤਾਈ ਹੈ। ਡਬਲਿਊ.ਪੀ.ਆਈ. ਦਸੰਬਰ 'ਚ 1.22 ਫੀਸਦ ਸੀ ਜਦਕਿ ਪਿਛਲੇ ਸਾਲ ਜਨਵਰੀ 'ਚ ਇਹ 3.52 ਫੀਸਦ ਦਰਜ ਹੋਈ ਸੀ। ਵਣਜ ਅਤੇ ਸਨਅਤੀ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਗੈਰ-ਖੁਰਾਕੀ ਵਸਤਾਂ, ਈਂਧਣ, ਬਿਜਲੀ, ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ 'ਚ ਵਾਧੇ ਕਾਰਨ ਜਨਵਰੀ 'ਚ ਮਹਿੰਗਾਈ ਦਰ ਵਧੀ ਹੈ। ਉਂਜ ਖੁਰਾਕੀ ਵਸਤਾਂ ਦੀ ਮਹਿੰਗਾਈ ਦਰ 'ਚ ਨਰਮੀ ਦੇਖੀ ਗਈ ਹੈ।

ਜਨਵਰੀ 'ਚ ਖੁਰਾਕੀ ਮਹਿੰਗਾਈ ਦਰ ਸਿਫਰ ਤੋਂ 2.8 ਫੀਸਦ ਹੇਠਾਂ ਰਹੀ। ਇਹ ਇਕ ਮਹੀਨੇ ਪਹਿਲਾਂ ਦਸੰਬਰ 'ਚ ਸਿਫਰ ਤੋਂ 1.11 ਫੀਸਦ ਹੇਠਾਂ ਸੀ। ਇਸ ਦੌਰਾਨ ਸਬਜ਼ੀਆਂ ਦੀ ਥੋਕ ਮਹਿੰਗਾਈ ਦਰ ਸਿਫਰ ਤੋਂ 20.82 ਫੀਸਦ ਹੇਠਾਂ ਰਹੀ ਪਰ ਆਲੂ ਦੀ ਥੋਕ ਮਹਿੰਗਾਈ ਦਰ 22.04 ਫੀਸਦ ਰਹੀ। ਇਕਰਾ ਦੀ ਆਰਥਿਕ ਮਾਹਿਰ ਅਦਿੱਤੀ ਨਾਇਰ ਨੇ ਕਿਹਾ ਕਿ ਮਹਿੰਗਾਈ ਦਰ 'ਚ ਤੇਜ਼ੀ ਦੇ ਅਸਰ ਨੇ ਮੁਢਲੀਆਂ ਖੁਰਾਕੀ ਵਸਤਾਂ ਦੀਆਂ ਕੀਮਤਾਂ 'ਚ ਤੇਜ਼ ਗਿਰਾਵਟ ਨੇ ਸੰਤੁਲਿਤ ਕਰ ਦਿੱਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਪਰੈਲ ਤੋਂ ਜੂਨ ਦੀ ਤਿਮਾਹੀ ਦੌਰਾਨ ਮੁੱਖ ਮਹਿੰਗਾਈ ਦਰ ਸੱਤ ਤੋਂ ਸਾਢੇ ਸੱਤ ਫੀਸਦ ਤੱਕ ਪਹੁੰਚ ਸਕਦੀ ਹੈ।

# ਸ਼੍ਰੋਮਣੀ ਕਮੇਟੀ ਦੇ ਬਜਟ ਬਾਰੇ ਚਰਚਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸਾਲ 2021-2022 ਦੇ ਬਜਟ ਸਬੰਧੀ ਇਥੇ ਸ਼੍ਰੋਮਣੀ ਕਮੇਟੀ ਦਫਤਰ ਵਿਚ ਮੀਟਿੰਗ ਹੋਈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਵੱਲੋਂ ਬਣਾਈ ਬਜਟ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਆਉਂਦੇ ਗੁਰਦੁਆਰਿਆਂ ਦੇ ਮੈਨੇਜਰਾਂ ਨਾਲ ਵਿੱਤੀ ਮਾਮਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ।

ਐਡਵੋਕੇਟ ਹਰਜਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਆਉਣ ਵਾਲੇ ਬਜਟ ਇਜਲਾਸ ਸਬੰਧੀ ਗੁਰਦੁਆਰਿਆਂ ਦੇ ਖਰਚਿਆਂ ਅਤੇ ਆਮਦਨ ਬਾਰੇ ਵਿਚਾਰਿਆ ਗਿਆ ਹੈ। ਮੈਨੇਜਰਾਂ ਤੋਂ ਗੁਰਦੁਆਰਿਆਂ ਦੇ ਬਜਟ ਬਾਰੇ ਜਾਣਕਾਰੀ ਹਾਸਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਜਟ ਨੂੰ ਲੈ ਕੇ ਅਗਾਊਂ ਵਿਚਾਰ ਵਟਾਂਦਰੇ ਦਾ ਮੰਤਵ ਬਿਹਤਰ ਤਰਜੀਹਾਂ ਨਿਰਧਾਰਤ ਕਰਨਾ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨਾਲ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਦੇ ਆਗੂਆਂ ਨੇ ਮੁਲਾਕਾਤ ਕਰ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਬੁੰਗਾ ਰਾਮਗੜ੍ਹੀਆ ਦੇ ਹੋਣ ਵਾਲੇ ਕਾਰਜਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ। ਫੈਡਰੇਸ਼ਨ ਦੇ ਨੁਮਾਇੰਦਿਆਂ ਨੇ ਬੀਬੀ ਜਗੀਰ ਕੌਰ ਨੂੰ ਸਨਮਾਨਿਤ ਕੀਤਾ। ਬੀਬੀ ਜਗੀਰ ਕੌਰ ਨੇ ਫੈਡਰੇਸ਼ਨ ਦੇ ਨੁਮਾਇੰਦਿਆਂ ਨੂੰ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ ਲਈ ਸੱਦਾ ਦਿੱਤਾ।

# ਪੁਲਿਸ ਦੀ ਦੁਰਵਰਤੋਂ ਕਰ ਰਿਹੈ ਕੇਂਦਰ: ਕਿਸਾਨ ਮੋਰਚਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਪੁਲਿਸ 'ਤੇ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਉਂਦਿਆਂ ਪੁਲਿਸ ਵੱਲੋਂ ਆਪਣੀ ਤਾਕਤ ਦੀ ਦੁਰਵਰਤੋਂ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਸਾਨਾਂ ਨੂੰ ਸਰਕਾਰ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦਾ ਵੀ ਸੱਦਾ ਦਿੱਤਾ। ਮੋਰਚੇ ਨੇ ਵਾਤਾਵਰਨ ਕਾਰਕੁਨ ਦਿਸ਼ਾ ਰਵੀ ਖਿਲਾਫ ਦਿੱਲੀ ਪੁਲਿਸ ਦੀ ਕਾਰਵਾਈ ਦੀ ਨਿੰਦਾ ਕੀਤੀ ਤੇ ਉਸ ਨੂੰ ਤੁਰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਪ੍ਰਧਾਨ ਡਾ. ਦਰਸ਼ਨਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਦੀਆਂ ਤਿੰਨੇ ਹੱਦਾਂ ਸਮੇਤ ਦੇਸ਼ ਦੇ ਹੋਰ ਹਿੱਸਿਆਂ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਕਮਜ਼ੋਰ ਕਰਨ ਲਈ ਪੁਲਿਸ ਤਾਕਤ ਦੀ ਦੁਰਵਰਤੋਂ ਕੀਤੀ ਹੈ ਤੇ ਮੋਰਚਾ ਇਸ ਦੀ ਸਖਤ ਨਿੰਦਾ ਕਰਦਾ ਹੈ। ਕਿਸਾਨ ਆਗੂ ਨੇ ਕਿਹਾ ਕਿ ਭਾਰਤ ਦੇ ਨੌਜਵਾਨ ਵਾਤਾਵਰਨ ਕਾਰਕੁਨ ਤਿੰਨੋਂ ਖੇਤੀਬਾੜੀ ਕਾਨੂੰਨਾਂ ਦੇ ਮਾੜੇ ਅਸਰਾਂ ਨੂੰ ਸਮਝਦਿਆਂ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਹਨ ਪਰ ਕੇਂਦਰ ਸਰਕਾਰ ਕਿਸਾਨ ਅੰਦੋਲਨ ਦੇ ਹਰ ਹਮਾਇਤੀ ਨੂੰ ਦੇਸ਼ ਵਿਰੋਧੀ ਸਾਬਤ ਕਰਨ ਲਈ ਪੂਰੀ ਵਾਹ ਲਾ ਰਹੀ ਹੈ। ਅਜਿਹੇ ਹਮਾਇਤੀਆਂ ਖਿਲਾਫ ਕੇਸ ਦਰਜ ਕਰਕੇ ਉਨ੍ਹਾਂ ਨੂੰ ਦੇਸ਼ ਵਿਰੋਧੀ ਗਰਦਾਨਣ ਦੀ ਨਾਕਾਮ ਕੋਸ਼ਿਸ਼ ਜਾਰੀ ਹੈ।

# ਨਿਗਮ ਚੋਣਾਂ ਨੇ ਰਵਾਇਤੀ ਪਾਰਟੀਆਂ 'ਤੇ ਲਾਏ ਸਵਾਲੀਆ ਨਿਸ਼ਾਨ

*(ਸਫਾ ਇਕ ਦੀ ਬਾਕੀ)*

ਖਾਤਾ ਵੀ ਨਹੀਂ ਖੁੱਲ੍ਹਿਆ। ਨਗਰ ਕੌਂਸਲ ਗਿੱਦੜਬਾਹਾ ਦੇ 19 ਵਾਰਡਾਂ ਵਿਚੋਂ 18 ਵਾਰਡ 'ਚ ਕਾਂਗਰਸ ਪਾਰਟੀ ਤੇ 1 ਅਜ਼ਾਦ ਉਮੀਦਵਾਰ ਜੇਤੂ ਰਿਹਾ। ਕਾਂਗਰਸ ਪਾਰਟੀ ਦੇ 4 ਉਮੀਦਵਾਰ ਵਾਰਡ ਨੰਬਰ 3, 10, 11 ਤੇ 16 ਬਿਨਾਂ ਮੁਕਾਬਲਾ ਜੇਤੂ ਰਹੇ ਹਨ, ਜਦੋਂਕਿ 15 ਵਾਰਡਾਂ ਦੀ ਗਿਣਤੀ 'ਚੋਂ 14 ਵਾਰਡਾਂ ਵਿਚ ਕਾਂਗਰਸ ਪਾਰਟੀ ਤੇ 1 ਆਜ਼ਾਦ ਉਮੀਦਵਾਰ ਜੇਤੂ ਰਹੇ ਹਨ।

ਕਾਂਗਰਸ ਨੇ ਬੇਸ਼ੱਕ ਬਾਦਲ ਪਰਿਵਾਰ ਦੇ ਗੜ੍ਹ ਫਤਿਹ ਕਰ ਲਏ ਹਨ ਪਰ ਬਿਕਰਮ ਮਜੀਠੀਆ ਨੇ ਦਬਦਬਾ ਕਾਇਮ ਰੱਖਿਆ ਹੈ। ਮਜੀਠਾ ਨਗਰ ਕੌਂਸਲ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਬਾਜ਼ੀ ਮਾਰਦਿਆਂ 13 'ਚੋਂ 10 ਸੀਟਾਂ ਉਪਰ ਜਿੱਤ ਹਾਸਲ ਕਰ ਲਈ ਹੈ। ਦੂਜੇ ਪਾਸੇ ਕਾਂਗਰਸ ਕੋਲ ਸਿਰਫ ਦੋ ਸੀਟਾਂ ਆਈਆਂ ਹਨ। ਇਕ ਵਾਰਡ ਤੋਂ ਆਜ਼ਾਦ ਉਮੀਦਵਾਰ ਜਿੱਤਿਆ ਹੈ।

ਫਿਰੋਜ਼ਪੁਰ 'ਚ ਬੀ.ਜੇ.ਪੀ. ਦਾ ਪੂਰੀ ਤਰ੍ਹਾਂ ਸਫਾਇਆ ਹੋ ਗਿਆ। ਸ਼ਹਿਰ ਦੇ 33 ਵਾਰਡਾਂ 'ਚੋਂ ਬੀ.ਜੇ.ਪੀ. ਨੇ ਸਿਰਫ 12 ਉਮੀਦਵਾਰ ਖੜ੍ਹੇ ਕੀਤੇ ਸੀ ਪਰ ਕੋਈ ਵੀ ਜਿੱਤ ਨਹੀਂ ਸਕਿਆ। ਫਰੀਦਕੋਟ ਨਗਰ ਕੌਂਸਲ ਵਿਚ ਕੁੱਲ 25 ਸੀਟਾਂ ਵਿਚੋਂ ਕਾਂਗਰਸ ਨੇ 16, ਅਕਾਲੀ ਦਲ ਨੇ 7 ਤੇ ਆਪ ਨੇ ਇਕ ਸੀਟ ਜਿੱਤੀ ਹੈ। ਨਗਰ ਕੌਂਸਲ ਧੂਰੀ ਦੇ 11 ਵਾਰਡਾਂ 'ਤੇ ਕਾਂਗਰਸ, 8 ਉਤੇ ਆਜ਼ਾਦ ਤੇ ਦੋ 'ਤੇ 'ਆਪ' ਉਮੀਦਵਾਰ ਜੇਤੂ ਰਹੇ।

ਜ਼ਿਲ੍ਹੇ ਮਾਨਸਾ ਵਿਚ ਕਿਸਾਨ ਅੰਦੋਲਨ ਦਾ ਰੰਗ ਲੋਕਾਂ ਦੇ ਸਿਰ ਚੜ੍ਹ ਬੋਲਿਆ ਹੈ। ਕਸਬਾ ਜੋਗਾ ਦੀ ਨਗਰ ਪੰਚਾਇਤ ਦੇ 13 ਵਾਰਡਾਂ 'ਚੋਂ 12 ਉਤੇ ਸੀ.ਪੀ.ਆਈ. ਨਾਲ ਸਬੰਧਤ ਉਮੀਦਵਾਰ ਜੇਤੂ ਰਹੇ ਹਨ। ਸੁਖਬੀਰ ਬਾਦਲ ਦੇ ਹਲਕੇ ਵਿਚ ਜਲਾਲਾਬਾਦ ਨਗਰ ਕੌਂਸਲ ਚੋਣਾਂ ਵਿਚ ਕਾਂਗਰਸ ਨੇ ਬਾਜ਼ੀ ਮਾਰੀ ਹੈ। ਇਥੋਂ ਦੀਆਂ 17 ਸੀਟਾਂ ਵਿਚੋਂ 11 ਕਾਂਗਰਸ ਨੇ ਜਿੱਤੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ 5 ਤੇ ਆਮ ਆਦਮੀ ਪਾਰਟੀ ਸਿਰਫ ਇਕ ਸੀਟ ਜਿੱਤ ਚੁੱਕੀ ਹੈ।

ਦਸੂਹਾ ਨਗਰ ਕੌਂਸਲ ਚੋਣਾਂ ਵਿਚ 15 ਵਾਰਡਾਂ ਵਿਚੋਂ ਕਾਂਗਰਸ ਨੇ 11 ਸੀਟਾਂ ਉਤੇ ਜਿੱਤ ਹਾਸਲ ਕੀਤੀ ਤੇ ਆਮ ਆਦਮੀ ਪਾਰਟੀ 4 ਉਤੇ ਜੇਤੂ ਰਹੀ। ਗੁਰਦਾਸਪੁਰ ਨਗਰ ਕੌਂਸਲ ਚੋਣਾਂ 'ਚ ਕਾਂਗਰਸ ਨੇ ਹੂੰਝਾ ਫੇਰਿਆ। 29 ਦੇ 29 ਵਾਰਡ ਕਾਂਗਰਸ ਦੀ ਝੋਲੀ ਪਏ।

ਸੁਲਤਾਨਪੁਰ ਲੋਧੀ ਨਗਰ ਕੌਂਸਲ ਚੋਣਾਂ ਵਿਚ 13 ਵਾਰਡਾਂ 'ਚੋਂ 10 ਉਤੇ ਕਾਂਗਰਸ ਦਾ ਕਬਜ਼ਾ ਹੋ ਗਿਆ ਹੈ। ਅਕਾਲੀ ਦਲ ਦੇ ਹਿੱਸੇ 3 ਵਾਰਡ ਆਏ। ਆਮ ਆਦਮੀ ਪਾਰਟੀ ਖਾਤਾ ਵੀ ਨਹੀਂ ਖੋਲ੍ਹ ਸਕੀ। ਰਾਏਕੋਟ ਨਗਰ ਕੌਂਸਲ ਦੇ 15 ਵਾਰਡਾਂ ਵਿਚ ਕਾਂਗਰਸ ਨੂੰ ਹੂੰਝਾ ਫੇਰ ਜਿੱਤ ਮਿਲੀ ਹੈ। ਇਥੇ ਕਿਸੇ ਹੋਰ ਪਾਰਟੀ ਦਾ ਖਾਤਾ ਵੀ ਨਹੀਂ ਖੁੱਲ੍ਹਿਆ। ਨਗਰ ਪੰਚਾਇਤ ਖਮਾਣੋਂ ਵਿਚ 13 ਵਾਰਡਾਂ 'ਚੋਂ 6 ਉਤੇ ਕਾਂਗਰਸ, 5 ਆਜ਼ਾਦ, 1 ਅਕਾਲੀ ਦਲ ਬਾਦਲ ਤੇ 1 ਵਾਰਡ ਉਤੇ ਬਸਪਾ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ। ਅਬੋਹਰ ਨਗਰ ਨਿਗਮ ਚੋਣਾਂ 'ਚ ਕਾਂਗਰਸ ਪਾਰਟੀ ਦੇ 50 'ਚੋਂ 49 ਉਮੀਦਵਾਰ ਜਿੱਤੇ, ਇਕ ਸੀਟ ਸ਼੍ਰੋਮਣੀ ਅਕਾਲੀ ਦਲ ਦੇ ਖਾਤੇ 'ਚ ਪਈ ਹੈ। ਅੰਮ੍ਰਿਤਸਰ ਜ਼ਿਲ੍ਹੇ 'ਚੋਂ ਕੁੱਲ 68 ਵਾਰਡਾਂ 'ਚੋਂ ਕਾਂਗਰਸ ਦੇ 40, ਅਕਾਲੀ ਦਲ ਦੇ 25 ਤੇ ਆਜ਼ਾਦ 3 ਉਮੀਦਵਾਰ ਜਿੱਤੇ।

ਇਹ ਚੋਣ ਨਤੀਜੇ ਸਪਸ਼ਟ ਸੰਕੇਤ ਦੇ ਗਏ ਹਨ ਕਿ ਪੂਰੇ ਮੁਲਕ ਵਿਚ ਸੱਤਾ ਦੇ ਸੁਪਨੇ ਲਈ ਬੈਠੀ ਭਾਜਪਾ ਲਈ ਫਿਲਹਾਲ ਪੰਜਾਬ ਦੇ ਸਿਆਸੀ ਭਵਿੱਖ ਵਿਚ ਕੋਈ ਥਾਂ ਨਹੀਂ। ਲੋਕਾਂ ਦੇ ਆਜ਼ਾਦ ਉਮੀਦਵਾਰਾਂ ਉਤੇ ਦਿਖਾਏ ਭਰੋਸੇ ਨੇ ਸੰਕੇਤ ਦਿੱਤੇ ਹਨ ਕਿ ਪੰਜਾਬੀ ਹੁਣ ਸੂਬੇ ਦੀ ਸਥਾਪਤ ਸਿਆਸਤ ਤੋਂ ਮੂੰਹ ਫੇਰ ਰਹੇ ਹਨ ਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਸੇ ਨਵੀਂ ਧਿਰ ਦੀ ਉਡੀਕ ਵਿਚ ਹਨ।

# ਦੀਪ ਸਿੱਧੂ ਦਾ ਪੁਲਿਸ ਰਿਮਾਂਡ 7 ਦਿਨ ਹੋਰ ਵਧਾਇਆ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਗਣਤੰਤਰ ਦਿਵਸ ਹਿੰਸਾ ਮਾਮਲੇ ਵਿਚ ਪੰਜਾਬੀ ਅਦਾਕਾਰ ਦੀਪ ਸਿੱਧੂ ਦੀ ਪੁਲਿਸ ਹਿਰਾਸਤ ਵਿਚ ਸੱਤ ਦਿਨਾਂ ਦਾ ਵਾਧਾ ਕੀਤਾ ਹੈ। ਸਿੱਧੂ ਨੂੰ 9 ਫਰਵਰੀ ਨੂੰ ਹਰਿਆਣਾ ਦੇ ਕਰਨਾਲ ਬਾਈਪਾਸ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਲਾਲ ਕਿਲ੍ਹੇ 'ਤੇ ਹਿੰਸਾ ਦਾ ਮੁੱਖ ਮੁਲਜ਼ਮ ਮੰਨਿਆ ਜਾ ਰਿਹਾ ਹੈ।

# ਕਿਸਾਨ ਜਥੇਬੰਦੀਆਂ ਨੇ ਨਵੀਂ ਰਣਨੀਤੀ ਬਣਾਈ

*(ਸਫਾ ਇਕ ਦੀ ਬਾਕੀ)*

ਪਿਆਰ ਵਾਲੀ ਭਾਸ਼ਾ ਸਮਝਣ ਲਈ ਤਿਆਰੀ ਨਹੀਂ ਹੈ; ਇਸ ਲਈ ਸੰਘਰਸ਼ ਨੂੰ ਦਿੱਲੀ ਦੀਆਂ ਬਰੂਹਾਂ ਤੱਕ ਹੀ ਸੀਮਤ ਰੱਖਣ ਦੀ ਕੋਈ ਤੁਕ ਨਹੀਂ ਰਹਿ ਜਾਂਦੀ।

26 ਜਨਵਰੀ ਪਿੱਛੋਂ ਸੰਘਰਸ਼ ਵਿਚ ਨਵੀਂ ਰੂਹ ਫੂਕਣ ਵਾਲੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਸਾਫ ਆਖ ਦਿੱਤਾ ਹੈ ਕਿ ਹੁਣ ਉਹ ਮਹਾਰਾਸ਼ਟਰ ਅਤੇ ਕਰਨਾਟਕ ਦੇ ਨਾਲ-ਨਾਲ ਦੇਸ਼ ਦੇ ਸਾਰੇ ਰਾਜਾਂ ਵਿਚ ਜਾ ਕੇ ਉਥੇ ਮਹਾਪੰਚਾਇਤਾਂ ਕਰਨਗੇ। ਯੂ.ਪੀ. ਵਿਚ ਗੰਨਾ ਕਾਸ਼ਤਕਾਰਾਂ ਅਤੇ ਮਹਾਰਾਸ਼ਟਰ ਵਿਚ ਨਰਮਾ ਕਾਸ਼ਤਕਾਰਾਂ ਦੀ ਲਹਿਰ ਹੈ; ਖਾਸ ਕਰ ਕੇ ਚੋਣਾਂ ਵਾਲੇ ਸੂਬਿਆਂ ਉਤੇ ਭਾਜਪਾ ਦੀ ਘੇਰਾਬੰਦੀ ਜਥੇਬੰਦੀਆਂ ਦੀ ਰਣਨੀਤੀ ਦਾ ਅਹਿਮ ਹਿੱਸਾ ਬਣਦਾ ਜਾਪ ਰਿਹਾ ਹੈ।

ਚੇਤੇ ਰਹੇ ਕਿ ਪਿਛਲੇ ਕੁਝ ਦਿਨਾਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਿਸਾਨ ਸੰਘਰਸ਼ ਦੇ ਹੱਕ ਵਿਚ ਬੋਲਣ ਵਾਲਿਆਂ ਉਤੇ ਸਖਤੀ ਕੀਤੀ ਹੋਈ ਹੈ। ਸੰਘਰਸ਼ ਦੀ ਹਮਾਇਤ ਕਰਨ ਵਾਲੀਆਂ ਕੌਮਾਂਤਰੀ ਹਸਤੀਆਂ ਉਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਅਸਲ ਵਿਚ, ਪੰਜਾਬ ਤੋਂ ਉਠੇ ਕਿਸਾਨ ਅੰਦੋਲਨ ਦੀ ਆਵਾਜ਼ ਹੁਣ ਦੁਨੀਆ ਦੇ ਕੋਨੇ-ਕੋਨੇ ਤੱਕ ਗੂੰਜਣ ਲੱਗ ਪਈ ਹੈ। ਦੁਨੀਆ ਦੀਆਂ ਵੱਡੀਆਂ ਹਸਤੀਆਂ ਨੇ ਅੰਦੋਲਨ ਦੀ ਹਮਾਇਤ ਕਰਦਿਆਂ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ ਤੇ ਭਾਜਪਾ ਸਰਕਾਰ ਇਸ ਨੂੰ ਆਪਣੇ ਸਿਆਸੀ ਭਵਿੱਖ ਲਈ ਵੀ ਚੁਣੌਤੀ ਮੰਨਣ ਲੱਗੀ ਹੈ। ਹਾਲਾਤ ਇਹ ਹੈ ਕਿ ਇਕ ਪਾਸੇ ਪ੍ਰਧਾਨ ਮੰਤਰੀ ਮੋਦੀ ਕਿਸਾਨਾਂ ਤੋਂ ਇਕ ਫੋਨ ਕਾਲ ਦੀ ਦੂਰੀ ਉਤੇ ਹੋਣ ਦੇ ਦਾਅਵੇ ਕਰ ਰਹੇ ਹਨ ਤੇ ਦੂਜੇ ਪਾਸੇ ਸਰਕਾਰ ਸੰਘਰਸ਼ ਨੂੰ ਆਪਣੇ ਢੰਗ ਨਾਲ ਖਤਮ ਕਰਾਉਣ ਲਈ ਹਰ ਹਰਬਾ ਵਰਤ ਰਹੀ ਹੈ।

ਇਸ ਸਮੇਂ ਅਜੀਬ ਸਥਿਤੀ ਇਹ ਹੈ ਕਿ ਦਿੱਲੀ ਦੀ ਸਰਹੱਦ ਉਤੇ ਨੈਸ਼ਨਲ ਹਾਈਵੇ ਨੂੰ ਪੁੱਟ ਕੇ ਇਸ ਤੇ ਕੰਕਰੀਟ ਦੀਆਂ ਚੌੜੀਆਂ ਮਜ਼ਬੂਤ ਦੀਵਾਰਾਂ ਬਣਾਈਆਂ ਗਈਆਂ ਹਨ। ਇਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਕਰੇਨਾਂ ਨਾਲ ਡੂੰਘੀਆਂ ਖਾਈਆਂ ਪੁੱਟੀਆਂ ਗਈਆਂ ਹਨ।

# ਸਰਕਾਰੀ ਬੈਂਕਾਂ ਦੇ ਨਿੱਜੀਕਰਨ ਲਈ ਸਰਕਾਰ ਸੋਧ ਕਰੇਗੀ

**ਨਵੀਂ ਦਿੱਲੀ:** ਸਰਕਾਰ ਜਨਤਕ ਖੇਤਰ ਦੇ ਬੈਂਕਾਂ ਦੇ ਨਿੱਜੀਕਰਨ ਲਈ ਰਾਹ ਪੱਧਰਾ ਕਰਨ ਲਈ ਇਸ ਸਾਲ ਦੋ ਕਾਨੂੰਨਾਂ 'ਚ ਸੋਧਾਂ ਕਰ ਸਕਦੀ ਹੈ, ਜੋ ਮੌਨਸੂਨ ਸੈਸ਼ਨ ਜਾਂ ਪਿਛੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਸਰਕਾਰ ਬੈਂਕਿੰਗ ਕੰਪਨੀਜ਼ (ਐਕੁਈਜੀਸ਼ਨ ਐਂਡ ਟਰਾਂਸਫਰ ਆਫ ਅੰਡਰਟੇਕਿੰਗਜ਼) ਐਕਟ 1970 ਤੇ ਬੈਂਕਿੰਗ ਕੰਪਨੀਜ਼ (ਐਕੁਈਜੀਸ਼ਨ ਐਂਡ ਟਰਾਂਸਫਰ ਆਫ ਅੰਡਰਟੇਕਿੰਗਜ਼) ਕਾਨੂੰਨ 1980 'ਚ ਸੋਧ ਕਰੇਗੀ। ਇਨ੍ਹਾਂ ਕਾਨੂੰਨਾਂ ਤਹਿਤ ਬੈਂਕਾਂ ਦਾ ਨਿੱਜੀਕਰਨ ਹੋਇਆ ਸੀ ਤੇ ਇਨ੍ਹਾਂ 'ਚ ਸੋਧ ਕਰਕੇ ਸਰਕਾਰੀ ਬੈਂਕਾਂ ਦੇ ਨਿੱਜੀਕਰਨ ਦਾ ਰਾਹ ਖੋਲ੍ਹਿਆ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿਲੋਂ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕਾਰਪੋਰੇਟ ਘਰਾਣਿਆਂ, ਪੈਟਰੋਲ ਪੰਪਾਂ ਅਤੇ ਭਾਜਪਾ ਆਗੂਆਂ ਦੀ ਘੇਰਾਬੰਦੀ ਜਾਰੀ

## *ਪੰਜਾਬ ਤੇ ਹਰਿਆਣਾ ਵਿਚ 200 ਤੋਂ ਵੱਧ ਥਾਵਾਂ 'ਤੇ ਰੋਸ ਪ੍ਰਦਰਸ਼ਨ*

**ਚੰਡੀਗੜ੍ਹ:** ਕੇਂਦਰੀ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਪੰਜਾਬ ਅਤੇ ਹਰਿਆਣਾ ਵਿਚ 200 ਤੋਂ ਵੱਧ ਥਾਵਾਂ 'ਤੇ ਰੋਸ ਪ੍ਰਦਰਸ਼ਨ ਜਾਰੀ ਹਨ। ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਕਾਰਪੋਰੇਟ ਘਰਾਣਿਆਂ, ਪੈਟਰੋਲ ਪੰਪਾਂ ਅਤੇ ਭਾਜਪਾ ਆਗੂਆਂ ਦੇ ਘਰਾਂ, ਦਫਤਰਾਂ ਦੇ ਬਾਹਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਲੋਕਾਂ ਵਿਚ ਦਿਨੋ-ਦਿਨ ਰੋਸ ਵਧਦਾ ਜਾ ਰਿਹਾ ਹੈ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਨੇ ਤਿੰਨੇ ਖੇਤੀ ਕਾਨੂੰਨ ਤੇ ਬਿਜਲੀ ਬਿੱਲ-2020 ਰੱਦ ਕਰਨ ਅਤੇ ਐਮ.ਐਸ.ਪੀ. 'ਤੇ ਸਾਰੀਆਂ ਫਸਲਾਂ ਦੀ ਖਰੀਦ ਯਕੀਨੀ ਬਣਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕਿਸਾਨ ਪਿਛਲੇ ਲੰਮੇ ਸਮੇਂ ਤੋਂ ਸ਼ਾਂਤਮਈ ਢੰਗ ਨਾਲ ਸੰਘਰਸ਼ ਕਰ ਰਹੇ ਹਨ ਪਰ ਕੇਂਦਰ ਸਰਕਾਰ ਉਨ੍ਹਾਂ ਦੀ ਗੱਲ ਸੁਣਨ ਦੀ ਜਗ੍ਹਾ ਸੰਘਰਸ਼ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਸੇ ਤਹਿਤ 26 ਜਨਵਰੀ ਨੂੰ ਫਿਰਕੂ ਸਾਜ਼ਿਸ਼ ਰਚੀ ਗਈ, ਜਿਸ ਦੌਰਾਨ ਨਵਰੀਤ ਸਿੰਘ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਸੰਘਰਸ਼ ਦੌਰਾਨ 200 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਨਵਰੀਤ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਤੇ ਹੋਰਨਾਂ ਸ਼ਹੀਦ ਕਿਸਾਨਾਂ ਦੇ ਪਰਿਵਾਰ ਨੂੰ 20-20 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇ। ਇਸ ਤੋਂ ਇਲਾਵਾ ਸੰਘਰਸ਼ ਦੌਰਾਨ ਕਿਸਾਨਾਂ,



ਪੱਤਰਕਾਰਾਂ ਤੇ ਬੁੱਧੀਜੀਵੀਆਂ ਖਿਲਾਫ ਦਰਜ ਕੀਤੇ ਕੇਸ ਰੱਦ ਕੀਤੇ ਜਾਣ।

ਭਾਰਤੀ ਕਿਸਾਨ ਯੂਨੀਅਨ ਹਰਿਆਣਾ ਦੇ ਆਗੂ ਰਤਨ ਮਾਨ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖਿਲਾਫ਼ ਹਰਿਆਣਾ ਵਿਚ ਹੋ ਰਹੀਆਂ ਮਹਾਪੰਚਾਇਤਾਂ ਤੋਂ ਕੇਂਦਰ ਸਰਕਾਰ ਨੂੰ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਦੇਸ਼ ਦਾ ਕਿਸਾਨ ਪਿੱਛੇ ਹਟਣ ਵਾਲਾ ਨਹੀਂ। ਕੇਂਦਰ ਸਰਕਾਰ ਨੂੰ ਸੱਤਾ ਦੇ ਲਾਲਚ ਵਿਚ ਕਿਸਾਨਾਂ ਦਾ ਵਿਰੋਧ ਦਿਖਾਈ ਨਹੀਂ ਦੇ ਰਿਹਾ। ਕੇਂਦਰ ਸਰਕਾਰ ਕਿਸਾਨ ਸੰਘਰਸ਼ ਨੂੰ ਕਮਜ਼ੋਰ ਕਰਨ ਦੇ ਨਵੇਂ ਤਰੀਕੇ ਲੱਭ ਰਹੀ ਹੈ, ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਦੇਸ਼ ਦੇ ਕਿਸਾਨ ਦੀ ਮੰਗ ਹੈ ਕਿ ਤਿੰਨੋਂ ਖੇਤੀ ਕਾਨੂੰਨ ਰੱਦ ਕੀਤੇ ਜਾਣ ਅਤੇ ਐਮ.ਐਸ.ਪੀ. 'ਤੇ ਫਸਲਾਂ ਦੀ ਖਰੀਦ ਵਾਲਾ ਕਾਨੂੰਨ ਲਿਆਂਦਾ ਜਾਵੇ। ਇਸ ਤੋਂ ਬਿਨਾਂ ਕਿਸਾਨ ਵਾਪਸ ਨਹੀਂ ਜਾਣਗੇ।

ਪੰਜਾਬ ਵਿਚ ਕਿਸਾਨ ਜਥੇਬੰਦੀਆਂ ਦੇ ਧਰਨਿਆਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੋਲਬਾਣੀ ਅਤੇ ਅੰਦੋਲਨ ਪ੍ਰਤੀ ਅਖਤਿਆਰ ਕੀਤੀ ਨੀਤੀ ਨੂੰ ਲੈ ਕੇ ਕਿਸਾਨ ਬੁਲਾਰਿਆਂ ਵੱਲੋਂ ਨਿਖੇਧੀ ਜਾਰੀ ਹੈ। ਕਿਸਾਨ ਬੁਲਾਰਿਆਂ ਨੇ ਪ੍ਰਧਾਨ ਮੰਤਰੀ ਵੱਲੋਂ ਕਾਰਪੋਰੇਟਾਂ ਦਾ ਮੰਤਰ ਜਪਣ ਦੇ ਵਿਰੋਧ 'ਚ ਭਾਜਪਾ ਤੇ ਕਾਰਪੋਰੇਟਾਂ ਖਿਲਾਫ 'ਹੱਲਾ ਬੋਲ ਸੰਘਰਸ਼' ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਵੱਲੋਂ ਪਿਛਲੇ ਦੋ ਦਿਨਾਂ ਤੋਂ ਸੰਸਦ ਦੇ ਦੋਹਾਂ ਸਦਨਾਂ ਵਿਚ ਖੇਤੀ ਕਾਨੂੰਨਾਂ ਦੀ ਤਰਫ਼ਦਾਰੀ ਕਰਨ ਨੂੰ ਅੰਬਾਨੀ-ਅਡਾਨੀ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਰਵੱਈਆ ਕਰਾਰ ਦਿੱਤਾ ਹੈ। ਕਿਸਾਨਾਂ ਆਗੂਆਂ ਨੇ ਕਿਹਾ, 'ਪ੍ਰਧਾਨ ਮੰਤਰੀ ਸਪੱਸ਼ਟ ਕਰਨ ਕਿ ਉਹ (ਮੋਦੀ) ਦੇਸ਼ ਦੇ ਚੌਕੀਦਾਰ ਹਨ ਜਾਂ ਕਾਰਪੋਰੇਟਾਂ ਦੇ।' ਸੂਬੇ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸਵਾ ਸੌ ਤੋਂ ਵੱਧ ਥਾਵਾਂ 'ਤੇ ਕਿਸਾਨਾਂ ਵੱਲੋਂ ਪਿਛਲੇ ਚਾਰ ਮਹੀਨਿਆਂ ਦੇ ਵੀ ਵੱਧ ਸਮੇਂ ਤੋਂ ਅਣਮਿਥੇ ਸਮੇਂ ਦੇ ਧਰਨੇ ਦਿਨ ਰਾਤ ਜਾਰੀ ਹਨ। ਇਨ੍ਹਾਂ ਵਿਚ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ ਦੇ ਘਰਾਂ ਮੂਹਰੇ, ਟੌਲ ਪਲਾਜ਼ਿਆਂ ਉਪਰ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਮੂਹਰੇ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਅੰਦਰ, ਨਿੱਜੀ ਖੇਤਰ ਦੇ ਥਰਮਲ ਪਲਾਂਟ ਅਤੇ ਮੋਗਾ ਦੇ ਸਾਈਲੋ ਦੇ ਬਾਹਰ ਚੱਲ ਰਹੇ ਧਰਨਿਆਂ ਤੋਂ ਪ੍ਰਧਾਨ ਮੰਤਰੀ ਅਤੇ ਹੁਕਮਰਾਨ ਪਾਰਟੀ ਦੇ ਆਗੂਆਂ ਦੀ ਕਥਿਤ ਹੈਂਕੜ ਭੰਨਣ ਲਈ ਜ਼ੋਰਦਾਰ ਹੰਭਲਾ ਮਾਰਨ ਦਾ ਸੱਦਾ ਦਿੱਤਾ ਹੈ।

### *ਕਿਸਾਨਾਂ ਦੀ ਰਿਹਾਈ ਲਈ ਕਮੇਟੀ ਬਣਾਈ*

**ਨਵੀਂ ਦਿੱਲੀ:** ਸਿੰਘੂ ਬਾਰਡਰ 'ਤੇ 32 ਕਿਸਾਨ ਜਥੇਬੰਦੀਆਂ ਦੀ ਅਹਿਮ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਰੁਲਦੂ ਸਿੰਘ ਮਾਨਸਾ ਨੇ ਕੀਤੀ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਦਿੱਲੀ ਪੁਲਿਸ ਦੀ ਹਿਰਾਸਤ ਵਿੱਚ ਬੰਦ ਕਿਸਾਨਾਂ ਨੂੰ ਰਿਹਾਅ ਕਰਵਾ ਕੇ ਉਨ੍ਹਾਂ ਨੂੰ ਘਰ ਭੇਜਿਆ ਜਾਵੇਗਾ। ਕਿਸਾਨ ਜਥੇਬੰਦੀਆਂ ਵਲੋਂ ਦਿੱਲੀ 'ਚ ਗ੍ਰਿਫਤਾਰ ਹੋਏ ਨੌਜਵਾਨਾਂ ਨੂੰ ਰਿਹਾਅ ਕਰਾਉਣ ਲਈ ਕਾਨੂੰਨੀ ਕਮੇਟੀ ਬਣਾਈ ਗਈ ਹੈ ਜਿਸ ਨੇ ਛੇ ਨੌਜਵਾਨਾਂ ਨੂੰ ਰਿਹਾਅ ਕਰਵਾ ਕੇ ਉਨ੍ਹਾਂ ਨੂੰ ਘਰੋਂ-ਘਰੀਂ ਭੇਜ ਦਿੱਤਾ ਹੈ। ਬਾਕੀ ਨੌਜਵਾਨਾਂ ਦੀ ਰਿਹਾਈ ਦੇ ਯਤਨ ਇਸ ਕਮੇਟੀ ਵਲੋਂ ਜਾਰੀ ਹਨ। ਤਿੰਨੋਂ ਕਾਨੂੰਨਾਂ ਬਾਰੇ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ, "ਕੇਂਦਰ ਸਰਕਾਰ ਇਹ ਕਾਨੂੰਨ ਰੱਦ ਕਰੇ ਅਤੇ ਐਮ.ਐਸ.ਪੀ. ਨੂੰ ਕਾਨੂੰਨੀ ਮਾਨਤਾ ਦੇਵੇ ਤਾਂ ਹੀ ਅਸੀਂ ਗੱਲਬਾਤ ਕਰਨ ਲਈ ਤਿਆਰ ਹੋਵਾਂਗੇ।"

# ਕੇਂਦਰ ਤੇ ਹਰਿਆਣਾ ਸਰਕਾਰ ਸੱਤਾ ਤੋਂ ਲਾਂਭੇ ਹੋਣ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਹਰਿਆਣਾ ਸਰਕਾਰ ਸੱਤਾ ਵਿਚ ਰਹਿਣ ਦਾ ਨੈਤਿਕ ਹੱਕ ਗੁਆ ਬੈਠੀਆਂ ਹਨ ਜਿਸ ਕਰ ਕੇ



ਇਨ੍ਹਾਂ ਨੂੰ ਦੇਸ ਅਤੇ ਹਰਿਆਣਾ ਦੇ ਹਿੱਤ ਵਿਚ ਸੱਤਾ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕੇਂਦਰ ਅਤੇ ਹਰਿਆਣਾ ਦੇ ਖੇਤੀ ਮੰਤਰੀ ਤੋਂ ਇਲਾਵਾ ਹੋਰ ਭਾਜਪਾ ਆਗੂਆਂ ਵੱਲੋਂ ਸੰਘਰਸ਼ੀ ਕਿਸਾਨਾਂ ਦੀਆਂ ਮੌਤਾਂ ਬਾਰੇ ਬਿਆਨਬਾਜ਼ੀ ਕੀਤੇ ਜਾਣ 'ਤੇ ਦੁੱਖ ਜ਼ਾਹਿਰ ਕੀਤਾ।

ਉਨ੍ਹਾਂ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਅਤੇ ਹਰਿਆਣਾ ਦੇ ਖੇਤੀ ਮੰਤਰੀ ਜੇ.ਪੀ. ਦਲਾਲ ਵੱਲੋਂ ਕਾਲੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਦੌਰਾਨ ਫੌਤ ਹੋਏ ਕਿਸਾਨਾਂ ਬਾਰੇ ਬਿਆਨਬਾਜ਼ੀ ਕੀਤੇ ਜਾਣ ਦੀ ਨਿਖੇਧੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਇਕੱਲਾ ਪੰਜਾਬ ਹੀ ਇਸ ਅੰਦੋਲਨ ਵਿਚ ਜਾਨ ਗੁਆ ਚੁੱਕੇ 102 ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਦਾ ਕਰ ਚੁੱਕਾ ਹੈ। ਇਥੋਂ ਤੱਕ ਕਿ ਮੀਡੀਆ ਵੀ ਵੱਖ-ਵੱਖ ਸੂਬਿਆਂ ਨਾਲ ਸਬੰਧਤ 200 ਕਿਸਾਨਾਂ ਦੀ ਮੌਤ ਬਾਰੇ ਜਾਣਕਾਰੀ ਦੇ ਚੁੱਕਾ ਹੈ। ਉਨ੍ਹਾਂ ਹਰਿਆਣਾ ਦੇ ਖੇਤੀਬਾੜੀ ਮੰਤਰੀ ਦਲਾਲ ਨੂੰ ਵੀ ਕਿਸਾਨਾਂ ਬਾਰੇ ਵਿਵਾਦਤ ਬਿਆਨ ਦੇਣ ਲਈ ਲੰਬੇ ਹੱਥੀਂ ਲਿਆ। ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਨਵੇਂ ਖੇਤੀ ਕਾਨੂੰਨਾਂ ਦੀ ਪ੍ਰਚਾਰ ਮੁਹਿੰਮ 'ਤੇ ਅੱਠ ਕਰੋੜ ਰੁਪਏ ਖਰਚ ਕਰ ਸਕਦੀ ਹੈ, ਉਹ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਨਹੀਂ ਦੇ ਸਕਦੀ? ਮੁੱਖ ਮੰਤਰੀ ਨੇ ਕਿਹਾ "ਇਹ ਕਿਹੋ ਜਿਹੀ ਸਰਕਾਰ ਹੈ ਜਿਸ ਨੂੰ ਆਪਣੇ ਦੇਸ ਵਿੱਚ ਮਰ ਰਹੇ ਲੋਕਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ।"

# ਕਿਸਾਨਾਂ ਵੱਲੋਂ ਪੁਲਵਾਮਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ

**ਨਵੀਂ ਦਿੱਲੀ:** ਦੋ ਸਾਲ ਪਹਿਲਾਂ 14 ਫਰਵਰੀ ਨੂੰ ਪੁਲਵਾਮਾ (ਜੰਮੂ-ਕਸ਼ਮੀਰ) ਵਿਚ ਦਹਿਸ਼ਤਗਰਦਾਂ ਵੱਲੋਂ ਕੀਤੇ ਹਮਲੇ 'ਚ ਸ਼ਹੀਦ ਹੋਏ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਸੰਯੁਕਤ ਕਿਸਾਨ ਮੋਰਚੇ ਨੇ ਸਿੰਘੂ, ਟਿਕਰੀ ਤੇ ਗਾਜ਼ੀਪੁਰ ਮੋਰਚਿਆਂ 'ਤੇ ਮੋਮਬੱਤੀਆਂ ਜਗਾ ਕੇ ਸਰਧਾਂਜਲੀ ਦਿੱਤੀ ਅਤੇ ਉਨ੍ਹਾਂ ਦੀ ਸ਼ਹੀਦੀ ਨੂੰ ਸਿਜਦਾ ਕੀਤਾ। ਕਿਸਾਨਾਂ ਨੇ 'ਜੈ ਜਵਾਨ-ਜੈ ਕਿਸਾਨ' ਦੇ ਨਾਅਰੇ ਵੀ ਲਗਾਏ।



ਕਿਸਾਨ ਆਗੂਆਂ ਨੇ ਸਟੇਜ 'ਤੇ ਖੜ੍ਹ ਕੇ ਮੋਮਬੱਤੀਆਂ ਜਗਾਈਆਂ ਤੇ ਸ਼ਹੀਦਾਂ ਨੂੰ ਪ੍ਰਣਾਮ ਕੀਤਾ। ਉਨ੍ਹਾਂ ਆਪਣੀਆਂ ਤਕਰੀਰਾਂ ਵਿਚ ਮੋਦੀ ਸਰਕਾਰ ਨੂੰ ਰਗੜੇ ਲਾਏ ਤੇ ਪੁਲਵਾਮਾ ਦੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰਦਿਆਂ ਕਿਸਾਨੀ ਸੰਘਰਸ਼ ਦੇ ਮੌਜੂਦਾ ਪੜਾਅ 'ਤੇ ਚਾਨਣਾ ਪਾਇਆ। ਕਿਸਾਨ ਆਗੂਆਂ ਨੇ ਕਾਰਪੋਰੇਟਾਂ ਵੱਲੋਂ ਕਿਰਤੀਆਂ ਦੀ ਲੁੱਟ, ਕਿਸਾਨੀ ਦੇ ਭਵਿੱਖ 'ਤੇ ਹਮਲੇ ਕਰਨ ਤੇ ਕਿਸਾਨ ਅੰਦੋਲਨ ਖ਼ਿਲਾਫ਼ ਸੱਤਾਧਾਰੀ ਧਿਰ ਵੱਲੋਂ ਅਪਣਾਏ ਜਾ ਰਹੇ ਹੱਥਕੰਡਿਆਂ ਖ਼ਿਲਾਫ਼ ਵੀ ਜਾਗਰੂਕ ਕੀਤਾ।

ਕਿਸਾਨ ਆਗੂ ਮਨਜੀਤ ਸਿੰਘ ਧਨੇਰ ਨੇ ਇਸ ਘੋਲ ਦੇ ਲੰਬਾ ਚੱਲਣ ਨੂੰ ਮੋਦੀ ਸਰਕਾਰ ਲਈ ਖਤਰੇ ਦੀ ਘੰਟੀ ਕਰਾਰ ਦਿੱਤਾ। ਉਨ੍ਹਾਂ ਹਰਿਆਣਾ ਦੀਆਂ ਖਾਪਾਂ ਵੱਲੋਂ ਕੀਤੀ ਜਾ ਰਹੀ ਸ਼ਮੂਲੀਅਤ ਦੀ ਸ਼ਲਾਘਾ ਕੀਤੀ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਅੰਦੋਲਨ ਕਰਨ ਵਾਲੇ ਲੋਕਾਂ ਨੂੰ ਮੰਨ ਕੇ ਚੱਲਣਾ ਪਵੇਗਾ ਕਿ ਜੇਲ੍ਹਾਂ ਉਨ੍ਹਾਂ ਦੇ ਘਰ ਹਨ ਤੇ ਪੁਲਿਸ ਦੀਆਂ ਸੱਟਾਂ ਸ਼ਿੰਗਾਰ ਹਨ। ਉਨ੍ਹਾਂ ਕਿਸਾਨਾਂ ਨੂੰ ਕਾਹਲੀ ਨਾ ਕਰਨ ਦਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਅਜੀਤ ਸਿੰਘ ਨੇ 'ਪੱਗੜੀ ਸੰਭਾਲ ਜੱਟਾ' ਮੁਹਿੰਮ 9 ਮਹੀਨੇ ਚਲਾਈ ਸੀ ਤੇ ਚਾਬੀਆਂ ਦਾ ਮੋਰਚਾ ਦੋ ਸਾਲ ਲੰਬਾ ਚੱਲਿਆ ਸੀ।

ਹਰਿਆਣਾ ਤੋਂ ਤਰਲੋਚਨ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਦੀ ਨੀਤੀ ਮਲਿਕ ਭਾਗੋ ਦੇ ਨਾਲ ਖੜ੍ਹੀ ਹੈ ਤੇ ਭਾਈ ਲਾਲੋ ਦੇ ਬੰਦੇ ਸੜਕਾਂ 'ਤੇ ਸੰਘਰਸ਼ ਕਰ ਰਹੇ ਹਨ। ਸਾਬਕਾ ਫੌਜੀ ਰਾਮੇਸ਼ਵਰ ਨੇ ਭਾਰਤੀ ਫੌਜ ਨੂੰ ਸਲਾਮ ਕਰਦਿਆਂ ਕਿਹਾ ਕਿ ਕਿਸਾਨ ਲੜਨ ਵਾਲੀ ਕੌਮ ਹੈ। ਕਿਸਾਨਾਂ ਦੇ ਪੁੱਤਰ ਸਰਹੱਦਾਂ 'ਤੇ ਦੁਸ਼ਮਣਾਂ ਖਿਲਾਫ ਅਤੇ ਕਮਾਊ ਵਰਗ ਸ਼ੋਸ਼ਣ ਕਰਨ ਵਾਲੇ (ਕਾਰਪੋਰੇਟ) ਖਿਲਾਫ ਇਹ ਅੰਦੋਲਨ ਲੜ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਲੜਾਈ ਕਾਂਗਰਸ, ਭਾਜਪਾ ਜਾਂ ਹੋਰਨਾਂ ਖ਼ਿਲਾਫ਼ ਹੁੰਦੀ ਸੀ ਪਰ ਹੁਣ ਕਾਰਪੋਰੇਟਾਂ ਖਿਲਾਫ ਹੈ ਅਤੇ ਸਿਆਸੀ ਲੋਕਾਂ ਦੇ ਪਿੱਛੇ 'ਕਾਰਪੋਰੇਟ ਚਿਹਰੇ' ਹੀ ਹਨ। ਉਨ੍ਹਾਂ ਸਵਾਲ ਕੀਤਾ ਕਿ ਅਰਧ ਸੈਨਿਕ ਬਲਾਂ ਦੇ ਜਵਾਨਾਂ ਨੂੰ ਸ਼ਹੀਦ ਕਿਉਂ ਨਹੀਂ ਕਿਹਾ ਜਾਂਦਾ? ਜਮਹੂਰੀ ਕਿਸਾਨ ਸਭਾ ਪੰਜਾਬ ਦੇ ਡਾ. ਸਤਨਾਮ ਸਿੰਘ ਅਜਨਾਲਾ ਤੇ ਹੋਰ ਆਗੂਆਂ ਨੇ ਵੀ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਦਿੱਲੀ ਹਿੰਸਾ: ਕਿਸਾਨਾਂ ਨੇ ਸਮੁੱਚੇ ਮਾਮਲੇ ਦੀ ਨਿਆਇਕ ਜਾਂਚ ਮੰਗੀ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ 'ਚ ਗਣਤੰਤਰ ਦਿਵਸ ਮੌਕੇ ਹੋਈ ਹਿੰਸਾ ਅਤੇ ਕਿਸਾਨਾਂ ਖਿਲਾਫ 'ਝੂਠੇ' ਪਰਚੇ ਦਰਜ ਕਰਨ ਦੇ ਮਾਮਲਿਆਂ ਦੀ ਉੱਚ ਪੱਧਰੀ ਨਿਆਇਕ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਸਾਨਾਂ ਨੂੰ ਤਾਕੀਦ ਕੀਤੀ ਹੈ ਕਿ ਉਹ ਨੋਟਿਸਾਂ ਦਾ ਜਵਾਬ ਦੇਣ ਲਈ ਸਿੱਧੇ ਪੁਲਿਸ ਕੋਲ ਨਾ ਜਾਣ। ਮੋਰਚੇ ਦੇ ਆਗੂਆਂ ਨੇ ਉਨ੍ਹਾਂ ਨੂੰ ਵਕੀਲਾਂ ਦੇ ਪੈਨਲ ਨਾਲ ਰਾਬਤਾ ਬਣਾਉਣ ਲਈ ਕਿਹਾ ਹੈ ਤਾਂ ਜੋ ਨੋਟਿਸਾਂ ਦਾ ਜਵਾਬ ਕਾਨੂੰਨੀ ਤਰੀਕੇ ਨਾਲ ਦਿੱਤਾ ਜਾ ਸਕੇ। ਸਿੰਘੂ ਬਾਰਡਰ 'ਤੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਕਾਨੂੰਨੀ ਸੈੱਲ ਦੇ ਮੈਂਬਰ ਕੁਲਦੀਪ ਸਿੰਘ ਨੇ ਕਿਹਾ ਕਿ ਗਣਤੰਤਰ ਦਿਵਸ ਮੌਕੇ ਹੋਈ ਹਿੰਸਾ ਦੀ ਜਾਂਚ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਸੇਵਾਮੁਕਤ ਜੱਜ ਤੋਂ ਕਰਵਾਈ ਜਾਣੀ ਚਾਹੀਦੀ ਹੈ ਤਾਂ ਜੋ 26 ਜਨਵਰੀ ਨੂੰ ਹੋਈ ਹਿੰਸਾ ਪਿੱਛੇ 'ਸਾਜ਼ਿਸ਼' ਨੂੰ ਬੇਨਕਾਬ ਕੀਤਾ ਜਾ ਸਕੇ। ਜਥੇਬੰਦੀਆਂ ਦੇ ਆਗੂਆਂ ਨੇ ਦਿੱਲੀ ਜਲ ਬੋਰਡ ਦੇ ਮੀਤ ਚੇਅਰਮੈਨ ਅਤੇ 'ਆਪ' ਆਗੂ ਰਾਘਵ ਚੱਢਾ ਨੂੰ ਬੇਨਤੀ ਕੀਤੀ ਹੈ ਕਿ ਗ੍ਰਿਫਤਾਰ ਕਿਸਾਨਾਂ ਨੂੰ ਇਕ ਜੇਲ੍ਹ 'ਚ ਰੱਖਣ ਦਾ ਪ੍ਰਬੰਧ ਕੀਤਾ ਜਾਵੇ। ਮੋਰਚੇ ਦੇ ਕਾਨੂੰਨੀ ਸੈੱਲ ਵੱਲੋਂ ਪਹਿਲੀ ਵਾਰ ਪ੍ਰੈੱਸ ਕਾਨਫਰੰਸ ਕਰਕੇ ਦੱਸਿਆ ਗਿਆ ਕਿ ਦਿੱਲੀ ਪੁਲਿਸ ਵੱਲੋਂ ਦਰਜ 44 ਮੁਕੱਦਮਿਆਂ ਵਿਚੋਂ 22 ਦੀਆਂ ਐਫ.ਆਈ.ਆਰ. ਦੀ ਕਾਪੀ ਹੀ ਮੋਰਚੇ ਕੋਲ ਹੈ ਅਤੇ 14 ਮੁਕੱਦਮਿਆਂ ਵਿਚ ਹੀ ਗ੍ਰਿਫਤਾਰੀਆਂ ਹੋਈਆਂ ਹਨ। ਇਸ ਲਈ ਬਾਕੀ 22 ਮੁਕੱਦਮਿਆਂ ਵਿਚ ਦਿੱਲੀ ਪੁਲਿਸ ਕੁਝ ਵੀ ਗੜਬੜ ਕਰ ਸਕਦੀ ਹੈ। ਉਨ੍ਹਾਂ ਕਿਸਾਨਾਂ ਨੂੰ ਚੌਕਸ ਰਹਿਣ ਲਈ ਕਿਹਾ ਕਿਉਂਕਿ ਉਨ੍ਹਾਂ ਨੂੰ ਅਣਪਛਾਤੇ ਮਾਮਲਿਆਂ ਵਿਚ ਵੀ ਪਰੇਸ਼ਾਨ ਕੀਤਾ ਜਾ ਸਕਦਾ ਹੈ।



ਸੈੱਲ ਦੇ ਕਨਵੀਨਰ ਪ੍ਰੇਮ ਸਿੰਘ ਭੰਗੂ ਨੇ ਦੱਸਿਆ ਕਿ ਪੁਲਿਸ ਵੱਲੋਂ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੂੰ ਸੀ.ਆਰ.ਪੀ.ਸੀ. ਦੀ ਧਾਰਾ 160 ਤਹਿਤ ਨੋਟਿਸ ਭੇਜ ਕੇ ਖੌਫ਼ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਕਈ ਕਿਸਾਨਾਂ ਖਾਸ ਕਰਕੇ ਨੌਜਵਾਨਾਂ ਨੂੰ 2 ਤੋਂ4 ਦਿਨਾਂ ਲਈ ਗੈਰਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਸੀ। ਪਹਿਲਾਂ 38 ਅੰਦੋਲਨਕਾਰੀ ਲਾਪਤਾ ਸਨ ਪਰ ਹੁਣ 16 ਵਿਅਕਤੀ ਲਾਪਤਾ ਹਨ ਜਿਨ੍ਹਾਂ ਦਾ ਪਤਾ ਲਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਲਾਪਤਾ ਵਿਅਕਤੀਆਂ ਵਿਚੋਂ 9 ਹਰਿਆਣਾ, 1 ਰਾਜਸਥਾਨ ਅਤੇ 6 ਪੰਜਾਬ ਤੋਂ ਹਨ। ਉਨ੍ਹਾਂ ਦੱਸਿਆ ਕਿ ਮੋਗਾ ਦੇ ਰਣਜੀਤ ਸਿੰਘ ਅਤੇ ਨਵਾਂ ਸ਼ਹਿਰ ਦੇ ਕਾਜਮਪੁਰ ਦੇ ਰਣਜੀਤ ਸਿੰਘ ਤਿਹਾੜ ਜੇਲ੍ਹ ਅੰਦਰ ਚੜ੍ਹਦੀ ਕਲਾ ਵਿਚ ਹਨ। ਬਾਕੀ 10 ਕਿਸਾਨਾਂ ਨੂੰ ਜ਼ਮਾਨਤ ਮਿਲ ਚੁੱਕੀ ਹੈ ਅਤੇ 5 ਦੀਆਂ ਅਰਜ਼ੀਆਂ ਦਾਖਲ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਹੁਤੇ ਕਿਸਾਨਾਂ ਖਿਲਾਫ ਧਾਰਾ 307 ਜਾਣਬੁੱਝ ਕੇ ਲਾਈ ਗਈ ਹੈ ਤਾਂ ਜੋ ਉਨ੍ਹਾਂ ਨੂੰ ਸੌਖਿਆਂ ਜ਼ਮਾਨਤ ਨਾ ਮਿਲ ਸਕੇ।

### ਦਿੱਲੀ ਪੁਲਿਸ ਨੇ ਬੇਕਸੂਰ ਚੁੱਕੇ: ਕਿਸਾਨ ਆਗੂ

**ਨਵੀਂ ਦਿੱਲੀ:** ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਦਿੱਲੀ ਪੁਲਿਸ ਨੂੰ ਅਪੀਲ ਕੀਤੀ ਹੈ ਕਿ ਗਣਤੰਤਰ ਦਿਵਸ ਮੌਕੇ ਕਿਸਾਨ ਗਣਤੰਤਰ ਪਰੇਡ ਦੇ ਸਮੇਂ ਦੀ ਸੀ.ਸੀ.ਟੀ.ਵੀ. ਫੁਟੇਜ ਸੁਰੱਖਿਅਤ ਰੱਖੀ ਜਾਵੇ। ਸੰਗਠਨ ਨੇ ਦਾਅਵਾ ਕੀਤਾ ਹੈ ਕਿ ਦਿੱਲੀ ਪੁਲਿਸ ਨੇ 26 ਜਨਵਰੀ ਨੂੰ ਵਾਪਰੀਆਂ ਹਿੰਸਕ ਘਟਨਾਵਾਂ ਵਿਚ ਕੁਝ ਨੌਜਵਾਨਾਂ ਨੂੰ ਕਥਿਤ ਤੌਰ 'ਤੇ ਫਸਾਇਆ ਹੈ ਜੋ ਬੇਕਸੂਰ ਹਨ। ਉਨ੍ਹਾਂ ਇਸ ਦੇ ਸਬੂਤ ਹੋਣ ਦਾ ਦਾਅਵਾ ਵੀ ਕੀਤਾ ਹੈ। ਸੰਗਠਨ ਨਾਲ ਜੁੜੇ ਵਕੀਲ ਜਗਤਾਰ ਸਿੰਘ ਸਿੱਧੂ ਨੇ ਕਿਹਾ ਕਿ ਦਿੱਲੀ ਪੁਲਿਸ ਨੂੰ ਭੇਜੇ ਗਏ ਪੱਤਰ 'ਤੇ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ। ਕਮਿਸ਼ਨ ਮੁਤਾਬਕ ਉਸ ਕੋਲ ਅਜਿਹੇ ਸਬੂਤ ਹਨ ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਕੁਝ ਨੌਜਵਾਨ 28 ਜਨਵਰੀ ਨੂੰ ਆਪਣੇ ਪਿੰਡੋਂ ਚੱਲੇ ਸਨ ਅਤੇ ਪੁਲਿਸ ਨੇ ਉਨ੍ਹਾਂ ਨੂੰ 29 ਜਨਵਰੀ ਨੂੰ ਚੁੱਕ ਲਿਆ ਅਤੇ ਹਿੰਸਾ ਦੀਆਂ ਘਟਨਾਵਾਂ ਵਿੱਚ ਫਸਾ ਦਿੱਤਾ।

# ਪੰਜਾਬ ਸਰਕਾਰ ਤੋਂ ਸੁਰੱਖਿਆ ਦਿਵਾਉਣ ਲਈ ਕੇਂਦਰ ਨੇ ਬਾਜਵਾ ਦਾ ਪੱਖ ਪੂਰਿਆ

## ਲੌਂਗੋਵਾਲ ਨੂੰ ਕੇਂਦਰੀ ਸੁਰੱਖਿਆ ਦੇਣ ਤੋਂ ਇਨਕਾਰ



**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਰਾਜ ਸਭਾ ਮੈਂਬਰ ਤੇ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਪੰਜਾਬ ਸਰਕਾਰ ਤੋਂ ਸੁਰੱਖਿਆ ਦਿਵਾਉਣ ਲਈ ਉਨ੍ਹਾਂ ਦਾ ਪੱਖ ਪੂਰਿਆ ਹੈ ਜਦਕਿ ਸਾਬਕਾ ਮੰਤਰੀ ਗੋਬਿੰਦ ਸਿੰਘ ਲੌਂਗੋਵਾਲ ਨੂੰ ਕੇਂਦਰੀ ਸੁਰੱਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਮੁੱਖ ਸਕੱਤਰ, ਪੰਜਾਬ ਨੂੰ ਗੁਪਤ ਪੱਤਰ ਭੇਜ ਕੇ ਲਿਖਿਆ ਹੈ ਕਿ ਬਾਜਵਾ ਦੀ ਸੁਰੱਖਿਆ ਦਾ ਮਾਮਲਾ ਨਜਿੱਠਿਆ ਜਾਵੇ ਅਤੇ ਕੇਂਦਰੀ ਸੁਰੱਖਿਆ ਤੋਂ ਇਲਾਵਾ ਬਾਜਵਾ ਦੀ ਸੁਰੱਖਿਆ ਲਈ ਢੁਕਵੇਂ ਪ੍ਰਬੰਧ ਕੀਤੇ ਜਾਣ।

ਸੰਸਦ ਮੈਂਬਰ ਬਾਜਵਾ ਨੇ ਮੰਤਰਾਲੇ ਨੂੰ ਪੱਤਰ ਲਿਖ ਕੇ ਵਾਧੂ ਪਾਇਲਟ/ਐਸਕਾਰਟ ਗੱਡੀ ਦੀ ਮੰਗ ਕੀਤੀ ਸੀ ਜਿਸ ਬਾਰੇ ਗ੍ਰਹਿ ਮੰਤਰਾਲੇ ਨੇ ਕੇਂਦਰੀ ਸੁਰੱਖਿਆ ਏਜੰਸੀ ਨਾਲ ਵਿਚਾਰ ਕੀਤਾ ਸੀ। ਗ੍ਰਹਿ ਮੰਤਰਾਲੇ ਨੇ ਪਹਿਲਾਂ ਹੀ ਬਾਜਵਾ ਨੂੰ ਜੈੱਡ ਕੈਟਾਗਿਰੀ ਸੁਰੱਖਿਆ ਦਿੱਤੀ ਹੋਈ ਹੈ ਜਿਸ ਵਿਚ 25 ਸੁਰੱਖਿਆ ਮੁਲਾਜ਼ਮ, ਪਾਇਲਟ/ਐਸਕਾਰਟ ਗੱਡੀ ਤੋਂ ਇਲਾਵਾ ਦੋ ਡਰਾਈਵਰ ਵੀ ਦਿੱਤੇ ਗਏ ਸਨ। ਪੰਜਾਬ ਸਰਕਾਰ ਨੇ ਵੀ ਪਹਿਲਾਂ ਬਾਜਵਾ ਨੂੰ 14 ਪੁਲਿਸ ਮੁਲਾਜ਼ਮਾਂ ਸਮੇਤ ਡਰਾਈਵਰ ਤੇ ਐਸਕਾਰਟ ਗੱਡੀ ਦਿੱਤੀ ਹੋਈ ਸੀ ਪਰ 23 ਮਾਰਚ ਨੂੰ ਕੋਵਿਡ ਕਰ ਕੇ ਕੁਝ ਸੁਰੱਖਿਆ ਮੁਲਾਜ਼ਮ ਵਾਪਸ ਲੈ ਲਏ ਸਨ। ਜਦ ਪੰਜਾਬ 'ਚ ਸ਼ਰਾਬ ਨਾਲ ਵੱਡੀ ਗਿਣਤੀ ਵਿਚ ਮੌਤਾਂ ਹੋਈਆਂ ਤਾਂ ਬਾਜਵਾ ਅਤੇ ਦੂਲੋ ਨੇ ਸ਼ਰਾਬ ਮਾਫੀਆ ਮਾਮਲੇ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨੇ 'ਤੇ ਰੱਖਿਆ ਸੀ।

ਪੰਜਾਬ ਸਰਕਾਰ ਨੇ ਮਗਰੋਂ ਬਾਜਵਾ ਦੀ ਪੂਰੀ ਸੁਰੱਖਿਆ ਵਾਪਸ ਲੈ ਲਈ ਸੀ ਤੇ ਕਿਹਾ ਸੀ ਕਿ ਬਾਜਵਾ ਨੂੰ ਹੁਣ ਕੋਈ ਖਤਰਾ ਨਹੀਂ। ਡੇਢ ਕੁ ਮਹੀਨਾ ਪਹਿਲਾਂ ਬਾਜਵਾ ਨੇ ਡੀ.ਜੀ.ਪੀ. ਪੰਜਾਬ ਨੂੰ ਪੱਤਰ ਲਿਖ ਕੇ ਮੁੜ ਸੁਰੱਖਿਆ ਮੰਗੀ ਸੀ। ਬੇਸ਼ੱਕ ਪੰਜਾਬ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਭਰਿਆ ਪਰ ਕੇਂਦਰ ਸਰਕਾਰ ਨੇ ਹੁਣ ਬਾਜਵਾ ਦੀ ਸੁਰੱਖਿਆ ਬਾਰੇ ਫਿਕਰ ਜ਼ਾਹਿਰ ਕੀਤੇ ਹਨ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਅਕਾਲੀ ਮੰਤਰੀ ਗੋਬਿੰਦ ਸਿੰਘ ਲੌਂਗੋਵਾਲ ਨੇ 1 ਦਸੰਬਰ 2020 ਨੂੰ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਸੁਰੱਖਿਆ ਦੀ ਮੰਗੀ ਸੀ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਬਤੌਰ ਪ੍ਰਧਾਨ ਦਿੱਤੀ ਸੁਰੱਖਿਆ ਵਾਪਸ ਲੈ ਲਈ ਹੈ। ਉਨ੍ਹਾਂ ਹਵਾਲਾ ਦਿੱਤਾ ਸੀ ਕਿ ਉਹ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਦੇ ਇਕਲੌਤੇ ਗਵਾਹ ਬਚੇ ਹਨ ਅਤੇ ਉਨ੍ਹਾਂ ਨੂੰ ਦਹਿਸ਼ਤਗਰਦਾਂ ਤੋਂ ਧਮਕੀਆਂ ਮਿਲ ਰਹੀਆਂ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਮੁੱਖ ਸਕੱਤਰ ਪੰਜਾਬ ਨੂੰ ਭੇਜੇ ਪੱਤਰ ਵਿਚ ਲਿਖਿਆ ਹੈ ਕਿ ਮੰਤਰਾਲੇ ਤਰਫੋਂ ਲੌਂਗੋਵਾਲ ਦੀ ਸੁਰੱਖਿਆ ਦੇ ਮਾਮਲੇ ਨੂੰ ਕੇਂਦਰੀ ਸੁਰੱਖਿਆ ਏਜੰਸੀ ਨਾਲ ਵਿਚਾਰਿਆ ਗਿਆ ਜਿਸ 'ਚ ਸਾਹਮਣੇ ਆਇਆ ਹੈ ਕਿ ਇਸ ਵੇਲੇ ਲੌਂਗੋਵਾਲ ਨੂੰ ਦਹਿਸ਼ਤਗਰਦਾਂ ਤੋਂ ਕੋਈ ਖਤਰਾ ਨਹੀਂ ਹੈ। ਗ੍ਰਹਿ ਮੰਤਰਾਲੇ ਨੇ ਲਿਖਿਆ ਹੈ ਕਿ ਪੰਜਾਬ ਸਰਕਾਰ ਖਤਰੇ ਨੂੰ ਭਾਂਪਦੇ ਹੋਏ ਲੌਂਗੋਵਾਲ ਦੀ ਸੁਰੱਖਿਆ ਦਾ ਮਾਮਲਾ ਨਜਿੱਠ ਸਕਦੀ ਹੈ।

### ਹਾਈ ਕੋਰਟ ਪਹੁੰਚ ਕਰਾਂਗਾ: ਬਾਜਵਾ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਐਸਕਾਰਟ/ਪਾਇਲਟ ਗੱਡੀ ਦੀ ਮੰਗ ਕੀਤੀ ਸੀ ਅਤੇ ਡੀ.ਜੀ.ਪੀ. ਪੰਜਾਬ ਨੂੰ ਵੀ ਸੁਰੱਖਿਆ ਲਈ ਲਿਖਿਆ ਸੀ ਜਿਸ ਬਾਰੇ ਰਾਜ ਸਰਕਾਰ ਨੇ ਕੋਈ ਜੁਆਬ ਨਹੀਂ ਦਿੱਤਾ। ਜੈੱਡ ਕੈਟਾਗਿਰੀ ਲਈ ਸਥਾਨਕ ਪੱਧਰ 'ਤੇ ਰਾਜ ਸਰਕਾਰ ਵੱਲੋਂ ਸੁਰੱਖਿਆ ਦਿੱਤੀ ਜਾਣੀ ਹੁੰਦੀ ਹੈ। ਪੰਜਾਬ ਸਰਕਾਰ ਨੇ ਐਸਕਾਰਟ ਗੱਡੀ ਤੇ ਡਰਾਈਵਰ ਤਾਂ ਦਿੱਤਾ ਹੋਇਆ ਹੈ ਪਰ ਸੁਰੱਖਿਆ ਨਹੀਂ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਨੇ ਹੁੰਗਾਰਾ ਨਾ ਭਰਿਆ ਤਾਂ ਉਹ ਹਾਈ ਕੋਰਟ ਦਾ ਬੂਹਾ ਖੜਕਾਉਣਗੇ।

# ਜੰਮੂ ਕਸ਼ਮੀਰ ਨੂੰ ਰਾਜ ਦਾ ਦਰਜਾ ਢੁੱਕਵੇਂ ਸਮੇਂ 'ਤੇ: ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਜੋਰ ਦੇ ਕੇ ਕਿਹਾ ਕਿ ਜੰਮੂ ਕਸ਼ਮੀਰ ਪੁਨਰਗਠਨ (ਸੋਧ) ਬਿੱਲ ਦਾ ਸੂਬੇ ਦੇ ਦਰਜੇ ਨਾਲ ਕੋਈ ਸਬੰਧ ਨਹੀਂ ਹੈ ਅਤੇ ਸਹੀ ਸਮਾਂ ਆਉਣ 'ਤੇ ਜੰਮੂ ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦਿੱਤਾ ਜਾਵੇਗਾ। ਲੋਕ ਸਭਾ 'ਚ ਜੰਮੂ ਕਸ਼ਮੀਰ ਪੁਨਰਗਠਨ (ਸੋਧ) ਬਿੱਲ, 2021 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਸ੍ਰੀ ਸ਼ਾਹ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਸੂਬੇ ਦਾ ਜਿਹੜਾ ਵਿਕਾਸ ਰੁਕ ਗਿਆ ਹੈ, ਉਸ ਨੂੰ ਲੀਹ 'ਤੇ ਪਾ ਕੇ ਪੂਰੇ ਸੂਬੇ ਦਾ ਦਰਜਾ ਜਰੂਰ ਦਿੱਤਾ ਜਾਵੇਗਾ।

ਕੇਂਦਰੀ ਗ੍ਰਹਿ ਮੰਤਰੀ ਦੇ ਜਵਾਬ ਮਗਰੋਂ ਬਿੱਲ ਨੂੰ ਪਾਸ ਕਰ ਦਿੱਤਾ ਗਿਆ। ਇਹ ਬਿੱਲ ਜੰਮੂ ਕਸ਼ਮੀਰ ਪੁਨਰਗਠਨ (ਸੋਧ) ਆਰਡੀਨੈਂਸ ਦੀ ਥਾਂ 'ਤੇ ਲਿਆਂਦਾ ਗਿਆ ਹੈ। ਰਾਜ ਸਭਾ 'ਚ ਇਹ ਬਿੱਲ ਪਹਿਲਾਂ ਹੀ ਪਾਸ ਕੀਤਾ ਜਾ ਚੁੱਕਿਆ ਹੈ। ਬਿੱਲ ਮੁਤਾਬਕ ਮੌਜੂਦਾ ਜੰਮੂ ਕਸ਼ਮੀਰ ਕਾਡਰ ਦੇ ਆਈ.ਏ.ਐਸ., ਆਈ.ਪੀ.ਐਸ. ਅਤੇ ਆਈ.ਐਫ.ਐਸ. ਦੇ ਅਧਿਕਾਰੀ ਹੁਣ ਅਰੁਣਾਚਲ ਪ੍ਰਦੇਸ਼, ਗੋਆ, ਮਿਜ਼ੋਰਮ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਕਾਡਰ ਦਾ ਹਿੱਸਾ ਹੋਣਗੇ। 4ਜੀ ਇੰਟਰਨੈੱਟ ਸੇਵਾਵਾਂ ਵਿਦੇਸ਼ੀਆਂ ਦੇ ਦਬਾਅ ਹੇਠ ਬਹਾਲ ਕਰਨ ਦੇ ਓਵਾਇਸੀ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਯੂ.ਪੀ.ਏ. ਨਹੀਂ, ਨਰਿੰਦਰ ਮੋਦੀ ਦੀ ਸਰਕਾਰ ਹੈ ਜੋ ਦੇਸ਼ ਲਈ ਫੈਸਲੇ ਕਰਦੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਅਗਸਤ 2019 'ਚ ਧਾਰਾ 370 ਖਤਮ ਕਰਕੇ ਪਿਛਲੇ ਡੇਢ ਸਾਲ 'ਚ ਜੰਮੂ ਕਸ਼ਮੀਰ ਦੇ ਵਿਕਾਸ ਲਈ ਪਹਿਲਾਂ ਨਾਲੋਂ ਵਧੇਰੇ ਕੰਮ ਕੀਤਾ ਹੈ। ਵਿਕਾਸ ਕਾਰਜਾਂ ਦਾ ਜਿਕਰ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਦੇ ਸਮੇਂ 'ਚ ਜੰਮੂ ਕਸ਼ਮੀਰ 'ਚ ਕਈ ਲੋਕ ਮਾਰੇ ਜਾਂਦੇ ਸਨ ਅਤੇ ਕਈ ਵਰ੍ਹਿਆਂ ਤੱਕ ਕਰਫਿਊ ਲੱਗਾ ਰਹਿੰਦਾ ਸੀ ਪਰ ਹੁਣ ਉਥੇ ਮੌਜੂਦਾ ਸਰਕਾਰ ਨੇ ਸ਼ਾਂਤੀ ਲਿਆਂਦੀ ਹੈ। ਸ਼ਾਹ ਨੇ ਕਿਹਾ ਕਿ ਪਹਿਲਾਂ ਜੰਮੂ ਕਸ਼ਮੀਰ 'ਚ ਤਿੰਨ ਪਰਿਵਾਰਾਂ ਦੇ ਲੋਕ ਹੀ ਰਾਜ ਕਰ ਰਹੇ ਸਨ ਜੋ ਧਾਰਾ 370 ਜਾਰੀ ਰੱਖਣ ਦੇ ਹਮਾਇਤੀ ਸਨ। ਉਨ੍ਹਾਂ ਕਿਹਾ,"ਜੰਮੂ ਕਸ਼ਮੀਰ 'ਚ ਹੁਣ ਰਾਜਾ ਦਾ ਜਨਮ ਰਾਣੀ ਦੇ ਢਿੱਡ ਤੋਂ ਨਹੀਂ ਹੋਵੇਗਾ, ਵੋਟ ਨਾਲ ਹੋਵੇਗਾ। ਵੋਟ ਨਾਲ ਨੇਤਾ ਚੁਣੇ ਜਾਣਗੇ।" ਉਨ੍ਹਾਂ ਪੰਚਾਇਤ ਚੋਣਾਂ ਕਰਾਉਣ ਦਾ ਜਿਕਰ ਵੀ ਕੀਤਾ। ਉਨ੍ਹਾਂ ਜੰਮੂ ਕਸ਼ਮੀਰ ਲਈ ਕੇਂਦਰ ਸਰਕਾਰ ਵੱਲੋਂ ਕਰਵਾਏ ਗਏ ਕੰਮ ਵੀ ਗਿਣਾਏ।

# ਮੋਦੀ ਸਰਕਾਰ ਤੇ ਟਵਿੱਟਰ ਵਿਚਾਲੇ ਤਣਾਅ ਵਧਿਆ

**ਨਵੀਂ ਦਿੱਲੀ:** ਕੇਂਦਰ ਦੀ ਮੋਦੀ ਸਰਕਾਰ ਵੱਲੋਂ ਟਵਿੱਟਰ ਨੂੰ ਕੁਝ ਖਾਤੇ ਹਟਾਉਣ ਦੇ ਦਿੱਤੇ ਹੁਕਮਾਂ ਤੇ ਮਾਈਕਰੋ ਬਲੌਗਿੰਗ ਸਾਈਟ ਵੱਲੋਂ ਇਨ੍ਹਾਂ ਹੁਕਮਾਂ ਨੂੰ ਦੇਸ਼ ਦੇ ਕਾਨੂੰਨ ਦੀ ਉਲੰਘਣਾ ਦੱਸੇ ਜਾਣ ਨਾਲ ਦੋਵਾਂ ਧਿਰਾਂ ਦੇ ਸਿੰਗ ਫਸ ਗਏ ਹਨ। ਉਧਰ, ਭਾਰਤੀ ਸਿਆਸਤਦਾਨਾਂ ਵੱਲੋਂ ਆਪਣੇ ਫਾਲੋਅਰਜ਼ ਨੂੰ ਟਵਿੱਟਰ ਦੀ ਤਰਜ਼ 'ਤੇ ਭਾਰਤ ਵਿਚ ਨਿਰਮਤ ਐਪ 'ਕੂ' ਵਰਤਣ ਦੀ ਅਪੀਲ ਨੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਟਵਿੱਟਰ ਨੇ ਕਿਹਾ ਕਿ ਉਸ ਨੇ ਭਾਰਤ ਸਰਕਾਰ ਦੇ ਹੁਕਮਾਂ 'ਤੇ ਅੰਸ਼ਕ ਰੂਪ ਵਿਚ ਅਮਲ ਕਰਦਿਆਂ ਕਿਸਾਨ ਅੰਦੋਲਨ ਨੂੰ ਲੈ ਕੇ ਗਲਤ ਜਾਣਕਾਰੀ ਤੇ ਭੜਕਾਊ ਵਿਸ਼ਾ-ਵਸਤੂ ਦੇ ਫੈਲਾਅ ਨੂੰ ਰੋਕਣ ਲਈ 500 ਤੋਂ ਵੱਧ (ਟਵਿੱਟਰ) ਖਾਤਿਆਂ ਨੂੰ ਮੁਅੱਤਲ ਕਰਨ ਦੇ ਨਾਲ ਕੁਝ ਹੋਰਨਾਂ ਖਾਤਿਆਂ 'ਤੇ ਪਾਬੰਦੀ ਲਾ ਦਿੱਤੀ ਹੈ। ਟਵਿੱਟਰ ਨੇ ਇਕ ਬਲੌਗਪੋਸਟ 'ਚ ਕਿਹਾ ਕਿ ਉਸ ਨੇ ਜਿਨ੍ਹਾਂ ਖਾਤਿਆਂ ਨੂੰ ਬਲੌਕ ਕੀਤਾ ਹੈ, ਉਨ੍ਹਾਂ ਵਿਚ 'ਨਿਊਜ਼ ਮੀਡੀਆ ਨਾਲ ਜੁੜੀਆਂ ਹਸਤੀਆਂ, ਪੱਤਰਕਾਰ, ਕਾਰਕੁਨ ਤੇ ਸਿਆਸਤਦਾਨ' ਸ਼ਾਮਲ ਨਹੀਂ ਹਨ। ਟਵਿੱਟਰ ਨੇ ਕਿਹਾ ਕਿ ਜੇ ਉਹ ਇਨ੍ਹਾਂ ਦੇ ਖਾਤਿਆਂ ਨੂੰ ਬਲੌਕ ਕਰਦੀ ਤਾਂ ਇਹ ਦੇਸ਼ ਦੇ ਕਾਨੂੰਨ ਤਹਿਤ ਮਿਲੇ 'ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ' ਦੇ ਮੌਲਿਕ ਅਧਿਕਾਰ ਦਾ ਉਲੰਘਣ ਹੁੰਦਾ।

ਉਧਰ, ਸਰਕਾਰ ਨੇ ਮਾਈਕਰੋਬਲੌਗਿੰਗ ਸਾਈਟ ਦੀ ਆਈ.ਟੀ. ਸਕੱਤਰ ਨਾਲ ਤਜਵੀਜ਼ਤ ਮੀਟਿੰਗ ਤੋਂ ਪਹਿਲਾਂ ਟਵਿੱਟਰ ਵੱਲੋਂ ਉਪਰੋਕਤ ਬਲੌਗਪੋਸਟ ਪਬਲਿਸ਼ ਕਰਨ ਦੀ ਪੇਸ਼ਕਦਮੀ ਨੂੰ 'ਅਸਧਾਰਨ' ਕਰਾਰ ਦਿੱਤਾ ਹੈ। ਸੂਚਨਾ ਤਕਨੀਕ ਮੰਤਰੀ ਨੇ ਭਾਰਤ ਵਿਚ ਨਿਰਮਤ ਸੋਸ਼ਲ ਨੈੱਟਵਰਕਿੰਗ ਪਲੇਟਫਾਰਮ 'ਕੂ' ਰਾਹੀਂ ਦਿੱਤੇ ਆਪਣੇ ਜਵਾਬ 'ਚ ਕਿਹਾ, 'ਸਰਕਾਰ ਨਾਲ ਮੁਲਾਕਾਤ ਬਾਰੇ ਟਵਿੱਟਰ ਦੀ ਗੁਜਾਰਸ਼ 'ਤੇ ਆਈ.ਟੀ. ਸਕੱਤਰ ਨੇ ਮਾਈਕਰੋਬਲੌਗਿੰਗ ਸਾਈਟ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਸੀ, ਪਰ ਇਸ ਤਜਵੀਜ਼ਤ ਮੀਟਿੰਗ ਤੋਂ ਪਹਿਲਾਂ ਹੀ ਅਜਿਹਾ ਬਲੌਗ ਪੋਸਟ ਪਬਲਿਸ਼ ਕਰਨਾ 'ਅਸਧਾਰਨ' ਹੈ।' ਸਰਕਾਰ ਨੇ ਸਾਫ ਕਰ ਦਿੱਤਾ ਕਿ ਉਹ ਜਲਦੀ ਹੀ ਆਪਣਾ ਜਵਾਬ ਸਾਂਝਾ ਕਰੇਗੀ। ਕਾਬਲੇਗੌਰ ਹੈ ਕਿ ਟਵਿੱਟਰ ਨੇ ਇਕ ਬਲੌਗਪੋਸਟ ਰਾਹੀਂ ਜੋਰ ਦਿੱਤਾ ਸੀ ਕਿ ਉਹ ਆਪਣੇ ਵਰਤੋਂਕਾਰਾਂ ਦੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਹੱਕ ਦੀ ਵਕਾਲਤ ਕਰਦੀ ਰਹੇਗੀ ਤੇ ਉਹ 'ਭਾਰਤੀ ਕਾਨੂੰਨ ਤਹਿਤ, ਟਵਿੱਟਰ ਅਤੇ ਹੋਰ ਦੂਜੇ ਖਾਤਿਆਂ, ਜਿਹੜੇ ਅਸਰਅੰਦਾਜ ਹੋਏ ਹਨ, ਬਾਰੇ ਹੋਰਨਾਂ ਬਦਲਾਂ ਦੀ ਸਰਗਰਮੀ ਨਾਲ ਤਲਾਸ਼ ਕਰਦੀ ਰਹੇਗੀ। ਇਥੇ ਦੱਸਣਾ ਬਣਦਾ ਹੈ ਕਿ ਸਰਕਾਰ ਨੇ 4 ਫਰਵਰੀ ਨੂੰ ਟਵਿੱਟਰ ਨੂੰ ਅਜਿਹੇ 1178 ਖਾਤੇ ਬੰਦ ਕਰਨ ਲਈ ਕਿਹਾ ਸੀ, ਜਿਨ੍ਹਾਂ ਦਾ ਪਾਕਿਸਤਾਨ ਤੇ ਖਾਲਿਸਤਾਨ ਹਮਾਇਤੀਆਂ ਨਾਲ ਕੋਈ ਲਿੰਕ ਹੈ। ਟਵਿੱਟਰ ਹੁਣ ਤੱਕ ਕੁੱਲ ਮਿਲਾ ਕੇ 1000 ਤੋਂ ਵਧ ਖਾਤਿਆਂ ਖਿਲਾਫ ਕਾਰਵਾਈ ਕਰ ਚੁੱਕਾ ਹੈ। ਇਨ੍ਹਾਂ ਵਿਚ ਉਹ 500 ਖਾਤੇ ਵੀ ਸ਼ਾਮਲ ਹਨ, ਜਿਨ੍ਹਾਂ ਬਾਰੇ ਸਰਕਾਰ ਨੇ ਕਿਹਾ ਸੀ। ਇਸ ਤੋਂ ਪਹਿਲਾਂ ਸਰਕਾਰ ਨੇ ਪਿਛਲੇ ਮਹੀਨੇ ਕਿਸਾਨ ਅੰਦੋਲਨ ਸਬੰਧੀ 257 ਟਵੀਟਾਂ ਤੇ ਹੈਂਡਲਾਂ ਨੂੰ ਬਲਾਕ ਕਰਨ ਦੀ ਮੰਗ ਕੀਤੀ ਸੀ। ਟਵਿੱਟਰ ਨੇ ਹਾਲਾਂਕਿ ਪਹਿਲਾਂ ਸਰਕਾਰ ਦੀ ਗੱਲ ਮੰਨੀ, ਪਰ ਕੁਝ ਘੰਟਿਆਂ ਮਗਰੋਂ ਇਨ੍ਹਾਂ ਖਾਤਿਆਂ ਨੂੰ ਬਹਾਲ ਕਰ ਦਿੱਤਾ। ਇਸ ਮਗਰੋਂ ਸਰਕਾਰ ਨੇ ਟਵਿੱਟਰ ਨੂੰ ਹੁਕਮਾਂ ਦੀ ਪਾਲਣਾ ਨਾ ਕਰਨ ਦਾ ਨੋਟਿਸ ਜਾਰੀ ਕਰਦਿਆਂ ਸਖਤ ਜਰਮਾਨੇ ਤੇ ਜੇਲ੍ਹ ਦੀ ਸਜਾ ਬਾਰੇ ਵੀ ਚਿਤਾਵਨੀ ਦਿੱਤੀ।

# ਸੈਨੀਟੇਸ਼ਨ ਮੁਲਾਜ਼ਮਾਂ ਨੇ 10 ਸਾਲ ਦੀ ਬੱਚੀ ਨੂੰ ਅਗਵਾ ਹੋਣੋਂ ਬਚਾਇਆ

**ਆਈਬੇਰੀਆ, ਲੂਈਸਿਆਨਾ (ਬਿਊਰੋ):** ਲੂਈਸਿਆਨਾ ਦੇ ਦੋ ਸਵੱਛਤਾ ਕਰਮਚਾਰੀਆਂ ਨੇ ਆਪਣੀ ਬਹਾਦਰੀ ਅਤੇ ਅਕਲਮੰਦੀ ਦਿਖਾਉਂਦਿਆਂ ਇੱਕ 10 ਸਾਲ ਦੀ ਲੜਕੀ ਨੂੰ ਅਗਵਾ ਹੋਣ ਤੋਂ ਬਚਾਇਆ ਹੈ। ਇਨ੍ਹਾਂ ਕਾਮਿਆਂ ਦੇ ਇਸ ਕੰਮ ਲਈ ਉਨ੍ਹਾਂ ਦੀ ਨਾਇਕਾਂ ਵਜੋਂ ਸ਼ਲਾਘਾ ਕੀਤੀ ਜਾ ਰਹੀ ਹੈ। ਇਸ ਮਾਮਲੇ ਬਾਰੇ ਆਈਬੇਰੀਆ ਪੁਲਿਸ ਵਿਭਾਗ ਅਨੁਸਾਰ ਜਾਲੀਸਾ ਲਾਸਲੇ (10) ਐਤਵਾਰ ਨੂੰ 1 ਤੋਂ 2 ਵਜੇ ਦੇ ਵਿਚਕਾਰ ਆਪਣੇ ਆਈਬੇਰੀਆ ਸਥਿਤ ਘਰ ਤੋਂ ਲਾਪਤਾ ਹੋ ਗਈ ਸੀ।

ਜਾਂਚਕਰਤਾਵਾਂ ਨੇ ਕਰਵਾਈ ਕਰਦਿਆਂ ਇੱਕ ਸਲੇਟੀ ਰੰਗ ਦੀ ਨਿਸ਼ਾਨ ਕਾਰ, ਜਿਸ ਕੋਲ ਜਾਲੀਸਾ ਨੂੰ ਆਖਰੀ ਵਾਰ ਵੇਖਿਆ ਗਿਆ ਸੀ, ਦੇ ਵੇਰਵੇ ਦੇ ਕੇ ਅੱਧੀ ਰਾਤ ਦੇ ਸਮੇਂ ਅਲਰਟ ਜਾਰੀ ਕੀਤਾ ਸੀ।

ਪੇਲੀਕਨ ਵੇਸਟ ਐਂਡ ਡੈਬ੍ਰਿਸ ਕੰਪਨੀ ਦੇ ਦੋ ਕਾਮੇ ਡੀਓਨ ਮੈਰਿਕ ਅਤੇ ਬ੍ਰੈਂਡਨ ਐਂਟੋਇਨ, ਜੋ ਕੂੜਾ ਚੁੱਕਣ ਲਈ ਆਪਣੇ ਰਾਹ 'ਤੇ ਸਨ, ਨੇ ਸੋਮਵਾਰ ਦੀ ਸਵੇਰ ਸੇਂਟ ਮਾਰਟਿਨ ਪੈਰਿਸ ਵਿਚ ਲੱਗਭਗ ਇੱਕ ਖੇਤ ਦੇ ਵਿਚਕਾਰ ਸਿਲਵਰ ਰੰਗ ਦੀ ਇੱਕ ਸੇਡਾਨ ਕਾਰ ਵੇਖੀ। ਮੈਰਿਕ ਨੇ ਦੱਸਿਆ ਕਿ ਕਾਰ ਸਬੰਧੀ ਸ਼ੱਕ ਪੈਦਾ ਹੋਣ 'ਤੇ ਉਨ੍ਹਾਂ ਨੇ ਕਾਰ ਨੂੰ ਰੋਕਣ ਲਈ ਕੂੜੇ ਦੇ ਟਰੱਕ ਦੀ ਵਰਤੋਂ ਕੀਤੀ ਅਤੇ ਪੁਲਿਸ ਨੂੰ ਬੁਲਾਇਆ।

ਪੁਲਿਸ ਅਧਿਕਾਰੀ ਨੇ ਲੜਕੀ ਦੇ ਸੁਰੱਖਿਅਤ ਮਿਲਣ 'ਤੇ ਇਨ੍ਹਾਂ ਕਾਮਿਆਂ ਦੀ ਤਾਰੀਫ ਕੀਤੀ। ਪੇਲੀਕਨ ਦੇ ਸੀ. ਈ. ਓ. ਰੋਡੀ ਮੈਥਰਨ ਨੇ ਵੀ ਇਸ ਕੰਮ ਲਈ ਆਪਣੇ ਕਰਮਚਾਰੀਆਂ ਦੀ ਪ੍ਰਸ਼ੰਸਾ ਕੀਤੀ। ਇਸ ਮਾਮਲੇ ਦਾ ਦੋਸ਼ੀ ਮਾਈਕਲ ਸੀਰੇਲ (33) ਲੜਕੀ ਦੇ ਪਰਿਵਾਰਕ ਮੈਂਬਰਾਂ ਵਿਚੋਂ ਇੱਕ ਦਾ ਜਾਣੂ ਦੱਸਿਆ ਜਾਂਦਾ ਹੈ ਅਤੇ ਆਨਲਾਈਨ ਜੇਲ੍ਹ ਰਿਕਾਰਡ ਅਨੁਸਾਰ ਆਈਬੇਰੀਆ ਦੀ ਪੈਰਿਸ਼ ਜੇਲ੍ਹ ਵਿਚ ਬੰਦ ਹੈ।

ਲੂਈਸਿਆਨਾ ਸਟੇਟ ਪੁਲਿਸ ਅਨੁਸਾਰ ਬੱਚੀ ਦਾ ਪਤਾ ਲੱਗਣ ਤੋਂ ਬਾਅਦ ਉਸ ਦਾ ਡਾਕਟਰੀ ਮੁਆਇਨਾ ਕੀਤਾ ਗਿਆ ਹੈ ਅਤੇ ਪੁਲਿਸ ਦੁਆਰਾ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਨਿੱਕੀਆਂ ਕਰੂੰਬਲਾਂ ਨੇ ਸਿਰਜੀ ਬਾਲ ਸਾਹਿਤ ਦੀ ਨਰਸਰੀ: ਐਸ. ਅਸ਼ੋਕ ਭੌਰਾ

**ਮਾਹਿਲਪੁਰ (ਬਿਊਰੋ):** ਮਾਹਿਲਪੁਰ ਹੁਣ ਇਕੱਲਾ ਫੁੱਟਬਾਲ ਦੀ ਨਰਸਰੀ ਨਹੀਂ ਰਿਹਾ, ਸਗੋਂ ਬਾਲ ਸਾਹਿਤ ਦੀ ਨਰਸਰੀ ਵੀ ਬਣ ਗਿਆ ਹੈ। ਇਹ ਵਿਚਾਰ ਕੌਮਾਂਤਰੀ ਲੇਖਕ ਅਤੇ ਪੱਤਰਕਾਰ ਐਸ. ਅਸ਼ੋਕ ਭੌਰਾ ਨੇ ਨਿੱਕੀਆਂ ਕਰੂੰਬਲਾਂ ਸਾਹਿਤ ਸਿਰਜਣਾ ਮੁਕਾਬਲੇ ਦੇ ਜੇਤੂਆਂ ਨੂੰ ਨਗਦ ਇਨਾਮ ਤਕਸੀਮ ਕਰਦਿਆਂ ਕਰੂੰਬਲਾਂ ਭਵਨ ਵਿਚ ਆਖੇ।



*ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ ਪ੍ਰਦਾਨ ਕਰਦੇ ਹੋਏ ਐਸ. ਅਸ਼ੋਕ ਭੌਰਾ, ਬੀਬੀ ਕਸ਼ਮੀਰ ਕੌਰ ਭੌਰਾ, ਬੀਬੀ ਗੁਰਮੀਤ ਕੌਰ ਬੈਂਸ, ਬੱਗਾ ਸਿੰਘ ਆਰਟਿਸਟ, ਬਲਜਿੰਦਰ ਮਾਨ, ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਤੇ ਹੋਰ।*

ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਅਤੇ ਸੁਰ ਸੰਗਮ ਵਿੱਦਿਅਕ ਟਰੱਸਟ ਮਾਹਿਲਪੁਰ ਵਲੋਂ ਪ੍ਰਿੰ. ਮਨਜੀਤ ਕੌਰ ਦੀ ਦੇਖ-ਰੇਖ ਹੇਠ ਆਯੋਜਿਤ ਕੀਤੇ ਇਸ ਸਮਾਰੋਹ ਵਿਚ ਐਸ. ਅਸ਼ੋਕ ਭੌਰਾ ਕਿਹਾ ਕਿ ਸ਼੍ਰੋਮਣੀ ਬਾਲ ਸਾਹਿਤਕਾਰ ਬਲਜਿੰਦਰ ਮਾਨ ਵਲੋਂ ਆਪਣੀ ਨਿਰਸਵਾਰਥੀ ਘਾਲਣਾ ਨਾਲ ਪਿਛਲੇ ਤਿੰਨ ਦਹਾਕਿਆਂ ਤੋਂ ਨਿਰੰਤਰ ਇਸ ਖੇਤਰ ਵਿਚ ਨਿੱਗਰ ਯੋਗਦਾਨ ਪਾਇਆ ਜਾ ਰਿਹਾ ਹੈ, ਜਦੋਂ ਕਿ ਬੱਚਿਆਂ ਦੀ ਭਲਾਈ ਅਤੇ ਬਾਲ ਮਾਨਸਿਕਤਾ ਨਰੋਈ ਕਰਨ ਵਾਲੇ ਕਾਰਜ ਸਰਕਾਰਾਂ ਨੂੰ ਕਰਨੇ ਚਾਹੀਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸਾਹਿਤ ਸਿਰਜਣਾ ਦੇ ਗੁਰਮੰਤਰ ਸਿਖਾਉਂਦਿਆਂ ਕਿਹਾ ਕਿ ਲਿਖਣ ਤੋਂ ਪਹਿਲਾਂ ਸਾਨੂੰ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ। ਸੂਚਨਾ ਤਕਨੀਕ ਦੇ ਕ੍ਰਾਂਤੀਕਾਰੀ ਸਾਧਨਾਂ ਦੀ ਵਰਤੋਂ ਬਹੁਤ ਸੁਚੇਤ ਹੋ ਕੇ ਕਰਨ ਦੀ ਲੋੜ ਹੈ। ਇਹ ਸਾਡੇ ਸਹਾਇਕ ਹਨ, ਜਦੋਂ ਕਿ ਬਹੁਤੇ ਬੱਚੇ ਅਤੇ ਜੁਆਨ ਇਨ੍ਹਾਂ ਦੇ ਗੁਲਾਮ ਬਣ ਕੇ ਆਪਣਾ ਕੀਮਤੀ ਸਮਾਂ ਤੇ ਸਰਮਾਇਆ ਗੁਆ ਰਹੇ ਹਨ।

ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਬੱਗਾ ਸਿੰਘ ਆਰਟਿਸਟ, ਪੰਮੀ ਖੁਸ਼ਹਾਲਪੁਰੀ, ਚੈਂਚਲ ਸਿੰਘ ਬੈਂਸ, ਬੀਬੀ ਕਸ਼ਮੀਰ ਕੌਰ ਭੌਰਾ, ਬੀਬੀ ਗੁਰਮੀਤ ਕੌਰ ਐਮ. ਸੀ., ਅਸ਼ੋਕ ਕੁਮਾਰ, ਹਰਵਿੰਦਰ ਸਿੰਘ ਅਤੇ ਕਰਨੈਲ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਰਸਾਲੇ ਰਾਹੀਂ ਨਰੋਈਆਂ ਕਦਰਾਂ-ਕੀਮਤਾਂ ਮਿਲ ਰਹੀਆਂ ਹਨ।

ਮੁਕਾਬਲਿਆਂ ਵਿਚੋਂ ਸਾਹਿਤਕਾਰ ਬਣੇ ਨੌਜਵਾਨ ਲੇਖਕ ਸੁਖਮਨ ਸਿੰਘ, ਰਜਮੀਤ ਕੌਰ, ਹਰਦੀਪ ਕੌਰ, ਅਨੁਰਾਧਾ ਅਤੇ ਹਰਪ੍ਰੀਤ ਕੌਰ ਨੇ ਆਪਣੀ ਸਫਲਤਾ ਦਾ ਰਾਜ਼ ਇਨ੍ਹਾਂ ਮੁਕਾਬਲਿਆਂ ਦੀ ਪ੍ਰੇਰਨਾ ਦੱਸਿਆ।

ਮੌਲਿਕ ਲੇਖ ਲਿਖਣ ਦੇ ਮੁਕਾਬਲੇ ਵਿਚ ਪਹਿਲੀ ਥਾਂ ਰੋਹਿਮ ਸੈਣੀ ਪੁੱਤਰੀ ਸਤਨਾਮ ਸਿੰਘ, ਦੂਜੀ ਥਾਂ ਹਰਪ੍ਰੀਤ ਕੌਰ ਪੁੱਤਰੀ ਸ਼ਿਵ ਕੁਮਾਰ ਅਤੇ ਤੀਸਰੀ ਥਾਂ ਕਰਮਜੀਤ ਕੌਰ ਪੁੱਤਰੀ ਜਗਤਾਰ ਸਿੰਘ ਨੇ ਹਾਸਲ ਕੀਤੀ। ਕਹਾਣੀ ਲਿਖਣ ਵਿਚ ਹਰਪ੍ਰੀਤ ਕੌਰ ਪੁੱਤਰੀ ਸਰਬਜੀਤ ਸਿੰਘ, ਸਰਪ੍ਰੀਤ ਕੌਰ ਪੁੱਤਰੀ ਪਰਮਜੀਤ ਸਿੰਘ ਅਤੇ ਰਾਜਦੀਪ ਕੌਰ ਪੁੱਤਰੀ ਕਸ਼ਮੀਰ ਸਿੰਘ ਨੂੰ ਦੂਜੀ ਅਤੇ ਤੀਜੀ ਥਾਂ ਮਿਲੀ।

ਕਵਿਤਾ ਦੀ ਰਚਨਾ ਕਰਨ ਵਿਚ ਮਨਜੋਤ ਸਿੰਘ ਸਪੁੱਤਰ ਸੁਖਦੇਵ ਰਾਮ, ਕੰਚਨ ਸੰਧੂ ਪੁੱਤਰੀ ਜਸਵੰਤ ਸਿੰਘ ਅਤੇ ਕਿਰਨਦੀਪ ਪੁੱਤਰੀ ਪ੍ਰੇਮ ਚੰਦ ਇਨਾਮ ਜੇਤੂ ਰਹੇ। ਮੰਚ ਸੰਚਾਲਨ ਕਲਾਕਾਰ ਸੁਖਮਨ ਸਿੰਘ ਖੜੌਦੀ ਵਲੋਂ ਰੌਚਕ ਢੰਗ ਨਾਲ ਕੀਤਾ ਗਿਆ। ਇਸ ਮੌਕੇ ਕਮਲਾ ਦੇਵੀ, ਨਿਧੀ ਅਮਨ ਸਹੋਤਾ, ਮਨਜਿੰਦਰ ਸਿੰਘ, ਹਰਮਨਪ੍ਰੀਤ ਕੌਰ, ਹਰਵੀਰ ਮਾਨ, ਰਵਨੀਤ ਕੌਰ ਅਤੇ ਰਜਨੀ ਦੇਵੀ ਤੋਂ ਇਲਾਵਾ ਅਧਿਆਪਕ ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਸ਼ਾਮਿਲ ਹੋਏ। ਬੀਬੀ ਕੁਲਦੀਪ ਕੌਰ ਬੈਂਸ ਨੇ ਸਭ ਦਾ ਧੰਨਵਾਦ ਕੀਤਾ।

# ਸ਼੍ਰੋਮਣੀ ਕਮੇਟੀ 'ਚ ਫਰਜ਼ੀ ਬਿੱਲਾਂ ਰਾਹੀਂ ਵੱਡੇ ਪੱਧਰ ਉਤੇ ਘਪਲੇ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਸੀਨੀਅਰ ਆਗੂ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਖਰੀਦ ਅਤੇ ਗੁਰਦੁਆਰਿਆਂ ਵਿਚ ਫਰਜ਼ੀ ਬਿੱਲਾਂ ਰਾਹੀਂ ਵੱਡੇ ਪੱਧਰ ਦੇ ਘਪਲੇ ਹੋਣ ਦੇ ਦੋਸ਼ ਲਾਏ ਹਨ।



ਸਾਬਕਾ ਵਿੱਤ ਮੰਤਰੀ ਨੇ ਤੱਥਾਂ ਸਹਿਤ ਖੁਲਾਸਾ ਕੀਤਾ ਕਿ ਅੰਮ੍ਰਿਤਸਰ ਵਿਚ ਨਵੀਂ ਉਸਾਰੀ ਗਈ ਸਾਰਾਗੜ੍ਹੀ ਸਰਾਂ ਦੇ 239 ਕਮਰਿਆਂ ਵਿਚ ਫਰਨੀਚਰ ਦੀ ਖਰੀਦ ਵਿਚ ਵੱਡਾ ਘਪਲਾ ਹੋਇਆ ਹੈ ਜਿਥੇ ਮਾਰਕੀਟ ਰੇਟ ਵਿਚ ਇਹ ਫਰਨੀਚਰ ਸਿਰਫ ਪੌਣੇ ਦੋ ਕਰੋੜ ਰੁਪਏ ਵਿਚ ਖਰੀਦਿਆ ਜਾ ਸਕਦਾ ਸੀ, ਉਹੀ ਫਰਨੀਚਰ ਚੀਨ ਦੀ ਵਰਨੀਕਾ ਓਵਰਸੀਜ਼ ਕੰਪਨੀ ਤੋਂ 5.17 ਕਰੋੜ ਰੁਪਏ ਵਿਚ ਖਰੀਦਿਆ ਗਿਆ ਅਤੇ ਬੰਦਰਗਾਹ ਤੋਂ ਅੰਮ੍ਰਿਤਸਰ ਤੱਕ ਦੀ ਢੁਆਈ ਲਈ ਸਾਢੇ 19 ਲੱਖ ਰੁਪਏ ਦਿੱਤੇ ਗਏ।

ਉਨ੍ਹਾਂ ਦੱਸਿਆ ਕਿ ਇਸ ਖਰੀਦ ਲਈ ਤਤਕਾਲੀ ਮੁੱਖ ਸਕੱਤਰ ਹਰਚਰਨ ਸਿੰਘ, ਰਾਜਿੰਦਰ ਸਿੰਘ ਮਹਿਤਾ ਅਤੇ ਰਘੂਜੀਤ ਸਿੰਘ ਵਿਰਕ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ ਪਰ ਕਮੇਟੀ ਦੀ ਮਨਜ਼ੂਰੀ ਤੋਂ ਬਿਨਾਂ ਹੀ ਫਰਨੀਚਰ ਖਰੀਦ ਲਿਆ ਗਿਆ ਅਤੇ ਚਾਰ ਸਾਲ ਪਹਿਲਾਂ ਕੀਤੀ ਖਰੀਦ ਵਿਚ ਘਪਲਾ ਉਸ ਵੇਲੇ ਉਜਾਗਰ ਹੋਇਆ ਜਦੋਂ ਕੰਪਨੀ ਨੂੰ ਅਦਾਇਗੀ ਲਈ ਦਿੱਤੇ ਚੈੱਕ 'ਤੇ ਕਮੇਟੀ ਦੇ ਇਕ ਮੈਂਬਰ ਰਘੂਜੀਤ ਸਿੰਘ ਵਿਰਕ ਦੇ ਹਸਤਾਖਰ ਨਾ ਹੋਣ ਕਰਕੇ ਸੀ.ਏ ਵੱਲੋਂ ਇਤਰਾਜ਼ ਲਗਾਇਆ ਗਿਆ ਤੇ ਇਹ ਮਾਮਲਾ ਕਾਰਜਕਾਰੀ ਕਮੇਟੀ ਵਿਚ ਲਿਆਂਦਾ ਗਿਆ। ਢੀਂਡਸਾ ਨੇ ਦੋਸ਼ ਲਾਇਆ ਕਿ ਬਰਨਾਲਾ ਦੇ ਗੁਰਦੁਆਰਾ ਬਾਬਾ ਗਾਂਧਾ ਸਿੰਘ ਦੇ ਮੈਨੇਜਰ ਵੱਲੋਂ ਵੱਡੇ ਪੱਧਰ 'ਤੇ ਜਾਅਲੀ ਬਿੱਲ ਪਾਸ ਕੀਤੇ ਗਏ।

ਇਸ ਮੌਕੇ ਰਣਜੀਤ ਸਿੰਘ ਤਲਵੰਡੀ, ਮਿੱਠੂ ਸਿੰਘ ਕਾਹਨੇਕੇ, ਅਮਰੀਕ ਸਿੰਘ ਸ਼ਾਹਪੁਰ, ਸਾਬਕਾ ਐਸ.ਜੀ.ਪੀ.ਸੀ. ਮੈਂਬਰ ਹਰਬੰਸ ਸਿੰਘ ਮੰਝਪੁਰ ਨੇ ਦੋਸ਼ ਲਾਇਆ ਕਿ ਗੁਰਦੁਆਰਾ ਸਾਹਿਬ ਦੇ ਮੈਨੇਜਰ ਨੂੰ ਘਪਲਾ ਸਾਹਮਣੇ ਆਉਣ 'ਤੇ ਬਦਲ ਦਿੱਤਾ ਗਿਆ ਪਰ ਬਾਅਦ ਵਿਚ ਉਸ ਨੂੰ ਤਰੱਕੀ ਦੇ ਕੇ ਖਰੀਦ ਇੰਸਪੈਕਟਰ ਬਣਾ ਦਿੱਤਾ ਗਿਆ।

ਉਨ੍ਹਾਂ ਦੋਸ਼ ਲਾਇਆ ਕਿ ਐਸ.ਜੀ.ਪੀ.ਸੀ. ਵਿਚ ਅਜਿਹੇ ਕਈ ਘਪਲੇ ਚੱਲ ਰਹੇ ਹਨ ਅਤੇ ਇਸ ਦੀ ਸਿੱਧੀ ਜ਼ਿੰਮੇਵਾਰੀ ਸੁਖਬੀਰ ਸਿੰਘ ਬਾਦਲ ਦੀ ਬਣਦੀ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਪਰਚੀ ਉਨ੍ਹਾਂ ਦੀ ਜੇਬ ਵਿਚੋਂ ਹੀ ਨਿਕਲਦੀ ਹੈ।

ਸ੍ਰੀ ਢੀਂਡਸਾ ਨੇ ਕਿਹਾ ਕਿ ਇਨ੍ਹਾਂ ਘਪਲਿਆਂ ਦੀ ਪੁਲਿਸ ਜਾਂਚ ਲਈ ਕਾਨੂੰਨੀ ਸਲਾਹ ਲੈਣ ਉਪਰੰਤ ਸ਼ਿਕਾਇਤ ਕਰਦਿਆਂ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਜਾਵੇਗੀ। ਕਮੇਟੀ 'ਚ ਬੇਨਿਯਮੀਆਂ ਲਈ ਬਾਦਲ ਪਰਿਵਾਰ ਦੇ ਨਾਲ-ਨਾਲ ਕੈਪਟਨ ਅਮਰਿੰਦਰ ਸਿੰਘ ਦੀ ਵੀ ਓਨੀ ਹੀ ਜ਼ਿੰਮੇਵਾਰੀ ਬਣਦੀ ਹੈ। ਸਰਕਾਰ ਨੂੰ ਐਸ.ਜੀ.ਪੀ.ਸੀ. ਵਿਚ ਘਪਲਿਆਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਤੇ ਕਮੇਟੀ ਚੋਣਾਂ ਤੁਰਤ ਕਰਵਾਉਣੀਆਂ ਚਾਹੀਦੀਆਂ ਹਨ।

# ਸ਼੍ਰੋਮਣੀ ਕਮੇਟੀ ਨੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਦਿੱਤੇ 1.12 ਕਰੋੜ



**ਅੰਮ੍ਰਿਤਸਰ:** ਕਿਸਾਨੀ ਸੰਘਰਸ਼ ਦੌਰਾਨ 100 ਤੋਂ ਵੱਧ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਹੁਣ ਤੱਕ ਇਕ ਕਰੋੜ 12 ਲੱਖ ਰੁਪਏ ਮਾਇਕ ਮਦਦ ਵਜੋਂ ਦੇ ਚੁੱਕੀ ਹੈ। ਇਸੇ ਤਰ੍ਹਾਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਸਜਾ ਮੁਆਫੀ ਦੇ ਕੇਸ ਦੀ ਪੈਰਵਾਈ ਕਰਦਿਆਂ ਕਾਨੂੰਨੀ ਚਾਰਾਜੋਈ ਵਾਸਤੇ ਲਗਭਗ 58 ਲੱਖ ਰੁਪਏ ਖਰਚ ਕਰ ਚੁੱਕੀ ਹੈ।

ਸ਼੍ਰੋਮਣੀ ਕਮੇਟੀ ਨੇ ਫੈਸਲਾ ਕੀਤਾ ਸੀ ਕਿ ਕਿਸਾਨ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਇਕ ਇਕ ਲੱਖ ਰੁਪਏ ਪ੍ਰਤੀ ਪਰਿਵਾਰ ਮਾਇਕ ਮਦਦ ਦਿੱਤੀ ਜਾਵੇਗੀ। ਸਿੱਖ ਸੰਸਥਾ ਨੇ 26 ਜਨਵਰੀ ਨੂੰ ਕਿਸਾਨ ਘੋਲ ਦੌਰਾਨ ਫੌਤ ਹੋਏ ਨਵਰੀਤ ਸਿੰਘ ਦੇ ਪਰਿਵਾਰ ਨੂੰ ਵੀ ਭੋਗ ਸਮਾਗਮ ਸਮੇਂ ਮਾਇਕ ਮਦਦ ਭੇਜੀ ਹੈ। ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਬਾਕੀ ਰਹਿ ਗਏ ਪਰਿਵਾਰਾਂ ਨੂੰ ਇਹ ਮਦਦ ਭੇਜਣ ਦੀ ਪ੍ਰਕਿਰਿਆ ਜਾਰੀ ਹੈ।

ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਬਲਵੰਤ ਸਿੰਘ ਰਾਜੋਆਣਾ ਦੀ ਸਜਾ ਮੁਆਫੀ ਲਈ ਕਾਨੂੰਨੀ ਚਾਰਾਜੋਈ ਵਾਸਤੇ ਵਕੀਲ ਦੀ ਫੀਸ ਵਜੋਂ 58 ਲੱਖ ਰੁਪਏ ਦੇ ਬਿੱਲਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।


## ਸੋਨੇ ਤੇ ਚਾਂਦੀ ਦੇ ਸਿੱਕੇ ਤਿਆਰ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੋਨੇ ਅਤੇ ਚਾਂਦੀ ਦੇ ਯਾਦਗਾਰੀ ਸਿੱਕੇ ਤਿਆਰ ਕਰਵਾਏ ਜਾਣਗੇ। ਇਹ ਜਾਣਕਾਰੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦਿੱਤੀ। ਉਨ੍ਹਾਂ ਇਥੇ 400 ਸਾਲਾ ਪ੍ਰਕਾਸ਼ ਪੁਰਬ ਸਬੰਧੀ ਕਰਵਾਏ ਗਏ ਸੈਮੀਨਾਰ ਵਿਚ ਸ਼ਿਰਕਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰਾਂ ਦੀ ਲੜੀ ਕਰਵਾਈ ਜਾਵੇਗੀ ਜਿਸ ਤਹਿਤ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਵਿਚ ਪਹਿਲਾ ਸੈਮੀਨਾਰ ਕਰਵਾਇਆ ਗਿਆ।

ਉਨ੍ਹਾਂ ਕਿਹਾ ਕਿ ਇਸ ਸ਼ਤਾਬਦੀ ਨੂੰ ਸਮਰਪਿਤ ਦੇਸ਼ ਵਿਚ ਵੱਖ-ਵੱਖ ਥਾਵਾਂ 'ਤੇ 10 ਸੈਮੀਨਾਰ ਕਰਵਾਏ ਜਾਣਗੇ ਅਤੇ ਇਨ੍ਹਾਂ ਸੈਮੀਨਾਰਾਂ ਦੌਰਾਨ ਪੜ੍ਹੇ ਗਏ ਪਰਚਿਆਂ ਵਿਚੋਂ ਚੋਣਵਿਆਂ ਨੂੰ ਕਿਤਾਬੀ ਰੂਪ ਦਿੱਤਾ ਜਾਵੇਗਾ। ਮੁੱਖ ਭਾਸ਼ਣ ਦਿੰਦਿਆਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀ ਪਾਵਨ ਗੁਰਬਾਣੀ ਤੋਂ ਲੋਕਾਂ ਨੂੰ ਬਿਹਤਰ ਜੀਵਨ ਜਿਊਣ ਦੇ ਰਾਹ ਬਾਰੇ ਜਾਣਕਾਰੀ ਮਿਲਦੀ ਹੈ।

# ਆਜ਼ਾਦੀ ਘੁਲਾਟੀਆਂ ਤੇ ਵਾਰਸਾਂ ਦੇ ਪਰਿਵਾਰਾਂ ਨੂੰ ਮਿਲੀ 300 ਬਿਜਲੀ ਯੂਨਿਟ ਦੀ ਮੁਆਫੀ

**ਸੰਗਰੂਰ:** ਪੰਜਾਬ ਸਰਕਾਰ ਨੇ ਆਜ਼ਾਦੀ ਘੁਲਾਟੀਆਂ ਦੀ ਲੰਮੇ ਸਮੇਂ ਤੋਂ ਲਟਕ ਰਹੀ ਮੰਗ ਨੂੰ ਪ੍ਰਵਾਨ ਕਰਦਿਆਂ 300 ਬਿਜਲੀ ਯੂਨਿਟ ਪ੍ਰਤੀ ਮਹੀਨਾ ਮੁਫਤ ਦੇਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪਾਵਰਕਾਮ ਨੇ ਸੂਬੇ ਦੇ ਡਿਪਟੀ ਕਮਿਸ਼ਨਰਾਂ ਤੋਂ ਆਜ਼ਾਦੀ ਘੁਲਾਟੀਆਂ ਅਤੇ ਵਾਰਸਾਂ ਦੇ ਪਰਿਵਾਰਾਂ ਦੀ ਗਿਣਤੀ ਦਾ ਵੇਰਵਾ ਮੰਗਿਆ ਹੈ।



ਜ਼ਿਕਰਯੋਗ ਹੈ ਕਿ 24 ਨਵੰਬਰ 2020 ਨੂੰ ਪੰਜਾਬ ਸਰਕਾਰ ਦੇ ਸਕੱਤਰ ਨੇ ਪੱਤਰ ਨੰ: 12/41/2019-20 ਐਫ.ਐਫ./79 ਰਾਹੀਂ ਅਡੀਸ਼ਨਲ ਚੀਫ ਸੈਕਟਰੀ ਪੰਜਾਬ ਸਰਕਾਰ (ਡਿਪਾਰਟਮੈਂਟ ਆਫ ਪਾਵਰ) ਨੂੰ ਲਿਖਿਆ ਸੀ ਕਿ ਆਜ਼ਾਦੀ ਘੁਲਾਟੀਆਂ ਅਤੇ ਵਾਰਸਾਂ ਦੇ ਪਰਿਵਾਰਾਂ ਨੂੰ 300 ਯੂਨਿਟ ਬਿਜਲੀ ਪ੍ਰਤੀ ਮਹੀਨਾ ਮੁਫਤ ਦੇਣ ਬਾਰੇ ਅਗਲੀ ਕਾਰਵਾਈ ਕੀਤੀ ਜਾਵੇ। ਇਸ ਪੱਤਰ 'ਤੇ ਅਮਲ ਕਰਦੇ ਹੋਏ ਚੀਫ ਇੰਜੀਨੀਅਰ (ਕਮਰਸ਼ੀਅਲ) ਪਾਵਰਕਾਮ ਪਟਿਆਲਾ ਨੇ ਸਾਰੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਨੰ: 26/47 ਰਾਹੀਂ ਸਾਰੇ ਆਜ਼ਾਦੀ ਘੁਲਾਟੀਆਂ ਅਤੇ ਵਾਰਸਾਂ ਦੇ ਪਰਿਵਾਰਾਂ ਦਾ ਵੇਰਵਾ ਮੰਗ ਲਿਆ ਹੈ ਤਾਂ ਕਿ ਮੁਫਤ ਬਿਜਲੀ ਦੀ ਇਹ ਸਹੂਲਤ ਜਲਦ ਦਿੱਤੀ ਜਾ ਸਕੇ।

ਇਹ ਜਾਣਕਾਰੀ ਫਰੀਡਮ ਫਾਈਟਰਜ਼ ਉਤਰਾਧਿਕਾਰੀ ਸੂਬਾ ਤਾਲਮੇਲ ਕਮੇਟੀ ਪੰਜਾਬ ਦੇ ਕਨਵੀਨਰ ਪ੍ਰਕਾਸ਼ ਸਿੰਘ ਧਾਲੀਵਾਲ ਅਤੇ ਸੂਬਾ ਕਾਨੂੰਨੀ ਸਲਾਹਕਾਰ ਐਡਵੋਕੇਟ ਦਲਜੀਤ ਸਿੰਘ ਸੇਖੋਂ ਨੇ ਦਿੱਤੀ।

## ਯੂ.ਕੇ. ਦੇ ਖਾਲਸਾ ਟੀਵੀ ਨੂੰ 50 ਹਜ਼ਾਰ ਪੌਂਡ ਜੁਰਮਾਨਾ

**ਲੰਡਨ:** ਯੂ.ਕੇ. ਵਿਚ ਮੀਡੀਆ ਦੀ ਨਿਗਰਾਨੀ ਕਰਨ ਵਾਲੀ ਅਥਾਰਿਟੀ ਨੇ ਖਾਲਸਾ ਟੈਲੀਵਿਜ਼ਨ ਲਿਮਟਿਡ (ਕੇ.ਟੀ.ਵੀ.) ਨੂੰ 50 ਹਜ਼ਾਰ ਪੌਂਡ ਜੁਰਮਾਨਾ ਕੀਤਾ ਹੈ। ਕੇ.ਟੀ.ਵੀ. ਨੂੰ ਇਹ ਜੁਰਮਾਨਾ ਇਕ ਸੰਗੀਤ ਵੀਡੀਓ ਤੇ ਇਕ ਪ੍ਰੋਗਰਾਮ ਦਾ ਪ੍ਰਸਾਰਨ ਕਰਨ ਲਈ ਕੀਤਾ ਗਿਆ ਹੈ ਜਿਸ ਵਿਚ ਅਸਿੱਧੇ ਤੌਰ 'ਤੇ ਬਰਤਾਨਵੀ ਸਿੱਖਾਂ ਨੂੰ ਹਿੰਸਾ ਕਰਨ ਦਾ ਸੱਦਾ ਦਿੱਤਾ ਗਿਆ ਸੀ। ਇਨ੍ਹਾਂ ਵਿਚ ਅਤਿਵਾਦ ਨਾਲ ਜੁੜੇ ਹਵਾਲੇ ਵੀ ਦਿੱਤੇ ਗਏ ਸਨ।

'ਦੀ ਆਫਿਸ ਆਫ ਕਮਿਊਨਿਕੇਸ਼ਨਜ (ਆਫਕਾਮ) ਜੋ ਕਿ ਯੂ.ਕੇ. ਦੀ ਸਰਕਾਰੀ ਮੀਡੀਆ ਰੈਗੂਲੇਟਰੀ ਅਥਾਰਿਟੀ ਹੈ, ਨੇ ਜਰਮਾਨੇ ਦੇ ਹੁਕਮ ਜਾਰੀ ਕੀਤੇ ਹਨ। ਅਥਾਰਿਟੀ ਨੇ ਆਪਣੇ ਹੁਕਮ ਵਿਚ ਚੈਨਲ ਨੂੰ ਹਦਾਇਤ ਦਿੱਤੀ ਹੈ ਕਿ ਆਫਕਾਮ ਦੀ ਪੜਤਾਲ ਬਾਰੇ ਉਹ ਸਪੱਸ਼ਟੀਕਰਨ ਜਾਰੀ ਕਰਨ। ਸਪੱਸ਼ਟੀਕਰਨ ਜਾਰੀ ਕਰਨ ਦੀ ਤਰੀਕ ਤੇ ਰੂਪ-ਰੇਖਾ ਬਾਰੇ ਚੈਨਲ ਨੂੰ ਅਥਾਰਿਟੀ ਖੁਦ ਦੱਸੇਗੀ। ਇਸ ਤੋਂ ਇਲਾਵਾ ਕੇ.ਟੀ.ਵੀ. ਨੂੰ ਵੀਡੀਓ ਤੇ ਪ੍ਰੋਗਰਾਮ ਦਾ ਪ੍ਰਸਾਰਨ ਮੁੜ ਨਾ ਕਰਨ ਲਈ ਕਿਹਾ ਗਿਆ ਹੈ।

# ਰਾਜੋਆਣਾ ਕੇਸ: ਸੁਪਰੀਮ ਕੋਰਟ ਵੱਲੋਂ ਛੇ ਹਫਤੇ ਦੀ ਮੋਹਲਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ ਲਈ ਕੇਂਦਰ ਸਰਕਾਰ ਨੂੰ ਛੇ ਹਫਤਿਆਂ ਦਾ ਹੋਰ ਸਮਾਂ ਦੇ ਦਿੱਤਾ ਹੈ।

ਕੇਂਦਰ ਸਰਕਾਰ ਨੇ ਹਾਲਾਂਕਿ ਆਪਣਾ ਪੱਖ ਰੱਖਦਿਆਂ ਸਾਫ ਕਰ ਦਿੱਤਾ ਕਿ ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ ਬਕਾਇਆ ਹੈ ਤੇ ਇਹ ਅਜਿਹਾ ਕੇਸ ਹੈ ਜਿਸ ਵਿਚ ਮੁਜਰਮ 'ਖਾਲਿਸਤਾਨ' ਦੇ ਮੁੱਦੇ 'ਤੇ ਸਾਬਕਾ ਮੁੱਖ ਮੰਤਰੀ ਦੇ ਕਤਲ ਦਾ ਦੋਸ਼ੀ ਹੈ। ਸਰਕਾਰ ਨੇ ਸਿਖਰਲੀ ਅਦਾਲਤ ਨੂੰ ਦੱਸਿਆ ਕਿ ਅਮਲ ਸ਼ੁਰੂ ਹੋ ਚੁੱਕਾ ਹੈ ਤੇ ਰਾਸ਼ਟਰਪਤੀ ਜਲਦੀ ਹੀ ਫੈਸਲਾ ਲੈਣਗੇ। ਰਾਜੋਆਣਾ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਹੈ।

ਯਾਦ ਰਹੇ ਕਿ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਦਾ ਆਧਾਰ ਹੈ ਕਿ ਉਹ ਪਿਛਲੇ 25 ਸਾਲਾਂ ਤੋਂ ਜੇਲ੍ਹ ਵਿਚ ਹੈ ਤੇ ਉਸ ਦੀ ਅਪੀਲ ਪਿਛਲੇ 9 ਸਾਲਾਂ ਤੋਂ ਬਕਾਇਆ ਪਈ ਹੈ, ਇਸ 'ਤੇ ਹੁਣ ਕਾਰਵਾਈ ਚਾਹੀਦੀ ਹੈ।



ਸਰਕਾਰ ਵੱਲੋਂ ਪੇਸ਼ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਚੀਫ ਜਸਟਿਸ ਐਸ.ਏ.ਬੋਬੜੇ ਦੀ ਸ਼ਮੂਲੀਅਤ ਵਾਲੇ ਬੈਂਚ ਨੂੰ ਦੱਸਿਆ ਕਿ ਰਾਜੋਆਣਾ ਨੇ ਸਾਬਕਾ ਮੁੱਖ ਮੰਤਰੀ (ਬੇਅੰਤ ਸਿੰਘ) ਨੂੰ ਸਿੱਖਾਂ ਲਈ ਵੱਖਰੇ ਰਾਜ 'ਖਾਲਿਸਤਾਨ' ਦੀ ਮੰਗ ਨਾਲ ਜੁੜੇ ਮੁੱਦੇ 'ਤੇ ਕਤਲ ਕੀਤਾ ਸੀ।

## ਪ੍ਰਕਾਸ਼ ਪੁਰਬ ਸਬੰਧੀ ਛੁੱਟੀ 'ਤੇ ਸਰਕਾਰ ਨੂੰ ਮੋਹਲਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਵਸ ਨੂੰ ਕੌਮੀ ਛੁੱਟੀ ਐਲਾਨਣ ਸਬੰਧੀ ਅਪੀਲ ਦਾ ਜੁਆਬ ਦਾਇਰ ਕਰਨ ਲਈ ਕੇਂਦਰ ਸਰਕਾਰ ਨੂੰ ਚਾਰ ਹੋਰ ਹਫਤਿਆਂ ਦੀ ਮੋਹਲਤ ਦਿੱਤੀ ਹੈ। ਇਹ ਅਪੀਲ 'ਆਲ ਇੰਡੀਆ ਸ਼੍ਰੋਮਣੀ ਸਿੰਘ ਸਭਾ' ਨੇ ਪਾਈ ਹੈ। ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਨੇ ਕੇਂਦਰ ਵੱਲੋਂ ਪੇਸ਼ ਹੁੰਦਿਆਂ ਚਾਰ ਹਫਤਿਆਂ ਦਾ ਸਮਾਂ ਮੰਗਿਆ ਸੀ। ਇਸ ਮਾਮਲੇ ਦੀ ਸੁਣਵਾਈ ਚੀਫ ਜਸਟਿਸ ਐਸ.ਏ. ਬੋਬੜੇ ਦੀ ਅਗਵਾਈ ਵਾਲਾ ਬੈਂਚ ਕਰ ਰਿਹਾ ਹੈ, ਜਿਸ 'ਚ ਜਸਟਿਸ ਏ.ਐਸ. ਬੋਪੰਨਾ ਅਤੇ ਜਸਟਿਸ ਵੀ. ਰਾਮਾਸੁਬਰਾਮਨੀਅਨ ਸ਼ਾਮਲ ਹਨ।

# ਜੋਸ਼ੀ ਮੱਠ 'ਚ ਫਸੇ ਲੋਕਾਂ ਦੀ ਮਦਦ ਲਈ ਅੱਗੇ ਆਇਆ ਸਿੱਖ ਭਾਈਚਾਰਾ

**ਅੰਮ੍ਰਿਤਸਰ:** ਇਕ ਪਾਸੇ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਅਤਿਵਾਦੀ ਅਤੇ ਵੱਖਵਾਦੀ ਕਹਿ ਕੇ ਭੰਡਿਆ ਜਾ ਰਿਹਾ ਹੈ ਪਰ ਦੂਜੇ ਪਾਸੇ ਇਸ ਭੰਡੀ ਪ੍ਰਚਾਰ ਦੇ ਬਾਵਜੂਦ ਸਿੱਖ ਭਾਈਚਾਰੇ ਵੱਲੋਂ ਉਤਰਾਂਚਲ ਵਿਚ ਜੋਸ਼ੀ ਮੱਠ ਨੇੜੇ ਬਰਫ ਖਿਸਕਣ ਨਾਲ ਆਏ ਸੰਕਟ ਵਿਚ ਫਸੇ ਲੋਕਾਂ ਨੂੰ ਲੰਗਰ ਅਤੇ ਰਿਹਾਇਸ਼ ਮੁਹੱਈਆ ਕਰਵਾ ਕੇ ਮਨੁੱਖਤਾ ਦੀ ਸੇਵਾ ਕੀਤੀ ਜਾ ਰਹੀ ਹੈ। ਇਹ ਸੇਵਾ ਦਾ ਕਾਰਜ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਵੱਲੋਂ ਕੀਤਾ ਜਾ ਰਿਹਾ ਹੈ।



ਸੰਕਟ 'ਚ ਫਸੇ ਲੋਕਾਂ ਨੂੰ ਬਚਾਉਣ ਲਈ ਮਦਦ ਵਾਸਤੇ ਆਏ ਐਨ.ਡੀ.ਆਰ.ਐਫ., ਐਸ.ਡੀ.ਆਰ.ਐਫ. ਅਤੇ ਪੀ.ਏ.ਸੀ. ਦੀਆਂ ਬਟਾਲੀਅਨਾਂ ਦੇ ਜਵਾਨਾਂ ਨੂੰ ਰਹਿਣ ਲਈ ਗੁਰਦੁਆਰਾ ਜੋਸ਼ੀ ਮੱਠ ਵਿਚ ਰਿਹਾਇਸ਼ ਅਤੇ ਤਿੰਨ ਸਮੇਂ ਦਾ ਲੰਗਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਜਿਨ੍ਹਾਂ ਪਰਿਵਾਰਾਂ ਦੇ ਮੈਂਬਰ ਲਾਪਤਾ ਹਨ, ਉਨ੍ਹਾਂ ਨੂੰ ਵੀ ਗੁਰਦੁਆਰੇ ਵਿਚ ਰਿਹਾਇਸ਼ ਅਤੇ ਲੰਗਰ ਛਕਾਇਆ ਜਾ ਰਿਹਾ ਹੈ। ਇਸ ਦੌਰਾਨ ਪ੍ਰਭਾਵਿਤ ਪਿੰਡ ਰੈਣੀ ਅਤੇ ਤਪੋਵਨ ਵਿਚ ਵੀ ਇਕ ਹਜ਼ਾਰ ਬੰਦਿਆਂ ਦਾ ਲੰਗਰ ਤਿਆਰ ਕਰਕੇ ਭੇਜਿਆ ਗਿਆ।

ਗੁਰਦੁਆਰਾ ਗੋਬਿੰਦ ਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਸੰਕਟ ਵਿਚ ਫਸੇ ਲੋਕਾਂ ਦੀ ਗੁਰੂ ਘਰ ਵੱਲੋਂ ਨਿਰੰਤਰ ਮਦਦ ਕੀਤੀ ਜਾ ਰਹੀ ਹੈ। 7 ਫਰਵਰੀ ਨੂੰ ਕੁਦਰਤੀ ਆਫਤ ਆਈ ਸੀ, ਜਿਸ ਤਹਿਤ ਹੜ੍ਹ ਆਉਣ ਕਾਰਨ ਲਗਭਗ 200 ਤੋਂ ਵੱਧ ਵਿਅਕਤੀ ਲਾਪਤਾ ਹੋ ਗਏ ਸਨ। ਹੁਣ ਤੱਕ ਲਗਭਗ 37 ਤੋਂ ਵੱਧ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ ਹਨ ਅਤੇ ਬਾਕੀ ਹਾਲੇ ਵੀ ਲਾਪਤਾ ਹਨ।

ਜੋਸ਼ੀ ਮੱਠ ਸਥਿਤ ਗੁਰਦੁਆਰੇ ਵਿਚ ਬਚਾਅ ਦਲ ਨਾਲ ਸਬੰਧਤ ਵੱਖ-ਵੱਖ ਰਾਹਤ ਦਲਾਂ ਦੇ ਲਗਭਗ 230 ਕਰਮਚਾਰੀ 8 ਫਰਵਰੀ ਤੋਂ ਠਹਿਰੇ ਹੋਏ ਹਨ। ਇਸ ਤੋਂ ਇਲਾਵਾ ਲਾਪਤਾ ਵਿਅਕਤੀਆਂ ਦੇ ਪਰਿਵਾਰਾਂ ਨੂੰ ਵੀ ਗੁਰੂ ਘਰ ਵਿਚ ਆਸਰਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਕ ਹਜ਼ਾਰ ਵਿਅਕਤੀਆਂ ਦਾ ਲੰਗਰ ਜੋਸ਼ੀ ਮੱਠ ਤੋਂ 22 ਕਿਲੋਮੀਟਰ ਦੂਰ ਪਿੰਡ ਰੈਣੀ ਅਤੇ 15 ਕਿਲੋਮੀਟਰ ਦੂਰ ਤਪੋਵਨ ਵਿਚ ਭੇਜਿਆ ਗਿਆ ਹੈ।

# ਬੇਅਦਬੀ ਕਾਂਡ: ਜਾਂਚ ਟੀਮ ਦੀ ਅਗਵਾਈ ਪਰਮਾਰ ਨੂੰ ਸੌਂਪੀ

**ਫਰੀਦਕੋਟ:** ਜਿਲ੍ਹੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਵਾਪਰੀਆਂ ਤਿੰਨ ਘਟਨਾਵਾਂ ਦੀ ਪੜਤਾਲ ਲਈ ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ 'ਤੇ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਨੂੰ ਹਟਾ ਕੇ ਉਨ੍ਹਾਂ ਦੀ ਥਾਂ 'ਤੇ ਬਾਰਡਰ ਰੇਂਜ ਦੇ ਆਈ.ਜੀ. ਐਸ.ਪੀ.ਐਸ. ਪਰਮਾਰ ਨੂੰ ਜਾਂਚ ਟੀਮ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਇਸ ਟੀਮ ਦੇ ਮੈਂਬਰ ਵਜੋਂ ਆਪਣਾ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਪਹਿਲੀ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਇਆ ਸੀ।

24 ਸਤੰਬਰ ਨੂੰ ਪਿੰਡ ਬਰਗਾੜੀ ਵਿਚ ਇਤਰਾਜ਼ਯੋਗ ਪੋਸਟਰ ਚਿਪਕਾਏ ਗਏ ਤੇ 12 ਅਕਤੂਬਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਪਾੜੇ ਹੋਏ ਅੰਗ ਗਲੀਆਂ ਵਿਚੋਂ ਮਿਲੇ ਸਨ। ਇਨ੍ਹਾਂ ਘਟਨਾਵਾਂ ਸਬੰਧੀ ਬਾਜਾਖਾਨਾ ਪੁਲਿਸ ਨੇ ਆਈ.ਪੀ.ਸੀ. ਦੀ ਧਾਰਾ 295/120-ਬੀ ਤਹਿਤ ਅਣਪਛਾਤੇ ਵਿਅਕਤੀਆਂ ਖਿਲਾਫ ਤਿੰਨ ਮੁਕੱਦਮੇ ਦਰਜ ਕੀਤੇ ਸਨ। ਇਨ੍ਹਾਂ ਮਾਮਲਿਆਂ ਦੀ ਪੜਤਾਲ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਡੀ.ਆਈ.ਜੀ ਰਣਬੀਰ ਸਿੰਘ ਖੱਟੜਾ ਨੂੰ ਸੌਂਪੀ ਗਈ ਸੀ। ਹੁਣ ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਇਨ੍ਹਾਂ ਤਿੰਨੇ ਮਾਮਲਿਆਂ ਦੀ ਪੜਤਾਲ ਲਈ ਗਠਿਤ ਕੀਤੀ ਗਈ ਵਿਸ਼ੇਸ਼ ਜਾਂਚ ਟੀਮ ਦੇ ਮੁਖੀ ਦਾ ਤਬਾਦਲਾ ਕਰ ਦਿੱਤਾ ਹੈ।

ਗੁਰੂ ਗ੍ਰੰਥ ਸਾਹਿਬ ਚੋਰੀ ਦੇ ਮਾਮਲੇ ਵਿਚ ਹੁਣ ਤੱਕ ਜਾਂਚ ਟੀਮ ਲਗਭਗ ਪੰਜ ਸਾਲ ਦੀ ਪੜਤਾਲ ਉਪਰੰਤ ਅਦਾਲਤ ਵਿਚ ਸਿਰਫ ਚਲਾਨ ਹੀ ਪੇਸ਼ ਕਰ ਸਕੀ ਹੈ, ਜਿਸ ਨੂੰ ਵੀ ਹਾਈ ਕੋਰਟ ਨੇ ਰੱਦ ਕਰ ਦਿੱਤਾ। ਇਨ੍ਹਾਂ ਤਿੰਨੇ ਮਾਮਲਿਆਂ ਦੀ ਪੜਤਾਲ ਸੀ.ਬੀ.ਆਈ ਨੇ ਵੀ ਕੀਤੀ ਸੀ ਪਰ ਸੀ.ਬੀ.ਆਈ ਕਿਸੇ ਤਸੱਲੀਬਖ਼ਸ਼ ਸਿੱਟੇ 'ਤੇ ਨਹੀਂ ਪਹੁੰਚ ਸਕੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਮਗਰੋਂ ਸੀ.ਬੀ.ਆਈ ਨੇ ਕੁਝ ਦਿਨ ਪਹਿਲਾਂ ਸਾਰੀਆਂ ਫਾਈਲਾਂ ਪੰਜਾਬ ਸਰਕਾਰ ਨੂੰ ਸੌਂਪੀਆਂ ਸਨ, ਜੋ ਹੁਣ ਸਰਕਾਰ ਨੇ ਜਾਂਚ ਟੀਮ ਦੇ ਹਵਾਲੇ ਕਰ ਦਿੱਤੀਆਂ ਹਨ, ਜਿਸ ਨੂੰ ਹੁਣ ਜਾਂਚ ਟੀਮ ਦਾ ਨਵਾਂ ਮੁਖੀ ਵਿਚਾਰੇਗਾ।

# 'ਭਾਰਤ ਵਿਚ ਧਰਤੀ ਹੇਠਲਾ 20 ਫੀਸਦੀ ਪਾਣੀ ਜ਼ਹਿਰੀਲਾ'

**ਨਵੀਂ ਦਿੱਲੀ:** ਆਈ.ਆਈ. ਟੀ. ਖੜਗਪੁਰ ਦੇ ਇਕ ਨਵੇਂ ਅਧਿਐਨ 'ਚ ਕਿਹਾ ਗਿਆ ਹੈ ਕਿ ਭਾਰਤ ਦੇ ਕੁੱਲ ਜ਼ਮੀਨੀ ਖੇਤਰ ਦੇ ਲਗਭਗ 20 ਫੀਸਦੀ ਧਰਤੀ ਹੇਠਲੇ ਪਾਣੀ 'ਚ ਜ਼ਹਿਰੀਲੇ ਤੱਤ ਪਾਏ ਗਏ ਹਨ ਅਤੇ ਦੇਸ ਦੇ 25 ਕਰੋੜ ਲੋਕਾਂ ਨੂੰ ਇਨ੍ਹਾਂ ਜ਼ਹਿਰੀਲੇ ਤੱਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖੋਜਕਰਤਾਵਾਂ ਅਨੁਸਾਰ ਉਨ੍ਹਾਂ ਦੀ ਇਸ ਖੋਜ 'ਚ ਉਚ ਜ਼ਹਿਰੀਲੇ ਸੰਖੀਏ ਵਾਲੇ (ਆਰਸੈਨਿਕ) ਜ਼ੋਨਾਂ ਵੱਲ ਸੰਕੇਤ ਕੀਤਾ ਗਿਆ ਹੈ, ਜਿਸ ਸਬੰਧੀ ਵੱਖ-ਵੱਖ ਸਰਕਾਰੀ ਤੇ ਗੈਰ-ਸਰਕਾਰੀ ਸੰਗਠਨਾਂ ਦੁਆਰਾ ਆਰਸੈਨਿਕ ਨਮੂਨਿਆਂ ਦੇ ਅਭਿਆਸਾਂ ਤੇ ਰਿਪੋਰਟਾਂ ਤੋਂ ਵੱਡੀ ਆਬਾਦੀ ਪਹਿਲਾਂ ਤੋਂ ਜਾਣੂ ਹੈ।

'ਸਾਇੰਸ ਆਫ ਦਾ ਟੋਟਲ ਇਨਵਾਇਰਮੈਂਟ' ਰਸਾਲੇ 'ਚ ਪ੍ਰਕਾਸ਼ਿਤ ਇਸ ਖੋਜ ਅਧਿਐਨ 'ਚ ਸੰਕੇਤ ਦਿੱਤਾ ਗਿਆ ਹੈ ਕਿ ਭਾਰਤ ਦੇ ਮੌਜੂਦਾ



ਆਰਸੈਨਿਕ ਪੱਧਰ ਦੇ ਵਧੇਰੇ ਨਮੂਨੇ ਲੈਣ ਦੀ ਵੱਡੀ ਜਰੂਰਤ ਹੈ। ਇਸ ਅਧਿਐਨ ਮੁਤਾਬਕ ਉੱਚ ਆਰਸੈਨਿਕ ਖੇਤਰ ਜ਼ਿਆਦਾਤਰ ਸਿੰਧ-ਗੰਗਾ-ਬ੍ਰਹਮਪੁੱਤਰ ਨਦੀ ਦੇ ਬੇਸਿਨ ਤੇ ਭਾਰਤ ਦੇ ਪ੍ਰਾਈਦੀਪਾਂ (ਟਾਪੂਆਂ) 'ਚ ਸਥਿਤ ਹੈ। ਇਸ ਅਧਿਐਨ ਅਨੁਸਾਰ ਪਾਣੀ 'ਚ ਜ਼ਹਿਰੀਲੇ ਤੱਤਾਂ ਦੇ ਮਾਮਲੇ 'ਚ 92 ਫੀਸਦੀ ਨਾਲ ਪੰਜਾਬ ਸਭ ਤੋਂ ਮੂਹਰੇ ਹੈ, ਜਦਕਿ ਬਿਹਾਰ 70 ਫੀਸਦੀ, ਪੱਛਮੀ ਬੰਗਾਲ 69 ਫੀਸਦੀ, ਅਸਾਮ 48 ਫੀਸਦੀ, ਹਰਿਆਣਾ 43 ਫੀਸਦੀ, ਉਤਰ ਪ੍ਰਦੇਸ 28 ਫੀਸਦੀ ਤੇ ਗੁਜਰਾਤ 24 ਫੀਸਦੀ ਆਰਸੈਨਿਕ ਪਾਇਆ ਜਾਂਦਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਆਰਸੈਨਿਕ ਆਪਣੇ ਅਜੀਵ ਰੂਪ 'ਚ ਬਹੁਤ ਜ਼ਹਿਰੀਲਾ ਹੈ, ਜਿਸ 'ਚ ਪੀਣ ਵਾਲੇ ਪਾਣੀ ਤੇ ਭੋਜਨ ਦੇ ਤੱਤਾਂ ਦੇ ਲੰਬੇ ਸਮੇਂ ਤੱਕ ਇਨ੍ਹਾਂ ਦੇ ਸੰਪਰਕ 'ਚ ਰਹਿਣ ਦੇ ਚੱਲਦੇ ਕੈਂਸਰ ਤੇ ਚਮੜੀ ਰੋਗਾਂ ਸਮੇਤ ਹੋਰ ਸਰੀਰਕ ਬਿਮਾਰੀਆਂ ਹੋ ਸਕਦੀਆਂ ਹਨ।

# ਬਹਿਬਲ ਕਾਂਡ: ਸੁਮੇਧ ਸੈਣੀ ਤੇ ਉਮਰਾਨੰਗਲ ਦੀ ਜ਼ਮਾਨਤ ਅਰਜ਼ੀ ਰੱਦ

**ਫਰੀਦਕੋਟ:** ਸਥਾਨਕ ਸੈਸ਼ਨ ਜੱਜ ਸੁਮੀਤ ਮਲਹੋਤਰਾ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਅਤੇ ਮੁਅੱਤਲੀ ਅਧੀਨ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਦੀ ਬਹਿਬਲ ਗੋਲੀ ਕਾਂਡ ਵਿਚ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ। ਵਿਸ਼ੇਸ਼ ਜਾਂਚ ਟੀਮ ਨੇ ਸੈਣੀ ਅਤੇ ਉਮਰਾਨੰਗਲ ਖਿਲਾਫ ਬਹਿਬਲ ਗੋਲੀ ਕਾਂਡ ਵਿਚ 15 ਜਨਵਰੀ ਨੂੰ ਚਲਾਨ ਅਦਾਲਤ ਵਿਚ ਪੇਸ਼ ਕੀਤਾ ਸੀ ਅਤੇ ਅਦਾਲਤ ਨੇ ਸੁਮੇਧ ਸੈਣੀ ਦੇ 1 ਮਾਰਚ ਲਈ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਹੋਏ ਹਨ, ਜਦਕਿ ਉਮਰਾਨੰਗਲ ਵੀ ਅਦਾਲਤ ਵਿਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਗਏ ਹਨ।

ਅਦਾਲਤ ਵਿਚ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਦੌਰਾਨ ਜਿਲ੍ਹਾ ਅਟਾਰਨੀ ਰਜਨੀਸ਼ ਗੋਇਲ ਨੇ ਕਿਹਾ ਕਿ ਬਹਿਬਲ ਗੋਲੀ ਕਾਂਡ ਵਿਚ ਸੈਣੀ ਅਤੇ ਉਮਰਾਨੰਗਲ ਨੂੰ ਸਾਜਿਸ਼ਕਾਰ ਵਜੋਂ ਮੁਲਜ਼ਮ ਨਾਮਜ਼ਦ ਕੀਤਾ ਗਿਆ ਹੈ ਅਤੇ ਜੇਕਰ ਇਨ੍ਹਾਂ ਨੂੰ ਅਗਾਊਂ ਜ਼ਮਾਨਤ ਮਿਲਦੀ ਹੈ ਤਾਂ ਕੇਸ ਵਿਚਲੇ ਗਵਾਹਾਂ ਨੂੰ ਪ੍ਰਭਾਵਿਤ ਕੀਤੇ ਜਾਣ ਦਾ ਖਦਸ਼ਾ ਹੈ। ਅਦਾਲਤ ਵਿਚ ਵਿਸ਼ੇਸ਼ ਜਾਂਚ ਟੀਮ ਅਤੇ ਪੁਲਿਸ ਅਧਿਕਾਰੀਆਂ ਦੇ ਵਕੀਲਾਂ ਦਰਮਿਆਨ ਹੋਈ ਬਹਿਸ 'ਚ ਖੁਲਾਸਾ ਹੋਇਆ ਕਿ ਵਿਸ਼ੇਸ਼ ਜਾਂਚ ਟੀਮ ਸੁਮੇਧ ਸੈਣੀ ਤੋਂ ਬਾਅਦ ਇਸ ਮਾਮਲੇ ਵਿਚ ਹੋਰ ਵੀ ਵੱਡੇ ਵਿਅਕਤੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕਰ ਸਕਦੀ ਹੈ। ਅਦਾਲਤ ਨੇ ਬਹਿਬਲ ਗੋਲੀ ਕਾਂਡ ਨੂੰ ਗੰਭੀਰ ਅਪਰਾਧ ਮੰਨਦਿਆਂ ਆਪਣੇ ਹੁਕਮ ਵਿਚ ਕਿਹਾ ਹੈ ਕਿ ਇਸ ਗੋਲੀ ਕਾਂਡ ਵਿਚ ਦੋ ਨੌਜਵਾਨਾਂ ਦੀ ਮੌਤ ਹੋਈ ਹੈ।

ਇਸ ਕਰਕੇ ਅਜਿਹੇ ਗੰਭੀਰ ਅਪਰਾਧ ਵਿਚ ਅਗਾਊਂ ਜ਼ਮਾਨਤ ਦੇਣਾ ਜਾਇਜ਼ ਨਹੀਂ ਹੈ। ਪੰਜਾਬ ਸਰਕਾਰ ਨੇ ਅਦਾਲਤ ਵਿਚ ਖੁਲਾਸਾ ਕੀਤਾ ਕਿ ਪੁਲਿਸ ਨੇ ਜਿਹੜੇ ਲੋਕਾਂ 'ਤੇ ਗੋਲੀਆਂ ਚਲਾਈਆਂ, ਉਹ ਬਿਲਕੁਲ ਨਿਹੱਥੇ ਸਨ ਅਤੇ ਸ਼ਾਂਤਮਈ ਅੰਦੋਲਨ ਕਰਕੇ ਬੇਅਦਬੀ ਕਾਂਡ ਦੇ ਕਥਿਤ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਸਨ। ਸਰਕਾਰ ਨੇ ਅਦਾਲਤ ਨੂੰ ਇਹ ਵੀ ਦੱਸਿਆ ਕਿ ਬਹਿਬਲ ਗੋਲੀ ਕਾਂਡ ਵਿਚ ਦੋ ਸਿੱਖ ਨੌਜਵਾਨਾਂ ਦੀ ਮੌਤ ਮਗਰੋਂ ਪੁਲਿਸ ਅਧਿਕਾਰੀ ਇਕ-ਦੂਜੇ ਨੂੰ ਸ਼ੁਭ ਇੱਛਾਵਾਂ ਦੇ ਰਹੇ ਸਨ। ਉਮਰਾਨੰਗਲ ਅਤੇ ਡੀ.ਜੀ.ਪੀ. ਦੀ ਬਹਿਬਲ ਗੋਲੀ ਕਾਂਡ ਦੌਰਾਨ ਕੁਝ ਘੰਟਿਆਂ ਵਿਚ ਹੀ ਫੋਨ 'ਤੇ 22 ਵਾਰ ਗੱਲਬਾਤ ਹੋਈ। ਜਾਂਚ ਟੀਮ ਨੇ ਦਾਅਵਾ ਕੀਤਾ ਕਿ ਗੋਲੀ ਕਾਂਡ ਦੀ ਸਾਜ਼ਿਸ਼ ਜਾਣਬੁਝ ਰਚੀ ਗਈ ਸੀ ਤਾਂ ਜੋ ਆਮ ਲੋਕਾਂ ਵਿਚ ਖੌਫ ਪੈਦਾ ਕੀਤਾ ਜਾ ਸਕੇ।

# ਹਵਾਈ ਕੰਪਨੀ ਵੱਲੋਂ ਬਠਿੰਡਾ ਅੱਡੇ ਤੋਂ ਉਡਾਣਾਂ ਤੋਂ ਹੱਥ ਖੜ੍ਹੇ

**ਬਠਿੰਡਾ:** ਬਠਿੰਡਾ ਹਵਾਈ ਅੱਡੇ ਤੋਂ ਉਡਾਣ ਲਈ ਹਵਾਈ ਕੰਪਨੀ ਨੇ ਹੱਥ ਖੜ੍ਹੇ ਕਰ ਦਿੱਤੇ ਹਨ। ਹਵਾਈ ਕੰਪਨੀ 'ਅਲਾਇਸ ਏਅਰ' ਨੇ ਸਪੱਸ਼ਟ ਆਖ ਦਿੱਤਾ ਹੈ ਕਿ ਬਿਨਾਂ ਸਬਸਿਡੀ ਤੋਂ ਬਠਿੰਡਾ-ਦਿੱਲੀ ਹਵਾਈ ਉਡਾਣ ਚਲਾਉਣਾ ਘਾਟੇ ਦਾ ਸੌਦਾ ਹੈ। ਕੇਂਦਰ ਸਰਕਾਰ ਤਰਫੋਂ ਇਸ ਉਡਾਣ ਲਈ ਮਿਲਦੀ ਸਬਸਿਡੀ ਬੰਦ ਹੋ ਗਈ ਹੈ ਜਿਸ ਮਗਰੋਂ ਇਸ ਹਵਾਈ ਅੱਡੇ ਦੇ ਭਵਿੱਖ 'ਤੇ ਸੁਆਲ ਖੜ੍ਹੇ ਹੋ ਗਏ ਹਨ। ਹਵਾਈ ਕੰਪਨੀ ਨੇ ਬਠਿੰਡਾ ਤੋਂ ਆਪਣਾ ਸਟਾਫ ਵੀ ਤਬਦੀਲ ਕਰ ਦਿੱਤਾ ਹੈ।

ਕੇਂਦਰ ਸਰਕਾਰ ਵੱਲੋਂ 'ਉਡੇ ਦੇਸ਼ ਕਾ ਆਮ ਨਾਗਰਿਕ' ਤਹਿਤ 21 ਅਕਤੂਬਰ 2016 ਨੂੰ ਖੇਤਰੀ ਸੰਪਰਕ ਸਕੀਮ 'ਉਡਾਣ' ਸ਼ੁਰੂ ਕੀਤੀ ਸੀ। ਪੰਜਾਬ ਵਿਚ ਖੇਤਰੀ ਸੰਪਰਕ ਸਕੀਮ ਤਹਿਤ ਬਠਿੰਡਾ, ਲੁਧਿਆਣਾ, ਆਦਮਪੁਰ ਤੇ ਪਠਾਨਕੋਟ ਦੇ ਹਵਾਈ ਅੱਡਿਆਂ ਤੋਂ ਉਡਾਣਾਂ ਚੱਲੀਆਂ ਸਨ। ਦੇਸ਼ ਭਰ ਦੇ ਕਰੀਬ 40 ਹਵਾਈ ਅੱਡੇ ਇਸ ਸਕੀਮ ਤਹਿਤ ਲਿਆਂਦੇ ਗਏ ਹਨ ਅਤੇ 186 ਰੂਟਾਂ ਤੋਂ ਸਬਸਿਡੀ ਵਾਲੀ ਸਹੂਲਤ ਦਿੱਤੀ ਗਈ ਸੀ। ਬਠਿੰਡਾ ਹਵਾਈ ਅੱਡਾ 10 ਦਸੰਬਰ 2016 ਨੂੰ ਚਾਲੂ ਕੀਤਾ ਗਿਆ ਸੀ। ਸ਼ੁਰੂਆਤੀ ਸਮੇਂ ਦੇ ਪਹਿਲੇ ਚਾਰ ਮਹੀਨੇ ਸਬਸਿਡੀ ਦਾ ਪੂਰਾ ਖਰਚਾ ਪੰਜਾਬ ਸਰਕਾਰ ਨੇ ਝੱਲਿਆ ਸੀ। ਉਸ ਮਗਰੋਂ ਖੇਤਰੀ ਸੰਪਰਕ ਸਕੀਮ ਤਹਿਤ ਕੇਂਦਰ ਸਰਕਾਰ ਤਰਫੋਂ ਉਡਾਣਾਂ ਲਈ ਸਬਸਿਡੀ ਦੇਣੀ ਸ਼ੁਰੂ ਕੀਤੀ ਗਈ, ਜਿਸ ਵਿਚ ਕੇਂਦਰ ਸਰਕਾਰ ਨੇ 80 ਫੀਸਦੀ ਅਤੇ ਰਾਜ ਸਰਕਾਰ ਨੇ 20 ਫੀਸਦੀ ਹਿੱਸੇਦਾਰੀ ਪਾਉਣੀ ਸੀ। ਬਠਿੰਡਾ ਹਵਾਈ ਅੱਡੇ ਤੋਂ ਉਡਾਣਾਂ 24 ਮਾਰਚ 2020 ਤੋਂ ਬੰਦ ਹੋ ਗਈਆਂ ਸਨ। ਉਸ ਪਿੱਛੋਂ 25 ਮਈ 2020 ਤੋਂ ਉਡਾਣਾਂ ਮੁੜ ਸ਼ੁਰੂ ਹੋਣੀਆਂ ਸਨ।

ਵੇਰਵਿਆਂ ਅਨੁਸਾਰ ਬਠਿੰਡਾ-ਦਿੱਲੀ ਉਡਾਣ ਲਈ ਸਬਸਿਡੀ ਅਪਰੈਲ 2020 ਤੱਕ ਦੇਣ ਦਾ ਸਮਾਂ ਸੀ। ਉਸ ਮਗਰੋਂ ਕੇਂਦਰ ਨੇ ਇਹ ਸਬਸਿਡੀ ਸਮਾਂ ਪੂਰਾ ਹੋਣ ਵਜੋਂ ਦੇਣੀ ਬੰਦ ਕਰ ਦਿੱਤੀ, ਜਿਸ ਕਰਕੇ ਇਸ ਹਵਾਈ ਅੱਡੇ ਤੋਂ ਮੁੜ ਉਡਾਣ ਸ਼ੁਰੂ ਨਹੀਂ ਹੋ ਸਕੀ। ਬਠਿੰਡਾ ਦਿੱਲੀ ਲਈ ਹਫਤੇ 'ਚੋਂ ਤਿੰਨ ਦਿਨ ਉਡਾਣ ਸੀ। ਬਠਿੰਡਾ ਜੰਮੂ ਉਡਾਣ ਵੀ ਇਸ ਵੇਲੇ ਬੰਦ ਹੋ ਗਈ ਹੈ। ਇਕ ਵਰ੍ਹਾ ਬੀਤ ਚੱਲਿਆ ਹੈ ਪਰ ਪੰਜਾਬ ਸਰਕਾਰ ਨੇ ਇਸ ਬਾਰੇ ਕੋਈ ਉਪਰਾਲਾ ਹਾਲੇ ਤੱਕ ਨਹੀਂ ਕੀਤਾ।

ਅਲਾਇਸ ਏਅਰਲਾਈਨ ਦਾ ਤਰਕ ਹੈ ਕਿ ਘੱਟ ਯਾਤਰੀ ਹੋਣ ਕਰਕੇ ਵਪਾਰਕ ਤੌਰ 'ਤੇ ਬਿਨਾਂ ਸਬਸਿਡੀ ਤੋਂ ਉਡਾਣ ਚਲਾਉਣੀ ਘਾਟੇ ਵਾਲਾ ਕਾਰੋਬਾਰ ਹੈ। ਬਠਿੰਡਾ ਦਿੱਲੀ ਲਈ 70 ਸੀਟਾਂ ਵਾਲਾ ਜਹਾਜ਼ ਚੱਲਦਾ ਹੈ ਜਿਸ ਦੀਆਂ ਪਹਿਲੀਆਂ 35 ਸੀਟਾਂ 'ਤੇ ਸਬਸਿਡੀ ਦਿੱਤੀ ਜਾਂਦੀ ਹੈ। ਪ੍ਰਤੀ ਯਾਤਰੀ ਕਰੀਬ 3311 ਰੁਪਏ ਸਬਸਿਡੀ ਸੀ ਜਿਸ 'ਚੋਂ 2648 ਰੁਪਏ ਕੇਂਦਰ ਸਰਕਾਰ ਅਤੇ 662 ਰੁਪਏ ਪੰਜਾਬ ਸਰਕਾਰ ਹਿੱਸੇਦਾਰੀ ਪਾਉਂਦੀ ਹੈ। ਬਠਿੰਡਾ ਦਿੱਲੀ ਉਡਾਣ ਲਈ ਅਨੁਮਾਨਿਤ ਸਾਲਾਨਾ ਸਬਸਿਡੀ (ਵੀ.ਜੀ.ਐਫ.) 8.46 ਕਰੋੜ ਰੁਪਏ ਰੱਖੀ ਗਈ ਹੈ। ਮੋਟੇ ਅੰਦਾਜ਼ੇ ਅਨੁਸਾਰ ਪੰਜਾਬ ਦੀਆਂ ਹਵਾਈ ਉਡਾਣਾਂ 'ਤੇ ਸਾਲਾਨਾ ਕਰੀਬ 30 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾ ਰਹੀ ਸੀ।

# ਕਿਸਾਨੀ ਸੰਘਰਸ਼ ਨੂੰ ਵੱਖਰੇ ਨਜ਼ਰੀਏ ਤੋਂ ਸਮਝਦਿਆਂ

ਪਿਛਲੇ ਸਾਲ ਕਿਸਾਨੀ ਸੰਘਰਸ਼ ਭਾਰਤ ਸਰਕਾਰ ਦੇ ਬਣਾਏ ਤਿੰਨ ਨਵੇਂ ਖੇਤੀ ਸੁਧਾਰ ਬਿੱਲ ਰੱਦ ਕਰਾਉਣ ਲਈ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸ਼ੁਰੂ ਕੀਤਾ ਸੀ। ਫਿਰ ਹਰਿਆਣਾ ਨਾਲ ਆ ਰਲਿਆ ਤੇ ਹੁਣ ਹੌਲੀ-ਹੌਲੀ ਇਹ ਸੰਘਰਸ਼ ਪੂਰੇ ਭਾਰਤ ਵਿਚ ਹੀ ਨਹੀਂ, ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਬਣ ਚੁੱਕਾ ਹੈ। ਦੇਖਣ ਨੂੰ ਤਾਂ ਭਾਵੇਂ ਇਵੇਂ ਹੀ ਲਗਦਾ ਹੈ ਕਿ

**ਹਰਚਰਨ ਸਿੰਘ ਪਰਹਾਰ**

ਇਹ ਸੰਘਰਸ਼ ਭਾਰਤ ਦੀ ਮੋਦੀ ਸਰਕਾਰ ਖਿਲਾਫ ਚੱਲ ਰਿਹਾ ਹੈ ਤੇ ਕਾਨੂੰਨ ਰੱਦ ਕਰਾਉਣ ਲਈ ਗੱਲਬਾਤ ਵੀ ਮੋਦੀ ਸਰਕਾਰ ਦੇ ਮੰਤਰੀਆਂ ਨਾਲ ਹੀ ਹੁੰਦੀ ਰਹੀ ਹੈ ਪਰ ਜੇ ਥੋੜ੍ਹਾ ਬਰੀਕੀ ਨਾਲ ਦੇਖੋ ਤਾਂ ਇਹ ਸੰਘਰਸ਼ ਮੋਦੀ ਸਰਕਾਰ ਖਿਲਾਫ ਨਹੀਂ, ਉਨ੍ਹਾਂ ਸਰਮਾਏਦਾਰ ਕਾਰਪੋਰੇਟਾਂ ਖਿਲਾਫ ਹੈ ਜਿਸ ਦੇ ਮੋਦੀ ਵਰਗੇ ਮੋਹਰੇ ਹਨ। ਅਸਲ ਵਿਚ ਤਾਂ ਕਾਰਪੋਰੇਟ ਵੀ ਉਸ ਵੱਡੇ ਸਰਮਾਏਦਾਰੀ ਨਿਜ਼ਾਮ ਦੇ ਪੁਰਜੇ ਹੀ ਹਨ ਜੋ ਮੁਨਾਫਿਆਂ ਦੀ ਹਵਸ ਪੂਰੀ ਕਰਨ ਲਈ ਸਭ ਕੁਝ ਤਬਾਹ ਕਰਨ ਲਈ ਤਿਆਰ ਹੈ। ਇਸ ਲਈ ਸਾਨੂੰ ਇਸ ਸੰਘਰਸ਼ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ।

ਪੰਜਾਬੀਆਂ ਨੂੰ ਇਸ ਸੰਘਰਸ਼ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਹਨ, ਬਾਕੀ ਭਾਰਤ ਦੀਆਂ ਜਥੇਬੰਦੀਆਂ ਨੇ ਉਨ੍ਹਾਂ ਦੀ ਅਗਵਾਈ ਕਬੂਲ ਕੀਤੀ ਹੈ ਅਤੇ ਇਨ੍ਹਾਂ ਸਭ ਨੇ ਰਲ ਕੇ ਹੁਣ ਤੱਕ ਹੋਈਆਂ ਮੀਟਿੰਗਾਂ ਵਿਚ ਸਰਕਾਰ ਦੀਆਂ ਗੋਡਣੀਆਂ ਲਵਾਈਆਂ ਹਨ। ਕਈ ਲੋਕ ਸ਼ੁਰੂ ਤੋਂ ਅਜਿਹਾ ਪ੍ਰਚਾਰ ਕਰਦੇ ਸਨ ਕਿ ਇਹ ਸੰਘਰਸ਼ ਵੱਡਾ ਹੈ ਤੇ ਕਿਸਾਨ ਜਥੇਬੰਦੀਆਂ ਛੋਟੇ ਮੋਟੇ ਧਰਨੇ ਮੁਜ਼ਾਹਰੇ ਕਰਨ ਵਾਲੀਆਂ ਹਨ, ਇਹ ਇਤਨੇ ਵੱਡੇ ਸੰਘਰਸ਼ ਨੂੰ ਸੰਭਾਲ ਨਹੀਂ ਸਕਦੀਆਂ। ਜਿਹੜੀ ਸਰਕਾਰ ਪਹਿਲੇ ਦੋ ਮਹੀਨੇ ਗੱਲ ਕਰਨ ਨੂੰ ਵੀ ਤਿਆਰ ਨਹੀਂ ਸੀ, ਉਹੀ ਸਰਕਾਰ ਜਥੇਬੰਦੀਆਂ ਨੇ ਆਪਣੀ ਲਿਆਕਤ ਨਾਲ ਇੱਥੇ ਲੈ ਆਂਦੀ ਹੈ ਕਿ ਹੁਣ ਸਰਕਾਰ ਸਾਰੇ 2 ਸਾਲ ਲਈ ਕਾਨੂੰਨ ਮੁਲਤਵੀ ਕਰਨ ਨੂੰ ਤਿਆਰ ਹੋਈ ਤੇ ਕਮੇਟੀ ਬਣਾ ਕੇ ਕਿਸਾਨਾਂ ਦੀ ਸਲਾਹ ਨਾਲ ਸੋਧਾਂ ਕਰਨ ਨੂੰ ਤਿਆਰ ਹੋਈ। ਇਹ ਆਪਣੇ ਆਪ ਵਿਚ ਸੰਘਰਸ਼ ਦੀ ਬਹੁਤ ਵੱਡੀ ਪ੍ਰਾਪਤੀ ਹੈ।

ਜਿਹੜੀ ਸਰਕਾਰ ਦਾ ਹੰਕਾਰ ਇਸ ਕਦਰ ਸੀ ਕਿ ਨੋਟਬੰਦੀ, ਜੀ. ਐਸ. ਟੀ., ਧਾਰਾ 370 ਤੋੜਨ, ਐਨ. ਸੀ. ਆਰ. ਵਰਗੇ ਕਨੂੰਨ ਬਣਾਉਣ ਵੇਲੇ ਕਿਸੇ ਨਾਲ ਸਲਾਹ ਕਰਨੀ ਵੀ ਆਪਣੀ ਹੱਤਕ ਸਮਝਦੀ ਸੀ, ਉਹ ਆਪਣੀ ਇੱਜ਼ਤ ਦਾਅ 'ਤੇ ਲਗਾ ਕੇ ਆਪਣੇ ਬਣਾਏ ਕਾਨੂੰਨ 2 ਸਾਲ ਲਈ ਰੱਦ ਕਰਨ ਤੇ ਕਿਸੇ ਵੀ ਕੀਮਤ 'ਤੇ ਸੰਘਰਸ਼ ਬੰਦ ਕਰਾਉਣ ਲਈ ਤਿਆਰ ਸੀ। ਸਰਕਾਰ ਇਤਨਾ ਝੁਕਣ ਲਈ ਮਜਬੂਰ ਕਿਉਂ ਹੋਈ, ਇਸ ਦਾ ਮੁੱਖ ਕਾਰਨ ਇਹ ਸੀ ਕਿ ਜਥੇਬੰਦੀਆਂ ਨੇ ਸਿਰਫ ਧਰਨੇ ਹੀ ਨਹੀਂ ਦਿੱਤੇ ਸਗੋਂ ਕਿਸਾਨੀ ਸੰਘਰਸ਼ ਦੇ ਨਾਲ-ਨਾਲ ਕਿਸਾਨਾਂ-ਮਜ਼ਦੂਰਾਂ ਦੇ ਅਸਲੀ ਦੁਸ਼ਮਣ ਕਾਟਪੋਰੇਟਾਂ ਖਿਲਾਫ ਵੀ ਆਪਣਾ ਸੰਘਰਸ਼ ਵਿੱਢ ਦਿੱਤਾ ਸੀ ਜਿਸ ਤਹਿਤ ਪੈਟਰੋਲ ਪੰਪ ਬੰਦ ਕਰਾਉਣੇ, ਟੌਲ ਪਲਾਜ਼ੇ ਫ੍ਰੀ ਕਰਨ ਵਰਗੇ ਕਾਮਯਾਬ ਐਕਸ਼ਨ ਸ਼ੁਰੂ ਕਰ ਦਿੱਤੇ ਸਨ।

ਮੇਰਾ ਪਹਿਲੇ ਦਿਨ ਤੋਂ ਇਹ ਮੰਨਣਾ ਹੈ ਕਿ ਇਸ ਸੰਘਰਸ਼ ਦਾ ਨਤੀਜਾ ਜੋ ਵੀ ਹੋਵੇ, ਪਰ ਜਥੇਬੰਦੀਆਂ ਦੀ ਧਰਮ ਨਿਰਪੱਖ ਸੋਚ ਨੇ ਧਰਮਾਂ, ਜ਼ਾਤਾਂ, ਕੌਮਾਂ, ਫਿਰਕਿਆਂ, ਵਰਗਾਂ, ਇਲਾਕਿਆਂ ਦੀ ਸੋਚ ਵਿਚ ਵੰਡੇ ਹੋਏ ਭਾਰਤੀ ਲੋਕਾਂ ਨੂੰ ਕਿਸਾਨੀ ਦੇ ਇਸ ਸੰਘਰਸ਼ ਰਾਹੀਂ ਇੱਕ ਪਲੈਟਫਾਰਮ ਤੇ ਇਕੱਠਾ ਕਰ ਕੇ ਜਿੱਥੇ ਕਿਸਾਨੀ ਸੰਘਰਸ਼ ਨੂੰ ਲੋਕ ਸੰਘਰਸ਼ ਬਣਾ ਦਿੱਤਾ, ਉੱਥੇ ਸੰਘਰਸ਼ ਨੂੰ ਲੋਕ ਵਿਰੋਧੀ ਸਰਮਾਏਦਾਰ ਨਿਜ਼ਾਮ ਵੱਲ ਸੇਧਤ ਕੀਤਾ।

ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਸੰਘਰਸ਼ ਦੀ ਅਗਵਾਈ ਪੰਜਾਬੀ ਅਤੇ ਪੰਜਾਬ ਦੀਆਂ ਜਥੇਬੰਦੀਆਂ ਕਰ ਰਹੀਆਂ ਹਨ। ਪੰਜਾਬੀਆਂ (ਸਿੱਖਾਂ) ਨੇ ਆਪਣੇ ਜੋਸ਼ ਤੇ ਜਜ਼ਬੇ ਨਾਲ ਸੰਘਰਸ਼ ਵਿਚ ਲੰਗਰ ਤੇ ਸੇਵਾ ਰਾਹੀਂ ਵਡਮੁੱਲਾ ਯੋਗਦਾਨ ਪਾਇਆ ਹੈ। ਪਿਛਲੇ ਤਿੰਨ ਮਹੀਨਿਆਂ ਵਿਚ ਸਿੱਖਾਂ ਦਾ ਨਾਮ ਭਾਰਤ ਵਿਚ ਹੀ ਨਹੀਂ, ਦੁਨੀਆ ਭਰ ਵਿਚ ਰੌਸ਼ਨ ਹੋਇਆ ਹੈ। 80ਵਿਆਂ ਵਿਚ ਜਿਸ ਤਰ੍ਹਾਂ ਉਨ੍ਹਾਂ ਸਮਿਆਂ ਦੀਆਂ ਸਰਕਾਰਾਂ ਵਲੋਂ ਸਿੱਖਾਂ ਦੇ ਸ਼ਾਂਤਮਈ ਸੰਘਰਸ਼ ਨੂੰ ਕੁਝ ਲੋਕਾਂ ਰਾਹੀਂ ਹਿੰਸਕ ਬਣਾ ਕੇ ਸਾਰੇ ਸਿੱਖਾਂ ਨੂੰ ਅਤਿਵਾਦੀ ਤੇ ਵੱਖਵਾਦੀ ਬਣਾ ਕੇ ਸਾਰੇ ਦੇਸ਼ ਵਿਚ ਰਾਜਨੀਤਕ ਲਾਭ ਲਏ ਗਏ, ਮੌਜੂਦਾ ਸਰਕਾਰ ਵੀ ਇਸ ਕਿਸਾਨੀ ਸੰਘਰਸ਼ ਨੂੰ ਫਿਰਕੂ ਤੇ ਵੱਖਵਾਦੀ ਰੰਗਤ ਦੇ ਕੇ ਲੋਕ ਸੰਘਰਸ਼ ਨੂੰ ਫੇਲ੍ਹ ਕਰਨ ਲਈ ਯਤਨਸ਼ੀਲ ਸੀ, ਜਿਸ ਲਈ ਸੰਘਰਸ਼ ਵਿਚੋਂ ਹੀ ਕੁਝ ਲੋਕਾਂ ਨੇ 26 ਦੀਆਂ ਘਟਨਾਵਾਂ ਰਾਹੀਂ ਸਰਕਾਰ ਨੂੰ ਫੇਲ੍ਹ ਕਰਨ ਦਾ ਮੌਕਾ ਮੁਹੱਈਆ ਕਰਾਇਆ। ਬੇਸ਼ਕ 26 ਦੀਆਂ ਘਟਨਾਵਾਂ ਨਾਲ ਸੰਘਰਸ਼ ਨੂੰ ਭਾਰੀ ਨੁਕਸਾਨ ਹੋਇਆ ਹੈ ਪਰ ਸੰਘਰਸ਼ ਇੱਕ ਵਾਰ ਫਿਰ ਪੈਰੀਂ ਹੋ ਰਿਹਾ ਹੈ। ਪਹਿਲਾਂ ਰਾਕੇਸ਼ ਟਕੈਤ ਦੇ ਸਟੈਂਡ ਲੈਣ 'ਤੇ ਯੂ. ਪੀ. ਤੋਂ ਵੱਡੀ ਗਿਣਤੀ ਵਿਚ ਕਿਸਾਨਾਂ ਦੇ ਸ਼ਾਮਿਲ ਹੋਣ ਅਤੇ ਫਿਰ ਪਿਛਲੇ ਦਿਨੀਂ ਜਗਰਾਵਾਂ ਵਾਲੀ ਮਹਾਪੰਚਾਇਤ ਦੀ ਕਾਮਯਾਬੀ ਤੋਂ ਬਾਅਦ।

26 ਦੀਆਂ ਘਟਨਾਵਾਂ ਨਾਲ ਸਿੱਖਾਂ ਦੇ ਉਸ ਅਕਸ ਨੂੰ ਢਾਹ ਲੱਗੀ ਹੈ ਜੋ ਉਨ੍ਹਾਂ ਲੰਗਰਾਂ, ਸੇਵਾ ਤੇ ਵਿਦੇਸ਼ਾਂ ਵਿਚ ਕਿਸਾਨੀ ਸੰਘਰਸ਼ ਨੂੰ ਕੌਮਾਂਤਰੀ ਮੁੱਦਾ ਬਣਾਉਣ ਵਿਚ ਯੋਗਦਾਨ ਪਾਇਆ ਸੀ ਪਰ ਬਦਕਿਸਮਤੀ ਨਾਲ ਸਿੱਖਾਂ ਵਿਚਲੇ ਕੁਝ ਧੜੇ ਜਿਹੜੇ ਜਥੇਬੰਦੀਆਂ ਬਾਰੇ ਤਾਂ ਪਹਿਲੇ ਦਿਨ ਤੋਂ ਇਹ ਪ੍ਰਚਾਰ ਕਰਦੇ ਸਨ ਕਿ ਇਹ ਸੰਘਰਸ਼ ਵੱਡਾ ਹੈ, ਜਥੇਬੰਦੀਆਂ ਸੰਘਰਸ਼ ਲੜਨ ਦੇ ਸਮਰੱਥ ਨਹੀਂ, ਜਦਕਿ ਸੰਘਰਸ਼ ਨੇ ਇਹ ਸਾਬਿਤ ਕੀਤਾ ਹੈ ਕਿ ਇਨ੍ਹਾਂ ਜਥੇਬੰਦੀਆਂ ਨੇ ਨਾ ਸਿਰਫ ਸੰਘਰਸ਼ ਨੂੰ ਪੰਜਾਬ ਤੋਂ ਕੱਢ ਕੇ ਦੇਸ਼ ਪੱਧਰ ਤੱਕ ਲੋਕ ਸੰਘਰਸ਼ ਬਣਾਇਆ ਸਗੋਂ ਮੋਦੀ ਸਰਕਾਰ ਦੇ ਨਾਲ-ਨਾਲ ਵੱਡੇ ਸਰਮਾਏਦਾਰ ਕਾਰਪੋਰੇਟਾਂ ਵੱਲ ਸੇਧਤ ਕਰ ਕੇ ਕੌਮਾਂਤਰੀ ਮਸਲਾ ਬਣਾਇਆ। ਅੱਜ ਜਦੋਂ ਸਿੱਖ ਜਥੇਬੰਦੀਆਂ ਕੋਲ ਸੰਘਰਸ਼ ਦੀ ਬਿਨਾਂ ਸ਼ਰਤ ਹਮਾਇਤ ਕਰ ਕੇ ਵਡੱਪਣ ਦਿਖਾਉਣ ਤੇ ਸਿੱਖਾਂ ਨੂੰ ਇਸ ਸੰਘਰਸ਼ ਦੇ ਹੀਰੋ ਬਣਾਉਣ ਦਾ ਸਮਾਂ ਸੀ ਤਾਂ ਕੁਝ ਲੋਕਾਂ ਦੀ ਸੰਕੀਰਨ ਸੋਚ ਨਾਲ ਸਰਕਾਰ ਨੂੰ 26 ਦੀਆਂ ਘਟਨਾਵਾਂ ਰਾਹੀਂ ਸਿੱਖਾਂ ਨੂੰ ਮੁੜ ਵੱਖਵਾਦੀ ਸਾਬਤ ਕਰਨ ਦਾ ਮੌਕਾ ਮਿਲਿਆ।

ਅਜੇ ਵੀ ਮੌਕਾ ਹੈ ਕਿ ਸਿੱਖ ਜਥੇਬੰਦੀਆਂ ਆਪਣਾ ਧਾਰਮਿਕ ਏਜੰਡਾ ਕੁਝ ਚਿਰ ਲਈ ਛੱਡ ਕੇ ਇਸ ਲੋਕ ਸੰਘਰਸ਼ ਵਿਚ ਸ਼ਾਮਿਲ ਹੋਣ ਜਾਂ ਕੁਝ ਚਿਰ ਲਈ ਚੁੱਪ ਕਰ ਜਾਣ। ਇਹ ਸੰਘਰਸ਼ ਸੱਚਮੁੱਚ ਹੀ ਵੱਡਾ ਹੈ। ਇਹ ਸੰਘਰਸ਼ ਕੋਈ ਛੋਟਾ ਮੋਟਾ ਧਾਰਮਿਕ ਮੁੱਦਾ ਨਹੀਂ ਹੈ ਸਗੋਂ ਇਹ ਸੰਘਰਸ਼ ਕਿਸਾਨਾਂ-ਮਜ਼ਦੂਰਾਂ ਦੀ ਮੁਕਤੀ ਦਾ ਲੋਕ ਇਨਕਲਾਬ ਬਣਨ ਦੇ ਸਮਰੱਥ ਹੈ। ਇਸ ਨੂੰ ਸਿਰਫ ਕਿਸਾਨੀ ਸੰਘਰਸ਼ ਤੱਕ ਦੇਖਣਾ ਜਾਂ ਆਪਣਾ ਕੋਈ ਛੋਟਾ-ਮੋਟਾ ਧਾਰਮਿਕ ਏਜੰਡਾ ਕੱਢਣਾ ਲੋਕਾਂ ਨਾਲ ਧ੍ਰੋਹ ਹੋਵੇਗਾ। ਅਜਿਹੇ ਮੌਕੇ ਵਾਰ-ਵਾਰ ਨਹੀਂ ਆਉਂਦੇ। ਇਹ ਕਿਸਾਨੀ ਤੋਂ ਸ਼ੁਰੂ ਹੋਇਆ ਲੋਕ ਸੰਘਰਸ਼ ਹੁਣ ਲੋਕਾਂ ਸਦੀ ਮੁਕਤੀ ਦਾ ਸੰਘਰਸ਼ ਸ਼ਬਦ-ਨਿਰਮਾਣ ਵੱਲ ਵੱਧ ਰਿਹਾ ਹੈ, ਇਹ ਨਾ ਹਿੰਦੂ-ਸਿੱਖ-ਮੁਸਲਿਮ ਸੰਘਰਸ਼ ਹੈ, ਨਾ ਇਹ ਸਿੱਖ-ਕਾਮਰੇਡ ਸੰਘਰਸ਼ ਹੈ।

ਜਥੇਬੰਦੀਆਂ ਨੂੰ ਵੀ ਸੰਘਰਸ਼ ਦਾ ਘੇਰਾ ਵਿਸ਼ਾਲ ਕਰ ਕੇ ਇਸ ਨੂੰ ਅਸਲੀ ਦੁਸ਼ਮਣ ਸਰਮਾਏਦਾਰ ਤਾਕਤਾਂ ਵੱਲ ਸੇਧਤ ਕਰਨਾ ਚਾਹੀਦਾ ਹੈ। ਫਿਰਕੂ ਤੇ ਵੱਖਵਾਦੀ ਏਜੰਡੇ ਵਾਲੇ ਲੋਕਾਂ ਨਾਲ ਉਲਝਣ ਦੀ ਥਾਂ ਉਨ੍ਹਾਂ ਤੇ ਸਿਰਫ ਨਿਗ੍ਹਾ ਰੱਖਣ ਦੀ ਲੋੜ ਹੈ ਤਾਂ ਉਹ 26 ਵਰਗੀਆਂ ਕੋਈ ਹੋਰ ਘਟਨਾਵਾਂ ਕਰ ਕੇ ਸੰਘਰਸ਼ ਦਾ ਨੁਕਸਾਨ ਨਾ ਕਰ ਸਕਣ। ਸਰਕਾਰ ਬਿਲਕੁਲ ਬੈਕ-ਫੁੱਟ 'ਤੇ ਹੈ, ਉਸ ਕੋਲ ਸੰਘਰਸ਼ ਨੂੰ ਫੇਲ੍ਹ ਕਰਨ ਦਾ ਰਾਹ ਤਸ਼ੱਦਦ ਜਾਂ ਲੋਕਾਂ ਨੂੰ ਫਿਰਕੂ ਲੀਹਾਂ ਤੇ ਵੰਡਣ ਦਾ ਹੀ ਹੈ। ਤਸ਼ੱਦਦ ਨਾਲ ਸੰਘਰਸ਼ ਕਦੇ ਦਬਦੇ ਨਹੀਂ ਸਗੋਂ ਹੋਰ ਮਜ਼ਬੂਤੀ ਨਾਲ ਨਿਕਲਦੇ ਹਨ ਪਰ ਭਾਰਤ ਵਰਗੇ ਦੇਸ਼ ਵਿਚ ਫਿਰਕਾਪ੍ਰਸਤੀ, ਵੱਖਵਾਦ ਤੇ ਹਿੰਸਾ ਰਾਹੀਂ ਹੀ ਸੰਘਰਸ਼ ਕੁਚਲੇ ਜਾਂਦੇ ਹਨ। ਜਥੇਬੰਦੀਆਂ ਤੇ ਲੋਕਾਂ ਲਈ ਆਪਣਾ ਏਕਾ ਬਣਾ ਕੇ ਰੱਖਣਾ ਤੇ ਆਪਣੇ ਸਾਰੇ ਐਕਸ਼ਨ ਦੁਸ਼ਮਣ ਵੱਲ ਸੇਧਤ ਰੱਖਣੇ ਹੀ ਸੰਘਰਸ਼ ਨੂੰ ਕਾਮਯਾਬੀ ਵੱਲ ਲਿਜਾਣਗੇ।

# ਸਰ ਛੋਟੂ ਰਾਮ ਅਤੇ ਕਿਸਾਨਾਂ ਦੇ ਦੁੱਖ-ਦਰਦ

*ਸਰ ਛੋਟੂ ਰਾਮ ਨੂੰ ਕਿਸਾਨ ਹਲਕਿਆਂ ਅੰਦਰ ਬਹੁਤ ਮਾਣ-ਸਤਿਕਾਰ ਦਿੱਤਾ ਜਾਂਦਾ ਹੈ। ਉਨ੍ਹਾਂ ਆਪਣੀ ਸਾਰੀ ਉਮਰ ਕਿਸਾਨਾਂ ਦੇ ਲੇਖੇ ਲਾ ਦਿੱਤੀ। ਅਸਲ ਵਿਚ ਉਨ੍ਹਾਂ ਦਾ ਸੰਘਰਸ਼ ਕਿਸਾਨਾਂ ਦੀ ਲੁੱਟ-ਖਸੁੱਟ, ਵਿਆਪਕ ਬੇਇਨਸਾਫੀ ਅਤੇ ਭੇਦਭਾਵ ਦੇ ਖਿਲਾਫ ਸੀ। ਉਨ੍ਹਾਂ ਦਾ ਮੰਤਵ ਕਿਸਾਨਾਂ ਨੂੰ ਲੁਟੇਰੇ ਸ਼ਾਹੂਕਾਰਾਂ ਅਤੇ ਭ੍ਰਿਸ਼ਟ ਅਫਸਰਸ਼ਾਹੀ ਦੇ ਚੁੰਗਲ ਵਿਚੋਂ ਮੁਕਤੀ ਦਿਵਾਉਣਾ ਸੀ। ਇਸ ਮੰਤਵ ਲਈ ਉਨ੍ਹਾਂ ਨੇ 1916 ਵਿਚ 'ਜਾਟ ਗਜ਼ਟ' ਵੀ ਸ਼ੁਰੂ ਕੀਤਾ। ਇਸ ਲੇਖ ਵਿਚ ਪ੍ਰੋਫੈਸਰ ਬਸੰਤ ਸਿੰਘ ਬਰਾੜ ਉਨ੍ਹਾਂ ਦੇ ਜੀਵਨ ਅਤੇ ਕਿਸਾਨਾਂ ਲਈ ਕੀਤੀਆਂ ਪ੍ਰਾਪਤੀਆਂ ਬਾਰੇ ਕੀਤੀ ਹੈ। -ਸੰਪਾਦਕ*

ਸਰ ਛੋਟੂ ਰਾਮ ਰੋਹਤਕ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਗੜ੍ਹੀ ਸਾਂਪਲਾ ਵਿਚ ਥੋੜ੍ਹੀ ਜਿਹੀ ਬਰਾਨੀ ਜ਼ਮੀਨ ਵਾਲੇ ਕਰਜ਼ਈ ਕਿਸਾਨ ਦੇ ਘਰ 24 ਨਵੰਬਰ 1881 ਨੂੰ ਪੈਦਾ ਹੋਏ (ਬਾਅਦ ਵਿਚ ਆਪਣਾ ਜਨਮ ਦਿਨ ਉਹ ਹਮੇਸ਼ਾ ਬਸੰਤ ਪੰਚਮੀ ਨੂੰ ਮਨਾਉਂਦੇ ਰਹੇ)। ਦਸ ਸਾਲ ਦੀ ਉਮਰ ਵਿਚ ਸਕੂਲ ਭੇਜੇ ਗਏ ਅਤੇ ਅਗਲੇ ਹੀ ਸਾਲ ਵਿਆਹ ਹੋ ਗਿਆ। ਪੜ੍ਹਾਈ 'ਚ ਬਹੁਤ ਹੁਸ਼ਿਆਰ ਨਿਕਲੇ ਅਤੇ ਗਰੀਬੀ ਦੇ ਬਾਵਜੂਦ ਆਗਰੇ ਤੋਂ ਲਾਅ ਦੀ ਡਿਗਰੀ ਕਰ ਲਈ। ਉਨ੍ਹਾਂ ਨੂੰ 'ਲੀਗਲ ਜੀਨੀਅਸ' ਆਖਦੇ ਸਨ ਪਰ ਉਨ੍ਹਾਂ ਨੇ ਆਪਣਾ ਗਿਆਨ ਪੈਸਾ ਕਮਾਉਣ ਲਈ ਨਹੀਂ ਸਗੋਂ ਸਾਰੀ ਉਮਰ ਕਿਸਾਨ ਭਲਾਈ ਲਈ ਪ੍ਰਯੋਗ ਕੀਤਾ। ਉਨ੍ਹਾਂ ਨੇ ਲਗਨ ਅਤੇ ਸਿਰੜ ਨਾਲ ਅਣਗਿਣਤ ਅਜਿਹੇ ਕੰਮ ਕੀਤੇ ਜੋ ਕਿਸਾਨਾਂ ਲਈ ਹੁਣ ਵੀ ਚਾਨਣ-ਮੁਨਾਰਾ ਹਨ। ਉਨ੍ਹਾਂ ਨੇ ਬਚਪਨ ਤੋਂ ਹੀ ਕਿਸਾਨਾਂ ਦੀ ਗਰੀਬੀ, ਬੇਵਸੀ ਅਤੇ ਸ਼ਾਹੂਕਾਰਾਂ ਹੱਥੋਂ ਹੁੰਦੀਆਂ ਕੁਰਕੀਆਂ ਅਤੇ ਅਪਮਾਨਾਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਸੀ। ਇਸ ਲਈ ਸਾਰੇ ਧਰਮਾਂ ਦੇ ਕਿਸਾਨਾਂ ਦੀ ਭਲਾਈ ਕਰਨ ਨੂੰ ਆਪਣਾ ਜੀਵਨ ਮਨੋਰਥ ਬਣਾ ਲਿਆ। 1921 ਵਿਚ ਪਹਿਲੀ ਚੋਣ ਲੜਨ ਤੋਂ ਲੈ ਕੇ 1945 ਵਿਚ ਬੇਵਕਤ ਹੋਏ ਦੇਹਾਂਤ ਤੱਕ ਉਨ੍ਹਾਂ ਦੇ ਕਦਮ ਇਸ ਦਿਸ਼ਾ ਤੋਂ ਕਦੇ ਨਹੀਂ ਥਿੜਕੇ।



**ਪ੍ਰੋਫੈਸਰ ਬਸੰਤ ਸਿੰਘ ਬਰਾੜ**
ਫੋਨ: +91-98149-41214

ਸਰ ਛੋਟੂ ਰਾਮ ਦਾ ਸੰਘਰਸ਼ ਕਿਸਾਨਾਂ ਦੀ ਲੁੱਟ-ਖਸੁੱਟ ਅਤੇ ਵਿਆਪਕ ਬੇਇਨਸਾਫੀ ਅਤੇ ਭੇਦਭਾਵ ਖਿਲਾਫ ਸੀ। ਉਨ੍ਹਾਂ ਦਾ ਮੰਤਵ ਕਿਸਾਨਾਂ ਨੂੰ ਲੁਟੇਰੇ ਸ਼ਾਹੂਕਾਰਾਂ ਅਤੇ ਭ੍ਰਿਸ਼ਟ ਅਫਸਰਸ਼ਾਹੀ ਦੇ ਚੁੰਗਲ 'ਚੋਂ ਮੁਕਤੀ ਦਿਵਾਉਣਾ ਸੀ। ਇਸ ਮੰਤਵ ਲਈ ਉਨ੍ਹਾਂ ਨੇ 1916 ਵਿਚ 'ਜਾਟ ਗਜ਼ਟ' ਸ਼ੁਰੂ ਕਰ ਕੇ ਸਾਰੇ ਪੰਜਾਬ ਦੇ ਕਿਸਾਨਾਂ ਨੂੰ ਜਾਗਰੂਕ ਕਰਨ ਦਾ ਬੀੜਾ ਚੁੱਕਿਆ। ਉਨ੍ਹਾਂ ਨੇ ਪੇਂਡੂ ਲੋਕਾਂ ਨੂੰ ਜਾਗਰੂਕ ਅਤੇ ਸਰਗਰਮ ਹੋ ਕੇ, ਰੂੜ੍ਹੀਵਾਦੀ ਅਤੇ ਭਾਗਵਾਦੀ ਵਿਚਾਰ ਤਿਆਗ ਕੇ ਪੱਛਮੀ ਸੱਭਿਅਤਾ ਦੇ ਵਿਗਿਆਨਕ, ਤਰਕਸ਼ੀਲ ਵਿਚਾਰ ਅਪਨਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਰ ਫਜ਼ਲੀ ਹੁਸੈਨ ਨਾਲ ਮਿਲ ਕੇ ਕਿਸਾਨਾਂ ਦੀ ਪਾਰਟੀ ਯੂਨੀਅਨਿਸਟ ਪਾਰਟੀ (ਜ਼ਿਮੀਦਾਰਾ ਲੀਗ) ਬਣਾਈ। ਉਨ੍ਹਾਂ ਨੇ ਕਿਸਾਨਾਂ ਨੂੰ ਨਾਉਮੀਦੀ ਛੱਡ ਕੇ ਬੁਲੰਦ ਆਵਾਜ਼ ਵਿਚ ਆਪਣੇ ਹੱਕ ਮੰਗਣ ਦੀ ਪੁਰਜ਼ੋਰ ਅਪੀਲ ਕੀਤੀ। ਉਹ ਧਾਰਮਿਕ ਸਨ, ਪਰ ਧਰਮ ਨੂੰ ਰਾਜਨੀਤੀ ਤੋਂ ਬਿਲਕੁਲ ਅਲੱਗ ਰੱਖਣ ਦੇ ਹਾਮੀ ਸਨ। ਉਹ ਨਿਰੋਲ ਕਿਸਾਨਾਂ ਦੀ ਧਰਮ ਨਿਰਪੇਖ ਪਾਰਟੀ ਬਣਾ ਕੇ ਜ਼ੋਰਦਾਰ ਪ੍ਰਚਾਰ ਰਾਹੀਂ ਸੱਤਾ ਪ੍ਰਾਪਤ ਕਰ ਕੇ ਪੇਂਡੂ ਵਰਗ ਨੂੰ ਉਨ੍ਹਾਂ ਦੇ ਹੱਕ ਦਿਵਾਉਣਾ ਚਾਹੁੰਦੇ ਸਨ। ਉਹ ਪਿੰਡਾਂ ਵਿਚ ਸਿੱਖਿਆ ਦੇ ਪਸਾਰ, ਨਾਰੀ ਸ਼ਕਤੀਕਰਨ ਅਤੇ ਸ਼ਹਿਰਾਂ ਵਰਗੀਆਂ ਸਭ ਸਹੂਲਤਾਂ ਦੇ ਹਾਮੀ ਸਨ। ਹਿੰਸਾ ਨੂੰ ਉਹ ਜਨਤਕ ਅੰਦੋਲਨ ਦੀ ਦੁਸ਼ਮਣ ਸਮਝਦੇ ਸਨ।

**ਦੋ ਸਾਲ, ਤਿੰਨ ਮਹਿਕਮੇ, ਅਨੇਕ ਕੰਮ**

1923 ਦੀ ਚੋਣ ਜਿੱਤ ਕੇ ਉਹ ਪਹਿਲੀ ਵਾਰ ਪੰਜਾਬ ਵਿਧਾਨਕਾਰ ਕੌਂਸਲ ਦੇ ਮੈਂਬਰ ਬਣੇ ਅਤੇ ਲਾਹੌਰ ਸਦਾ ਲਈ ਉਨ੍ਹਾਂ ਦੀ ਕਰਮ-ਭੂਮੀ ਬਣ ਗਿਆ। 1924 ਵਿਚ ਉਹ ਪਿਸ਼ਾਵਰ ਤੋਂ ਗੁੜਗਾਉਂ ਅਤੇ ਦੂਰ ਹਿਮਾਚਲ ਤੱਕ ਫੈਲੇ ਪੰਜਾਬ ਦੇ ਖੇਤੀਬਾੜੀ ਅਤੇ ਉਦਯੋਗ ਮੰਤਰੀ ਬਣਾਏ ਗਏ। ਬਾਅਦ ਵਿਚ ਸਿੱਖਿਆ ਮੰਤਰੀ ਵੀ ਰਹੇ। ਦੋ ਸਾਲਾਂ ਦੇ ਕਾਰਜ ਕਾਲ ਵਿਚ ਉਨ੍ਹਾਂ ਨੇ ਕਿਸਾਨ ਭਲਾਈ ਦੇ ਅਨੇਕ ਕੰਮ ਕੀਤੇ।

ਸਰ ਛੋਟੂ ਰਾਮ ਦੇ ਕਿਸਾਨਾਂ ਅਤੇ ਹੋਰ ਪੇਂਡੂ ਵਰਗਾਂ ਲਈ ਕੀਤੇ ਕੰਮਾਂ ਨੂੰ ਵੇਖ ਕੇ ਸ਼ਹਿਰੀ ਵਰਗ ਅਤੇ ਸਿਆਸੀ ਪਾਰਟੀਆਂ ਦੇ ਕੰਨ ਖੜ੍ਹੇ ਹੋ ਗਏ ਕਿਉਂਕਿ ਇਨ੍ਹਾਂ ਵਿਚੋਂ ਬਹੁਤਿਆਂ ਦੇ ਹਿਤ ਪੇਂਡੂ ਵਰਗ ਨੂੰ ਲੁੱਟਣ 'ਤੇ ਹੀ ਨਿਰਭਰ ਸਨ। ਇਸ ਲਈ ਉਨ੍ਹਾਂ ਨੇ 1926 ਦੀਆਂ ਚੋਣਾਂ ਵਿਚ ਉਨ੍ਹਾਂ ਨੂੰ ਹਰਾਉਣ ਲਈ ਹਰ ਹੀਲਾ ਵਰਤਿਆ, ਪਰ ਮੂੰਹ ਦੀ ਖਾਣੀ ਪਈ। ਫਿਰ ਉਹ ਉਨ੍ਹਾਂ ਨੂੰ ਤਿੰਨ-ਮੈਂਬਰੀ ਕੈਬਨਿਟ ਤੋਂ ਬਾਹਰ ਰੱਖਣ ਵਿਚ ਜੁਟ ਗਏ ਅਤੇ ਸਫਲ ਰਹੇ।

**ਪਾਰਟੀ ਵਿਚ ਫੂਕੀ ਨਵੀਂ ਰੂਹ**

ਵਿਰੋਧੀ ਪਾਰਟੀਆਂ ਦੀ ਇਹ ਚਾਲ ਗੁੱਝਾ ਵਰਦਾਨ ਸਿੱਧ ਹੋਈ। ਉਨ੍ਹਾਂ ਦੀ ਪਾਰਟੀ ਵਿਚ ਮੁਸਲਮਾਨ ਮੈਂਬਰਾਂ ਦੀ ਭਾਰੀ ਬਹੁਗਿਣਤੀ ਸੀ ਪਰ ਉਨ੍ਹਾਂ ਨੇ ਇਕਮਤ ਹੋ ਕੇ ਸਰ ਛੋਟੂ ਰਾਮ ਨੂੰ ਪਾਰਟੀ ਪ੍ਰਧਾਨ ਬਣਾ ਦਿੱਤਾ। ਉਹ ਤੁਰੰਤ ਪਾਰਟੀ ਦੇ ਗ੍ਰਾਮੀਣ ਚਿਹਰੇ 'ਜ਼ਿਮੀਂਦਾਰਾ ਲੀਗ' ਵਿਚ ਨਵੀਂ ਰੂਹ ਫੂਕਣ ਵਿਚ ਜੁਟ ਗਏ। ਉਨ੍ਹਾਂ ਦਾ ਅਟੱਲ ਵਿਸ਼ਵਾਸ ਸੀ ਕਿ ਕਿਸਾਨ ਵਰਗ ਦਾ ਭਲਾ ਸਿਰਫ ਕਿਸਾਨ ਹੀ ਕਰ ਸਕਦੇ ਹਨ। ਉਹ ਸਟੇਜ ਤੋਂ ਬੇਝਿਜਕ ਕਹਿੰਦੇ ਸਨ ਕਿ ਕਿਸਾਨ ਸਿਰਫ ਕਿਸਾਨ ਉਮੀਦਵਾਰਾਂ ਨੂੰ ਹੀ ਵੋਟ ਪਾਉਣ। ਉਨ੍ਹਾਂ ਦਾ ਪੰਜ-ਨੁਕਾਤੀ ਕਾਰਜ-ਕ੍ਰਮ ਸੀ: ਸ਼ਾਹੂਕਾਰਾਂ ਅਤੇ ਸਰਕਾਰ ਦੁਆਰਾ ਹੋ ਰਹੀ ਲੁੱਟ ਨੂੰ ਨੱਥ ਪਾਉਣਾ; ਭ੍ਰਿਸ਼ਟਾਚਾਰ ਵਿਰੁੱਧ ਸੰਘਰਸ਼; ਧਾਰਮਿਕ ਮੂਲਵਾਦੀਆਂ ਅਤੇ ਕੱਟੜਪੰਥੀਆਂ ਦੇ ਹਾਨੀਕਾਰਕ ਪ੍ਰਚਾਰ ਦਾ ਵਿਰੋਧ; ਧਰਮ ਅਤੇ ਜਾਤੀ ਤੋਂ ਉੱਪਰ ਉੱਠ ਕੇ ਨਿਰੋਲ ਆਰਥਿਕ ਮੁੱਦਿਆਂ 'ਤੇ ਜਥੇਬੰਦ ਹੋਣਾ; ਸਰਕਾਰੀ ਨੌਕਰੀਆਂ ਅਤੇ ਸੰਸਥਾਵਾਂ ਵਿਚ ਪੇਂਡੂ ਵਰਗ ਦੀ ਪ੍ਰਤੀਨਿਧਤਾ ਯਕੀਨੀ ਬਣਾਉਣਾ। ਸ਼ਾਹੂਕਾਰਾਂ ਦੇ ਘੋਰ ਵਿਰੋਧ ਅਤੇ ਸਰਕਾਰ ਦੀ ਦਮਨਕਾਰੀ ਨੀਤੀ ਦੀ ਸਰ ਛੋਟੂ ਰਾਮ ਦੀ ਲਗਨ ਅਤੇ ਮਿਕਨਾਤੀਸੀ ਸ਼ਖ਼ਸੀਅਤ ਅੱਗੇ ਇਕ ਨਾ ਚੱਲੀ। ਕਿਸਾਨ ਡਰ, ਆਲਸ ਅਤੇ ਚੁੱਪ ਤਿਆਗ ਕੇ ਨਿਧੜਕ ਹੋ ਗਏ। ਇਸ ਲੋਕ ਲਹਿਰ ਦਾ ਸਰਬ-ਵਿਆਪੀ ਪ੍ਰਭਾਵ ਪਿਆ।

**ਕਿਸਾਨ ਭਲਾਈ ਫੰਡ**

1937 ਦੀਆਂ ਚੋਣਾਂ ਵਿਚ ਯੂਨੀਅਨਿਸਟ ਪਾਰਟੀ ਨੇ ਕਾਂਗਰਸ ਅਤੇ ਮੁਸਲਿਮ ਲੀਗ ਨੂੰ ਹਰਾ ਕੇ ਜ਼ਬਰਦਸਤ ਜਿੱਤ ਪ੍ਰਾਪਤ ਕੀਤੀ। ਤਾਕਤਵਰ ਸਰਕਾਰ ਬਣਨ 'ਤੇ ਸਰ ਛੋਟੂ ਰਾਮ ਨੇ ਸਭ ਤੋਂ ਪਹਿਲਾਂ 'ਕਿਸਾਨ ਭਲਾਈ ਫੰਡ' ਸਥਾਪਤ ਕੀਤਾ। ਇਸ ਰਾਹੀਂ ਕਿਸਾਨ ਭਲਾਈ ਦੇ ਇਹ ਕੰਮ ਕਰਨੇ ਸਨ: ਸੋਕੇ, ਕਾਲ, ਟਿੱਡੀ ਦਲ ਅਤੇ ਹੜ੍ਹਾਂ ਕਾਰਨ ਹੋਏ ਨੁਕਸਾਨ ਸਮੇਂ ਮਦਦ ਕਰਨਾ; ਘੱਟ ਵਿਆਜ 'ਤੇ ਕਰਜ਼ੇ ਦੇਣਾ; ਸਹਿਕਾਰੀ ਮੰਡੀਕਰਨ ਰਾਹੀਂ ਕਿਸਾਨਾਂ ਨੂੰ ਫਸਲ ਦਾ ਉਚਿਤ ਮੁੱਲ ਅਤੇ ਸਸਤੇ ਖੇਤੀ ਸੰਦ ਦਿਵਾਉਣਾ; ਪੱਛਮੀ ਪੰਜਾਬ 'ਚ ਹੜ੍ਹਾਂ ਕਾਰਨ ਖੁਰੀ ਜ਼ਮੀਨ ਨੂੰ ਵਾਹੀਯੋਗ ਬਣਾਉਣਾ; ਲਘੂ, ਕੁਟੀਰ ਅਤੇ ਦਸਤਕਾਰੀ ਦੇ ਪੇਂਡੂ ਉਦਯੋਗ ਪ੍ਰਫੁੱਲਿਤ ਕਰਨਾ; ਹੁਸ਼ਿਆਰ ਪਰ ਗਰੀਬ ਵਿਦਿਆਰਥੀਆਂ ਨੂੰ ਦੇਸ਼ ਅਤੇ ਵਿਦੇਸ਼ ਵਿਚ ਪੜ੍ਹਾਈ ਕਰਨ ਲਈ ਵਜ਼ੀਫੇ ਦੇਣਾ। ਇਸ ਫੰਡ ਵਿਚ ਦੋ ਸਾਲ 'ਚ 90 ਲੱਖ ਰੁਪਏ ਜਮ੍ਹਾਂ ਹੋ ਗਏ। ਸਰਕਾਰ ਹਰ ਸਾਲ ਮਾਮਲੇ ਵਿਚੋਂ 10 ਲੱਖ ਰੁਪਏ ਦਿੰਦੀ ਸੀ। ਇਸ ਨਾਲ ਅਣਗਿਣਤ ਕਿਸਾਨਾਂ ਦਾ ਭਲਾ ਹੋਇਆ ਅਤੇ ਬੇਸ਼ੁਮਾਰ ਵਿਦਿਆਰਥੀ ਉੱਚ-ਸਿੱਖਿਆ ਪ੍ਰਾਪਤ ਕਰ ਸਕੇ। ਪਾਕਿਸਤਾਨ ਦਾ ਨੋਬੇਲ ਪੁਰਸਕਾਰ ਜੇਤੂ ਡਾਕਟਰ ਅਬਦੁਸ ਸਲਾਮ ਵੀ ਇਸੇ ਫੰਡ ਕਾਰਨ ਇੰਗਲੈਂਡ ਜਾ ਕੇ ਪੜ੍ਹ ਸਕਿਆ ਸੀ। ਹੁਣ ਅਜਿਹਾ ਫੰਡ ਦੁਬਾਰਾ ਸਥਾਪਤ ਕਰਨ ਦੀ ਅਤਿਅੰਤ ਲੋੜ ਹੈ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਇਸ ਵਿਚ ਵੱਡਾ ਯੋਗਦਾਨ ਪਾ ਸਕਦੇ ਹਨ ਅਤੇ ਆਨਲਾਈਨ ਜਮ੍ਹਾਂ ਅਤੇ ਖਰਚ ਕਰ ਕੇ ਪੈਸੇ-ਪੈਸੇ ਦਾ ਮੁਕੰਮਲ ਤੌਰ 'ਤੇ ਪਾਰਦਰਸ਼ੀ ਹਿਸਾਬ ਰੱਖਿਆ ਜਾ ਸਕਦਾ ਹੈ।

**1937 ਦੀਆਂ ਚੋਣਾਂ ਤੋਂ ਬਾਅਦ**

ਇਸ ਜਾਗ੍ਰਿਤੀ ਦਾ ਨਤੀਜਾ 1937 ਦੀਆਂ ਚੋਣਾਂ ਵਿਚ ਸਾਹਮਣੇ ਆਇਆ। ਪਾਕਿਸਤਾਨ ਬਣਾਉਣ ਦੀ ਮੰਗ ਦੇ ਫੈਲ ਰਹੇ ਜ਼ਹਿਰ ਦੇ ਬਾਵਜੂਦ ਸਰ ਛੋਟੂ ਰਾਮ ਦੀ ਪਾਰਟੀ ਨੇ 175 ਵਿਚੋਂ 95 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਮੁਸਲਿਮ ਲੀਗ ਸਿਰਫ ਇੱਕ ਸੀਟ 'ਤੇ ਸਿਮਟ ਗਈ। ਆਰਥਿਕ ਮੁੱਦੇ ਫਿਰਕਾਪ੍ਰਸਤੀ ਦਾ ਇਲਾਜ ਸਿੱਧ ਹੋਏ। ਸਰਕਾਰ ਨੂੰ ਹੋਰ ਮਜ਼ਬੂਤ ਕਰਨ ਲਈ ਦੋ ਛੋਟੀਆਂ ਪਾਰਟੀਆਂ ਦੀ ਮਦਦ ਦੀ ਪੇਸ਼ਕਸ਼ ਵੀ ਸਵੀਕਾਰ ਕਰ ਲਈ ਗਈ। ਮੁਸਲਮਾਨ ਭਾਈਚਾਰੇ ਦੇ ਸਭ ਤੋਂ ਵੱਧ ਮੈਂਬਰ ਹੋਣ ਕਰ ਕੇ ਸਰ ਸਿਕੰਦਰ ਹਯਾਤ ਖਾਨ ਨੂੰ ਮੁੱਖ ਮੰਤਰੀ ਬਣਾਇਆ ਗਿਆ। ਫਾਜ਼ਿਲਕਾ ਦੇ ਜੰਮਪਲ 'ਨੈਸ਼ਨਲ ਪ੍ਰੋਗਰੈਸਿਵ



ਪਾਰਟੀ' ਦੇ ਪ੍ਰਧਾਨ ਸਰ ਮਨੋਹਰ ਲਾਲ ਨੂੰ ਖਜ਼ਾਨਾ ਮੰਤਰੀ ਬਣਾਇਆ ਗਿਆ। ਸਰ ਛੋਟੂ ਰਾਮ ਮਾਲ ਮੰਤਰੀ ਬਣੇ, ਪਰ ਹਰ ਖੇਤਰ ਵਿਚ ਕਰਤਾ-ਧਰਤਾ ਉਹ ਹੀ ਸਨ।

**ਸਰ ਛੋਟੂ ਰਾਮ ਦੇ ਸੁਨਹਿਰੇ ਕਾਨੂੰਨ**

ਕਿਸਾਨਾਂ ਦੀ ਭਲਾਈ ਕਰਨ ਅਤੇ ਫਿਰਕਾਪ੍ਰਸਤੀ ਨੂੰ ਠੱਲ੍ਹ ਪਾਉਣ ਲਈ ਸਰ ਛੋਟੂ ਰਾਮ ਨੇ ਆਪਣਾ ਆਰਥਿਕ ਪ੍ਰੋਗਰਾਮ ਲਾਗੂ ਕਰਨ ਲਈ ਨਵੇਂ ਕਾਨੂੰਨ ਬਣਾਉਣ ਦੀ ਝੜੀ ਲਗਾ ਦਿੱਤੀ। ਕੁੱਲ ਮਿਲਾ ਕੇ ਉਨ੍ਹਾਂ ਨੇ 22 ਤੋਂ ਵੱਧ ਕਾਨੂੰਨਾਂ ਅਤੇ ਸੋਧਾਂ ਰਾਹੀਂ ਪੇਂਡੂ ਜੀਵਨ ਦਾ ਕਾਇਆ ਕਲਪ ਕਰ ਦਿੱਤਾ। ਤਿੰਨ ਕਾਨੂੰਨ ਉਹ ਪਹਿਲਾਂ ਹੀ ਬਣਵਾ ਚੁੱਕੇ ਸਨ। ਸਭ ਤੋਂ ਪਹਿਲਾਂ 1930 ਵਿਚ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੀ ਸਮੱਸਿਆ ਨਾਲ ਨਜਿੱਠਣ ਲਈ ਕਾਨੂੰਨ ਬਣਵਾਇਆ। ਹਰ ਕਿਸਾਨ ਦੇ ਖਾਤੇ ਬਾਰੇ ਸਪਸ਼ਟ ਜਾਣਕਾਰੀ ਦੇ ਕੇ ਹਰ ਛੇ ਮਹੀਨਿਆਂ ਤੋਂ ਸਰਕਾਰੀ ਨਿਰੀਖਣ ਕਰਵਾਉਣਾ ਲਾਜ਼ਮੀ ਕਰ ਦਿੱਤਾ। 1934 ਵਿਚ ਇਕ ਹੋਰ ਕਾਨੂੰਨ ਰਾਹੀਂ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਈ ਗਈ। 'ਦਾਮ ਦੁੱਪਟ' ਦੀ ਨੀਤੀ ਨਾਲ ਮੂਲ ਰਾਸ਼ੀ ਨਾਲੋਂ ਦੁੱਗਣਾ ਵਿਆਜ ਦੇਣ 'ਤੇ ਖਾਤਾ ਬੰਦ ਹੋ ਜਾਣਾ ਸੀ। ਪਸ਼ੂਆਂ ਅਤੇ ਖੇਤੀ ਸੰਦਾਂ ਦੀ ਕੁਰਕੀ ਅਤੇ ਕਿਸਾਨਾਂ ਦੀ ਗ੍ਰਿਫਤਾਰੀ ਉੱਤੇ ਰੋਕ ਲਗਾ ਦਿੱਤੀ ਗਈ। 1936 ਵਿਚ ਲਾਗੂ ਕੀਤੇ ਇਕ ਕਾਨੂੰਨ ਤਹਿਤ ਕਰਜ਼ਈ ਕਿਸਾਨ ਦੀ ਜ਼ਮੀਨ ਵੇਚੀ ਨਹੀਂ ਜਾ ਸਕਦੀ ਸੀ; ਵੀਹ ਸਾਲ ਗਹਿਣੇ ਰਹੀ ਜ਼ਮੀਨ ਮਾਲਕ ਨੂੰ ਵਾਪਸ ਮਿਲ ਜਾਣੀ ਸੀ; ਗੁਜ਼ਾਰੇ ਜੋਗੀ ਜ਼ਮੀਨ ਅਤੇ ਖੜ੍ਹੀਆਂ ਫਸਲਾਂ ਦੀ ਕੁਰਕੀ ਨਹੀਂ ਹੋ ਸਕਦੀ ਸੀ।

ਸਰ ਛੋਟੂ ਰਾਮ ਨੇ ਕਿਸਾਨ ਭਲਾਈ ਲਈ ਲੋੜੀਂਦੇ ਕਾਨੂੰਨ ਬਣਾਉਣ ਦੀ ਪੂਰੀ ਤਿਆਰੀ ਪਹਿਲਾਂ ਹੀ ਕਰ ਰੱਖੀ ਸੀ। ਉਹ ਇਕ ਤੋਂ ਬਾਅਦ ਇਕ ਕਾਨੂੰਨ ਬਣਵਾਉਂਦੇ ਗਏ। 1938 ਦੇ ਇਕ ਕਾਨੂੰਨ ਅਧੀਨ ਗ਼ੈਰ-ਕਾਸ਼ਤਕਾਰ ਅਤੇ ਕਾਸ਼ਤਕਾਰ ਕਰਜ਼ਦਾਤਾਵਾਂ ਵਾਸਤੇ ਰਜਿਸਟ੍ਰੇਸ਼ਨ ਕਰਵਾ ਕੇ ਲਾਇਸੈਂਸ ਲੈਣਾ ਲਾਜ਼ਮੀ ਕਰ ਦਿੱਤਾ। ਇਸ ਤੋਂ ਬਗੈਰ ਉਹ ਡਿਗਰੀ ਨਹੀਂ ਲੈ ਸਕਦੇ ਸਨ। ਕਿਸਾਨਾਂ ਦੀ ਪ੍ਰਾਈਵੇਟ ਮੰਡੀਆਂ 'ਚ ਹੁੰਦੀ ਲੁੱਟ ਰੋਕਣ ਲਈ ਉਨ੍ਹਾਂ ਨੇ 1939 ਵਿਚ 'ਖੇਤੀ ਉਤਪਾਦ ਮੰਡੀਕਰਨ ਕਾਨੂੰਨ' ਰਾਹੀਂ ਸਹੀ ਮੁੱਲ ਦਿਵਾਉਣ ਲਈ ਮਾਰਕੀਟ ਕਮੇਟੀਆਂ ਸਥਾਪਿਤ ਕੀਤੀਆਂ। ਫਸਲ ਦੀ ਖੁੱਲ੍ਹੀ ਬੋਲੀ ਲਗਾਉਣਾ ਅਤੇ ਕਿਸਾਨਾਂ ਨੂੰ ਉਚਿਤ ਸਹੂਲਤਾਂ ਦਿਵਾਉਣਾ ਇਸ ਦੇ ਮੁੱਖ ਮੁੱਦੇ ਸਨ। ਘੱਟੋ-ਘੱਟ ਸਮਰਥਨ ਮੁੱਲ ਦਾ ਮੁੱਢ ਵੀ ਉਨ੍ਹਾਂ ਨੇ ਬੰਨ੍ਹਿਆ। ਦੂਜੀ ਆਲਮੀ ਜੰਗ ਸਮੇਂ ਅੰਗਰੇਜ਼ ਛੇ ਰੁਪਏ ਮਣ ਕਣਕ ਖਰੀਦ ਕੇ ਬਾਹਰ ਭੇਜਣਾ ਚਾਹੁੰਦੇ ਸਨ। ਵਾਇਸਰਾਏ ਵੇਵਲ ਦੁਆਰਾ ਦਿੱਲੀ ਵਿਚ ਬੁਲਾਈ ਸੂਬਾ ਸਰਕਾਰਾਂ ਦੇ ਪ੍ਰਤੀਨਿਧਾਂ ਦੀ ਮੀਟਿੰਗ ਵਿਚ ਇਸ ਨੂੰ ਮਨਜ਼ੂਰੀ ਦੇਣੀ ਸੀ। ਸਰ ਛੋਟੂ ਰਾਮ ਨੇ ਅੰਕੜੇ ਦੱਸ ਕੇ ਕਿਹਾ ਕਿ ਕਿਸਾਨ ਦਾ ਨੌਂ ਰੁਪਏ ਮਣ ਖਰਚਾ ਆਉਂਦਾ ਹੈ ਅਤੇ ਇੱਕ ਰੁਪਏ ਦਾ ਮੁਨਾਫਾ ਲਏ ਬਗੈਰ ਉਹ ਇਕ ਦਾਣਾ ਵੀ ਨਹੀਂ ਦੇਣਗੇ। ਵਾਇਸਰਾਏ ਨਾਲ ਝੜਪ ਤੋਂ ਬਾਅਦ ਸਰਕਾਰ ਨੂੰ ਇਹ ਮੰਗ ਮੰਨਣੀ ਪਈ। 1941 ਦੇ ਇਕ ਕਾਨੂੰਨ ਰਾਹੀਂ ਸ਼ਹਿਰੀ ਅਤੇ ਪੇਂਡੂ ਦੁਕਾਨਦਾਰਾਂ ਲਈ ਆਪਣੇ ਨਾਪ-ਤੋਲ ਦੇ ਯੰਤਰ ਪਾਸ ਕਰਵਾਉਣੇ ਲਾਜ਼ਮੀ ਕਰ ਦਿੱਤੇ।

**ਅਤਿਅੰਤ ਅਹਿਮ ਕਾਨੂੰਨ**

ਸਰ ਛੋਟੂ ਰਾਮ ਦਾ ਸਭ ਤੋਂ ਮਹੱਤਵਪੂਰਨ ਕਾਨੂੰਨ 'ਪੰਜਾਬ ਰਹਿਣ ਜ਼ਮੀਨਾਂ ਦੀ ਵਾਪਸੀ ਕਾਨੂੰਨ-1938' ਸੀ ਜਿਸ ਨੂੰ '1938' ਕਿਹਾ ਗਿਆ। ਦਰਅਸਲ, ਇਹ ਕਾਨੂੰਨ ਅੰਗਰੇਜ਼ਾਂ ਵੱਲੋਂ ਸੰਨ 1900 ਵਿਚ ਬਣਾਏ ਇਕ ਕਿਸਾਨ-ਪੱਖੀ ਕਾਨੂੰਨ ਵਿਚ ਹੋਈਆਂ ਹੇਰਾਫੇਰੀਆਂ ਠੀਕ ਕਰਨ ਅਤੇ ਚੋਰਮੋਰੀਆਂ ਰੋਕਣ ਲਈ ਬਣਾਇਆ ਗਿਆ ਸੀ। 1849 ਵਿਚ ਪੰਜਾਬ ਉੱਤੇ ਕਬਜ਼ਾ ਕਰ ਕੇ ਅੰਗਰੇਜ਼ਾਂ ਨੇ ਜ਼ਮੀਨ ਸਬੰਧੀ ਦੋ ਵੱਡੀਆਂ ਤਬਦੀਲੀਆਂ ਕਰ ਦਿੱਤੀਆਂ ਸਨ। ਸਿੱਖ ਰਾਜ ਵੇਲੇ ਮਾਮਲਾ ਫਸਲ ਵਿਚੋਂ ਬਟਾਈ ਦੇ ਰੂਪ ਵਿਚ ਲਿਆ ਜਾਂਦਾ ਸੀ। ਫਸਲ ਘੱਟ ਜਾਂ ਵੱਧ ਹੋਣ ਜਾਂ ਕਾਲ ਆਦਿ ਨਾਲ ਹੋਏ ਨਫੇ ਨੁਕਸਾਨ ਦਾ ਦੋਹਾਂ 'ਤੇ ਅਸਰ ਪੈਂਦਾ ਸੀ। ਅੰਗਰੇਜ਼ਾਂ ਨੇ ਕਾਫੀ ਜ਼ਿਆਦਾ ਮਾਮਲਾ ਨਕਦ ਅਤੇ ਸਖਤੀ ਨਾਲ ਉਗਰਾਹੁਣਾ ਸ਼ੁਰੂ ਕਰ ਦਿੱਤਾ। ਪਹਿਲਾਂ ਹਰ ਭਾਈਚਾਰੇ ਦੀ ਜ਼ਮੀਨ ਸਾਂਝੀ ਹੁੰਦੀ ਸੀ, ਪਰ ਅੰਗਰੇਜ਼ ਸਰਕਾਰ ਨੇ ਉਹ ਅਲੱਗ-ਅਲੱਗ ਨਾਵਾਂ 'ਤੇ ਚੜ੍ਹਾ ਕੇ ਕਰਜ਼ਾ ਲੈਣ ਦਾ ਰਾਹ ਖੋਲ੍ਹ ਦਿੱਤਾ। ਨਤੀਜੇ ਵਜੋਂ 50 ਕੁ ਸਾਲਾਂ ਵਿਚ ਹੀ ਸਾਰੇ ਕਿਸਾਨ ਸ਼ਾਹੂਕਾਰਾਂ ਦੇ ਕਰਜ਼ੇ ਹੇਠ ਦੱਬੇ ਗਏ।

ਅੰਗਰੇਜ਼ਾਂ ਨੇ 'ਪੰਜਾਬ ਭੂਮੀ ਮਲਕੀਅਤ ਤਬਦੀਲੀ ਕਾਨੂੰਨ-1900' ਬਣਾ ਦਿੱਤਾ। ਗੈਰ-ਕਾਸ਼ਤਕਾਰ ਤਬਕਿਆਂ ਦੁਆਰਾ ਕਿਸਾਨਾਂ ਦੀ ਜ਼ਮੀਨ ਖਰੀਦਣ ਦੀ ਬਿਲਕੁਲ ਮਨਾਹੀ ਕਰ ਦਿੱਤੀ। ਗਹਿਣੇ ਰੱਖੀ ਜ਼ਮੀਨ ਵੀ 20 ਸਾਲ ਬਾਅਦ ਵਾਪਸ ਹੋ ਜਾਣੀ ਸੀ। ਫਿਰ ਵੀ ਸ਼ਾਹੂਕਾਰ ਚੋਰ-ਮੋਰੀਆਂ ਲੱਭ ਕੇ ਜ਼ਮੀਨਾਂ ਹਥਿਆਉਂਦੇ ਰਹੇ।

1938 ਦੇ ਕਾਨੂੰਨ ਅਧੀਨ ਸਰ ਛੋਟੂ ਰਾਮ ਨੇ ਨਾਜਾਇਜ਼ ਕਬਜ਼ਿਆਂ ਦੀ ਪੜਤਾਲ ਕਰਵਾਈ। ਪੀੜਤ ਕਿਸਾਨਾਂ ਨੇ ਬਗੈਰ ਫੀਸ ਸਾਦੇ ਕਾਗਜ਼ 'ਤੇ ਅਰਜ਼ੀ ਦੇਣੀ ਹੁੰਦੀ ਸੀ। ਵਿਸ਼ੇਸ਼ ਕਮੇਟੀਆਂ ਨੇ ਨਿਸ਼ਚਿਤ ਸਮੇਂ ਵਿਚ ਪੜਤਾਲ ਕਰ ਕੇ ਗਲਤ ਰੂਪ ਵਿਚ ਹਥਿਆਈਆਂ ਜ਼ਮੀਨਾਂ ਕਿਸਾਨਾਂ ਨੂੰ ਤੁਰੰਤ ਵਾਪਸ ਕਰਨੀਆਂ ਸਨ। ਹੈਰਾਨੀਜਨਕ ਨਤੀਜੇ ਸਾਹਮਣੇ ਆਏ। 3 ਲੱਖ 65 ਹਜ਼ਾਰ ਕਿਸਾਨਾਂ ਦੇ 8 ਲੱਖ 35 ਹਜ਼ਾਰ ਏਕੜ ਜਾਂ ਵਿੱਘੇ ਨਾਜਾਇਜ਼ ਕਬਜ਼ੇ ਹੇਠ ਨਿਕਲੇ।

**ਪਾਕਿਸਤਾਨ ਬਣਾਉਣ ਦਾ ਵਿਰੋਧ**

ਜਿਉਂ ਜਿਉਂ ਪਾਕਿਸਤਾਨ ਬਣਾਉਣ ਦੀ ਮੰਗ ਜ਼ੋਰ ਫੜਦੀ ਗਈ, ਸਰ ਛੋਟੂ ਰਾਮ ਆਪਣੀ ਸਾਰੀ ਸ਼ਕਤੀ ਇਸ ਨੂੰ ਠੱਲ੍ਹ ਪਾਉਣ ਵਿਚ ਲਾਉਣ ਲੱਗੇ। ਉਹ ਇਸ ਮੰਗ ਦੇ ਸਭ ਤੋਂ ਵੱਡੇ ਵਿਰੋਧੀ ਸਨ ਕਿਉਂਕਿ ਉਨ੍ਹਾਂ ਦੀ ਪਾਰਟੀ ਦੀ ਬੁਨਿਆਦੀ ਨੀਤੀ ਹੀ ਮੁਸਲਮਾਨ-ਹਿੰਦੂ-ਸਿੱਖ ਏਕਤਾ ਅਤੇ ਸਭ ਦਾ ਆਰਥਿਕ ਕਲਿਆਣ ਸੀ। 1937 ਦੀਆਂ ਚੋਣਾਂ 'ਚ ਕਰਾਰੀ ਹਾਰ ਹੋਣ ਤੋਂ ਬਾਅਦ ਮੁਹੰਮਦ ਅਲੀ ਜਿਨਾਹ ਨੇ ਨਵੀਂ ਚਾਲ ਖੇਡੀ। ਉਸ ਨੇ ਯੂਨੀਅਨਿਸਟ ਪਾਰਟੀ ਦੇ ਕੌਂਸਲ ਮੈਂਬਰਾਂ ਨੂੰ ਮੁਸਲਿਮ ਲੀਗ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਪਰ ਬਹੁਤੀ ਸਫਲਤਾ ਨਾ ਮਿਲੀ।

ਜਿਨਾਹ ਸਮਝ ਗਿਆ ਕਿ ਸਰ ਛੋਟੂ ਰਾਮ ਦੇ ਸਹਿਯੋਗ ਬਗੈਰ ਸਰਕਾਰ 'ਤੇ ਕਬਜ਼ਾ ਨਹੀਂ ਹੋ ਸਕਦਾ। ਉਸ ਨੇ ਉਨ੍ਹਾਂ ਨਾਲ ਮੁਲਾਕਾਤ ਕਰ ਕੇ ਮੁਸਲਿਮ ਲੀਗ ਨਾਲ ਮਿਲ ਕੇ ਚੱਲਣ ਦੀ ਅਪੀਲ ਕੀਤੀ ਅਤੇ ਵਾਅਦਾ ਕੀਤਾ ਕਿ ਨਵੀਂ ਸਰਕਾਰ ਵਿਚ ਉਨ੍ਹਾਂ ਦਾ ਰੁਤਬਾ ਬਰਕਰਾਰ ਰਹੇਗਾ। ਸਰ ਛੋਟੂ ਰਾਮ ਨੇ ਇਹ ਕਹਿ ਕੇ ਕੋਰਾ ਜਵਾਬ ਦੇ ਦਿੱਤਾ ਕਿ ਇਹ ਸਾਰੇ ਧਰਮਾਂ ਵਾਲਿਆਂ ਦੀ ਨਿਰੋਲ ਆਰਥਿਕ ਮੁੱਦਿਆਂ 'ਤੇ ਆਧਾਰਿਤ ਸਰਕਾਰ ਹੈ ਅਤੇ ਇਸੇ ਰੂਪ ਵਿਚ ਕਾਇਮ ਰਹੇਗੀ।

ਸਰ ਛੋਟੂ ਰਾਮ ਨੇ ਆਰਥਿਕ ਸੁਧਾਰ ਹੋਰ ਤੇਜ਼ ਕਰ ਦਿੱਤੇ। ਨਵੇਂ ਆਬਾਦ ਹੋਏ ਇਲਾਕਿਆਂ ਵਿਚ ਗੈਰ-ਆਬਾਦ ਜ਼ਮੀਨਾਂ ਬੇਜ਼ਮੀਨੇ ਮੁਸਲਮਾਨਾਂ ਅਤੇ ਦਲਿਤਾਂ ਨੂੰ ਅਲਾਟ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜ਼ਿਆਦਾਤਰ ਮੁਸਲਮਾਨ ਕਿਸਾਨ ਪਹਿਲਾਂ ਹੀ ਜਿਨਾਹ ਨਾਲੋਂ ਸਰ ਛੋਟੂ ਰਾਮ ਦੀ ਗੱਲ ਜ਼ਿਆਦਾ ਮੰਨਦੇ ਸਨ ਕਿਉਂਕਿ ਜਿਹੜੀ 8 ਲੱਖ 35 ਹਜ਼ਾਰ ਏਕੜ/ਵਿੱਘੇ ਜ਼ਮੀਨ ਉਨ੍ਹਾਂ ਨੇ ਮੁਫਤ ਵਾਪਸ ਕਰਵਾਈ ਸੀ ਉਹ ਜ਼ਿਆਦਾਤਰ ਪੱਛਮੀ ਪੰਜਾਬ ਦੇ ਮੁਸਲਮਾਨਾਂ ਦੀ ਸੀ।

ਹੁਣ ਸਰ ਛੋਟੂ ਰਾਮ ਅਤੇ ਜਿਨਾਹ ਵਿਚਕਾਰ ਸਿੱਧੀ ਟੱਕਰ ਹੋ ਗਈ। ਕਾਂਗਰਸ, ਹਿੰਦੂ ਮਹਾਂਸਭਾ ਅਤੇ ਉਹ ਸਾਰੇ ਅਖਬਾਰ ਜੋ ਹਮੇਸ਼ਾ ਸਰ ਛੋਟੂ ਰਾਮ ਦਾ ਵਿਰੋਧ ਕਰਦੇ ਆਏ ਸਨ, ਸਰ ਛੋਟੂ ਰਾਮ ਦੀ ਸ਼ਰਨ ਵਿਚ ਆ ਗਏ। 'ਕਾਇਦ-ਏ-ਆਜ਼ਮ ਜ਼ਿੰਦਾਬਾਦ' ਦੇ ਵਿਰੁੱਧ 'ਰਹਿਬਰ-ਏ-ਆਜ਼ਮ ਜ਼ਿੰਦਾਬਾਦ' ਦਾ ਨਾਅਰਾ ਗੂੰਜਣ ਲੱਗਾ। ਜਿਨਾਹ ਬੌਖਲਾ ਉੱਠਿਆ। ਉਹ ਸਰ ਛੋਟੂ ਰਾਮ ਵਿਰੁੱਧ ਜ਼ਹਿਰ ਉਗਲਣ ਲੱਗਾ। ਉਨ੍ਹਾਂ ਨੇ ਉਸ ਨੂੰ ਚੌਵੀ ਘੰਟੇ ਵਿਚ ਪੰਜਾਬ ਛੱਡਣ ਜਾਂ ਗ੍ਰਿਫਤਾਰ ਕੀਤੇ ਜਾਣ ਦਾ ਨੋਟਿਸ ਭੇਜ ਦਿੱਤਾ। ਜਿਨਾਹ ਅਗਲੀ ਸਵੇਰ ਹੀ ਕਸ਼ਮੀਰ ਚਲਾ ਗਿਆ।

ਯੂਨੀਅਨਿਸਟ ਪਾਰਟੀ ਕੋਲ ਅੱਛੇ ਬੁਲਾਰੇ ਬਹੁਤ ਘੱਟ ਸਨ। ਇਸ ਲਈ ਪਾਕਿਸਤਾਨ ਦੀ ਮੰਗ ਦਾ ਵਿਰੋਧ ਕਰਨ ਦਾ ਸਾਰਾ ਬੋਝ ਸਰ ਛੋਟੂ ਰਾਮ 'ਤੇ ਪੈ ਗਿਆ। ਉਹ ਹਰ ਰੋਜ਼ ਕਈ ਕਈ ਥਾਵਾਂ 'ਤੇ ਘੰਟਿਆਂ-ਬੱਧੀ ਬੋਲਦੇ ਰਹਿੰਦੇ। ਸਿਹਤ ਖਰਾਬ ਹੋ ਗਈ ਪਰ ਡਾਕਟਰਾਂ ਦੇ ਕਹਿਣ ਦੇ ਬਾਵਜੂਦ ਉਨ੍ਹਾਂ ਨੇ ਇਕ ਦਿਨ ਵੀ ਆਰਾਮ ਨਾ ਕੀਤਾ।

ਨਵੰਬਰ 1944 ਵਿਚ ਇਕ ਦਿਨ ਤੇਜ਼ ਬੁਖਾਰ ਦੇ ਬਾਵਜੂਦ ਉਹ ਝੰਗ ਵਿਖੇ ਤਿੰਨ ਘੰਟੇ ਤੋਂ ਵੱਧ ਬੋਲਦੇ ਰਹੇ। ਭਾਸ਼ਣ ਖਤਮ ਹੋਣ 'ਤੇ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ। ਇਲਾਜ ਚਲਦਾ ਰਿਹਾ, ਪਰ ਉਹ ਆਪਣੇ ਰਹਿੰਦੇ ਕੰਮ ਪੂਰੇ ਕਰਨ, ਖਾਸ ਤੌਰ 'ਤੇ ਭਾਖੜਾ ਡੈਮ ਦਾ ਨਿਰਮਾਣ ਸ਼ੁਰੂ ਕਰਵਾਉਣ, ਵਿਚ ਜੁਟੇ ਰਹੇ। ਆਖਰ 9 ਜਨਵਰੀ 1945 ਨੂੰ ਜ਼ਬਰਦਸਤ ਦੌਰਾ ਪੈਣ ਕਾਰਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਦੇਸ਼ ਦੀ ਅਖੰਡਤਾ ਕਾਇਮ ਰੱਖਣ ਲਈ ਹੋਏ ਸ਼ਹੀਦ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਜਿਨਾਹ ਦੀ ਚੜ੍ਹ ਮੱਚੀ। ਮੁੱਖ ਮੰਤਰੀ ਮਲਿਕ ਖਿਜ਼ਰ ਹਿਆਤ ਖਾਨ ਟਿਵਾਣਾ ਨੇ ਸਰ ਛੋਟੂ ਰਾਮ ਦੀ ਵਿਰਾਸਤ 'ਤੇ ਪਹਿਰਾ ਦੇਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਹ ਸਫਲ ਨਾ ਹੋ ਸਕੇ।

ਪੰਜਾਬ ਟਾਈਮਜ਼

*ਸਨਿਚਰਵਾਰ, 20 ਫਰਵਰੀ 2021*

# ਨਗਰ ਨਿਗਮ ਚੋਣਾਂ ਤੇ ਪੰਜਾਬ ਦੀ ਸਿਆਸਤ

ਨਗਰ ਨਿਗਮ ਚੋਣਾਂ ਵਿਚ ਕਾਂਗਰਸ ਨੇ ਆਸ ਮੁਤਾਬਿਕ ਹੀ ਜਿੱਤ ਹਾਸਲ ਕਰ ਲਈ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਇਸ ਗੱਲ ਤੋਂ ਬੜੀ ਤਿੱਖੀ ਨੁਕਤਾਚੀਨੀ ਹੋਈ ਸੀ ਕਿ ਇਕ ਪਾਸੇ ਤਾਂ ਪੰਜਾਬ ਦੇ ਲੋਕ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਤਿੰਨ ਖੇਤੀ ਕਾਨੂੰਨਾਂ ਬਾਬਤ ਆਰ-ਪਾਰ ਦੀ ਲੜਾਈ ਲੜ ਰਹੇ ਹਨ, ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਨੇ ਨਗਰ ਨਿਗਮ ਚੋਣਾਂ ਕਰਵਾਉਣ ਦਾ ਰਾਹ ਫੜ ਲਿਆ ਹੈ। ਉਂਜ, ਇਸ ਨੁਕਤਾਚੀਨੀ ਦੇ ਬਾਵਜੂਦ ਕੈਪਟਨ ਅਮਰਿੰਦਰ ਸਿੰਘ ਆਪਣੇ ਇਸ ਫੈਸਲੇ ਤੋਂ ਪਿਛੇ ਨਹੀਂ ਹਟੇ ਅਤੇ ਉਨ੍ਹਾਂ ਇਹ ਚੋਣਾਂ ਕਰਵਾ ਕੇ ਹੀ ਦਮ ਲਿਆ। ਗੱਲ ਵਿਚੋਂ ਇਹ ਹੈ ਕਿ ਪੰਜਾਬ ਦੀ ਮੌਜੂਦਾ ਵਿਧਾਨ ਸਭਾ ਦੀ ਮਿਆਦ 27 ਮਾਰਚ 2022 ਨੂੰ ਖਤਮ ਹੋ ਰਹੀ ਹੈ ਅਤੇ ਇਸ ਹਿਸਾਬ ਨਾਲ ਅਗਲੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ ਜਾਂ ਮਾਰਚ ਵਿਚ ਹੋਣੀਆਂ ਹਨ। ਪਿਛਲੀਆਂ, ਭਾਵ 2017 ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਨੇ ਐਲਾਨ ਕੀਤਾ ਸੀ ਕਿ ਉਹ ਉਨ੍ਹਾਂ ਦੀਆਂ ਆਖਰੀ ਚੋਣਾਂ ਹਨ ਪਰ ਜਦੋਂ ਚੋਣਾਂ ਜਿੱਤਣ ਤੋਂ ਬਾਅਦ ਉਨ੍ਹਾਂ ਦੇਖਿਆ ਕਿ ਪੰਜਾਬ ਵਿਚ ਵਿਰੋਧੀ ਧਿਰ ਜਿਸ ਵਿਚ ਮੁੱਖ ਤੌਰ 'ਤੇ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਸ਼ਾਮਿਲ ਹਨ, ਵੱਖ-ਵੱਖ ਕਾਰਨਾਂ ਕਰ ਕੇ ਸਿਆਸੀ ਪਿੜ ਵਿਚ ਲਗਾਤਾਰ ਪਛੜ ਰਹੇ ਹਨ ਤਾਂ ਉਨ੍ਹਾਂ ਐਲਾਨ ਕਰ ਦਿੱਤਾ ਕਿ ਉਹ ਅਗਲੀਆਂ, ਭਾਵ 2022 ਵਾਲੀਆਂ ਵਿਧਾਨ ਸਭਾ ਚੋਣਾਂ ਵੀ ਲੜਨਗੇ। ਹੁਣ ਨਗਰ ਨਿਗਮ ਚੋਣਾਂ ਵਿਚ ਜਿੱਤ ਤੋਂ ਤੁਰੰਤ ਬਾਅਦ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਐਲਾਨ ਹੀ ਕਰ ਦਿੱਤਾ ਹੈ ਕਿ ਕਾਂਗਰਸ ਅਗਲੀਆਂ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਹੀ ਲੜਨਗੀਆਂ। ਦਰਅਸਲ, ਕੈਪਟਨ ਅਮਰਿੰਦਰ ਸਿੰਘ ਆਪਣੀ ਪਾਰਟੀ ਦੀ ਹਾਈ ਕਮਾਨ ਨੂੰ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਅਗਲੀ ਵਾਰ ਵਿਧਾਨ ਸਭਾ ਚੋਣਾਂ ਦੌਰਾਨ ਅਗਵਾਈ ਕਰਨ ਲਈ ਉਹ ਬਾਕਾਇਦਾ ਮੈਦਾਨ ਵਿਚ ਹਨ। ਉਂਜ, ਮਸਲਾ ਵਿਚੋਂ ਇਕ ਹੋਰ ਵੀ ਹੈ। ਪਿਛਲੇ ਕੁਝ ਸਮੇਂ ਤੋਂ ਨਵਜੋਤ ਸਿੰਘ ਸਿੱਧੂ ਦੀ ਵਾਪਸੀ ਬਾਰੇ ਚਰਚਾ ਚੱਲ ਰਹੀ ਹੈ। ਇਨ੍ਹਾਂ ਚੋਣਾਂ ਵਿਚ ਜਿੱਤ ਹਾਸਲ ਕਰ ਕੇ ਕੈਪਟਨ ਅਮਰਿੰਦਰ ਆਪਣੀ ਦਾਅਵੇਦਾਰੀ ਹੀ ਪ੍ਰਗਟ ਕਰ ਰਹੇ ਹਨ।

ਉਂਜ, ਹਾਲੀਆ ਨਗਰ ਨਿਗਮ ਚੋਣਾਂ ਦੇ ਨਤੀਜਿਆਂ ਬਾਰੇ ਚਰਚਾ ਕੀਤੀ ਜਾਵੇ ਤਾਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਜਿਹੜੀ ਭਾਰਤੀ ਜਨਤਾ ਪਾਰਟੀ ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੂਬੇ ਵਿਚ ਆਪਣੀ ਸਰਕਾਰ ਬਣਾਉਣ ਦੇ ਦਾਅਵੇ ਕਰ ਰਹੀ ਹੈ, ਉਸ ਦਾ ਇਨ੍ਹਾਂ ਚੋਣਾਂ ਅੰਦਰ ਬਹੁਤ ਬੁਰਾ ਹਾਲ ਹੋਇਆ ਹੈ। ਹੋਰ ਤਾਂ ਹੋਰ, ਇਸ ਪਾਰਟੀ ਦੇ ਆਗੂਆਂ ਨੂੰ ਤਾਂ ਚੋਣ ਪ੍ਰਚਾਰ ਕਰਨ ਦੌਰਾਨ ਵੀ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਕਈ ਥਾਈਂ ਤਾਂ ਲੋਕ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰਾਂ ਦੇ ਗਲ ਪੈਣ ਤੱਕ ਗਏ ਅਤੇ ਕੁਝ ਥਾਈਂ ਗੱਲ ਕੁੱਟ-ਕੁਟਾਈ ਤੱਕ ਵੀ ਜਾ ਅੱਪੜੀ। ਸ਼੍ਰੋਮਣੀ ਅਕਾਲੀ ਨੇ ਸਿਆਸੀ ਪਿੜ ਵਿਚ ਵਾਪਸੀ ਲਈ ਇਨ੍ਹਾਂ ਚੋਣਾਂ ਦੌਰਾਨ ਪੂਰਾ ਜ਼ੋਰ ਲਾਇਆ ਪਰ ਇਸ ਦੀ ਕਾਰਗੁਜ਼ਾਰੀ ਬਹੁਤੀ ਅਸਰਦਾਰ ਨਹੀਂ ਰਹੀ। ਇਸ ਪਾਰਟੀ ਨਾਲੋਂ ਵੱਧ ਸੀਟਾਂ ਉਤੇ ਤਾਂ ਆਜ਼ਾਦ ਉਮੀਦਵਾਰ ਹੀ ਜਿੱਤ ਗਏ। ਆਮ ਆਦਮੀ ਪਾਰਟੀ ਵੀ ਇਨ੍ਹਾਂ ਚੋਣਾਂ ਦੌਰਾਨ ਕੋਈ ਮਾਅਰਕਾ ਨਹੀਂ ਮਾਰ ਸਕੀ। ਅਸਲ ਵਿਚ ਇਸ ਪਾਰਟੀ ਦੀ ਹਾਈ ਕਮਾਨ ਦਾ ਬਹੁਤਾ ਧਿਆਨ ਜਥੇਬੰਦਕ ਢਾਂਚਾ ਉਸਾਰਨ ਵੱਲ ਕਦੀ ਵੀ ਨਹੀਂ ਰਿਹਾ। ਉਂਜ ਵੀ ਇਸ ਪਾਰਟੀ ਦੇ ਸੂਬਾਈ ਆਗੂ ਆਪਣੀ ਬਹੁਤੀ ਸਿਆਸਤ ਦੂਜੀਆਂ ਪਾਰਟੀਆਂ ਦੀ ਆਲੋਚਨਾ ਕਰ-ਕਰ ਕੇ ਚਲਾਉਣੀ ਚਾਹੁੰਦੇ ਹਨ ਪਰ ਇਸ ਤਰ੍ਹਾਂ ਸਿਆਸੀ ਮੈਦਾਨ ਕਦੀ ਫਤਿਹ ਨਹੀਂ ਹੁੰਦੇ। ਇਸੇ ਲਈ ਚੋਣ ਮੈਦਾਨ ਵਿਚ ਪਾਰਟੀ ਦੇ ਰੌਲੇ-ਰੱਪੇ ਦੇ ਬਾਵਜੂਦ ਇਸ ਪਾਰਟੀ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਰਹੀ। ਬਹੁਜਨ ਸਮਾਜ ਪਾਰਟੀ (ਬਸਪਾ) ਜੋ ਹਰ ਇਕ ਚੋਣ ਵਿਚ 'ਕਿੰਗ ਮੇਕਰ' ਵਾਲੀ ਭੂਮਿਕਾ ਨਿਭਾਉਣ ਦੀਆਂ ਆਸਾਂ ਅਤੇ ਉਮੀਦਾਂ ਲਾਈ ਰੱਖਦੀ ਹੈ, ਵੀ ਨਿਗਮ ਚੋਣਾਂ ਦੌਰਾਨ ਆਪਣੀ ਹੋਂਦ ਭਰਵੇਂ ਰੂਪ ਵਿਚ ਦਿਖਾਉਣ ਵਿਚ ਨਾਕਾਮ ਰਹੀ ਹੈ।

ਇਨ੍ਹਾਂ ਨਗਰ ਨਿਗਮ ਚੋਣਾਂ ਦੇ ਨਤੀਜਿਆਂ ਨੂੰ ਧਿਆਨ ਵਿਚ ਰੱਖ ਕੇ ਕੁਝ ਸਿਆਸੀ ਵਿਸ਼ਲੇਸ਼ਕ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਕਿਆਸ-ਅਰਾਈਆਂ ਲਾ ਰਹੇ ਹਨ ਪਰ ਇਸ ਸਬੰਧ ਵਿਚ ਇਕ ਨੁਕਤਾ ਸਮਝਣ ਵਾਲਾ ਇਹ ਹੈ ਕਿ ਨਿਗਮ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਵਿਚ ਜ਼ਮੀਨ-ਆਸਮਾਨ ਦਾ ਫਰਕ ਹੁੰਦਾ ਹੈ। ਇਨ੍ਹਾਂ ਦੋਹਾਂ ਚੋਣਾਂ ਦੌਰਾਨ ਮੁੱਦੇ-ਮਸਲੇ ਅਤੇ ਸਿਆਸੀ ਸਰਗਰਮੀ ਵੱਖਰੀ-ਵੱਖਰੀ ਤਰ੍ਹਾਂ ਦੀ ਹੁੰਦੀ ਹੈ। ਨਗਰ ਚੋਣਾਂ ਵਿਚ ਸਥਾਨਕ ਮਸਲੇ ਅਤੇ ਸਥਾਨਕ ਆਗੂ ਵਧੇਰੇ ਗੌਲੇ ਜਾਂਦੇ ਹਨ ਜਦਕਿ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਦੇ ਸਮੁੱਚੇ ਵਿਕਾਸ ਦੀਆਂ ਗੱਲਾਂ-ਬਾਤਾਂ ਚੱਲਦੀਆਂ ਹਨ। ਉਂਜ, ਇਸ ਸਭ ਦੇ ਬਾਵਜੂਦ ਜੇ ਸੂਬੇ ਦੇ ਸਮੁੱਚੇ ਸਿਆਸੀ ਮਾਹੌਲ 'ਤੇ ਨਜ਼ਰ ਦੁੜਾਈ ਜਾਵੇ ਤਾਂ ਸਾਫ ਪਤਾ ਲੱਗਦਾ ਹੈ ਕਿ ਹਾਲ ਦੀ ਘੜੀ ਕਾਂਗਰਸ ਨੂੰ ਸਿਆਸੀ ਪਿੜ ਵਿਚ ਆਪਣਾ ਹੱਥ ਉਤਾਂਹ ਹੀ ਜਾਪਦਾ ਹੈ। ਦੂਜੇ, ਪਹਿਲਾਂ ਕਰੋਨਾ ਮਹਾਮਾਰੀ ਕਾਰਨ ਅਤੇ ਹੁਣ ਕਿਸਾਨ ਅੰਦੋਲਨ ਕਾਰਨ ਆਮ ਲੋਕਾਂ ਅਤੇ ਸਿਆਸੀ ਆਗੂਆਂ ਦਾ ਧਿਆਨ ਕਾਂਗਰਸ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਵੱਲ ਅਜੇ ਤੱਕ ਗਿਆ ਨਹੀਂ ਹੈ। ਨਤੀਜੇ ਵਜੋਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਸਭ ਨਾਲਾਇਕੀਆਂ ਫਿਲਹਾਲ ਢਕੀਆਂ ਹੋਈਆਂ ਹਨ। ਜਿਉਂ-ਜਿਉਂ ਚੋਣਾਂ ਦੇ ਦਿਨ ਨੇੜੇ ਆਉਂਦੇ ਜਾਣਗੇ, ਸਿਆਸੀ ਪਿੜ ਭਖਦਾ ਜਾਵੇਗਾ। ਉਸ ਵਕਤ ਫਿਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਕਾਰਗੁਜ਼ਾਰੀ ਦੀ ਪੁਣ-ਛਾਣ ਵੀ ਹੋਵੇਗੀ। ਇਹ ਵੀ ਸੰਭਵ ਹੈ ਕਿ ਉਦੋਂ ਤੱਕ ਪੰਜਾਬ ਦੇ ਸਿਆਸੀ ਪਿੜ ਅੰਦਰ ਕਿਸੇ ਨਵੀਂ ਸਿਆਸੀ ਧਿਰ ਦੀ ਆਮਦ ਹੋ ਜਾਵੇ। ਇਕ ਤੱਥ ਵਾਰ-ਵਾਰ ਉਭਰ ਕੇ ਸਾਹਮਣੇ ਆ ਰਿਹਾ ਹੈ ਕਿ ਪੰਜਾਬ ਦੇ ਲੋਕ ਸੂਬੇ ਵਿਚ ਸਿਆਸੀ ਤਬਦੀਲੀ ਚਾਹੁੰਦੇ ਹਨ, ਕਿਉਂਕਿ ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਔਕੜਾਂ ਹੱਲ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀਆਂ ਹਨ। ਇਸੇ ਕਰ ਕੇ ਪਹਿਲੀਆਂ ਵਿਧਾਨ ਸਭਾ ਚੋਣਾਂ ਨਾਲੋਂ 2022 ਵਾਲੀਆਂ ਚੋਣਾਂ ਕਿਤੇ ਵੱਧ ਅਹਿਮ ਹੋਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਹਾਲਾਤ-ਏ-ਸੋਸ਼ਲ ਮੀਡੀਆ*

ਮੈਨੂੰ ਹੀ ਗਿਆਨ ਹੋਰ ਬੈਠੇ ਅਗਿਆਨੀ ਐਥੇ, ਸਵਾਲ ਹੀ ਪੈਦਾ ਨ੍ਹੀਂ ਹੁੰਦਾ ਮਾਫੀ ਭੁੱਲ-ਚੁੱਕ ਦਾ।
ਫਾਨਾ ਠੋਕ ਮਹਿਕਮਾ ਘੜੰਮ-ਲਾਠੀ ਮਾਰੀ ਜਾਵੇ, ਕਿੱਲੀ ਦੱਬੀ ਜਾਂਦੇ ਆ ਪਤਾ ਨਾ ਗਿੱਲ-ਸੁੱਕ ਦਾ।
ਚੱਲਦੇ ਵਿਸ਼ੇ ਦੇ ਬਾਰੇ ਹੋਵੇ ਨਾ ਗਿਆਤ ਭਾਵੇਂ, ਫੇਰ ਵੀ 'ਕਮੈਂਟ' ਦੇਣੋਂ ਹੱਥ ਨਹੀਂਉਂ ਰੁਕਦਾ।
ਪੜ੍ਹੇ-ਅੱਧਪੜ੍ਹੇ, ਬੜੇ-ਛੋਟੇ ਦਾ 'ਫਰਕ' ਮੁੱਕਾ, ਧੌਲੀ ਦਾਹੜੀ ਵਾਲਾ ਵੀ ਨਿਆਣਿਆਂ ਤੋਂ ਠੁਕਦਾ।
ਲਾ ਨਾ ਦੇਵੇ ਲੇਬਲ ਕੋਈ 'ਦੱਲੇ ਜਾਂ ਗੱਦਾਰ' ਵਾਲਾ, ਸਾਊਆਂ ਸ਼ਰੀਫਾਂ ਦਾ ਤਾਂ ਸਾਹ ਰਹਿੰਦਾ ਸੁੱਕਦਾ।
ਮਿੱਤਰਾਂ ਦੀ ਮਹਿਫਿਲ ਬਣੀ ਐਂ ਸੋਹਣੀ ਫੇਸਬੁੱਕ, ਦੇਈਏ ਨਾ ਜੀ ਰੂਪ ਏਸ ਨੂੰ 'ਕ਼ਲੇਸ-ਬੁੱਕ' ਦਾ!

# ਖੇਤੀਬਾੜੀ, ਖੁਰਾਕ ਬਾਜ਼ਾਰ ਅਤੇ ਕਾਰਪੋਰੇਟ 'ਤੇ ਧਨਾਢਾਂ ਦਾ ਕਬਜ਼ਾ

*ਪਹਿਲਾਂ ਮੁੱਖ ਤੌਰ 'ਤੇ ਪੰਜਾਬ, ਫਿਰ ਹਰਿਆਣਾ ਅਤੇ ਫਿਰ ਮੁਲਕ ਦੇ ਬਹੁਤ ਸਾਰੇ ਰਾਜਾਂ ਅੰਦਰ ਭਖੇ ਕਿਸਾਨ ਅੰਦੋਲਨ ਨੇ ਬਹੁਤ ਸਾਰੀਆਂ ਚਰਚਾਵਾਂ ਨੂੰ ਜਨਮ ਦਿੱਤਾ ਹੈ। ਕਿਸਾਨੀ ਅਤੇ ਕਿਸਾਨ ਮਸਲਿਆਂ ਦੇ ਉਘੇ ਮਾਹਿਰ ਡਾ. ਦੇਵਿੰਦਰ ਸ਼ਰਮਾ ਨੇ ਇਸ ਲੇਖ ਵਿਚ ਖੇਤੀਬਾੜੀ ਉਤੇ ਹੌਲੀ-ਹੌਲੀ ਕਾਬਜ਼ ਹੋਣ ਵਾਲੇ ਕਾਰਪੋਰੇਟ ਘਰਾਣਿਆਂ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਹਨ। ਹੈਰਾਨੀ ਵਾਲੀ ਗੱਲ ਨਹੀਂ ਕਿ ਇਸ ਵਕਤ ਅਮਰੀਕਾ ਵਿਚ ਸਭ ਤੋਂ ਵੱਧ ਜ਼ਮੀਨ ਦੀ ਮਾਲਕੀ ਸੰਸਾਰ ਪ੍ਰਸਿੱਧ ਕਾਰੋਬਾਰੀ ਬਿਲ ਗੇਟਸ ਅਤੇ ਉਸ ਦੀ ਪਤਨੀ ਕੋਲ ਹੈ। ਭਾਰਤ ਦੀ ਮੋਦੀ ਸਰਕਾਰ ਵੀ ਹੁਣ ਇਨ੍ਹਾਂ ਲੀਹਾਂ ਉਤੇ ਚੱਲ ਰਹੀ ਹੈ। -ਸੰਪਾਦਕ*

**ਦੇਵਿੰਦਰ ਸ਼ਰਮਾ**
ਫੋਨ: +91-98113-01857

ਜਿੰਨੀ ਵਾਰ ਵੀ ਤੁਸੀਂ ਕਿਸੇ ਸੁਪਰ ਮਾਰਕੀਟ ਜਾਂ ਆਮ ਜਿਹੇ ਦਿਖਾਈ ਦੇਣ ਵਾਲੇ ਕਰਿਆਨਾ ਸਟੋਰ ਵਿਚ ਖਰੀਦਾਰੀ ਲਈ ਦਾਖਲ ਹੁੰਦੇ ਹੋ ਤਾਂ ਉਥੇ ਤੁਸੀਂ ਚੋਣ ਲਈ ਅਨੇਕਾਂ ਵੰਨ-ਸਵੰਨੀਆਂ ਵਸਤਾਂ ਦੇਖ ਕੇ ਹੈਰਾਨ ਰਹਿ ਜਾਂਦੇ ਹੋ। ਸਟੋਰਾਂ ਦੀਆਂ ਸ਼ੈਲਫਾਂ ਵੱਖ ਵੱਖ ਤਰ੍ਹਾਂ ਦੀਆਂ ਖੁਰਾਕੀ ਵਸਤਾਂ ਨਾਲ ਭਰੀਆਂ ਹੁੰਦੀਆਂ ਹਨ ਅਤੇ ਇਹ ਉਤਪਾਦ ਬਹੁਤ ਹੀ ਲੁਭਾਉਣੇ ਪੈਕਟਾਂ ਵਿਚ ਹੁੰਦੇ ਹਨ ਅਤੇ ਨਾਲ ਹੁੰਦੀਆਂ ਹਨ ਲਲਚਾਉਣ ਵਾਲੀਆਂ ਖਰੀਦਾਰੀ ਪੇਸ਼ਕਸ਼ਾਂ। ਇਸ ਤੋਂ ਕਿਸੇ ਨੂੰ ਵੀ ਇਹ ਵਹਿਮ ਹੋ ਸਕਦਾ ਹੈ ਕਿ ਬਾਜ਼ਾਰ ਵਿਚ ਮਿਲਦੇ ਬਦਲਾਂ (ਚੋਣ) ਵਿਚ ਇਜ਼ਾਫਾ ਹੋ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਸਾਡੇ ਲਈ ਬਦਲ ਸੀਮਤ ਹੋ ਰਹੇ ਹਨ। ਜ਼ਿਆਦਾਤਰ ਉਤਪਾਦ ਕੁਝ ਕੁ ਹੀ ਕੰਪਨੀਆਂ ਦੇ ਹੁੰਦੇ ਹਨ ਅਤੇ ਪਿਛਲੇ ਸਾਲਾਂ ਦੌਰਾਨ ਅਜਿਹੀਆਂ ਕੰਪਨੀਆਂ ਦੀ ਗਿਣਤੀ ਘਟੀ ਹੈ। ਇਸ ਦਾ ਕਾਰਨ ਹੈ ਖੁਰਾਕ ਪ੍ਰਾਸੈਸਿੰਗ ਅਤੇ ਪਰਚੂਨ ਵਪਾਰ ਦਾ ਕੇਂਦਰੀਕਰਨ ਹੋਣਾ ਜਿਸ ਨਾਲ ਇਸ ਖੇਤਰ ਵਿਚ ਕੁਝ ਕੁ ਹੀ ਕੰਪਨੀਆਂ ਦਾ ਦਬਦਬਾ ਜਾਂ ਇਜਾਰੇਦਾਰੀ ਬਣ ਗਈ ਹੈ।

ਜੇ ਤੁਹਾਨੂੰ ਇਹ ਜਾਪਦਾ ਹੈ ਕਿ ਅਜਿਹਾ ਕੇਂਦਰੀਕਰਨ ਮਹਿਜ਼ ਖੁਰਾਕੀ ਵਸਤਾਂ ਦੇ ਪਰਚੂਨ ਬਾਜ਼ਾਰ ਵਿਚ ਹੋ ਰਿਹਾ ਹੈ ਤਾਂ ਵੀ ਤੁਹਾਨੂੰ ਸਾਹ ਰੋਕ ਕੇ ਸੁਣਨ ਦੀ ਲੋੜ ਹੈ। ਇਹ ਕੇਂਦਰੀਕਰਨ ਤੇ ਇਕੱਤਰੀਕਰਨ ਨਾ ਸਿਰਫ ਇਸ ਖੇਤਰ ਵਿਚ ਹੋ ਰਿਹਾ ਹੈ ਸਗੋਂ ਸਮੁੱਚੀ ਖੁਰਾਕ ਪੈਦਾਵਾਰੀ ਲੜੀ ਵਿਚ ਜਾਰੀ ਹੈ ਜਿਸ ਦੇ ਸਿੱਟੇ ਵਜੋਂ ਗਾਹਕ ਲਈ ਚੋਣਾਂ ਜਾਂ ਬਦਲ ਘਟ ਰਹੇ ਹਨ। ਹੁੰਦਾ ਇਹ ਹੈ ਕਿ ਪਹਿਲਾਂ ਕਿਸੇ ਕੰਪਨੀ ਦੀ ਇਜਾਰੇਦਾਰੀ ਬਣਦੀ ਹੈ, ਉਸ ਤੋਂ ਬਾਅਦ ਅਜਿਹੀਆਂ ਕੁਝ ਕੰਪਨੀਆਂ ਦਾ ਗੱਠਜੋੜ ਬਣੇਗਾ ਜਿਸ ਨਾਲ ਸਮੁੱਚੀ ਖੁਰਾਕ ਪੈਦਾਵਾਰੀ ਲੜੀ ਉਤੇ ਉਨ੍ਹਾਂ ਦਾ ਕਬਜ਼ਾ ਹੋ ਜਾਵੇਗਾ; ਜਿਵੇਂ ਮਜ਼ੂਰੀ ਯੂਨੀਵਰਸਿਟੀ (ਅਮਰੀਕਾ) ਦੇ ਡਾ. ਵਿਲੀਅਮ ਹੈਫਰਮੈਨ ਨੇ 1991 ਵਿਚ ਹੀ ਭਵਿੱਖਬਾਣੀ ਕਰ ਦਿੱਤੀ ਸੀ ਕਿ 'ਬੀਜ ਤੋਂ ਸ਼ੁਰੂ ਹੋ ਕੇ ਦੁਕਾਨ ਵਿਚ ਪਹੁੰਚਣ' ਤੱਕ ਦੇ ਸਮੁੱਚੇ ਕਾਰ-ਵਿਹਾਰ ਉਤੇ ਕੰਪਨੀਆਂ ਆਪਣਾ ਕੰਟਰੋਲ ਕਰ ਲੈਣਗੀਆਂ, ਤੇ ਬਿਲਕੁਲ ਇਹੋ ਹੋਇਆ ਹੈ। ਪਹਿਲਾਂ ਇਸ ਪਾਸੇ ਤਬਦੀਲੀ ਬਹੁਤ ਮੱਠੀ ਰਫਤਾਰ ਨਾਲ ਸ਼ੁਰੂ ਹੋਈ ਪਰ ਸੰਸਾਰੀਕਰਨ ਹੁੰਦਿਆਂ ਹੀ ਇਸ ਅਮਲ ਨੇ ਪੂਰੀ ਤੇਜ਼ੀ ਫੜ ਲਈ। ਇਹ ਸਾਰਾ ਅਮਲ ਬਾਜ਼ਾਰ ਆਧਾਰਿਤ ਅਰਥਚਾਰੇ ਦੇ ਮੂਲ ਮੰਤਰ 'ਜ਼ਿਆਦਾ ਬਦਲ ਮਤਲਬ ਜ਼ਿਆਦਾ ਮੁਕਾਬਲਾ' ਨੂੰ ਸੀਮਤ ਕਰਨ ਲੱਗ ਪਿਆ। ਹਕੀਕਤ ਤਾਂ ਇਹ ਹੈ ਕਿ ਜਿਸ ਤਰ੍ਹਾਂ ਕੰਪਨੀਆਂ ਖਰੀਦਣ ਜਾਂ ਉਨ੍ਹਾਂ ਦੇ ਰਲੇਵੇਂ ਦੀ ਕਾਰਵਾਈ ਦੇਖਣ ਨੂੰ ਮਿਲੀ ਹੈ, ਖਾਸਕਰ 1980ਵਿਆਂ ਤੋਂ ਬਾਅਦ, ਉਸ ਨਾਲ ਸਭ ਤੋਂ ਵੱਧ ਸੱਟ ਮੁਕਾਬਲੇ ਨੂੰ ਹੀ ਵੱਜੀ ਹੈ। ਜਿਵੇਂ ਹੈਫਰਮੈਨ ਤੇ ਕੁਝ ਹੋਰ ਅਰਥ ਸ਼ਾਸਤਰੀਆਂ ਨੇ ਖਬਰਦਾਰ ਕੀਤਾ ਸੀ, ਬਿਲਕੁਲ ਉਸੇ ਮੁਤਾਬਕ ਜਦੋਂ ਬਾਜ਼ਾਰ ਦੇ 40 ਫੀਸਦੀ ਤੋਂ ਜ਼ਿਆਦਾ ਹਿੱਸੇ ਉਤੇ ਮਹਿਜ਼ ਚਾਰ ਕੰਪਨੀਆਂ ਦਾ ਕਬਜ਼ਾ ਹੋ ਗਿਆ ਤਾਂ ਇਹ ਬਾਜ਼ਾਰ ਮੁਕਾਬਲੇ ਵਾਲਾ ਨਹੀਂ ਰਿਹਾ। ਖਪਤਕਾਰ ਲਈ ਚੋਣ ਵਾਸਤੇ ਬਦਲ ਸੀਮਤ ਹੁੰਦੇ ਗਏ।

ਮਾਲਕੀ ਪੱਖੋਂ ਕੇਂਦਰੀਕਰਨ ਨਾਲ ਸਰਮਾਇਆ ਅਤੇ ਸ਼ਕਤੀ ਇਜਾਰੇਦਾਰੀ ਵਿਚ ਜਮ੍ਹਾਂ ਹੋਣ ਲੱਗੀ। ਸਮੁੱਚੀ ਖੁਰਾਕ ਲੜੀ ਵਿਚ ਬਣਾਇਆ ਗਿਆ ਸ਼ਕਤੀ ਕੇਂਦਰੀਕਰਨ ਇਹ ਤੈਅ ਕਰਨ ਲੱਗਾ ਕਿ ਕਦੋਂ ਕੀ ਬਣਾਉਣਾ ਤੇ ਖਾਣਾ ਚਾਹੀਦਾ ਹੈ। ਜਦੋਂ ਤੋਂ ਫੈਸਲਾ ਕਰਨ ਦੀ ਕਾਰਵਾਈ ਲੋਕਾਂ ਦੀ ਆਪਣੀ ਪਸੰਦ ਦੀ ਥਾਂ ਕੰਪਨੀਆਂ ਦੇ ਬੋਰਡ ਰੂਮ ਦਾ ਵਿਸ਼ਾ ਬਣਨ ਲੱਗੀ ਹੈ, ਉਦੋਂ ਤੋਂ ਹੀ ਸਾਰੀਆਂ ਵਸਤਾਂ, ਸਮੇਤ ਖੁਰਾਕੀ ਵਸਤਾਂ ਦੇ, ਬਦਲ ਵੀ ਸੀਮਤ ਹੋਣ ਲੱਗ ਪਏ ਹਨ। ਇਸ਼ਤਿਹਾਰਾਂ ਦੀ ਚਮਕ-ਦਮਕ ਕਾਰਨ ਲੋਕਾਂ ਦੀ ਰਵਾਇਤੀ ਖਾਣ-ਪੀਣ ਤੋਂ ਦਿਲਚਸਪੀ ਘਟਣ ਲੱਗੀ ਅਤੇ ਜੰਕ ਫੂਡ ਦੀ ਖਪਤ ਦਿਨ ਦੁੱਗਣੀ ਰਾਤ ਚੌਗੁਣੀ ਰਫਤਾਰ ਨਾਲ ਵਧਣ ਲੱਗੀ। ਮੋਟਾਪਾ ਅਤੇ ਜਿਊਣ ਢੰਗ ਨਾਲ ਸਬੰਧਤ ਬਿਮਾਰੀਆਂ ਵਿਚ ਹੋਇਆ ਇਜ਼ਾਫਾ ਇਸ ਦੀ ਮਿਸਾਲ ਹੈ। ਖੁਰਾਕ ਬਾਜ਼ਾਰ ਉਤੇ ਕਾਰਪੋਰੇਟਾਂ ਦਾ ਕੰਟਰੋਲ ਪਹਿਲਾਂ ਨਾਲੋਂ ਵੀ ਵਧਣ ਵਾਲਾ ਹੈ। ਖਬਰਾਂ ਮੁਤਾਬਕ ਅਮਰੀਕੀ ਹਕੂਮਤ ਚਾਹੁੰਦੀ ਹੈ ਕਿ ਲੋਕਾਂ ਵਿਚ ਖਾਣ-ਪੀਣ ਅਤੇ ਪੌਸ਼ਟਿਕਤਾ ਸਬੰਧੀ 'ਜਾਗਰੂਕਤਾ' ਫੈਲਾਉਣ ਦੀ ਜ਼ਿੰਮੇਵਾਰੀ ਪ੍ਰਾਈਵੇਟ ਖੇਤਰ ਨਿਭਾਵੇ।

ਪਿਛਲੇ ਕੁਝ ਸਾਲਾਂ ਦੌਰਾਨ ਸੰਸਾਰ ਦੇ ਤਿੰਨ ਵੱਡੇ ਕਾਰੋਬਾਰਾਂ ਵਿਚ ਗੱਠਜੋੜ ਬਣਦਾ ਦਿਖਾਈ ਦਿੱਤਾ ਹੈ- ਤਕਨੀਕ, ਵਪਾਰਕ ਅਦਾਰੇ ਅਤੇ ਪਰਚੂਨ ਵਪਾਰੀ ਜਿਹੜਾ ਕਿਸੇ ਮੁਲਕ ਦੀਆਂ ਅੰਦਰੂਨੀ ਤੇ ਕੌਮਾਂਤਰੀ ਨੀਤੀਆਂ ਬਣਾਉਣ ਦੀ ਪ੍ਰਕਿਰਿਆ ਵਿਚ ਆਪਣੇ ਪ੍ਰਭਾਵ ਦਾ ਇਸਤੇਮਾਲ ਕਰਦਾ ਹੈ। ਅਮਰੀਕਾ ਵਿਚ 1970ਵਿਆਂ ਦੌਰਾਨ 'ਵੱਡੇ ਬਣੋ ਜਾਂ ਫਿਰ ਲਾਂਭੇ ਹੋ ਜਾਓ' ਦੇ ਸਿਧਾਂਤ ਨੂੰ ਹੁਲਾਰਾ ਦਿੱਤਾ ਗਿਆ। ਇਸੇ ਨੇ ਸੰਸਾਰ ਦੀਆਂ ਖੇਤੀ ਬਾਰੇ ਲੋਕ ਨੀਤੀਆਂ ਨੂੰ ਮੁੜ ਤੈਅ ਕਰਦਿਆਂ ਸਮੁੱਚੀ ਖੁਰਾਕ ਲੜੀ ਦੀ ਆਪਸੀ ਇਕਮੁੱਠਤਾ ਕਰਨ ਦਾ ਆਗਾਜ਼ ਕਰ ਦਿੱਤਾ ਸੀ। ਸ਼ਾਇਦ ਇਸੇ ਗੱਲ ਨੇ ਭਾਰਤੀ ਕਿਸਾਨਾਂ ਨੂੰ ਫਿਕਰਾਂ ਵਿਚ ਪਾਇਆ ਹੋਇਆ ਹੈ ਅਤੇ ਉਨ੍ਹਾਂ ਦਾ ਅੰਦੋਲਨ ਦਰਅਸਲ ਆਪਣੇ ਉਤਪਾਦ ਦੀ ਇਕ ਤੈਅ ਕੀਮਤ ਹਾਸਲ ਕਰ ਕੇ ਆਪਣੀ ਰੋਜ਼ੀ-ਰੋਟੀ ਸੁਰੱਖਿਅਤ ਕਰਨ ਲਈ ਹੀ ਹੈ। ਜੋ ਕੁਝ ਉਹ ਮੰਗ ਰਹੇ ਹਨ, ਉਹ ਖੁਰਾਕ ਪ੍ਰਣਾਲੀ ਵਿਚ ਆਪਣੇ ਖਿਲਾਫ ਬਣ ਗਏ ਉਸ ਸ਼ਕਤੀ ਸੰਤੁਲਨ ਨੂੰ ਸਹੀ ਕਰਨ ਦੀ ਹੀ ਕੋਸ਼ਿਸ਼ ਹੈ।

ਇਹ ਭਾਵੇਂ ਜ਼ਮੀਨ ਹੋਵੇ, ਬੀਜ ਹੋਣ ਜਾਂ ਪਸ਼ੂ ਧਨ, ਜਿਸ ਤਰ੍ਹਾਂ ਅਮਰੀਕਾ ਵਿਚ ਇਸ ਸਭ ਕਾਸੇ ਦਾ ਕੁਝ ਕੁ ਹੱਥਾਂ ਵਿਚ ਕੇਂਦਰੀਕਰਨ ਹੋਇਆ ਹੈ, ਉਸ ਨੇ ਇਹ ਰੁਝਾਨ ਦੁਨੀਆ ਭਰ ਵਿਚ ਸ਼ੁਰੂ ਕਰ ਦਿੱਤਾ ਹੈ। ਉਥੇ ਛੋਟੇ ਕਿਸਾਨ ਖੇਤੀ ਛੱਡ ਰਹੇ ਹਨ। ਇਸ ਬਾਰੇ ਫੈਮਿਲੀ ਐਕਸ਼ਨ ਅਲਾਇੰਸ ਇਨ ਦਿ ਅਮੈਰਿਕਾ (ਅਮਰੀਕਾ ਵਿਚ ਪਰਿਵਾਰਾਂ ਦੀ ਸੰਯੁਕਤ ਮੁਹਿੰਮ) ਲਈ ਕਰਵਾਏ 'ਦਿ ਫੂਡ ਸਿਸਟਮ: ਕੰਸੰਟਰੇਸ਼ਨ ਐਂਡ ਇਟਸ ਇੰਪੈਕਟ' (ਖੁਰਾਕੀ ਪ੍ਰਣਾਲੀ: ਇਕੱਤਰੀਕਰਨ ਤੇ ਇਸ ਦਾ ਅਸਰ) ਨਾਮੀ ਦਿਲਚਸਪ ਅਧਿਐਨ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਬੀਤੇ 40 ਸਾਲਾਂ ਦੌਰਾਨ 2000 ਏਕੜ ਤੋਂ ਵੱਧ ਜ਼ਮੀਨੀ ਰਕਬੇ ਵਾਲੇ ਜ਼ਿਮੀਦਾਰਾਂ ਦੀ ਗਿਣਤੀ 15 ਫੀਸਦੀ ਤੋਂ ਵਧ ਕੇ 37 ਫੀਸਦੀ ਹੋ ਗਈ ਹੈ। ਇਸੇ ਤਰ੍ਹਾਂ ਇਸ ਸਮੇਂ ਦੌਰਾਨ ਡੇਅਰੀ ਫਾਰਮਾਂ ਦੀ ਗਿਣਤੀ ਵਿਚ ਵੀ ਕਾਫੀ ਇਜ਼ਾਫਾ ਹੋਇਆ ਅਤੇ ਇਹ ਅੰਕੜਾ 80 ਤੋਂ ਵਧ ਕੇ 1300 ਤੋਂ ਉੱਪਰ ਚਲਾ ਗਿਆ। ਸਾਲ 2020 ਦੀ ਜ਼ਮੀਨ ਸਬੰਧੀ ਰਿਪੋਰਟ ਮੁਤਾਬਕ ਬਿਲ ਗੇਟਸ ਅਤੇ ਉਨ੍ਹਾਂ ਦੀ ਪਤਨੀ ਮੈਲਿੰਡਾ ਗੇਟਸ 2.42 ਲੱਖ ਏਕੜ ਦੀ ਮਾਲਕੀ ਨਾਲ ਅਮਰੀਕਾ ਦੇ ਸਭ ਤੋਂ ਵੱਡੇ ਜ਼ਿਮੀਦਾਰ ਬਣ ਗਏ ਹਨ। ਇਸ ਸੂਚੀ ਵਿਚ ਅਗਲਾ ਨਾਂ ਔਫਫੁੱਟ ਪਰਿਵਾਰ (1.90 ਲੱਖ ਏਕੜ) ਹੈ। ਬਹੁਤ ਜ਼ਿਆਦਾ ਜ਼ਮੀਨ ਦੇ ਮਾਲਕ ਹੋਣ ਕਾਰਨ ਨਾਮੀ ਸਰਮਾਏਦਾਰਾਂ ਟੈਡ ਟਰਨਰ ਅਤੇ ਡੇਵਿਡ ਰਾਕਫੇਲਰ ਨੂੰ ਅਤੀਤ ਵਿਚ ਮਿਲੀਆਂ ਸਬਸਿਡੀਆਂ ਤੋਂ ਭਾਰੀ ਫਾਇਦਾ ਹੋਇਆ।

> ***ਅਮਰੀਕਾ ਅੰਦਰ ਬੀਤੇ 40 ਸਾਲਾਂ ਦੌਰਾਨ 2000 ਏਕੜ ਤੋਂ ਵੱਧ ਜ਼ਮੀਨੀ ਰਕਬੇ ਵਾਲੇ ਜ਼ਿਮੀਦਾਰਾਂ ਦੀ ਗਿਣਤੀ 15 ਫੀਸਦੀ ਤੋਂ ਵਧ ਕੇ 37 ਫੀਸਦੀ ਹੋ ਗਈ ਹੈ। ਇਸ ਸਮੇਂ ਦੌਰਾਨ ਡੇਅਰੀ ਫਾਰਮਾਂ ਦੀ ਗਿਣਤੀ ਵਿਚ ਵੀ ਕਾਫੀ ਇਜ਼ਾਫਾ ਹੋਇਆ ਅਤੇ ਇਹ ਅੰਕੜਾ 80 ਤੋਂ ਵਧ ਕੇ 1300 ਤੋਂ ਉੱਪਰ ਚਲਾ ਗਿਆ। ਸਾਲ 2020 ਦੀ ਜ਼ਮੀਨ ਸਬੰਧੀ ਰਿਪੋਰਟ ਮੁਤਾਬਕ ਬਿਲ ਗੇਟਸ ਅਤੇ ਉਨ੍ਹਾਂ ਦੀ ਪਤਨੀ ਮੈਲਿੰਡਾ ਗੇਟਸ 2.42 ਲੱਖ ਏਕੜ ਦੀ ਮਾਲਕੀ ਨਾਲ ਅਮਰੀਕਾ ਦੇ ਸਭ ਤੋਂ ਵੱਡੇ ਜ਼ਿਮੀਦਾਰ ਬਣ ਗਏ ਹਨ।***

ਮੁੜ ਖੇਤੀ ਦੀ ਗੱਲ ਤੇ ਆਈਏ ਤਾਂ 6 ਵੱਡੀਆਂ ਬੀਜ ਕੰਪਨੀਆਂ ਦੇ ਸੰਭਾਵਿਤ ਰਲੇਵੇਂ ਤੋਂ ਬਾਅਦ ਅਜਿਹੀਆਂ ਕੰਪਨੀਆਂ ਦੀ ਗਿਣਤੀ ਘਟ ਕੇ ਚਾਰ ਰਹਿ ਜਾਵੇਗੀ ਅਤੇ ਆਲਮੀ ਬੀਜ ਵਪਾਰ ਵਿਚ ਇਨ੍ਹਾਂ ਦਾ ਹਿੱਸਾ ਵਧ ਕੇ 59 ਫੀਸਦੀ ਹੋ ਜਾਵੇਗਾ। ਵਪਾਰ ਸਬੰਧੀ ਬੌਧਿਕ ਜਾਇਦਾਦ ਅਧਿਕਾਰ ਸੰਧੀ ਲਾਗੂ ਹੋਣ ਤੋਂ ਬਾਅਦ ਬਹੁਤ ਸਾਰੇ ਮੁਲਕ ਹੁਣ ਅਜਿਹੀਆਂ ਨੀਤੀਆਂ ਲਿਆ ਰਹੇ ਹਨ ਜਿਸ ਨਾਲ ਕਿਸਾਨਾਂ ਲਈ ਰਵਾਇਤੀ ਬੀਜਾਂ ਦਾ ਇਸਤੇਮਾਲ ਕਰਨਾ ਬੰਦ ਜਾਂ ਕਾਫੀ ਸੀਮਤ ਹੋ ਜਾਵੇਗਾ। ਬੀਜ ਜੈਵ-ਤਕਨੀਕ ਕੰਪਨੀਆਂ ਬੂਟਿਆਂ ਦੀਆਂ ਕਿਸਮਾਂ ਵਿਚ ਸਿਰਫ ਇਕ ਹੀ ਜੀਨ ਪਾਉਂਦੀਆਂ ਹਨ ਅਤੇ ਇਸ ਤਰ੍ਹਾਂ ਇਹ ਨਵੀਂ ਕਿਸਮ ਬਣਨ ਨਾਲ ਉਸ ਕੰਪਨੀ ਦੀ ਮਲਕੀਅਤ ਬਣ ਜਾਂਦੀ ਹੈ।

ਤਿੰਨ ਵੱਡੀਆਂ ਖੇਤੀ-ਰਸਾਇਣ ਕੰਪਨੀਆਂ ਬਾਯਰ/ਮੌਨਸੈਂਟੋ, ਕੇਮ-ਚਾਈਨਾ/ਸਿਨਜੈਂਟਾ ਅਤੇ ਡਾਓ ਡੂਪੋਂਡ ਕੋਲ ਦੁਨੀਆ ਭਰ ਵਿਚ ਕੀੜੇਮਾਰ ਦਵਾਈਆਂ ਦੇ ਬਾਜ਼ਾਰ ਵਿਚ 64 ਫੀਸਦੀ ਹਿੱਸਾ ਹੈ। ਪਹਿਲਾਂ ਬੀਜ ਕੰਪਨੀਆਂ ਨੇ ਆਪਣੀਆਂ ਈਜ਼ਾਦਸ਼ੁਦਾ ਬੂਟਿਆਂ ਦੀਆਂ ਕਿਸਮਾਂ ਤੋਂ ਉਪਜ ਦੀ ਸਫਲਤਾ ਲਈ ਕੀੜੇਮਾਰ ਦਵਾਈਆਂ ਦੀ ਵਰਤੋਂ ਨੂੰ ਜ਼ਰੂਰੀ ਦੱਸਿਆ ਸੀ ਅਤੇ ਹੁਣ ਜੈਵਿਕ ਆਧਾਰ ਤੇ ਸੋਧੀਆਂ ਹੋਈਆਂ (ਜੀ.ਐਮ.) ਕਿਸਮਾਂ ਵਿਚ ਇਕ ਖਾਸ ਕਿਸਮ ਦੀ ਜੀਨ ਪਾ ਕੇ ਉਸ ਨੂੰ ਵੱਖ ਵੱਖ ਨਦੀਨਮਾਰਾਂ ਲਈ ਜ਼ਿਆਦਾ ਸਹਿਣਸ਼ੀਲ ਬਣਾ ਦਿੱਤਾ ਹੈ, ਤਾਂ ਕਿ ਉਸ ਖਾਸ ਨਦੀਨ ਨੂੰ ਖਤਮ ਕਰਨ ਲਈ ਖਾਸ ਨਦੀਨਮਾਰ ਦਾ ਜ਼ਿਆਦਾ ਮਾਤਰਾ ਵਿਚ ਇਸਤੇਮਾਲ ਕਰਨਾ ਪਵੇ। ਦਾਅਵੇ ਤੋਂ ਉਲਟ ਜੈਵਿਕ ਆਧਾਰ ਤੇ ਸੋਧੀਆਂ ਹੋਈਆਂ ਕਿਸਮਾਂ ਲਾਉਣ ਤੋਂ ਬਾਅਦ ਕੀੜੇਮਾਰਾਂ ਦਾ ਇਸਤੇਮਾਲ ਘਟਣ ਦੀ ਥਾਂ ਸਗੋਂ ਵਧ ਰਿਹਾ ਹੈ।

ਇਹ ਸਾਰੇ ਮਾਮਲੇ ਉਸ ਸਵਾਲ ਨੂੰ ਜਨਮ ਦਿੰਦੇ ਹਨ ਕਿ ਖੁਰਾਕ ਸੰਸਾਰ ਨੂੰ ਕੰਟਰੋਲ ਕੌਣ ਕਰ ਰਿਹਾ ਹੈ? ਸਸਤੇ ਭੋਜਨ ਦੇ ਬਦਲੇ ਅਸੀਂ ਨਾ ਸਿਰਫ ਸਿਹਤ ਅਤੇ ਵਾਤਾਵਰਨ ਦੀ ਤਬਾਹੀ ਦੇ ਰੂਪ ਵਿਚ ਕੀਮਤ ਅਦਾ ਕਰਾਂਗੇ, ਸਗੋਂ ਇਸ ਦੇ ਸਿੱਟੇ ਵਜੋਂ ਉਨ੍ਹਾਂ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਣਗੀਆਂ ਜਿਨ੍ਹਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦਾ ਵਾਜਬ ਮੁੱਲ ਨਹੀਂ ਮਿਲੇਗਾ। ਇਸ ਤਰ੍ਹਾਂ ਅਸੀਂ ਉਸ ਖਤਰਨਾਕ ਹਾਲਾਤ ਵੱਲ ਅੱਗੇ ਵਧ ਜਾਵਾਂਗੇ ਜਿਥੇ ਕਿਸਾਨ ਖੇਤੀ ਕਰਨੀ ਹੀ ਛੱਡ ਦੇਣਗੇ ਅਤੇ ਜ਼ਮੀਨ ਉਤੇ ਕੰਪਨੀਆਂ ਕਾਬਜ਼ ਹੋ ਜਾਣਗੀਆਂ। ਇਹੋ ਫਿਕਰ ਮੌਜੂਦਾ ਅੰਦੋਲਨ ਵਿਚ ਜੂਝ ਰਹੇ ਕਿਸਾਨਾਂ ਨੂੰ ਵੱਢ-ਵੱਢ ਕੇ ਖਾ ਰਿਹਾ ਹੈ।

# 'ਅੰਦੋਲਨਜੀਵੀ' ਬਨਾਮ ਜਾਅਲਸਾਜ਼ੀ

**ਬੂਟਾ ਸਿੰਘ**
**ਫੋਨ: +91-94634-74342**

ਰਾਜ ਸਭਾ ਵਿਚ ਪ੍ਰਧਾਂਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨ ਅੰਦੋਲਨ ਬਾਰੇ ਕੀਤੀ ਘਿਨਾਉਣੀ ਟਿੱਪਣੀ ਮੂੰਹ ਬੋਲਦਾ ਸਬੂਤ ਹੈ ਕਿ ਭਗਵੇਂ ਸਿਆਸਤਦਾਨਾਂ ਅੰਦਰ ਜਮਹੂਰੀ ਅੰਦੋਲਨਾਂ ਪ੍ਰਤੀ ਵੀ ਕਿੰਨੀ ਨਫਰਤ ਭਰੀ ਹੋਈ ਹੈ। ਮੋਦੀ ਨੇ ਵਿਅੰਗ ਕੀਤਾ ਕਿ ਬੁੱਧੀਜੀਵੀ ਜਾਂ ਸ਼੍ਰਮਜੀਵੀ ਤਾਂ ਸੁਣੇ ਸਨ, ਲੇਕਿਨ ਹੁਣ ਨਵੀਂ ਜਮਾਤ 'ਅੰਦੋਲਨਜੀਵੀ' ਪੈਦਾ ਹੋ ਗਈ ਹੈ ਅਤੇ ਇਹ ਹਰ ਅੰਦੋਲਨ ਵਿਚ, ਹਰ ਥਾਂ ਦੇਖੇ ਜਾ ਸਕਦੇ ਹਨ। ਉਸ ਨੇ ਮੁਲਕ ਦੇ ਲੋਕਾਂ ਨੂੰ ਇਨ੍ਹਾਂ ਦੀ 'ਪਛਾਣ ਕਰਨ' ਅਤੇ 'ਇਨ੍ਹਾਂ ਤੋਂ ਮੁਲਕ ਨੂੰ ਬਚਾਉਣ' ਦਾ ਸੱਦਾ ਵੀ ਦਿੱਤਾ। ਇਹ ਮਾਮੂਲੀ ਵਿਅੰਗ ਨਹੀਂ, ਇਸ ਪਿੱਛੇ ਡੂੰਘੀ ਸਾਜ਼ਿਸ਼ ਕੰਮ ਕਰ ਰਹੀ ਹੈ। ਭਗਵਾਂ ਬ੍ਰਿਗੇਡ ਆਪਣੇ ਹੱਕਾਂ ਲਈ ਜੂਝਣ ਵਾਲਿਆਂ ਉੱਪਰ ਪਰਜੀਵੀ ਜਮਾਤ ਦਾ ਠੱਪਾ ਲਗਾ ਕੇ ਮੁਲਕ ਦੇ ਲੋਕਾਂ ਨੂੰ ਅੰਦੋਲਨ ਵਿਰੁੱਧ ਭੜਕਾ ਕੇ ਆਪਸ ਵਿਚ ਲੜਾਉਣਾ ਚਾਹੁੰਦਾ ਹੈ। ਇਹ ਆਉਣ ਵਾਲੇ ਦਿਨਾਂ ਵਿਚ ਉਸੇ ਨੂੰ ਬੜੇ ਪੈਮਾਨੇ 'ਤੇ ਦੁਹਰਾਉਣ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ ਜੋ ਕੁਝ ਪਿਛਲੇ ਦਿਨੀਂ ਆਮ ਲੋਕਾਂ ਦੇ ਨਾਮ ਹੇਠ ਆਰ.ਐਸ.ਐਸ.-ਭਾਜਪਾ ਨੇ ਸਿੰਘੂ ਅਤੇ ਗਾਜ਼ੀਪੁਰ ਹੱਦਾਂ ਉੱਪਰਲੇ ਪੱਕੇ ਮੋਰਚਿਆਂ ਨੂੰ ਖਿੰਡਾਉਣ ਲਈ ਕੀਤਾ। ਇਹੀ ਤਰੀਕਾ ਪਿਛਲੇ ਸਾਲ ਸ਼ਾਹੀਨ ਬਾਗ ਮੋਰਚਾ ਤੋੜਨ ਲਈ ਇਸਤੇਮਾਲ ਕੀਤਾ ਗਿਆ ਸੀ। ਕਿਸਾਨ ਜਥੇਬੰਦੀਆਂ ਨਾਲ ਮੀਟਿੰਗਾਂ ਤੋਂ ਵੀ ਸਪਸ਼ਟ ਹੋ ਚੁੱਕਾ ਹੈ ਕਿ ਹਕੂਮਤ ਸੰਘਰਸ਼ ਨੂੰ ਮੱਕਾਰੀ, ਸਾਜ਼ਿਸ਼ਾਂ ਅਤੇ ਫਾਸ਼ੀ ਦਹਿਸ਼ਤ ਰਾਹੀਂ ਕੁਚਲਣ ਦਾ ਭਰਮ ਪਾਲ ਰਹੀ ਹੈ।

ਦੇਸ਼-ਦੁਨੀਆ ਦੇ ਲੋਕ ਹੁਣ ਫਾਸ਼ੀਵਾਦੀ ਦੰਗਈ ਮਾਨਸਿਕਤਾ ਦਾ ਅਸਲਾ ਵੀ ਜਾਣ ਚੁੱਕੇ ਹਨ ਅਤੇ ਉਸ ਵਿਸ਼ਾਲ ਲੋਕ ਸੰਘਰਸ਼ ਦੇ ਮਹੱਤਵ ਨੂੰ ਵੀ ਬਾਖੂਬੀ ਸਮਝਦੇ ਹਨ ਜਿਸ ਨੇ ਦਿੱਲੀ ਦਰਬਾਰ ਦੇ ਬੂਹੇ ਅੱਗੇ ਡੱਟ ਕੇ ਆਪਣੇ ਸਬਰ, ਸਿਰੜ ਅਤੇ ਸਿਦਕ ਨਾਲ ਭਗਵੀਂ ਹਕੂਮਤ ਦਾ ਨੱਕ 'ਚ ਦਮ ਕੀਤਾ ਹੋਇਆ ਹੈ। ਸੰਘਰਸ਼ ਜੋ ਹੁਣ ਵਿਸ਼ਾਲ ਅਵਾਮੀ ਅੰਦੋਲਨ ਬਣ ਕੇ ਮੁਲਕ ਦੇ ਦੂਰ-ਦਰਾਜ ਹਿੱਸਿਆਂ ਦੇ ਕਿਸਾਨਾਂ ਅਤੇ ਹੋਰ ਨਿਆਂਪਸੰਦ ਲੋਕਾਂ ਨੂੰ ਭਗਵੇਂ ਤਾਨਾਸ਼ਾਹ ਨਿਜ਼ਾਮ ਵਿਰੁੱਧ ਜੂਝਣ ਦੀ ਪ੍ਰੇਰਨਾ ਬਣ ਗਿਆ ਹੈ।

ਕਿੰਨੀ ਅਜੀਬ ਗੱਲ ਹੈ ਕਿ ਅੰਦੋਲਨਾਂ ਦੇ ਪਵਿੱਤਰ ਅਤੇ ਅਪਵਿੱਤਰ ਹੋਣ ਦਾ ਫਤਵਾ ਉਹ ਜਾਅਲਸਾਜ਼ ਸ਼ਖਸ ਸੁਣਾ ਰਿਹਾ ਹੈ ਜਿਸ ਦਾ ਪੂਰਾ ਦਾਰੋਮਦਾਰ ਹੀ ਨਫਰਤ ਦੀ ਸਿਆਸਤ, ਫਿਰਕੂ ਦਹਿਸ਼ਤਵਾਦ, ਸਾਜ਼ਿਸ਼ਾਂ, ਮੱਕਾਰੀ ਅਤੇ ਜਾਅਲਸਾਜ਼ੀ ਉੱਪਰ ਹੈ। ਜਿਸ ਦਾ ਚਿਹਰਾ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ (2002), ਲਵ ਜਹਾਦ, ਹਜੂਮੀ ਹਿੰਸਾ, ਪੁਲਵਾਮਾ ਕਾਂਡ, ਨਾਗਰਿਕਤਾ ਸੋਧ ਕਾਨੂੰਨ, ਜੇ.ਐਨ.ਯੂ. ਅਤੇ ਸ਼ਾਹੀਨ ਬਾਗ ਦੇ ਪੁਰਅਮਨ ਸੰਘਰਸ਼ਾਂ ਉੱਪਰ ਫਾਸ਼ੀ ਹਮਲੇ ਕਰਾਉਣ ਅਤੇ ਬੇਕਸੂਰ ਲੋਕਾਂ ਨੂੰ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿਚ ਸਾੜਨ ਦੇ ਮਨੁੱਖਤਾ ਵਿਰੋਧੀ ਜੁਰਮਾਂ ਨਾਲ ਕਲੰਕਿਤ ਹੈ। ਮੋਦੀ ਉਸ ਸਿਆਸਤ ਦਾ ਰਾਜਨੀਤਕ ਨੁਮਾਇੰਦਾ ਹੈ ਜਿਸ ਨੇ ਬਾਬਰੀ ਮਸਜਿਦ ਢਾਹ ਕੇ ਉੱਥੇ ਰਾਮ ਮੰਦਿਰ ਬਣਾਉਣ ਦੀ ਖੂਨੀ ਸਿਆਸਤ ਖੇਡੀ। ਜਿਸ ਨੇ ਸਮਝੌਤਾ ਐਕਸਪ੍ਰੈੱਸ ਅਤੇ ਹੋਰ ਦਹਿਸ਼ਤੀ ਕਾਂਡਾਂ ਵਿਚ ਨਾਮਜ਼ਦ ਪ੍ਰੱਗਿਆ ਸਿੰਘ ਵਰਗੇ ਦਹਿਸ਼ਤਗਰਦਾਂ ਨੂੰ ਚੋਣਾਂ ਲੜਾ ਕੇ ਸੰਸਦ ਵਿਚ ਪਹੁੰਚਾਇਆ। ਆਰ.ਐਸ.ਐਸ.-ਭਾਜਪਾ ਦੀ ਵਿਚਾਰਧਾਰਾ ਅਤੇ ਅਮਲ ਫਿਰਕੂ ਨਫਰਤ 'ਤੇ ਆਧਾਰਿਤ ਪਰਜੀਵੀਪਣ ਦਾ ਮੁਜੱਸਮਾ ਹੈ।

ਜਿੰਨੇ ਸਵੈ-ਵਿਸ਼ਵਾਸ ਨਾਲ ਮੋਦੀ ਝੂਠ ਘੜਦਾ ਤੇ ਬੋਲਦਾ ਹੈ, ਕੋਈ ਮੁਕਾਬਲਾ ਨਹੀਂ। ਇਨ੍ਹਾਂ ਝੂਠਾਂ ਵਿਚੋਂ ਇਕ ਸਭ ਤੋਂ ਬਦਨਾਮ ਝੂਠ 'ਸ਼ਹਿਰੀ ਨਕਸਲੀ' ਦਾ ਹੈ। ਭੀਮਾ-ਕੋਰੇਗਾਓਂ ਵਿਚ ਆਰ.ਐਸ.ਐਸ. ਦੇ ਗੈਂਗ ਦੀ ਗਿਣੀ-ਮਿੱਥੀ ਹਿੰਸਾ ਨੂੰ ਅੰਜਾਮ ਦੇ ਕੇ ਅਤੇ ਫਿਰ 'ਅਰਬਨ ਨਕਸਲ' ਦਾ ਹਊਆ ਖੜ੍ਹਾ ਕਰ ਕੇ ਦੋ ਦਰਜਨ ਬੁੱਧੀਜੀਵੀਆਂ ਨੂੰ ਯੂ.ਏ.ਪੀ.ਏ. ਤਹਿਤ ਜੇਲ੍ਹਾਂ ਵਿਚ ਡੱਕਿਆ ਗਿਆ। ਸੁਪਰੀਮ ਕੋਰਟ ਦੇ ਜਸਟਿਸਾਂ ਸਮੇਤ ਤਮਾਮ ਕਾਨੂੰਨਦਾਨ ਇਸ ਫਰਜ਼ੀ ਕੇਸ ਦਾ ਕੱਚ-ਸੱਚ ਭਲੀਭਾਂਤ ਜਾਣਦੇ ਹਨ, ਐਪਰ ਉਨ੍ਹਾਂ ਵਿਚ ਮੋਦੀ ਦੇ ਫਾਸਿਸਟ ਨਿਜ਼ਾਮ ਵਿਰੁੱਧ ਬੋਲਣ ਦੀ ਹਿੰਮਤ ਨਹੀਂ। ਹਰ ਕੋਈ ਜਸਟਿਸ ਲੋਇਆ ਦੇ ਹਸ਼ਰ ਤੋਂ ਭੈਅਭੀਤ ਹੈ। ਜੱਗ ਜ਼ਾਹਿਰ ਹੈ ਕਿ ਭੀਮਾ-ਕੋਰੇਗਾਓਂ ਵਿਚ ਦਲਿਤਾਂ ਵਿਰੁੱਧ ਉੱਚ ਜਾਤੀ ਭਗਵੀਂ ਹਿੰਸਾ ਦੇ ਕੇਸ ਨੂੰ 'ਸ਼ਹਿਰੀ ਨਕਸਲੀ' ਸਾਜ਼ਿਸ਼ ਬਣਾ ਕੇ ਪੇਸ਼ ਕਰਨ 'ਚ ਆਰ. ਐਸ. ਐਸ.-ਭਾਜਪਾ ਦੇ 'ਥਿੰਕ ਟੈਂਕ' ਦੀ ਮੁੱਖ ਭੂਮਿਕਾ ਸੀ, ਇਸ ਨੂੰ ਪੁਣੇ ਦੇ ਆਰ.ਐਸ.ਐਸ. ਪੱਖੀ ਖੁਫੀਆ ਤੇ ਪੁਲਿਸ ਅਫਸਰਾਂ ਦੀ ਮਦਦ ਨਾਲ ਅੰਜਾਮ ਦਿੱਤਾ ਗਿਆ।

ਹੁਣ 10 ਫਰਵਰੀ ਨੂੰ 'ਦਿ ਵਾਸ਼ਿੰਗਟਨ ਪੋਸਟ' ਨੇ ਰਿਪੋਰਟ ਛਾਪੀ ਹੈ ਜੋ ਅਮਰੀਕਾ ਆਧਾਰਿਤ ਡਿਜੀਟਲ ਫੋਰੈਂਸਿਕ ਫਰਮ 'ਆਰਸਨਲ ਕੰਸਲਟਿੰਗ' ਦੀ ਜਾਂਚ 'ਤੇ ਆਧਾਰਿਤ ਹੈ। ਰੋਨਾ ਵਿਲਸਨ ਨੇ ਆਪਣੇ ਵਕੀਲਾਂ ਜ਼ਰੀਏ ਅਮਰੀਕਨ ਬਾਰ ਐਸੋਸੀਏਸ਼ਨ ਤੱਕ ਪਹੁੰਚ ਕਰ ਕੇ ਆਪਣੇ ਵਿਰੁੱਧ ਕਥਿਤ ਡਿਜੀਟਲ ਸਬੂਤਾਂ ਦੀ ਫੋਰੈਂਸਿਕ ਜਾਂਚ ਕਰਵਾਈ। ਇਸ ਫਰਮ ਨੇ ਡੂੰਘੀ ਛਾਣਬੀਣ ਦੇ ਆਧਾਰ 'ਤੇ ਖੁਲਾਸਾ ਕੀਤਾ ਹੈ ਕਿ ਉਸ ਦੇ ਲੈਪਟਾਪ ਉੱਪਰ ਜਾਅਲੀ ਦਸਤਾਵੇਜ਼ ਨੈੱਟਵਾਇਰ ਮਾਲਵੇਅਰ ਇਸਤੇਮਾਲ ਕਰ ਕੇ ਪਲਾਂਟ ਕੀਤੇ ਗਏ ਸਨ। ਫਰਮ ਦੇ ਮੁਖੀ ਅਨੁਸਾਰ ਫੋਰੈਂਸਿਕ ਛਾਣਬੀਣ ਤੋਂ ਜੋ ਸਾਹਮਣੇ ਆਇਆ, ਉਹ 'ਅਜੀਬ, ਬੇਹੱਦ ਪ੍ਰੇਸ਼ਾਨ ਕਰਨ ਵਾਲਾ, ਨਿਹਾਇਤ ਡਰਾਉਣਾ ਅਤੇ ਬਹੁਤ ਹੀ ਜਥੇਬੰਦ' ਸੀ। ਕਾਰਕੁਨ ਰੋਨਾ ਵਿਲਸਨ ਭੀਮਾ-ਕੋਰੇਗਾਓਂ ਕਥਿਤ ਸਾਜ਼ਿਸ਼ ਕੇਸ ਦੇ ਮੁਲਜ਼ਮਾਂ ਵਿਚੋਂ ਇਕ ਹਨ ਅਤੇ ਉਨ੍ਹਾਂ ਨੂੰ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਪੱਤਰਕਾਰ ਸੁਧੀਰ ਢਾਵਲੇ ਅਤੇ ਆਦਿਵਾਸੀ ਕਾਰਕੁਨ ਮਹੇਸ਼



ਰੋਨਾ ਵਿਲਸਨ

ਰਾਵਤ ਸਮੇਤ 6 ਜੂਨ 2018 'ਚ ਗ੍ਰਿਫਤਾਰ ਕੀਤਾ ਗਿਆ ਸੀ। ਇਸੇ ਮਨਸੂਬੇ ਨੂੰ ਵਿਸਤਾਰ ਦੇ ਕੇ ਅਗਲੇ ਮਹੀਨਿਆਂ 'ਚ ਪ੍ਰੋਫੈਸਰ ਵਰਵਰਾ ਰਾਓ, ਗੌਤਮ ਨਵਲਖਾ, ਐਡਵੋਕੇਟ ਸੁਧਾ ਭਾਰਦਵਾਜ, ਪ੍ਰੋਫੈਸਰ ਵਰਨੋਨ ਗੋਂਜ਼ਾਲਵਿਜ਼, ਅਰੁਣ ਫਰੇਰਾ, ਪ੍ਰੋਫੈਸਰ ਹੈਨੀ ਬਾਬੂ ਅਤੇ ਸਟੇਨ ਸਵਾਮੀ ਨੂੰ ਇਸ ਕੇਸ ਵਿਚ ਫਸਾਇਆ ਗਿਆ ਅਤੇ ਗ੍ਰਿਫਤਾਰ ਕਰ ਕੇ ਜੇਲ੍ਹਾਂ ਵਿਚ ਡੱਕਿਆ ਗਿਆ। ਯੂ.ਏ.ਪੀ.ਏ. ਲਗਾ ਕੇ ਪੂਰਾ ਕੇਸ ਇਸ ਤਰ੍ਹਾਂ ਬੁਣਿਆ ਗਿਆ ਤਾਂ ਜੁ ਇਹ ਸਾਰੇ ਬਿਨਾਂ ਜ਼ਮਾਨਤ ਅਨਿਸ਼ਚਿਤ ਸਮੇਂ ਲਈ ਜੇਲ੍ਹ ਵਿਚ ਸੜਦੇ ਰਹਿਣ।

ਪੁਣੇ ਪੁਲਿਸ ਅਤੇ ਕੌਮੀ ਜਾਂਚ ਏਜੰਸੀ ਵੱਲੋਂ 'ਸ਼ਹਿਰੀ ਨਕਸਲੀ' ਸਾਜ਼ਿਸ਼ ਦੇ ਸਬੂਤਾਂ ਵਜੋਂ ਬਹੁਤ ਸਾਰੀਆਂ ਚਿੱਠੀਆਂ ਪੇਸ਼ ਕੀਤੀਆਂ ਗਈਆਂ ਸਨ ਜਿਨ੍ਹਾਂ ਬਾਰੇ ਦਾਅਵਾ ਕੀਤਾ ਗਿਆ ਕਿ ਇਹ ਰੋਨਾ ਵਿਲਸਨ ਦੇ ਲੈਪਟਾਪ 'ਚੋਂ ਬਰਾਮਦ ਹੋਈਆਂ ਸਨ। ਇਹ ਚਿੱਠੀਆਂ ਅਦਾਲਤ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਆਪਣੇ ਖਾਸ ਚਹੇਤੇ ਨਿਊਜ਼ ਚੈਨਲਾਂ ਉੱਪਰ ਲੀਕ ਕਰ ਕੇ ਝੂਠਾ ਬਿਰਤਾਂਤ ਸਿਰਜਿਆ ਗਿਆ। ਇਕ ਕਥਿਤ ਚਿੱਠੀ ਵਿਚ 'ਮਾਓਵਾਦੀ ਛਾਪਾਮਾਰਾਂ ਨੂੰ ਹਥਿਆਰਾਂ ਦੀ ਸਪਲਾਈ' ਅਤੇ ਨਰਿੰਦਰ ਮੋਦੀ ਦੀ ਹੱਤਿਆ ਲਈ 'ਰਾਜੀਵ ਗਾਂਧੀ-ਸਟਾਈਲ ਹਮਲਾ' ਦੀ ਤਰਜ਼ 'ਤੇ ਸਾਜ਼ਿਸ਼ ਘੜਨ ਦੀ ਜ਼ਰੂਰਤ ਦੀ ਗੱਲ ਕੀਤੀ ਗਈ ਸੀ। ਉੱਘੇ ਸੁਰੱਖਿਆ ਵਿਸ਼ਲੇਸ਼ਣਕਾਰਾਂ ਨੇ ਉਦੋਂ ਹੀ ਕਿਹਾ ਸੀ ਕਿ ਇਨ੍ਹਾਂ ਚਿੱਠੀਆਂ ਦੀ ਪ੍ਰਮਾਣਿਕਤਾ ਸ਼ੱਕੀ ਹੈ, ਕਿਉਂਕਿ ਖਤਰਨਾਕ ਸਾਜ਼ਿਸ਼ਾਂ ਦੇ ਘਾੜੇ ਕਦੇ ਵੀ ਆਪਣੀ ਯੋਜਨਾ ਦਾ ਬਲਿਊ-ਪ੍ਰਿੰਟ ਆਪਣੇ ਕੰਪਿਊਟਰਾਂ ਵਿਚ ਨਹੀਂ ਸਾਂਭਣ ਦੀ ਗਲਤੀ ਕਦੇ ਨਹੀਂ ਕਰਦੇ। ਉਪਰੋਕਤ ਫਰਮ ਨੇ ਤਕਨੀਕੀ ਆਧਾਰ 'ਤੇ ਸਾਬਤ ਕੀਤਾ ਹੈ ਕਿ ਰੋਨਾ ਵਿਲਸਨ ਦੇ ਲੈਪਟਾਪ ਉੱਪਰ ਇਹ ਚਿੱਠੀਆਂ ਕਿਸ ਤਰੀਕੇ ਨਾਲ ਭੇਜੀਆਂ ਗਈਆਂ:

"ਆਰਸਨਲ ਨੂੰ ਐਸਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਰੋਨਾ ਵਿਲਸਨ ਵਿਰੁੱਧ ਸਰਕਾਰੀ ਪੱਖ ਵੱਲੋਂ ਸਬੂਤ ਦੇ ਰੂਪ 'ਚ ਵਰਤੇ ਗਏ ਸਭ ਤੋਂ ਅਹਿਮ ਦਸ ਪ੍ਰਮੁੱਖ ਦਸਤਾਵੇਜ਼ਾਂ ਦਾ ਵਿਲਸਨ ਦੇ ਕੰਪਿਊਟਰ ਉੱਪਰ ਕਦੇ ਕਿਸੇ ਵਾਜਬ ਤਰੀਕੇ ਨਾਲ ਕੋਈ ਆਦਾਨ-ਪ੍ਰਦਾਨ ਹੋਇਆ ਸੀ। ਹੋਰ ਵੀ ਮਹੱਤਵਪੂਰਨ ਗੱਲ, ਐਸਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਦਸ ਪ੍ਰਮੁੱਖ ਦਸਤਾਵੇਜ਼ਾਂ ਵਿਚੋਂ ਕੋਈ ਦਸਤਾਵੇਜ਼ ਜਾਂ ਜਿਸ ਗੁਪਤ ਫੋਲਡਰ ਵਿਚ ਇਹ ਰੱਖੇ ਗਏ ਸਨ, ਉਸ ਨੂੰ ਕਦੇ ਖੋਲ੍ਹਿਆ ਗਿਆ ਸੀ।" ਨੈੱਟਵਾਇਰ ਮਾਲਵੇਅਰ ਐਨ.ਟੀ.ਐਫ.ਐਸ. ਫਾਈਲ ਸਿਸਟਮ ਵਾਲੇ ਕੰਪਿਊਟਰ ਉੱਪਰ ਕਿਵੇਂ ਅਸਰ-ਅੰਦਾਜ਼ ਹੁੰਦਾ ਹੈ, ਇਸ ਵਿਸ਼ਲੇਸ਼ਣ ਦੇ ਆਧਾਰ 'ਤੇ ਫਰਮ ਨੇ ਦੇਖਿਆ ਕਿ "ਸਾਜ਼ਿਸ਼ ਦਾ ਸਬੂਤ ਦਸਤਾਵੇਜ਼ ਰੋਨਾ ਵਿਲਸਨ ਦੇ ਕੰਪਿਊਟਰ ਉੱਪਰ ਗੁਪਤ ਫੋਲਡਰ ਵਿਚ ਨੈੱਟਵਾਇਰ ਦੁਆਰਾ ਪਾਏ ਗਏ ਸਨ, ਨਾ ਕਿ ਕਿਸੇ ਹੋਰ ਤਰੀਕੇ ਨਾਲ।" ਤਕਨੀਕੀ ਵਿਸ਼ਲੇਸ਼ਣਕਾਰਾਂ ਨੇ ਇਹ ਖੁਲਾਸਾ ਵੀ ਕੀਤਾ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਦਸਤਾਵੇਜ਼ ਐਮ.ਐਸ. ਵਰਡ ਪ੍ਰੋਗਰਾਮ ਦੇ 2010 ਅਤੇ 2013 ਸੰਸਕਰਨਾਂ ਨਾਲ ਤਿਆਰ ਕੀਤੇ ਗਏ ਸਨ ਜਦਕਿ ਉਸ ਦੇ ਲੈਪਟਾਪ ਉੱਪਰ ਇਸ ਪ੍ਰੋਗਰਾਮ ਦਾ ਸੰਸਕਰਨ 2007 ਵਿਚ ਇੰਸਟਾਲ ਕੀਤਾ ਹੋਇਆ ਸੀ।

ਰਿਪੋਰਟ ਖੁਲਾਸਾ ਕਰਦੀ ਹੈ ਕਿ ਵਿਲਸਨ ਦੇ ਕੰਪਿਊਟਰ ਵਿਚ ਪਹਿਲੀ ਵਾਰ ਸੰਨ੍ਹ 13 ਜੂਨ 2016 ਨੂੰ ਵਰਵਰਾ ਰਾਓ ਦੇ ਨਾਂ 'ਤੇ ਈਮੇਲ ਭੇਜ ਕੇ ਲਗਾਈ ਗਈ ਜਿਨ੍ਹਾਂ ਵਿਚ ਉਸ ਨੂੰ ਇਕ ਲਿੰਕ ਉੱਪਰ ਕਲਿੱਕ ਕਰ ਕੇ ਇਕ ਦਸਤਾਵੇਜ਼ ਡਾਊਨਲੋਡ ਕਰਨ ਲਈ ਕਿਹਾ ਗਿਆ ਸੀ। ਵਿਲਸਨ ਨੇ ਉਸੇ ਦਿਨ ਸ਼ਾਮ ਨੂੰ 6:18 ਵਜੇ ਦਸਤਾਵੇਜ਼ ਖੋਲ੍ਹਿਆ ਜਿਸ ਨਾਲ ਉਸ ਦੇ ਕੰਪਿਊਟਰ ਉੱਪਰ ਨੈੱਟਵਾਇਰ ਇੰਸਟਾਲ ਹੋ ਗਿਆ। ਇਸੇ ਹਮਲਾਵਰ ਨੇ ਵਿਲਸਨ ਦੇ ਕੰਪਿਊਟਰ ਵਿਚ ਜੂਨ 2016 ਤੋਂ ਲੈ ਕੇ 17 ਅਪਰੈਲ 2018 ਤੱਕ ਵਾਰ-ਵਾਰ ਸੰਨ੍ਹ ਲਾਈ। 17 ਅਪਰੈਲ 2018 ਉਹ ਮਿਤੀ ਹੈ, ਜਦ ਵਿਲਸਨ ਅਤੇ ਉਸ ਦੇ ਨਾਲ ਭੀਮਾ-ਕੋਰੇਗਾਓਂ ਕੇਸ ਵਿਚ ਫਸਾਈਆਂ ਹੋਰ ਸ਼ਖਸੀਅਤਾਂ ਦੇ ਘਰਾਂ ਉੱਪਰ ਛਾਪੇ ਮਾਰੇ ਗਏ।

'ਦਿ ਵਾਸ਼ਿੰਗਟਨ ਪੋਸਟ' ਨੇ ਇਸ ਰਿਪੋਰਟ ਬਾਰੇ ਮਾਲਵੇਅਰ ਅਤੇ ਡਿਜੀਟਲ ਫਾਰੈਂਸਿਕਸ ਦੇ ਜਿਨ੍ਹਾਂ ਤਿੰਨ ਸੁਤੰਤਰ ਮਾਹਰਾਂ ਦੀ ਰਾਇ ਲਈ, ਉਨ੍ਹਾਂ ਨੇ ਵੀ ਇਸ ਰਿਪੋਰਟ ਦੇ ਸਿੱਟਿਆਂ ਨੂੰ ਸਹੀ ਕਰਾਰ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਇਨ੍ਹਾਂ ਕਾਰਕੁਨਾਂ ਅਤੇ ਉਨ੍ਹਾਂ ਨਾਲ ਜੁੜੇ ਲੋਕਾਂ ਨੂੰ ਮਾਲਵੇਅਰ ਦੀ ਮਦਦ ਨਾਲ ਨਿਸ਼ਾਨਾ ਬਣਾਉਣ ਦੀ ਲੰਮੀ-ਚੌੜੀ ਮੁਹਿੰਮ ਦਾ ਹਿੱਸਾ ਜਾਪਦਾ ਹੈ। ਪਿੱਛੇ ਜਿਹੇ ਐਮਨੈਸਟੀ ਇੰਟਰਨੈਸ਼ਨਲ ਨੇ ਖੁਲਾਸਾ ਕੀਤਾ ਸੀ ਕਿ 2020 'ਚ ਨੈੱਟਵਾਇਰ ਮਾਲਵੇਅਰ ਇਸਤੇਮਾਲ ਕਰ ਕੇ ਭੀਮਾ-ਕੋਰੇਗਾਓਂ ਮਾਮਲੇ ਦੇ ਮੁਲਜ਼ਮਾਂ ਦੇ ਵਕੀਲਾਂ ਅਤੇ ਹੋਰ ਮਦਦਗਾਰਾਂ ਨੂੰ 2020 'ਚ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਸ ਕੇਸ ਵਿਚ ਫਸਾਈਆਂ ਕਈ ਸ਼ਖਸੀਅਤਾਂ ਨੂੰ ਨਿਸ਼ਾਨਾ ਬਣਾਉਣ ਲਈ 2019 'ਚ ਪੇਗਾਸਸ ਜਾਸੂਸੀ ਸਾਫਟਵੇਅਰ ਵੀ ਇਸਤੇਮਾਲ ਕੀਤਾ ਗਿਆ ਸੀ।

ਆਰ.ਐਸ.ਐਸ-ਭਾਜਪਾ ਸਰਕਾਰ ਅਤੇ ਇਸ ਦੇ ਸਰਕਾਰੀ ਪੈਰਵਾਈ ਕਰਤਾ ਇਸ ਜਾਅਲਸਾਜ਼ੀ ਦੀ ਪੋਲ ਖੁੱਲ੍ਹ ਜਾਣ ਦੇ ਡਰੋਂ ਇਸ ਮਾਮਲੇ ਦੀ ਵਿਸ਼ੇਸ਼ ਜਾਂਚ ਦੀ ਮੰਗ ਨੂੰ ਰੱਦ ਕਰਦੇ ਆ ਰਹੇ ਹਨ। ਯਾਦ ਰਹੇ ਕਿ ਅਗਸਤ 2018 'ਚ ਚੋਟੀ ਦੇ ਪੰਜ ਲੋਕ ਬੁੱਧੀਜੀਵੀਆਂ ਦੀ ਗ੍ਰਿਫਤਾਰੀ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਵਿਸ਼ੇਸ਼ ਬੈਂਚ ਦੇ ਮੈਂਬਰ ਜਸਟਿਸ ਡੀ.ਵਾਈ. ਚੰਦਰਚੂੜ ਨੇ ਆਪਣੇ ਫੈਸਲੇ ਵਿਚ ਸਪਸ਼ਟ ਕਿਹਾ ਸੀ ਕਿ ਪੁਣੇ ਪੁਲਿਸ ਵੱਲੋਂ ਕੀਤੀ ਜਾ ਰਹੀ ਜਾਂਚ ਅਤੇ ਇਨ੍ਹਾਂ ਸ਼ਖਸੀਅਤਾਂ ਦੀਆਂ ਗ੍ਰਿਫਤਾਰੀਆਂ ਪੱਖਪਾਤੀ ਹਨ ਅਤੇ ਮਾਮਲੇ ਦੀ ਨਿਰਪੱਖ ਜਾਂਚ ਲਈ ਸੁਪਰੀਮ ਕੋਰਟ ਨੂੰ ਆਪਣੀ ਨਿਗਰਾਨੀ ਹੇਠ ਸਿਟ (ਵਿਸ਼ੇਸ਼ ਜਾਂਚ ਟੀਮ) ਬਣਾਉਣੀ ਚਾਹੀਦੀ ਹੈ। 27 ਸਤੰਬਰ ਦੀ ਸ਼ਾਮ ਤੱਕ ਸੁਪਰੀਮ ਕੋਰਟ ਦੀ ਵੈੱਬ ਸਾਈਟ ਉੱਪਰ ਇਹ ਸੂਚਨਾ ਸੀ ਕਿ ਬੈਂਚ ਦੀ ਤਰਫੋਂ ਇਸ ਮਾਮਲੇ ਦਾ ਫੈਸਲਾ ਜਸਟਿਸ ਚੰਦਰਚੂੜ ਲਿਖਣਗੇ। ਅਗਲਾ ਘਟਨਾਕ੍ਰਮ ਦੱਸਦਾ ਹੈ ਕਿ ਇਸ ਦੀ ਕਨਸੋਅ ਮਿਲਦੇ ਸਾਰ ਹਕੂਮਤ ਵੱਲੋਂ ਦਖਲ ਦੇ ਕੇ ਆਪਣੇ ਪੱਖੀ ਫੈਸਲਾ ਤਿਆਰ ਕਰਵਾਇਆ ਗਿਆ। ਫੈਸਲਾ ਜਸਟਿਸ ਚੰਦਰਚੂੜ ਨੇ ਲਿਖਣਾ ਸੀ, ਰਾਤੋ-ਰਾਤ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਖਾਨਵਿਲਕਰ ਕੋਲੋਂ ਵਿਸ਼ੇਸ਼ ਜਾਂਚ ਦੇ ਸੁਝਾਅ ਨੂੰ ਰੱਦ ਕਰਵਾ ਕੇ ਵੱਖਰਾ ਫੈਸਲਾ ਲਿਖਵਾਇਆ ਗਿਆ। ਇਸ ਨਾਲ ਜਸਟਿਸ ਚੰਦਰਚੂੜ ਦਾ ਫੈਸਲਾ ਮਹਿਜ਼ ਅਸਹਿਮਤੀ ਬਣ ਕੇ ਰਹਿ ਗਿਆ ਅਤੇ ਆਰ.ਐਸ.ਐਸ.-ਭਾਜਪਾ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਗਈ।

ਰੋਨਾ ਵਿਲਸਨ ਨੇ ਇਸ ਫੋਰੈਂਸਿਕ ਰਿਪੋਰਟ ਦੇ ਆਧਾਰ 'ਤੇ ਬੰਬੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੀ ਮੰਗ ਕੀਤੀ ਹੈ। ਨਿਆਂ ਪ੍ਰਣਾਲੀ ਵਿਚ ਆਰ.ਐਸ.ਐਸ. ਪੱਖੀ ਲੋਕਾਂ ਦੀ ਘੁਸਪੈਠ ਅਤੇ ਜੱਜ ਸਾਹਿਬਾਨ ਉੱਪਰ ਸੱਤਾ ਦੇ ਭਾਰੀ ਦਬਾਓ ਦੇ ਮੱਦੇਨਜ਼ਰ ਸੁਪਰੀਮ ਕੋਰਟ ਵੱਲੋਂ ਵਿਸ਼ੇਸ਼ ਜਾਂਚ ਟੀਮ ਬਣਾਏ ਜਾਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਵਕਤ ਦਾ ਤਕਾਜ਼ਾ ਹੈ ਕਿ ਹੁਣ ਸਮੂਹ ਨਿਆਂਪਸੰਦ ਤਾਕਤਾਂ ਵਿਸ਼ਾਲ ਲੋਕ ਰਾਇ ਉਸਾਰ ਕੇ ਭਗਵੀਂ ਜਾਅਲਸਾਜ਼ੀ ਨੂੰ ਕਟਹਿਰੇ ਵਿਚ ਖੜ੍ਹੀ ਕਰਨ।

# 'ਟੂਲਕਿੱਟ' ਦਾ ਮੁੱਦਾ ਅਤੇ ਭਾਜਪਾ

ਵਾਤਾਵਰਨ ਪ੍ਰੇਮੀ ਕਾਰਕੁਨ ਗਰੇਟਾ ਥੁਨਬਰਗ ਵੱਲੋਂ ਸੋਸ਼ਲ ਮੀਡੀਆ ਉੱਪਰ ਕੀਤੀਆਂ ਟਿੱਪਣੀਆਂ ਤੋਂ ਆਰ.ਐਸ.ਐਸ.-ਭਾਜਪਾ ਇੰਨੀ ਭੈਅਭੀਤ ਹੋ ਗਈ ਕਿ ਇਸ ਨੇ ਲੋਕ ਰਾਇ ਬਣਾਉਣ ਦੇ ਇਕ ਮੁੱਖ ਸਾਧਨ, ਸੋਸ਼ਲ ਮੀਡੀਆ, ਨੂੰ ਬੇਅਸਰ ਕਰਨ ਲਈ ਡਿਜੀਟਲ ਦਹਿਸ਼ਤਵਾਦ ਵਿੱਢ ਦਿੱਤਾ ਹੈ। ਇਹ ਪਿਛਲੇ ਦਿਨਾਂ ਵਿਚ ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਲਈ ਤਿਆਰ ਕੀਤੀ ਸਾਈਬਰ ਯੁੱਧਨੀਤੀ ਦਾ ਹਿੱਸਾ ਹੈ। ਇਸੇ ਯੋਜਨਾ ਤਹਿਤ 'ਟੂਲਕਿੱਟ' ਮਾਮਲੇ ਨੂੰ ਮੁਲਕ ਦਾ ਅਕਸ ਵਿਗਾੜਨ ਦੀ ਕੌਮਾਂਤਰੀ ਰਾਜ-ਧ੍ਰੋਹੀ ਸਾਜ਼ਿਸ਼ ਵਜੋਂ ਪੇਸ਼ ਕਰਨਾ ਸ਼ੁਰੂ ਕੀਤਾ ਹੈ। ਇਸ ਹਮਲੇ ਦਾ ਮੁੱਖ ਸੰਦ ਦਿੱਲੀ ਪੁਲਿਸ ਹੈ ਜੋ ਪਾਰਲੀਮੈਂਟ 'ਤੇ ਕਥਿਤ ਹਮਲੇ ਦੇ ਮਾਮਲੇ 'ਚ ਪ੍ਰੋ. ਗਿਲਾਨੀ ਸਮੇਤ ਬਹੁਤ ਸਾਰੇ ਬੇਕਸੂਰ ਕਸ਼ਮੀਰੀਆਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹਾਂ 'ਚ ਸਾੜਨ ਅਤੇ ਅਫਜ਼ਲ ਗੁਰੂ ਨੂੰ ਬਿਨਾਂ ਸਬੂਤ ਫਾਂਸੀ 'ਤੇ ਲਟਕਾਉਣ ਦਾ ਫਰਜ਼ੀ ਕੇਸ ਤਿਆਰ ਕਰਨ ਤੋਂ ਲੈ ਕੇ ਸ਼ਾਹੀਨ ਬਾਗ਼, ਜੇ.ਐਨ.ਯੂ., ਜਾਮੀਆ ਮਿਲੀਆ ਯੂਨੀਵਰਸਿਟੀ ਅਤੇ ਦਿੱਲੀ ਯੂਨੀਵਰਸਿਟੀ ਦੇ ਸੰਘਰਸ਼ਾਂ ਨੂੰ ਦਬਾਉਣ ਤੇ ਕੁਚਲਣ ਵਾਲੀ ਬਦਨਾਮ ਏਜੰਸੀ ਹੈ। ਇਹ ਉਹ ਏਜੰਸੀ ਹੈ ਜਿਸ ਨੇ ਦਹਿਸ਼ਤਵਾਦੀ ਹਮਲੇ ਕਰਨ ਵਾਲੇ ਭਗਵੇਂ ਗੈਂਗ ਵਿਰੁੱਧ ਕਾਰਵਾਈ ਦੀ ਬਜਾਏ ਫਿਰਕੂ ਸਦਭਾਵਨਾ ਲਈ ਕੰਮ ਕਰਨ ਵਾਲੇ ਉਮਰ ਖਾਲਿਦ, ਪਿੰਜਰਾ ਤੋੜ ਮੁਹਿੰਮ ਦੀਆਂ ਆਗੂ ਨਤਾਸ਼ਾ ਅਤੇ ਵੀਰਾਂਗਣਾਂ ਸਮੇਤ ਦਰਜਨਾਂ ਜਮਹੂਰੀ ਕਾਰਕੁਨਾਂ ਨੂੰ 'ਸਾਜ਼ਿਸ਼ਘਾੜੇ' ਬਣਾ ਕੇ ਅਤੇ ਯੂ.ਏ.ਪੀ.ਏ. ਲਗਾ ਕੇ ਜੇਲ੍ਹ ਭੇਜਣ 'ਚ ਭੂਮਿਕਾ ਨਿਭਾਈ। ਹੁਣ ਸਪੈਸ਼ਲ ਸੈੱਲ ਦੇ ਅਧਿਕਾਰੀ ਆਪਣੇ ਸੱਤਾਧਾਰੀ ਆਕਾਵਾਂ ਦੀ ਹਦਾਇਤ ਅਨੁਸਾਰ ਇਕ ਨਵੀਂ 'ਸਾਜ਼ਿਸ਼' ਵਿਰੁੱਧ ਜਹਾਦ ਵਿਚ ਜੁੱਟ ਗਏ ਹਨ। 'ਟੂਲਕਿੱਟ' ਮਾਮਲੇ ਨੂੰ ਕੌਮਾਂਤਰੀ ਸਾਜ਼ਿਸ਼ ਦੱਸਿਆ ਜਾ ਰਿਹਾ ਹੈ।

ਜਿਸ 'ਟੂਲਕਿੱਟ' ਨੂੰ ਇੰਨਾ ਹਊਆ ਬਣਾਇਆ ਹੈ, ਉਹ ਦਰਅਸਲ ਇਨ੍ਹਾਂ ਕਾਰਕੁਨਾਂ ਵੱਲੋਂ ਕਿਸਾਨ ਅੰਦੋਲਨ ਦੇ ਹੱਕ ਵਿਚ ਪ੍ਰਚਾਰ ਕਰਨ ਦੇ ਤਰੀਕਿਆਂ ਦੀ ਸਾਂਝੀ ਸੂਚੀ ਹੈ ਜੋ ਗਰੇਟਾ ਥੁਨਬਰਗ ਨੂੰ ਭੇਜੀ ਗਈ। ਇਨ੍ਹਾਂ ਵਿਚ ਮੁੱਖ ਤੌਰ 'ਤੇ ਟਵਿੱਟਰ ਉੱਪਰ ਜਾਣਕਾਰੀ ਫੈਲਾਉਣਾ ਅਤੇ ਵਿਦੇਸ਼ਾਂ ਵਿਚ ਭਾਰਤੀ ਸਫਾਰਤਖਾਨਿਆਂ ਅੱਗੇ ਪੁਰਅਮਨ ਪ੍ਰਦਰਸ਼ਨ ਕਰਨਾ ਸ਼ਾਮਿਲ ਸੀ। ਮੰਗਾਂ ਦੇ ਹੱਕ 'ਚ ਪ੍ਰਚਾਰ ਦੇ ਇਹ ਤਰੀਕੇ ਆਮ ਹੀ ਇਸਤੇਮਾਲ ਕੀਤੇ ਜਾਂਦੇ ਹਨ। 'ਅਰਬ ਬਸੰਤ' ਵਰਗੇ ਆਲਮੀ ਪੱਧਰ ਦੇ ਮਕਬੂਲ ਅੰਦੋਲਨਾਂ ਵਿਚ 'ਟੂਲਕਿੱਟ' ਵਿਉਂਤਬੰਦੀ ਆਮ ਹੀ ਵਰਤੀ ਗਈ ਸੀ। ਇਹ ਆਪਣੇ ਹਿਤਾਂ ਤੇ ਹੱਕਾਂ ਲਈ ਸੰਘਰਸ਼ਾਂ ਦਾ ਅਨਿੱਖੜ ਅੰਗ ਹੈ। ਸਿਰਫ ਤਾਨਾਸ਼ਾਹ ਦਿਮਾਗ ਹੀ ਸੰਘਰਸ਼ ਦੀ ਪ੍ਰਚਾਰ ਵਿਉਂਤਬੰਦੀ ਨੂੰ ਸਾਜ਼ਿਸ਼ ਕਰਾਰ ਦੇ ਸਕਦੇ ਹਨ।

ਇਸ ਮਾਮਲੇ 'ਚ 14 ਫਰਵਰੀ ਨੂੰ ਸਪੈਸ਼ਲ ਸੈੱਲ ਵੱਲੋਂ ਬੰਗਲੁਰੂ ਤੋਂ ਵਾਤਾਵਰਨ ਪ੍ਰੇਮੀ ਕਾਰਕੁਨ ਦਿਸ਼ਾ ਰਵੀ ਨੂੰ ਗ੍ਰਿਫਤਾਰ ਕਰ ਕੇ ਪੰਜ ਦਿਨ ਦਾ ਪੁਲਿਸ ਰਿਮਾਂਡ ਲਿਆ ਗਿਆ। ਇਸੇ ਸਿਲਸਿਲੇ 'ਚ ਹੁਣ ਮੁੰਬਈ ਆਧਾਰਿਤ ਐਡਵੋਕੇਟ ਨਿਕਿਤਾ ਜੈਕਬ ਅਤੇ ਸ਼ਾਂਤਨੂੰ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਸਾਰੇ ਕੈਨੇਡਾ ਆਧਾਰਿਤ ਪੁਨੀਤ ਨਾਮ ਦੀ ਇਕ ਔਰਤ ਰਾਹੀਂ 'ਖਾਲਸਤਾਨ ਪੱਖੀ' ਸੰਸਥਾ ਪੋਇਟਿਕ ਜਸਟਿਸ ਫਾਊਂਡੇਸ਼ਨ ਦੇ ਸੰਪਰਕ ਵਿਚ ਆਏ। ਦਿੱਲੀ ਪੁਲਿਸ ਦੇ ਅਧਿਕਾਰੀ ਇਹ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਮਾਰਚ 2020 'ਚ ਬਣੀ ਇਹ ਫਾਊਂਡੇਸ਼ਨ ਖਾਲਿਸਤਾਨ ਪੱਖੀ ਨਹੀਂ ਹੈ। ਇਹ ਮਨੁੱਖੀ ਹੱਕਾਂ ਦੀ ਚੈਂਪੀਅਨ ਸੰਸਥਾ ਹੈ ਜੋ ਕੈਨੇਡਾ ਵਿਚ ਕਿਸਾਨ ਅੰਦੋਲਨ ਦੇ ਹੱਕ 'ਚ ਆਨਲਾਈਨ ਸਰਗਰਮ ਮੁਹਿੰਮ ਚਲਾ ਰਹੀ ਹੈ।

ਜੇ ਦਿੱਲੀ ਪੁਲਿਸ ਦੇ ਦਾਅਵੇ ਅਨੁਸਾਰ ਇਹ ਵੀ ਮੰਨ ਲਿਆ ਜਾਵੇ ਕਿ ਇਨ੍ਹਾਂ ਕਾਰਕੁਨਾਂ ਨੇ 'ਟੂਲਕਿੱਟ' ਬਣਾ ਅਤੇ ਐਡਿਟ ਕਰ ਕੇ ਗਰੇਟਾ ਥੁਨਬਰਗ ਨੂੰ ਭੇਜੀ, ਤਾਂ ਕਿੰਨੀ ਅਜੀਬ ਗੱਲ ਹੈ ਕਿ ਦੁਨੀਆ ਦੀ ਮਹਾਂ-ਸ਼ਕਤੀ ਅਤੇ 'ਵਿਸ਼ਵ ਗੁਰੂ' ਹੋਣ ਦੀ ਦਾਅਵੇਦਾਰ 'ਵਾਈਬਰੈਂਟ ਡੈਮੋਕਰੇਸੀ' ਦਾ ਸੋਸ਼ਲ ਮੀਡੀਆ ਟੂਲਕਿੱਟ ਨਾਲ ਹੀ ਸਾਹ ਫੁੱਲ ਗਿਆ! ਆਰ.ਐਸ.ਐਸ.-ਭਾਜਪਾ ਦਾ ਆਈ.ਟੀ. ਸੈੱਲ ਸਮੇਤ ਸਮੁੱਚਾ ਭਗਵਾਂ ਤੰਤਰ ਅਤੇ ਗੋਦੀ ਮੀਡੀਆ ਦਿਨ-ਰਾਤ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਨ 'ਚ ਲੱਗਿਆ ਹੋਇਆ ਹੈ। ਜੇ ਹਿੰਦੂ ਰਾਸ਼ਟਰ ਦਾ ਪ੍ਰਚਾਰ ਕਰਨ ਦੀ ਆਜ਼ਾਦੀ ਹੈ ਤਾਂ ਖਾਲਿਸਤਾਨ ਜਾਂ ਕਿਸੇ ਹੋਰ ਕਿਸਮ ਦੇ ਰਾਜ ਦੇ ਸੁਪਨੇ ਦਾ ਪੁਰਅਮਨ ਪ੍ਰਚਾਰ ਕਰਨਾ ਵੀ ਕਾਨੂੰਨੀ ਜੁਰਮ ਨਹੀਂ ਹੈ। ਇਸ ਟੂਲਕਿੱਟ ਦਾ ਵਿਚਾਰਧਾਰਕ ਮੁਕਾਬਲਾ ਕਰਨ ਦੀ ਬਜਾਏ ਫਾਸ਼ਿਸ਼ਟ ਨਿਜ਼ਾਮ ਜ਼ੁਬਾਨਬੰਦੀ ਕਰ ਰਿਹਾ ਹੈ। ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ 180 ਮੁਲਕਾਂ ਵਿਚੋਂ 142ਵੇਂ ਸਥਾਨ 'ਤੇ ਹੋਣ ਵਾਲੇ ਰਾਜ ਤੋਂ ਇਹੀ ਉਮੀਦ ਕੀਤੀ ਜਾ ਸਕਦੀ ਹੈ।

ਜਿੱਥੋਂ ਤੱਕ ਇਨ੍ਹਾਂ ਕਾਰਕੁਨਾਂ ਦੇ ਖਾਲਿਸਤਾਨ ਪੱਖੀ ਸੰਸਥਾ ਲਈ ਕੰਮ ਕਰਨ ਦੇ ਸਪੈਸ਼ਲ ਸੈੱਲ ਦੇ ਦਾਅਵੇ ਦਾ ਸਵਾਲ ਹੈ, ਇਸ ਦੀ ਪੋਲ ਖੋਲ੍ਹਣ ਲਈ ਦਿਸ਼ਾ ਰਵੀ ਦੀ ਇਕ ਟਿੱਪਣੀ ਹੀ ਕਾਫੀ ਹੈ। ਉਸ ਨੇ ਲਿਖਿਆ, "ਸਾਨੂੰ ਐਸੇ ਆਲਮੀ ਆਗੂ ਚਾਹੀਦੇ ਹਨ ਜੋ ਲਾਲਚ ਦੀ ਬਜਾਇ ਇਨਸਾਨੀਅਤ ਨੂੰ ਤਰਜੀਹ ਦੇਣ। ਨੌਜਵਾਨੀ ਇਕਜੁੱਟ ਹੋਣ ਜਾ ਰਹੀ ਹੈ, ਵਾਰ-ਵਾਰ ਹਰ ਵਾਰ ਪਹਿਲਾਂ ਨਾਲੋਂ ਵਧੇਰੇ ਯੁੱਧਨੀਤਕ ਅਤੇ ਇਕਮੁੱਠ ਹੋ ਕੇ।" ਗ੍ਰਿਫਤਾਰ ਕੀਤੇ ਜਾਣ ਸਮੇਂ ਦਿਸ਼ਾ ਨੇ ਕਿਹਾ, "ਮੈਂ ਤਾਂ ਕਿਸਾਨਾਂ ਦੀ ਹਮਾਇਤ ਕਰ ਰਹੀ ਸੀ, ਕਿਉਂਕਿ ਉਹ ਸਾਡਾ ਭਵਿੱਖ ਹਨ ਅਤੇ ਸਾਨੂੰ ਸਾਰਿਆਂ ਨੂੰ ਢਿੱਡ ਭਰਨ ਲਈ ਉਨ੍ਹਾਂ ਦੀ ਜ਼ਰੂਰਤ ਹੈ।" ਕਾਰਪੋਰੇਟ ਲਾਲਸਾ ਦੀ ਪੂਰਤੀ ਦਾ ਸੰਦ ਬਣੇ ਹੁਕਮਰਾਨ ਇਨਸਾਨੀਅਤ ਨੂੰ ਤਰਜ਼ੀਹ ਦੇਣ ਦੀ ਵਕਾਲਤ ਕਰਨ ਵਾਲਿਆਂ ਨੂੰ ਬਰਦਾਸ਼ਤ ਕਿਉਂ ਕਰਨਗੇ?

ਇਹ ਗ੍ਰਿਫਤਾਰੀਆਂ ਅਤੇ ਸਾਜ਼ਿਸ਼ ਦੇ ਦਾਅਵੇ ਇਕ ਖਾਸ ਹਾਲਾਤ ਵਿਚ ਕੀਤੇ ਜਾ ਰਹੇ ਹਨ। ਮੋਦੀ ਸਰਕਾਰ ਦੀਆਂ ਤਮਾਮ ਮੱਕਾਰੀਆਂ, ਸਾਜ਼ਿਸ਼ਾਂ ਅਤੇ ਦਹਿਸ਼ਤੀ ਚਾਲਾਂ ਦੇ ਬਾਵਜੂਦ ਦਿੱਲੀ ਵਿਚ ਮਹਾ ਅੰਦੋਲਨ ਪੂਰੇ ਜੋਸ਼-ਖਰੋਸ਼ ਨਾਲ ਜਾਰੀ ਹੈ। ਹੁਕਮਰਾਨਾਂ ਦੇ ਇਸ ਮਹਾ ਅੰਦੋਲਨ ਵਿਚ ਖਾਲਿਸਤਾਨੀਆਂ, ਖੱਬੇ ਪੱਖੀਆਂ ਅਤੇ ਨਕਸਲੀਆਂ ਦੀ ਘੁਸਪੈਠ ਦੇ ਝੂਠੇ ਦਾਅਵਿਆਂ ਨੂੰ ਮੂੰਹ ਦੀ ਖਾਣੀ ਪਈ ਹੈ। ਲਾਲ ਕਿਲ੍ਹੇ ਉੱਪਰ ਝੰਡਾ ਲਹਿਰਾਉਣ ਦਾ ਕੇਂਦਰ ਸਰਕਾਰ ਵੱਲੋਂ ਖੜ੍ਹਾ ਕੀਤਾ ਹਊਆ ਵੀ ਓੜਕ ਬੇਅਸਰ ਹੋ ਗਿਆ। ਇਨ੍ਹਾਂ ਹਾਲਾਤ ਵਿਚ ਹਕੂਮਤ ਨੇ ਆਪਣੇ ਤਰਕਸ਼ ਵਿਚੋਂ ਸਾਈਬਰ ਕੰਟਰੋਲ ਦਾ ਨਵਾਂ ਤੀਰ ਵਰਤਣ ਲਈ ਕੱਢਿਆ ਹੈ। ਜਿਸ ਦਾ ਮਨੋਰਥ ਮੀਡੀਆ ਦਾ ਧਿਆਨ ਮਹਾ ਅੰਦੋਲਨ ਵੱਲੋਂ ਹਟਾ ਕੇ ਕਥਿਤ ਸਾਜ਼ਿਸ਼ ਵੱਲ ਲਗਾਉਣਾ ਹੈ ਅਤੇ ਮੁਲਕ ਦੇ ਲੋਕਾਂ ਵਿਚ ਮਹਾ ਅੰਦੋਲਨ ਬਾਰੇ ਸ਼ੱਕ ਅਤੇ ਭੁਲੇਖੇ ਖੜ੍ਹੇ ਕਰਨਾ ਹੈ। ਆਉਣ ਵਾਲੇ ਦਿਨਾਂ ਵਿਚ ਇਸ ਕਥਿਤ 'ਸਾਜ਼ਿਸ਼' ਅਤੇ ਇਸ ਤਹਿਤ ਗ੍ਰਿਫਤਾਰੀਆਂ ਦਾ ਘੇਰਾ ਹੋਰ ਚੌੜਾ ਹੋਣ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ।

ਇਸ ਜਾਬਰ ਹਮਲੇ ਦਾ ਗੰਭੀਰ ਨੋਟਿਸ ਲੈਣ, ਇਸ ਨੂੰ ਚੁਣੌਤੀ ਦੇਣ ਅਤੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦੀ ਲੋੜ ਹੈ। ***-ਬੂਟਾ ਸਿੰਘ***

# ਅਮਰੀਕਾ ਦੇ ਕਰੀਬ 40 ਰਾਜਾਂ 'ਚ ਬਰਫੀਲੇ ਤੂਫਾਨਾਂ ਦੀ ਚਿਤਾਵਨੀ ਜਾਰੀ

**ਵਾਸ਼ਿੰਗਟਨ ਡੀ. ਸੀ. (ਬਿਊਰੋ):** ਅਮਰੀਕਾ ਵਿਚ ਇਨ੍ਹੀਂ ਦਿਨੀਂ ਬਰਫੀਲੇ ਤੂਫਾਨ ਦਸਤਕ ਦੇ ਰਹੇ ਹਨ, ਜਿਨ੍ਹਾਂ ਦੇ ਚਲਦਿਆਂ ਓਰੇਗਾਨ ਤੋਂ ਲੈ ਕੇ ਵਰਜੀਨੀਆ ਤੱਕ ਬਰਫਬਾਰੀ ਅਤੇ ਬਰਫੀਲੀ ਬਾਰਿਸ਼ ਹੋ ਰਹੀ ਹੈ। ਇਸ ਦੌਰਾਨ ਸਭ ਤੋਂ ਵੱਧ ਬਰਫ ਕੈਨਟੱਕੀ ਅਤੇ ਇਲੀਨੋਏ ਵਿਚ ਦਰਜ ਕੀਤੀ ਗਈ ਹੈ। ਟੈਕਸਾਸ ਤੋਂ ਵਰਜੀਨੀਆ ਤੱਕ ਦੇ ਸਾਰੇ ਰਸਤੇ ਅਤੇ ਅਰਕਨਸਾਸ ਤੋਂ ਕੈਨਟੱਕੀ ਤੱਕ ਵੀ ਬਰਫ ਦੇ ਤੂਫਾਨ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਜਦਕਿ ਉੱਤਰ-ਪੂਰਬ ਵਿਚ ਜ਼ਿਆਦਾਤਰ ਬਰਫ ਫਿਲਾਡੈਲਫੀਆ ਤੋਂ ਨਿਊ ਯਾਰਕ ਸਿਟੀ ਵਿਚ ਪੈ ਰਹੀ ਹੈ, ਜਿਸ ਕਾਰਨ ਉੱਤਰ-ਪੂਰਬ ਵਿਚ ਹੁਣ ਤੱਕ 2 ਤੋਂ 5 ਇੰਚ ਤੱਕ ਬਰਫ ਪਈ ਹੈ। ਵੀਰਵਾਰ ਨੂੰ ਦੇਸ਼ ਦੇ 40 ਰਾਜਾਂ ਓਰੇਗਾਨ ਤੋਂ ਵਰਜੀਨੀਆ ਤੱਕ ਭਾਰੀ ਬਰਫਬਾਰੀ ਅਤੇ ਠੰਢ ਲਈ ਅਲਰਟ 'ਤੇ ਹਨ।



ਪੈਸੇਫਿਕ ਉੱਤਰ-ਪੱਛਮ ਵਿਚ ਪੋਰਟਲੈਂਡ, ਓਰੇਗਾਨ ਵਿਚ ਸਰਦੀਆਂ ਦਾ ਤੂਫਾਨ ਅੱਗੇ ਵਧ ਰਿਹਾ ਹੈ ਅਤੇ ਇਨ੍ਹਾਂ ਸ਼ਹਿਰਾਂ ਵਿਚ ਕਈ ਇੰਚ ਤੱਕ ਬਰਫ ਪੈਣ ਦੀ ਉਮੀਦ ਹੈ। ਇਨ੍ਹਾਂ ਸਾਰੇ ਤੂਫਾਨਾਂ ਦੇ ਦੇਸ਼ ਭਰ ਵਿਚ ਚੱਲਣ ਕਾਰਨ ਹਫਤੇ ਦੇ ਅੰਤ ਵਿਚ ਵਧੇਰੇ ਬਰਫ ਪੈਣ ਅਤੇ ਕਈ ਥਾਂਵਾਂ 'ਤੇ ਕਈ ਫੁੱਟ ਬਰਫ ਜਮ੍ਹਾਂ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਕਈ ਝੀਲਾਂ ਅਤੇ ਉੱਤਰ ਪੂਰਬ ਦੇ ਕੁੱਝ ਹਿੱਸੇ ਹਫਤੇ ਦੇ ਅੰਤ ਵਿਚ ਕਰੀਬ ਅੱਧੇ ਫੁੱਟ ਤੱਕ ਦੀ ਬਰਫਬਾਰੀ ਦਾ ਸਾਹਮਣਾ ਕਰ ਸਕਦੇ ਹਨ।

**ਵਾਹਨਾਂ ਦੀ ਟੱਕਰ 'ਚ 6 ਦੀ ਮੌਤ, ਦਰਜਨਾਂ ਜ਼ਖਮੀ:** ਭਾਰੀ ਬਰਫਬਾਰੀ ਹੋਰਾਂ ਰੁਕਾਵਟਾਂ ਦੇ ਨਾਲ ਨਾਲ ਕਈ ਮੌਤਾਂ ਦੀ ਵਜ੍ਹਾ ਵੀ ਬਣ ਰਹੀ ਹੈ। ਅਜਿਹਾ ਹੀ ਬਰਫੀਲਾ ਮੌਸਮ ਵੀਰਵਾਰ ਨੂੰ ਟੈਕਸਾਸ ਦੇ ਇੰਟਰਸਟੇਟ ਹਾਈਵੇਅ 'ਤੇ 130 ਤੋਂ ਵੱਧ ਵਾਹਨਾਂ ਦੀ ਟੱਕਰ ਦੇ ਨਾਲ ਛੇ ਮੌਤਾਂ ਅਤੇ ਦਰਜਨਾਂ ਦੇ ਜ਼ਖਮੀ ਹੋਣ ਦਾ ਕਾਰਨ ਬਣਿਆ ਹੈ। ਡਾਊਨ ਟਾਊਨ ਫੋਰਟਵਰਥ ਦੇ ਨੇੜੇ ਇੰਟਰਸਟੇਟ ਹਾਈਵੇਅ-35 'ਤੇ ਹੋਏ ਹਾਦਸੇ ਦੌਰਾਨ ਵੱਡੀ ਗਿਣਤੀ ਵਿਚ ਸੈਮੀਟਰੇਲਰ, ਕਾਰਾਂ ਅਤੇ ਟਰੱਕਾਂ ਦੀ ਆਪਸ ਵਿਚ ਟੱਕਰ ਹੋ ਗਈ ਤੇ ਕਈ ਵਾਹਨ ਇੱਕ ਦੂਜੇ ਉੱਪਰ ਚੜ੍ਹ ਵੀ ਗਏ।

ਇਸ ਹਾਦਸੇ ਸਬੰਧੀ ਫੋਰਟਵਰਥ ਫਾਇਰ ਵਿਭਾਗ ਦੇ ਚੀਫ ਜਿਮ ਡੇਵਿਸ ਅਨੁਸਾਰ ਬਹੁਤ ਸਾਰੇ ਲੋਕ ਆਪਣੇ ਵਾਹਨਾਂ ਵਿਚ ਫਸ ਗਏ ਸਨ ਅਤੇ ਉਨ੍ਹਾਂ ਨੂੰ ਸਫਲਤਾ ਪੂਰਵਕ ਕੱਢਣ ਲਈ ਹਾਈਡ੍ਰੌਲਿਕ ਉਪਕਰਨਾਂ ਦੀ ਜਰੂਰਤ ਪਈ। ਇਸ ਖੇਤਰ ਵਿਚ ਐਂਬੂਲੈਂਸ ਸੇਵਾਵਾਂ ਪ੍ਰਦਾਨ ਕਰਨ ਵਾਲੀ ਸੰਸਥਾ ਮੈਡਸਟਾਰ ਦੇ ਬੁਲਾਰੇ ਮੈਟ ਜ਼ਾਵਡੇਸਕੀ ਨੇ ਦੱਸਿਆ ਕਿ ਇਸ ਹਾਦਸੇ ਵਿਚ ਘੱਟੋ ਘੱਟ 65 ਵਿਅਕਤੀਆਂ ਦਾ ਹਸਪਤਾਲਾਂ ਵਿਚ ਇਲਾਜ ਕੀਤਾ ਗਿਆ, ਜਿਨ੍ਹਾਂ ਵਿਚੋਂ 36 ਵਿਅਕਤੀਆਂ ਨੂੰ ਹਾਦਸੇ ਵਾਲੀ ਜਗ੍ਹਾ ਤੋਂ ਐਂਬੂਲੈਂਸ ਨੇ ਹਸਪਤਾਲ ਵਿਚ ਪਹੁਚਾਇਆ, ਜਦਕਿ ਕਈ ਹੋਰ ਲੋਕਾਂ ਦਾ ਘਟਨਾ ਸਥਾਨ 'ਤੇ ਵੀ ਇਲਾਜ ਕੀਤਾ ਗਿਆ। ਸਵੇਰੇ ਕਰੀਬ 6 ਵਜੇ ਵਾਪਰੇ ਇਸ ਹਾਦਸੇ ਵਿਚ ਬਹੁਤ ਸਾਰੇ ਹਸਪਤਾਲ ਤੇ ਐਮਰਜੈਂਸੀ ਕਰਮਚਾਰੀ ਅਤੇ ਪੁਲਿਸ ਅਧਿਕਾਰੀ, ਜੋ ਕੰਮ 'ਤੇ ਜਾ ਰਹੇ ਸਨ, ਵੀ ਇਸ ਹਾਦਸੇ ਦਾ ਸ਼ਿਕਾਰ ਹੋ ਗਏ। ਮੌਸਮ ਵਿਭਾਗ ਸੇਵਾ ਅਨੁਸਾਰ ਬਰਫ ਦਾ ਇਹ ਤੂਫਾਨ ਇੱਕ ਧਰੁਵੀ ਭੰਡਾਰ ਦੇ ਰੂਪ ਵਿਚ ਆਇਆ, ਜੋ ਅਮਰੀਕਾ-ਕੈਨੇਡਾ ਦੀ ਸਰਹੱਦ ਦੇ ਨੇੜੇ ਚਲਾ ਗਿਆ ਹੈ।

## ਓਰੇਗਾਨ ਵਿਚ ਬਰਫੀਲੇ ਤੂਫਾਨ ਨੇ ਕੀਤੀ ਸੈਂਕੜੇ ਘਰਾਂ ਦੀ ਬਿਜਲੀ ਬੰਦ

**ਓਰੇਗਾਨ (ਬਿਊਰੋ):** ਬਰਫੀਲੇ ਤੂਫਾਨ ਨੇ ਸਨਿਚਰਵਾਰ ਨੂੰ ਪੈਸੇਫਿਕ ਉੱਤਰ ਪੱਛਮ ਨੂੰ ਬਰਫ ਨਾਲ ਢਕਣ ਦੇ ਨਾਲ ਸੈਂਕੜੇ ਘਰਾਂ ਦੀ ਬਿਜਲੀ ਨੂੰ ਬੰਦ ਕਰਕੇ ਖੇਤਰ ਦੀ ਯਾਤਰਾ ਵਿਚ ਵੀ ਵਿਘਨ ਪਾਇਆ। ਇਸ ਬਰਫੀਲੇ ਮੀਂਹ ਕਾਰਨ ਓਰੇਗਾਨ ਦੇ ਪੋਰਟਲੈਂਡ ਅਤੇ ਆਸ-ਪਾਸ ਦੇ ਖੇਤਰ ਵਿਚ ਸਨਿਚਰਵਾਰ ਸਵੇਰ ਤੱਕ ਕਰੀਬ 2,70,000 ਤੋਂ ਵੱਧ ਲੋਕ ਬਿਜਲੀ ਤੋਂ ਵਾਂਝੇ ਹੋ ਗਏ, ਜਦੋਂ ਕਿ ਸੜਕਾਂ, ਬਿਜਲੀ ਦੀਆਂ ਲਾਈਨਾਂ ਅਤੇ ਦਰੱਖਤ ਆਦਿ ਬਰਫ ਵਿਚ ਢਕੇ ਗਏ। ਬਰਫੀਲੇ ਤੂਫਾਨ ਦੀਆਂ ਮੁਸ਼ਕਿਲ ਸਥਿਤੀਆਂ, ਬਿਜਲੀ ਦੀ ਬੰਦ ਸਪਲਾਈ ਅਤੇ ਆਵਾਜਾਈ ਦੀਆਂ ਮੁਸ਼ਕਿਲਾਂ ਨੇ ਓਰੇਗਾਨ ਦੀ ਗਵਰਨਰ ਕੇਟ ਬ੍ਰਾਊਨ ਨੂੰ ਸਨਿਚਰਵਾਰ ਦੁਪਹਿਰ ਵੇਲੇ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰਨਾ ਪਿਆ। ਇਸ ਮੌਸਮ ਕਾਰਨ ਬੇਘਰ ਹੋਏ ਲੋਕ ਖਤਰੇ ਵਿਚ ਪੈ ਰਹੇ ਹਨ।

ਪੱਛਮੀ ਵਾਸ਼ਿੰਗਟਨ ਅਤੇ ਪੱਛਮੀ ਓਰੇਗਾਨ ਵਿਚ ਅਧਿਕਾਰੀਆਂ ਨੇ ਬੇਘਰੇ ਵਸਨੀਕਾਂ ਨੂੰ ਗਿੱਲੇ ਅਤੇ ਠੰਢੇ ਮੌਸਮ ਤੋਂ ਬਚਾਉਣ ਦੀ ਕੋਸ਼ਿਸ਼ ਵਿਚ ਨਿੱਘੇ ਆਸਰੇ ਖੋਲ੍ਹੇ ਹਨ। ਓਰੇਗਾਨ ਦੀ ਇੱਕ ਪ੍ਰਮੁੱਖ ਬਿਜਲੀ ਕੰਪਨੀ ਪੀ. ਜੀ. ਈ. ਅਨੁਸਾਰ ਪੋਰਟਲੈਂਡ ਖੇਤਰ ਵਿਚ ਬਿਜਲੀ ਦੀ ਕਟੌਤੀ ਹਫਤੇ ਦੇ ਅੰਤ ਤੱਕ ਹੋਰ ਵਧ ਸਕਦੀ ਹੈ।

ਕੰਪਨੀ ਦੀ ਬੁਲਾਰੇ ਐਲਿਜ਼ਾਬੈਥ ਲੈਟਨਰ ਨੇ ਦੱਸਿਆ ਕਿ ਬਿਜਲੀ ਸਪਲਾਈ ਨੂੰ ਬਹਾਲ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ ਅਤੇ ਕੰਪਨੀ ਕੋਲ 600 ਤੋਂ ਵੱਧ ਪੀ. ਜੀ. ਈ. ਅਤੇ ਕੰਟਰੈਕਟ ਕਰਮਚਾਰੀ ਹਨ, ਜੋ ਤੂਫਾਨੀ ਸਥਿਤੀਆਂ ਵਿਚ ਕੰਮ ਕਰਦੇ ਹਨ। ਇਸ ਤੋਂ ਇਲਾਵਾ ਕੰਪਨੀ ਅਨੁਸਾਰ ਬਰਫ ਨਾਲ ਭਰੇ ਬਹੁਤ ਸਾਰੇ ਦਰੱਖਤਾਂ ਦੇ ਬਿਜਲੀ ਦੀਆਂ ਲਾਈਨਾਂ ਉੱਤੇ ਡਿੱਗਣ ਕਾਰਨ ਕਰੀਬ 1,200 ਤੋਂ ਵੱਧ ਪੀ. ਜੀ. ਈ. ਬਿਜਲੀ ਦੀਆਂ ਲਾਈਨਾਂ ਨੁਕਸਾਨੀਆਂ ਗਈਆਂ ਹਨ।

## ਏਸ਼ੀਅਨ ਅਮਰੀਕੀ ਲੋਕਾਂ 'ਤੇ ਹਮਲਾ ਕਰਨ ਦੇ ਦੋਸ਼ 'ਚ ਸ਼ੱਕੀ ਵਿਅਕਤੀ ਗ੍ਰਿਫਤਾਰ

**ਓਕਲੈਂਡ, ਕੈਲੀਫੋਰਨੀਆ (ਬਿਊਰੋ):** ਇਥੇ ਏਸ਼ੀਅਨ ਭਾਈਚਾਰੇ ਦੇ ਲੋਕਾਂ ਉੱਪਰ ਹਿੰਸਕ ਹਮਲਿਆਂ ਦੇ ਸਬੰਧ ਵਿਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਮੁਤਾਬਕ ਪਿਛਲੇ ਮਹੀਨੇ ਓਕਲੈਂਡ ਦੇ ਚਾਈਨਾ ਟਾਊਨ ਵਿਚ ਏਸ਼ੀਆਈ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਤਿੰਨ ਹਮਲਿਆਂ ਦੇ ਸਬੰਧ ਵਿਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਐਲਾਮੀਡਾ ਕਾਊਂਟੀ ਸ਼ੈਰਿਫ ਦੇ ਦਫਤਰ ਅਨੁਸਾਰ ਯਾਹਯਾ ਮੁਸਲਿਮ (28) ਨਾਮ ਦੇ ਵਿਅਕਤੀ 'ਤੇ ਹਮਲੇ, ਬਜ਼ੁਰਗਾਂ ਨਾਲ ਬਦਸਲੂਕੀ ਕਰਨ ਅਤੇ ਹੋਰ ਦੋਸ਼ ਲਾਏ ਗਏ ਹਨ। ਇੰਨਾ ਹੀ ਨਹੀਂ, ਮੁਸਲਿਮ ਨੂੰ ਪਹਿਲਾ ਵੀ ਦੋ ਗੰਭੀਰ ਹਮਲਿਆਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਓਕਲੈਂਡ ਦੇ ਪੁਲਿਸ ਮੁਖੀ ਲੀਰੋਨ ਆਰਮਸਟ੍ਰਾਂਗ ਨੇ ਸੋਮਵਾਰ ਨੂੰ ਇਸ ਗ੍ਰਿਫਤਾਰੀ ਦਾ ਐਲਾਨ ਕੀਤਾ ਅਤੇ ਦੱਸਿਆ ਕਿ ਇਹ ਵਿਅਕਤੀ ਮੁਸਲਿਮ 31 ਜਨਵਰੀ ਨੂੰ ਇੱਕ ਵੀਡੀਓ ਵਿਚ ਸਾਹਮਣੇ ਆਏ 91 ਸਾਲਾ ਵਿਅਕਤੀ ਉੱਪਰ ਹਮਲੇ ਦੇ ਮਾਮਲੇ ਵਿਚ ਦੋਸ਼ੀ ਹੈ। ਇਸ ਦੇ ਨਾਲ ਹੀ ਉਸ 'ਤੇ ਉਸੇ ਹੀ ਦਿਨ ਦੋ ਹੋਰ 60 ਸਾਲਾ ਆਦਮੀ ਅਤੇ 55 ਸਾਲਾ ਔਰਤ 'ਤੇ ਹਮਲਾ ਕਰਨ ਦਾ ਵੀ ਦੋਸ਼ ਹੈ।

ਐਲਾਮੀਡਾ ਕਾਊਂਟੀ ਜਿਲਾ ਅਟਾਰਨੀ ਨੈਨਸੀ ਓ ਮੇਲੀ ਅਨੁਸਾਰ ਇਨ੍ਹਾਂ ਹਮਲਿਆਂ ਦੇ ਨਸਲੀ ਹਮਲਿਆਂ ਨਾਲ ਸਬੰਧਿਤ ਹੋਣ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਨੈਨਸੀ ਦੁਆਰਾ ਏਸ਼ੀਅਨ ਅਮੈਰੀਕਨ, ਖਾਸਕਰ ਬੁੱਢੇ ਏਸ਼ੀਆਈ ਲੋਕਾਂ ਲਈ ਇੱਕ ਵਿਸ਼ੇਸ਼ ਪ੍ਰਤੀਕ੍ਰਿਆ ਯੂਨਿਟ ਬਣਾਉਣ ਦਾ ਵੀ ਐਲਾਨ ਕੀਤਾ ਗਿਆ ਹੈ।

ਇਨ੍ਹਾਂ ਹਮਲਿਆਂ ਤੋਂ ਬਿਨਾ ਸੈਨ ਫਰਾਂਸਿਸਕੋ ਵਿਚ ਥਾਈਲੈਂਡ ਦੇ ਇੱਕ 84 ਸਾਲਾ ਵਿਅਕਤੀ ਦੀ 28 ਜਨਵਰੀ ਨੂੰ ਹਮਲਾ ਹੋਣ ਤੋਂ ਬਾਅਦ ਮੌਤ ਹੋ ਗਈ ਸੀ। ਇਸ ਸਬੰਧ ਵਿਚ ਇੱਕ 19 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਓਕਲੈਂਡ ਵਿਚ ਏਸ਼ੀਅਨ ਭਾਈਚਾਰੇ ਦੀ ਸੁਰੱਖਿਆ ਦੇ ਮੰਤਵ ਨਾਲ ਕਮਿਊਨਿਟੀ ਪ੍ਰਬੰਧਕਾਂ ਨੇ ਚਾਈਨਾ ਟਾਊਨ ਵਿਚ ਹਥਿਆਰਬੰਦ ਨਿੱਜੀ ਸੁਰੱਖਿਆ ਪ੍ਰਾਪਤ ਕਰਨ ਲਈ ਇੱਕ ਫੰਡ ਦੀ ਸਥਾਪਨਾ ਕੀਤੀ ਹੈ, ਜਿਸ ਵਿਚ ਮੰਗਲਵਾਰ ਤੱਕ ਕਰੀਬ 62 ਹਜ਼ਾਰ ਡਾਲਰ ਤੋਂ ਵੱਧ ਦਾਨ ਇਕੱਠਾ ਹੋਇਆ ਹੈ।

## ਕਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ ਵਿਚ ਕੈਲੀਫੋਰਨੀਆ ਨੇ ਨਿਊ ਯਾਰਕ ਨੂੰ ਪਛਾੜਿਆ

**ਸੈਕਰਾਮੈਂਟੋ (ਬਿਊਰੋ):** ਕੈਲੀਫੋਰਨੀਆ 'ਚ ਕਰੋਨਾ ਵਾਇਰਸ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਨੇ ਨਿਊ ਯਾਰਕ ਨੂੰ ਪਛਾੜ ਦਿੱਤਾ ਹੈ। ਜੋਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਅੰਕੜਿਆਂ ਨੇ ਵੀਰਵਾਰ ਨੂੰ ਪੁਸ਼ਟੀ ਕਰਦਿਆਂ ਦੱਸਿਆ ਕਿ ਕੈਲੀਫੋਰਨੀਆ ਵਿਚ ਮਰਨ ਵਾਲਿਆਂ ਦੀ ਗਿਣਤੀ ਕਰੀਬ 45 ਹਜ਼ਾਰ 5 ਸੌ ਪਹੁੰਚ ਗਈ ਹੈ, ਜੋ ਨਿਊ ਯਾਰਕ ਵਿਚ 45,312 ਹੋਈਆਂ ਮੌਤਾਂ ਦੀ ਗਿਣਤੀ ਨੂੰ ਪਾਰ ਕਰ ਗਈ ਹੈ।

ਸੂਬੇ ਦੇ ਸਿਹਤ ਵਿਭਾਗ ਅਨੁਸਾਰ ਕੈਲੀਫੋਰਨੀਆ ਵਿਚ ਕਰੋਨਾ ਵਾਇਰਸ ਦੇ ਪ੍ਰਸਾਰ ਵਿਚ ਸੁਧਾਰ ਆ ਰਿਹਾ ਹੈ। ਸਿਹਤ ਵਿਭਾਗ ਅਨੁਸਾਰ ਸਭ ਤੋਂ ਤਾਜ਼ਾ ਸੱਤ ਦਿਨਾਂ ਦੀ ਟੈਸਟ ਸਕਾਰਾਤਮਕਤਾ ਦਰ ਘਟ ਕੇ 8% 'ਤੇ ਆ ਗਈ ਹੈ। ਇਸ ਸਬੰਧੀ ਨਵੇਂ ਪੁਸ਼ਟੀ ਹੋਏ ਸਕਾਰਾਤਮਕ ਮਾਮਲਿਆਂ ਦੀ ਰੋਜ਼ਾਨਾ ਗਿਣਤੀ ਕਰੀਬ 8,390 ਦਰਜ ਕੀਤੀ ਗਈ ਹੈ, ਜੋ ਦਸੰਬਰ ਵਿਚ 53,000 ਤੋਂ ਵੱਧ ਸੀ।

ਇਸ ਵੇਲੇ ਹਾਲਾਂਕਿ ਕੈਲੀਫੋਰਨੀਆ ਕਰੋਨਾ ਟੀਕੇ ਦੀ ਘਾਟ ਨਾਲ ਜੂਝ ਰਿਹਾ ਹੈ, ਜਿਸ ਨਾਲ ਸੂਬੇ ਦੀ ਟੀਕਾਕਰਨ ਪ੍ਰਕਿਰਿਆ ਵਿਚ ਰੁਕਾਵਟ ਆ ਰਹੀ ਹੈ। ਸੂਬੇ ਦੀ ਕਾਉਂਟੀ ਲਾਸ ਏਂਜਲਸ 'ਚ ਕਰੋਨਾ ਟੀਕਿਆਂ ਦੀ ਸਪਲਾਈ ਵਿਚ ਘਾਟ ਕਾਰਨ ਇਸ ਦੇ ਟੀਕਾਕਰਨ ਕੇਂਦਰਾਂ ਨੂੰ ਬੰਦ ਕੀਤਾ ਜਾ ਰਿਹਾ ਹੈ, ਜਿਸ ਵਿਚ ਡੋਜਰ ਸਟੇਡੀਅਮ ਵੀ ਸ਼ਾਮਿਲ ਹੈ। ਲਾਸ ਏਂਜਲਸ ਦੇ ਮੇਅਰ ਐਰਿਕ ਗਰਸੇਟੀ ਨੇ ਬੁੱਧਵਾਰ ਨੂੰ ਜਾਣਕਾਰੀ ਦਿੱਤੀ ਸੀ ਕਿ ਸ਼ਹਿਰ ਵੀਰਵਾਰ ਤੱਕ ਆਪਣੀ ਮੋਡਰਨਾ ਦੀ ਪਹਿਲੀ ਖੁਰਾਕ ਦੀ ਸਪਲਾਈ ਖਤਮ ਕਰ ਲਵੇਗਾ, ਜਿਸ ਕਰਕੇ ਸ਼ੁੱਕਰਵਾਰ ਅਤੇ ਸਨਿਚਰਵਾਰ ਨੂੰ ਡਰਾਈਵ-ਥਰੂ ਅਤੇ ਵਾਕ-ਅਪ ਟੀਕਾਕਰਨ ਦੀਆਂ ਥਾਂਵਾਂ ਨੂੰ ਬੰਦ ਕਰਨ ਲਈ ਮਜਬੂਰ ਹੋਣਾ ਪਵੇਗਾ, ਹਾਲਾਂਕਿ ਛੋਟੇ ਮੋਬਾਈਲ ਟੀਕਾਕਰਨ ਕਲਿਨਿਕ ਇਸ ਦੌਰਾਨ ਕੰਮ ਜਾਰੀ ਰੱਖਣਗੇ।

# ਵਰਤਮਾਨ ਕਿਸਾਨ ਅੰਦੋਲਨ ਬਨਾਮ ਚੌਧਰੀ ਛੋਟੂ ਰਾਮ ਦੀ ਧਾਰਨਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਅਜੋਕੇ ਕਿਸਾਨ ਅੰਦੋਲਨ ਨੇ ਪੂਰੇ ਦੇਸ਼ ਵਿਚ ਨਵੀਂ ਜਾਗ੍ਰਿਤੀ ਨੂੰ ਜਨਮ ਦਿੱਤਾ ਹੈ। ਕਿਸਾਨਾਂ ਦੇ ਹੱਕ ਵਿਚ ਲਿਖੇ ਲੇਖਾਂ, ਕਵਿਤਾਵਾਂ, ਗੀਤ-ਸੰਗੀਤਾਂ ਤੇ ਸੰਗੀਤਕ ਐਲਬਮਾਂ ਦਾ ਹੜ੍ਹ ਆ ਗਿਆ ਹੈ। ਪੁਸਤਕਾਂ ਵੀ ਛਪ ਰਹੀਆਂ ਹਨ। ਇਕੱਲੇ ਲੋਕਗੀਤ ਪ੍ਰਕਾਸ਼ਨ ਨੇ ਪਗੜੀ ਸੰਭਾਲ ਜੱਟਾ (ਗੁਰਪ੍ਰੀਤ ਰਟੌਲ), ਕਿਸਾਨਾਂ ਦੇ ਦੁਖੜੇ (ਬ੍ਰਿਜ ਨਾਰਾਇਣ), ਖੇਤ ਮਜ਼ਦੂਰਾਂ ਸਿਰ ਕਰਜ਼ੇ ਅਤੇ ਗਰੀਬੀ ਦਾ ਅਧਿਐਨ (ਚੋਣਵੇਂ ਲੇਖ), ਪੰਜਾਬ ਦੀ ਪਰੰਪਰਾਗਤ ਖੇਤੀਬਾੜੀ (ਜਗਦੇਵ ਸਿੰਘ ਔਲਖ) ਤੇ ਵਿਚਾਰਾ ਕਿਸਾਨ (ਚੌਧਰੀ ਛੋਟੂ ਰਾਮ) ਤੋਂ ਬਿਨਾ ਦੋ ਪੁਸਤਕਾਂ ਅੰਗਰੇਜ਼ੀ ਭਾਸ਼ਾ ਵਿਚ ਵੀ ਪ੍ਰਕਾਸ਼ਿਤ ਕੀਤੀਆਂ ਹਨ। ਛੋਟੂ ਰਾਮ ਦੀ ਪੁਸਤਕ ਦੀਆਂ ਸੈਂਕੜੇ ਕਾਪੀਆਂ ਸਿੰਧੂ ਬਾਰਡਰ 'ਤੇ ਵੰਡੀਆਂ ਗਈਆਂ ਹਨ। ਇਨਾਂ ਰਚਨਾਵਾਂ ਤੇ ਭਾਸ਼ਣਾਂ ਰਾਹੀਂ ਬੰਦਾ ਬਹਾਦਰ ਨੂੰ ਵੀ ਚੇਤੇ ਕੀਤਾ ਗਿਆ ਹੈ, ਰਾਬਿੰਦਰ ਨਾਥ ਟੈਗੋਰ ਨੂੰ ਵੀ, ਭਗਤ ਸਿੰਘ ਸ਼ਹੀਦ ਦੇ ਚਾਚਾ ਅਜੀਤ ਸਿੰਘ ਨੂੰ ਵੀ ਅਤੇ ਸ਼ਾਹ ਮੁਹੰਮਦ ਦੇ ਪ੍ਰਮਾਣਤ ਬੋਲਾਂ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ' ਨੂੰ ਵੀ।

ਸਭ ਤੋਂ ਵਧ ਚਰਚਾ ਦਾ ਸੋਮਾ ਚੌਧਰੀ ਛੋਟੂ ਰਾਮ ਦੀ ਪੁਸਤਕ 'ਵਿਚਾਰਾ ਕਿਸਾਨ' ਬਣੀ, ਜਿਸ ਉੱਤੇ ਸਾਹਿਤ ਚਿੰਤਨ ਦੀ ਸੱਜਰੀ ਬੈਠਕ ਦੌਰਾਨ ਚੰਡੀਗੜ੍ਹ ਦੇ ਆਈ. ਐਮ. ਏ. ਹਾਲ ਵਿਚ ਭਰਪੂਰ ਚਰਚਾ ਹੋਈ। ਭਾਵੇਂ ਛੋਟੂ ਰਾਮ ਨੇ ਆਪਣੇ ਕਾਰਜ ਕਾਲ ਵਿਚ ਗੋਰੀ ਸਰਕਾਰ ਤੋਂ ਖੇਤੀਬਾੜੀ ਸਬੰਧੀ 22 ਕਾਨੂੰਨ ਪਾਸ ਕਰਵਾਏ, ਪਰ ਹਥਲੀ ਪੁਸਤਕ ਦੇ ਸੰਪਾਦਕ ਡਾ. ਕੇ. ਸੀ. ਯਾਦਵ ਨੇ ਛੋਟੂ ਰਾਮ ਰਚਿਤ ਡੇਢ ਦਰਜਨ ਉਹ ਲੇਖ ਹੀ ਛਾਪੇ ਹਨ, ਜਿਹੜੇ ਉਸ ਨੇ ਜਾਟ ਬਰਾਦਰੀ ਨੂੰ ਚੌਕਸ ਕਰਨ ਲਈ ਜਾਟ ਗਜ਼ਟ ਨਾਂ ਦੇ ਰਸਾਲੇ ਲਈ ਲਿਖੇ ਸਨ। ਮੂਲ ਮੰਤਵ ਕਿਸਾਨਾਂ ਨੂੰ ਧਰਮ ਨਾਂ ਦੀ ਸੌੜੀ ਸੋਚ ਤੋਂ ਬਾਹਰ ਕੱਢ ਕੇ ਮਿੱਟੀ ਨਾਲ ਮੋਹ ਪਾਉਣ ਲਈ ਪ੍ਰੇਰਨਾ ਸੀ। ਜਿਹੜਾ ਪੁਸਤਕ ਦੇ ਅਨੁਵਾਦਕ ਕੁਲਵਿੰਦਰ ਸਰਾਂ ਨੇ ਵੀ ਉਭਾਰਿਆ ਹੈ। ਛੋਟੂ ਰਾਮ ਦੇ ਸ਼ਬਦ ਨੋਟ ਕਰੋ:




"ਐ ਕਿਸਾਨ ਤੂੰ ਚੌਕਸ ਤੇ ਸਾਵਧਾਨ ਹੋ ਅਤੇ ਹੁਸ਼ਿਆਰੀ ਤੋਂ ਕੰਮ ਲੈ। ਇਹ ਦੁਨੀਆਂ ਠੱਗਾਂ ਦੀ ਬਸਤੀ ਹੈ। ਜਿਨ੍ਹਾਂ ਦਾ ਤੂੰ ਪਾਲਣਹਾਰ ਹੈਂ। ਉਹ ਵੀ ਤੇਰੇ ਖੂਨ ਦੇ ਪਿਆਸੇ ਨੇ। ਤੂੰ ਇਨ੍ਹਾਂ ਦਾ ਟਾਕਰਾ ਗੂੰਗਾ ਹੋ ਕੇ ਨਹੀਂ, ਬੋਲ ਕੇ ਕਰ ਸਕਦਾ ਹੈਂ। ਖਲੋ ਕੇ ਨਹੀਂ, ਗਤੀਸ਼ੀਲ ਹੋ ਕੇ, ਚਿੰਤਨ ਨਾਲ ਨਹੀਂ ਕਰਮ ਨਾਲ, ਬੇਬਸੀ ਨਾਲ ਨਹੀਂ ਅੰਦੋਲਨ ਨਾਲ। ਸਮਾਂ ਆ ਗਿਆ ਹੈ ਕਿ ਕਰਮ ਤੇ ਅੰਦੋਲਨ ਨੇ ਸ਼ਸਤਰ ਚੁੱਕ ਤੇ ਰਣ ਤੱਤੇ ਵਿਚ ਕੁੱਦ ਪੈ।"

ਕਿਸਾਨਾਂ ਦੇ ਅਜੋਕੇ ਅੰਦੋਲਨ ਦੀਆਂ ਨੀਂਹਾਂ ਵਿਚ ਵੀ ਛੋਟੂ ਰਾਮ ਦੇ ਬੋਲ ਗੂੰਜਦੇ ਹਨ। ਉਸ ਨੇ ਆਪਣੇ ਸਮੇਂ ਦੀਆਂ ਕਾਂਗਰਸ, ਮੁਸਲਿਮ ਲੀਗ, ਅਕਾਲੀ ਦਲ, ਚੀਫ ਖਾਲਸਾ ਦੀਵਾਨ, ਹਿੰਦੂ ਮਹਾਸਭਾ ਆਦਿ ਸਿਆਸੀ ਪਾਰਟੀਆਂ ਨੂੰ ਸ਼ਹਿਰੀਆਂ ਦੇ ਚੋਚਲੇ ਗਰਦਾਨਦਿਆਂ। ਧਰਮਾਂ ਦੀ ਭਾਵਨਾ ਨੂੰ ਮਸਜਿਦ, ਮੰਦਿਰ ਤੇ ਗੁਰਦੁਆਰਿਆਂ ਵਿਚ ਬੰਦ ਕਰਕੇ ਮੌਲਵੀ, ਪੰਡਿਤ ਤੇ ਗਿਆਨੀਆਂ ਕੋਲੋਂ ਖਹਿੜਾ ਛੁਡਾਉਣ ਲਈ ਪ੍ਰੇਰਿਆ। ਅੱਜ ਦੇ ਅੰਦੋਲਨਕਾਰੀ ਵੀ ਫਿਰਕੂ ਤੇ ਸਿਆਸੀ ਆਗੂਆਂ ਨੂੰ ਨੇੜੇ ਨਹੀਂ ਲਗਣ ਦਿੰਦੇ। ਇਸੇ ਵਿਚ ਉਨ੍ਹਾਂ ਦੀ ਸ਼ਕਤੀ ਹੈ।

ਛੋਟੂ ਰਾਮ ਦੀ ਪੁਸਤਕ ਉੱਤੇ ਚਰਚਾ ਕਰਦਿਆਂ ਜੁਗਿੰਦਰ ਸਿੰਘ ਨੇ ਉਸ ਦੇ ਵਿਚਾਰਾਂ ਨੂੰ ਨਿਤਾਰ ਕੇ ਪੇਸ਼ ਕੀਤਾ। ਉਸ ਨੇ ਕਿਹਾ ਕਿ ਛੋਟੂ ਰਾਮ ਮਾਰਕਸ ਦਾ ਸ਼ਿਸ਼ ਤਾਂ ਨਹੀਂ ਸੀ, ਪਰ ਉਹ ਉਸ ਸਮਾਜ ਦੀ ਨਬਜ਼ ਪਛਾਣਦਾ ਸੀ, ਜਿਸ ਦਾ ਪ੍ਰਤੀਨਿਧ ਕਿਸਾਨ ਹੈ। ਉਸ ਨੇ ਆਪਣੇ ਭਾਸ਼ਣ ਵਿਚ ਬਰਤਾਨਵੀ ਰਾਜ ਦੀ ਕਿਸਾਨੀ ਪਹੁੰਚ ਨੂੰ ਮੁਗਲਾਂ ਦੀ ਧਾਰਨਾ ਤੋਂ ਨਿਖੇੜਦਿਆਂ 1763 ਤੋਂ 1900 ਵਿਚਕਾਰ ਦੇ ਅਰਸੇ ਵਿਚ ਹੋਈਆਂ 92 ਬਗਾਵਤਾਂ ਦਾ ਹਵਾਲਾ ਦੇ ਕੇ ਦੱਸਿਆ ਕਿ ਗੋਰਿਆਂ ਦੇ ਰਾਜ ਕਾਲ ਵਿਚ ਕਿੰਨੇ ਅਕਾਲ ਆਏ, ਜਿਹੜੇ ਜਾਨੀ ਤੇ ਮਾਲੀ ਨੁਕਸਾਨ ਦੇ ਜ਼ਿੰਮੇਵਾਰ ਸਿੱਧ ਹੋਏ। ਵਰਤਮਾਨ ਕਿਸਾਨ ਅੰਦੋਲਨ ਨੂੰ ਬਰਤਾਨਵੀ ਰਾਜ ਦੇ ਚੌਖਟੇ ਵਿਚ ਫਿੱਟ ਕਰਕੇ ਜੋਗਿੰਦਰ ਸਿੰਘ ਨੇ ਪੂੰਜੀ ਦੇ ਇਕਤਰੀਕਰਨ ਨੂੰ ਗਰੀਬੀ ਦੇ ਇਕਤਰੀਕਰਨ ਦੀ ਨੀਂਹ ਦੱਸਿਆ ਤੇ ਕਿਰਤੀ ਕਿਸਾਨ ਨੂੰ ਜ਼ਮੀਨ ਨਾਲੋਂ ਤੋੜਨ ਵਾਲੇ ਨਿਯਮਾਂ ਨੂੰ ਬੇਗਾਨਗੀ ਦਾ ਸਿਧਾਂਤ ਕਿਹਾ, ਜਿਹੜਾ ਬੰਦੇ ਨੂੰ ਮਲਕੀਅਤ ਦੇ ਅਧਿਕਾਰਾਂ ਤੋਂ ਵਾਂਝਾ ਕਰਦਾ ਹੈ। ਵਰਤਮਾਨ ਖੇਤੀ ਕਾਨੂੰਨਾਂ ਦੀ ਗੁਪਤ ਪਹੁੰਚ ਵਾਲਾ ਇਸ਼ਾਰਾ ਕਰਦਿਆਂ ਉਸ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਨ੍ਹਾਂ ਵਿਚ ਦਰਜ ਲਿਖਤੀ ਭਾਵਨਾਵਾਂ ਨਾਲੋਂ ਉਨ੍ਹਾਂ ਭਾਵਨਾਵਾਂ ਨੂੰ ਪੜ੍ਹਨਾ ਜ਼ਰੂਰੀ ਹੈ, ਜਿਹੜੀਆਂ ਲਿਖਤ ਵਿਚ ਤਾਂ ਨਹੀਂ ਮਿਲਦੀਆਂ, ਪਰ ਨਵੇਂ ਕਾਨੂੰਨਾਂ ਵਿਚ ਨਿਹਿੱਤ ਹਨ।

ਡਾ. ਹਜ਼ਾਰਾ ਸਿੰਘ ਚੀਮਾ ਤੇ ਅਭੈ ਸਿੰਘ ਨੇ ਅਜੋਕੇ ਕਿਸਾਨ ਅੰਦੋਲਨ ਨੂੰ ਚੌਧਰੀ ਛੋਟੂ ਰਾਮ ਦੀ ਭਾਵਨਾ ਦੇ ਸ਼ੀਸ਼ੇ ਰਾਹੀਂ ਪੇਸ਼ ਕਰਦਿਆਂ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦਾ ਘਾਣ ਦੱਸਿਆ। ਕਿਸਾਨਾਂ ਦੇ ਸਿਰ ਚੜ੍ਹੇ ਕਰਜ਼ੇ ਦਾ ਜ਼ਿਕਰ ਕਰਦਿਆਂ ਇਹ ਸਵਾਲ ਵੀ ਪੈਦਾ ਕੀਤਾ ਕਿ ਜੇ ਸਰਕਾਰ ਕਾਰਪੋਰੇਟ ਘਰਾਣਿਆਂ ਦਾ ਕਰਜ਼ਾ ਮੁਆਫ ਕਰ ਸਕਦੀ ਹੈ ਤਾਂ ਕਿਸਾਨਾਂ ਦਾ ਕਿਉਂ ਨਹੀਂ? ਇਹ ਵੀ ਕਿ ਜੇ ਸ਼ਹਿਰਾਂ ਦਾ ਵਿਕਾਸ ਸਰਕਾਰੀ ਖਰਚੇ 'ਤੇ ਕੀਤਾ ਜਾ ਸਕਦਾ ਹੈ, ਤਾਂ ਪਿੰਡਾਂ ਦਾ ਕਿਉਂ ਨਹੀਂ? ਪਰਮਿੰਦਰ ਸਿੰਘ ਗਿੱਲ ਨੇ ਵੀ ਏਸ ਧਾਰਨਾ 'ਤੇ ਸਹੀ ਪਾਈ ਤੇ ਨਵੇਂ ਖੇਤੀ ਕਾਨੂੰਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਲਿਖੇ ਹੋਏ ਤੇ ਸਰਕਾਰ ਵਲੋਂ ਕਰੋਨਾ ਦੀ ਆੜ ਵਿਚ ਲਾਗੂ ਕੀਤੇ ਹੋਏ ਦੱਸਿਆ।

ਕੁੱਲ ਮਿਲਾ ਕੇ ਸਾਹਿਤ ਚਿੰਤਨ ਦੀ ਇਹ ਵਾਲੀ ਇਕੱਤਰਤਾ ਸਰਕਾਰ ਦੇ ਉਨ੍ਹਾਂ ਖੇਤੀ ਕਾਨੂੰਨਾਂ ਉੱਤੇ ਕੇਂਦਰਿਤ ਰਹੀ, ਜਿਨ੍ਹਾਂ ਨੂੰ ਰੱਦ ਕਰਨ ਦੀ ਮੰਗ ਦਿਨੋ ਦਿਨ ਜ਼ੋਰ ਫੜ ਰਹੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਅੰਦੋਲਨਕਾਰਾਂ ਨੂੰ ਅੰਦੋਲਨਜੀਵੀ ਤੇ ਪਰਜੀਵੀ ਕਹਿੰਦਾ ਹੈ ਤਾਂ ਇਹਦੇ ਵਿਚੋਂ ਵੀ ਉਸ ਦੀ ਕਿਸਾਨਾਂ ਪ੍ਰਤੀ ਬੇਰੁਖੀ ਤੇ ਦੁਰਭਾਵਨਾ ਉਜਾਗਰ ਹੁੰਦੀ ਹੈ।

ਅੱਜ ਦੇ ਦਿਨ ਨਰਿੰਦਰ ਮੋਦੀ ਨੂੰ ਚੌਧਰੀ ਛੋਟੂ ਰਾਮ ਦੇ ਸਨਮੁਖ ਖੜ੍ਹਾ ਕਰਕੇ ਮੋਦੀ ਦਾ ਕੱਦ ਛੋਟੇ ਤੋਂ ਛੋਟਾ ਹੁੰਦਾ ਦੇਖਿਆ ਜਾ ਰਿਹਾ ਹੈ। ਲੇਖਾਂ, ਕਵਿਤਾਵਾਂ ਤੇ ਗੀਤ-ਸੰਗੀਤ ਦੀ ਦੁਨੀਆਂ ਵਿਚ ਹੀ ਨਹੀਂ, ਕਿਸਾਨਾਂ ਦੇ ਸ਼ਾਂਤਮਈ ਵਰਤਾਰੇ ਤੇ ਪਿੰਡਾਂ ਵਿਚ ਜੁੜ ਰਹੀਆਂ ਖਾਪ ਪੰਚਾਇਤਾਂ ਵਿਚ ਵੀ। ਹਰ ਕੋਈ ਜਾਣਦਾ ਹੈ ਕਿ ਅੰਤਿਮ ਜਿੱਤ ਲੋਕਾਂ ਦੀ ਹੁੰਦੀ ਹੈ ਤੇ ਬੰਦ ਕਮਰਿਆਂ ਵਿਚ ਬਹਿ ਕੇ ਕਾਨੂੰਨ ਘੜਨ ਵਾਲਿਆਂ ਦੀ ਨਹੀਂ। ਜ਼ਿੰਦਾਬਾਦ!

**ਅੰਤਿਕਾ: ਸਰ ਮੁਹੰਮਦ ਇਕਬਾਲ**

ਚਮਨਜ਼ਾਰ-ਏ-ਸਿਆਸਤ ਮੇਂ ਖਾਮੋਸ਼ੀ ਮੌਤ ਹੈ, ਬੁਲਬੁਲ।

ਯਹਾਂ ਕੀ ਜ਼ਿੰਦਗੀ ਪਾਬੰਦੀ ਏ-ਰਸਮ-ਏ ਫੁਗਾਂ ਤੱਕ ਹੈ।

# ਘੁਮੰਡ ਦੇ ਘੋੜੇ 'ਤੇ ਚੜ੍ਹੇ ਆਗੂ ਨੂੰ ਧਰਤੀ ਵੱਲ ਵੇਖਣਾ ਚਾਹੀਦੈ


## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜੀ ਕੁ ਸਾਲ ਪਹਿਲਾਂ ਦੀ ਗੱਲ ਹੈ, ਉਦੋਂ ਇਹ ਮੁੱਦਾ ਬੜੇ ਗੰਭੀਰ ਰੂਪ ਵਿਚ ਉਠਿਆ ਸੀ ਕਿ ਅਕਲ ਦੀ ਗੱਲ ਕਰਨ ਵਾਲੇ 'ਬੁੱਧੀਜੀਵੀ' ਆਪਣੀ ਬੁੱਧੀ ਨੂੰ ਲੋਕਾਂ ਦੇ ਭਲੇ ਲਈ ਵਰਤਣ ਦੀ ਥਾਂ ਇੱਕ ਜਾਂ ਦੂਜੀ ਧਿਰ ਦੇ ਹਿੱਤਾਂ ਲਈ ਵਰਤਦੇ ਅਤੇ ਇਸ ਤਰ੍ਹਾਂ ਬੁੱਧੀ ਨਾਲ ਬੇਵਫਾਈ ਕਰਦੇ ਹਨ। ਉਸ ਵੇਲੇ ਅਸੀਂ ਇਹ ਲਿਖਿਆ ਸੀ ਕਿ ਜਿਸ ਕਿਸੇ ਨੇ ਵੀ 'ਬੁੱਧੀਜੀਵੀ' ਲਫਜ਼ ਦੀ ਕਾਢ ਕੱਢੀ ਹੋਵੇਗੀ, ਉਸ ਨੇ ਠੀਕ ਨਹੀਂ ਸੀ ਕੀਤਾ। ਅੰਗਰੇਜ਼ੀ ਦੇ ਦੋ ਸ਼ਬਦ 'ਇੰਟੈਲੀਜੈਂਟ' ਤੇ 'ਇੰਟੈਲੀਜੈਂਸ਼ੀਆ' ਇਸ ਮਕਸਦ ਲਈ ਵਰਤੇ ਜਾਂਦੇ ਹਨ ਤੇ ਇਨ੍ਹਾਂ ਦਾ ਅਸਲ ਅਰਥ ਸਾਡੀ ਸਮਝ ਦੇ ਮੁਤਾਬਕ ਬੁੱਧੀ ਨੂੰ ਵਰਤਣ ਵਾਲੇ ਲੋਕ ਹੋ ਸਕਦਾ ਹੈ, ਬੁੱਧੀ ਦੇ ਆਸਰੇ ਜਿਉਣ ਵਾਲੇ ਨਹੀਂ ਬਣਦਾ। ਇਨ੍ਹਾਂ ਲਈ ਢੁਕਵਾਂ ਸ਼ਬਦ ਜੇ ਵਰਤਣਾ ਹੋਵੇ ਤਾਂ 'ਬੁੱਧੀਮਾਨ' ਵੱਧ ਠੀਕ ਲੱਗਦਾ ਹੈ। ਖੈਰ! ਉਹ ਮਾਮਲਾ ਤਾਂ ਬੁੱਧੀਜੀਵੀ ਦਾ ਸੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਹਫਤੇ ਇੱਕ ਲਫਜ਼ 'ਅੰਦੋਲਨ-ਜੀਵੀ' ਬੋਲ ਕੇ ਨਵਾਂ ਵਿਵਾਦ ਛੇੜ ਦਿੱਤਾ ਹੈ। ਉਸ ਨੇ ਇਹ ਵੀ ਆਖਿਆ ਕਿ ਜਿਵੇਂ 'ਪਰ-ਜੀਵੀ' ਹੁੰਦੇ ਹਨ, ਜਿਹੜੇ ਆਪਣੇ ਲਈ ਖੁਰਾਕ ਦਾ ਜੁਗਾੜ ਖੁਦ ਨਹੀਂ ਕਰਦੇ, ਸਗੋਂ ਖੁਰਾਕ ਦਾ ਪ੍ਰਬੰਧ ਕਰ ਸਕਣ ਵਾਲੇ ਜੀਵਾਂ ਨੂੰ ਚੰਬੜ ਕੇ ਉਨ੍ਹਾਂ ਦੇ ਆਸਰੇ ਜਿਉਂਦੇ ਹਨ, ਏਦਾਂ ਹੀ 'ਅੰਦੋਲਨ-ਜੀਵੀ' ਹਨ, ਜਿਹੜੇ ਕਿਸੇ ਵੀ ਕਿਸਮ ਦਾ ਕੋਈ ਅੰਦੋਲਨ ਹੋਵੇ, ਉਸ ਨਾਲ ਜੁੜ ਜਾਂਦੇ ਅਤੇ ਆਪਣਾ ਕੰਮ ਚਲਾਉਂਦੇ ਹਨ। ਉਨ੍ਹਾਂ ਦੇ ਇਸ ਤਰ੍ਹਾਂ ਕਹਿਣ ਦਾ ਵੱਡੇ ਪੱਧਰ ਉਤੇ ਵਿਰੋਧ ਹੋਇਆ ਤੇ ਕਈ ਲੋਕਾਂ ਨੇ ਜਵਾਬ ਵਿਚ ਮੋਦੀ ਦੀ ਪਾਰਟੀ ਭਾਜਪਾ ਦੇ ਆਗੂਆਂ ਨੂੰ 'ਚੰਦਾ-ਜੀਵੀ' ਤੋਂ ਸ਼ੁਰੂ ਕਰ ਕੇ 'ਦੰਗਾ-ਜੀਵੀ' ਅਤੇ 'ਰਕਤ-ਜੀਵੀ' ਤੱਕ ਦੇ ਮੋੜਵੇਂ ਮਿਹਣੇ ਮਾਰੇ ਹਨ। ਨਰਿੰਦਰ ਮੋਦੀ ਕਿਸੇ ਧਿਰ ਵੱਲੋਂ ਵੀ ਮਾਰੇ ਗਏ ਮਿਹਣੇ ਦੀ ਪ੍ਰਵਾਹ ਨਹੀਂ ਕਰਦਾ ਹੁੰਦਾ, ਉਹ ਜਿੱਦਾਂ ਚੱਲ ਰਿਹਾ ਸੀ, ਉਸੇ ਤਰ੍ਹਾਂ ਚੱਲ ਰਿਹਾ ਹੈ।


ਸਾਰਿਆਂ ਨੂੰ ਪਤਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਸ ਲਫਜ਼ ਨਾਲ ਚੋਟ ਇੱਕ ਖਾਸ ਆਗੂ ਬਾਰੇ ਕੀਤੀ ਹੈ, ਪਰ ਪ੍ਰਭਾਵ ਸਾਰੇ ਕਿਸਾਨ ਆਗੂਆਂ ਅਤੇ ਸੰਘਰਸ਼ ਕਰਨ ਵਾਲੇ ਹੋਰ ਸਾਰੇ ਲੋਕਾਂ ਬਾਰੇ ਸਾਂਝੀ ਟਿੱਪਣੀ ਦਾ ਬਣਿਆ ਹੈ। ਅੱਜ ਦੇ ਦੌਰ ਵਿਚ ਕਿਸਾਨਾਂ ਦੀ ਅਗਵਾਈ ਕਰਦੇ ਆਗੂ 'ਅੰਦੋਲਨ-ਜੀਵੀ' ਬਿਲਕੁਲ ਨਹੀਂ ਕਹੇ ਜਾ ਸਕਦੇ। ਪਰ-ਜੀਵੀ ਆਪਣੇ ਕੁਦਰਤੀ ਸੁਭਾਅ ਵਜੋਂ ਪਰਾਏ ਖੂਨ ਨਾਲ ਜਿਉਣ ਵਾਲਾ ਹੁੰਦਾ ਹੈ। ਕਿਸਾਨਾਂ ਜਾਂ ਮਜ਼ਦੂਰਾਂ ਲਈ ਸੰਘਰਸ਼ ਦਾ ਰਾਹ ਚੁਣਨ ਵਾਲੇ ਵਰਕਰ ਇਨ੍ਹਾਂ ਅੰਦੋਲਨਾਂ ਆਸਰੇ ਜ਼ਿੰਦਗੀ ਗੁਜ਼ਾਰਨ ਦੀ ਸੋਚ ਵਾਲੇ ਨਹੀਂ ਹੁੰਦੇ, ਇਹ ਲੋਕ ਕਿਸੇ ਖਾਸ ਪੜਾਅ ਉਤੇ ਕਿਸੇ ਖਾਸ ਮੁੱਦੇ ਉੱਤੇ ਮਜਬੂਰੀ ਵਿਚ ਅੰਦੋਲਨ ਦੇ ਰਾਹ ਉਦੋਂ ਪੈਂਦੇ ਹਨ, ਜਦੋਂ ਸਰਕਾਰ ਅੰਦੋਲਨ ਤੋਂ ਬਿਨਾ ਕੀਤੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਹੁੰਦੀ।




ਇਸ ਵੇਲੇ ਚੱਲਦੇ ਕਿਸਾਨ ਅੰਦੋਲਨ ਦੇ ਆਗੂ ਵੀ ਮੋਦੀ ਸਰਕਾਰ ਦੇ ਜ਼ਿੱਦੀ ਵਿਹਾਰ ਦੇ ਕਾਰਨ ਇਸ ਅੰਦੋਲਨ ਦੇ ਮੈਦਾਨ ਵਿਚ ਨਿੱਤਰੇ ਹਨ, ਅੰਦੋਲਨਾਂ ਦੇ ਆਸਰੇ ਜ਼ਿੰਦਗੀ ਗੁਜ਼ਾਰਨ ਦੀ ਨੀਅਤ ਹੇਠ ਉਹ ਲੋਕ ਇਸ ਸੰਘਰਸ਼ ਦੇ ਲਈ ਠੰਢੀਆਂ ਰਾਤਾਂ ਨੂੰ ਸੜਕਾਂ ਉੱਤੇ ਸੌਣ ਨਹੀਂ ਆਏ। ਪ੍ਰਧਾਨ ਮੰਤਰੀ ਨੂੰ ਏਦਾਂ ਦੇ ਸ਼ਬਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਸ ਪਦਵੀ ਦੀ ਥੋੜ੍ਹੀ-ਬਹੁਤ ਝਿਜਕ ਰੱਖ ਕੇ ਬੋਲਣਾ ਚਾਹੀਦਾ ਸੀ।

ਅਸਲ ਵਿਚ ਜੇ ਕਿਸੇ ਨੂੰ 'ਅੰਦੋਲਨ-ਜੀਵੀ' ਕਿਹਾ ਜਾ ਸਕਦਾ ਹੈ ਤਾਂ ਉਹ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਾਰਟੀ ਦੇ ਲੋਕ ਹਨ, ਜਿਹੜੇ ਵੱਖ-ਵੱਖ ਅੰਦੋਲਨ ਲੋਕਾਂ ਦੇ ਵਾਸਤੇ ਨਹੀਂ, ਰਾਜ-ਗੱਦੀਆਂ ਤੱਕ ਪੁੱਜਣ ਲਈ ਖੁਦ ਚਲਾਉਂਦੇ ਰਹੇ ਹਨ ਅਤੇ ਇਸ ਵਕਤ ਵੀ ਗੱਦੀਆਂ ਕਾਇਮ ਰੱਖਣ ਲਈ ਚਲਾਈ ਜਾਂਦੇ ਹਨ। ਆਜ਼ਾਦੀ ਵੇਲੇ ਆਪਣੇ ਪਹਿਲੇ ਰਾਜਨੀਤਕ ਰੂਪ ਹਿੰਦੂ ਮਹਾਂ ਸਭਾ ਤੋਂ ਬਾਅਦ ਭਾਰਤੀ ਜਨ-ਸੰਘ ਤੋਂ ਚੱਲਦੀ ਹੋਈ ਮੁਰਾਰਜੀ ਡਿਸਾਈ ਨਾਲ ਮਿਲਣ ਤੇ ਪਿੱਛੇ ਹਟਣ ਪਿੱਛੋਂ ਨਵੀਂ ਬਣਾਈ ਭਾਰਤੀ ਜਨਤਾ ਪਾਰਟੀ ਇਸ ਸਾਰੇ ਦੌਰ ਵਿਚ ਹਿੰਦੂ ਭਾਈਚਾਰੇ ਦੀਆਂ ਵੋਟਾਂ ਬਟੋਰਨ ਲਈ 'ਰਾਮ ਮੰਦਿਰ' ਬਣਾਉਣ ਦਾ ਅੰਦੋਲਨ ਚਲਾਉਂਦੀ ਆਈ ਹੈ।

ਇਸ ਪਾਰਟੀ ਨੇ ਕਦੇ 'ਰਾਸ਼ਟਰੀ ਏਕਤਾ ਅਭਿਆਨ' ਸ਼ੁਰੂ ਕੀਤਾ ਸੀ, ਕਦੀ ਰਾਮ ਮੰਦਿਰ ਦੇ ਲਈ ਰੱਥ-ਯਾਤਰਾ ਚਲਾਈ ਤੇ ਕਦੇ ਜੰਮੂ-ਕਸ਼ਮੀਰ ਤੋਂ ਕੇਰਲਾ ਤੱਕ 'ਏਕਤਾਮਕਤਾ ਯਾਤਰਾ' ਸ਼ੁਰੂ ਕਰ ਕੇ ਲੋਕਾਂ ਨੂੰ ਇੱਕ ਖਾਸ ਧਰਮ ਦੇ ਨਾਂ ਉੱਤੇ ਬਣੀ ਇਸ ਪਾਰਟੀ ਨੂੰ ਵੋਟਾਂ ਪਾਉਣ ਲਈ ਉਕਸਾਉਣ ਦਾ ਕੰਮ ਕੀਤਾ ਸੀ। ਇਹ ਸਾਰੇ ਅੰਦੋਲਨ ਸਿਆਸੀ ਲੋੜਾਂ ਲਈ ਚਲਾਏ ਗਏ ਸਨ ਅਤੇ ਇਨ੍ਹਾਂ ਨੂੰ ਚਲਾਉਣ ਵਾਲਿਆਂ ਨੂੰ 'ਅੰਦੋਲਨ-ਜੀਵੀ' ਕਿਹਾ ਜਾ ਸਕਦਾ ਹੈ, ਜਦ ਕਿ ਪ੍ਰਧਾਨ ਮੰਤਰੀ ਦੂਜਿਆਂ ਬਾਰੇ ਇਹ ਗੱਲ ਕਹਿ ਰਹੇ ਹਨ। ਰਾਜਸੀ ਲੋੜਾਂ ਲਈ ਇਸ ਤਰ੍ਹਾਂ ਦੀਆਂ 'ਯਾਤਰਾਵਾਂ' ਅਤੇ ਅੰਦੋਲਨ ਚਲਾਉਣ ਵਾਲੀ ਇਹ ਪਾਰਟੀ ਅੱਜ ਕੱਲ੍ਹ ਪੱਛਮੀ ਬੰਗਾਲ ਵਿਚ 'ਪਰਿਵਰਤਨ ਯਾਤਰਾ' ਦਾ ਢੋਂਗ ਰਚਾ ਕੇ ਕੁਰਸੀ-ਅੰਦੋਲਨ ਚਲਾ ਰਹੀ ਹੈ, ਏਦਾਂ ਉਹ ਪਹਿਲਾਂ ਵੀ ਕਈ ਰਾਜਾਂ ਵਿਚ ਕਰ ਚੁਕੀ ਹੈ ਅਤੇ ਅੱਗੋਂ ਵੀ ਕਰਦੀ ਰਹੇਗੀ, ਪਰ ਮਿਹਣੇ ਮੋਦੀ ਸਾਹਿਬ ਹੋਰਨਾਂ ਨੂੰ ਮਾਰਦੇ ਹਨ, ਜਦ ਕਿ ਭਾਜਪਾ ਤੋਂ ਉਲਟ ਕਿਸਾਨਾਂ ਦੇ ਆਗੂ ਇਸ ਵਕਤ ਆਮ ਕਿਸਾਨਾਂ ਦੀ ਹੋਂਦ ਅਤੇ ਪੀੜ੍ਹੀਆਂ ਦੇ ਭਵਿੱਖ ਦੀ ਲੜਾਈ ਲੜਦੇ ਪਏ ਹਨ।



ਨਿਗਮਾਨੰਦ

ਇੱਕ ਆਮ ਕਹਾਵਤ ਹੈ ਕਿ ਆਦਮੀ ਜਿਸ ਖਸਲਤ ਦਾ ਹੋਵੇ, ਉਸ ਨੂੰ ਦੂਸਰੇ ਲੋਕਾਂ ਵਿਚੋਂ ਵੀ ਉਦਾਂ ਦੀ ਤਸਵੀਰ ਨਜ਼ਰ ਆਉਣ ਲੱਗ ਜਾਂਦੀ ਹੈ। ਬਚਪਨ ਤੋਂ ਲੈ ਕੇ ਜਿਸ ਆਦਮੀ ਨੇ ਸਿਰਫ ਅੰਦੋਲਨ ਕੀਤੇ ਅਤੇ ਅਗਲੀ ਉਚਾਈ ਵੱਲ ਨੂੰ ਵਧਣ ਲਈ ਅੰਦੋਲਨਾਂ ਨੂੰ ਪੌੜੀਆਂ ਬਣਾ ਕੇ ਵਰਤਿਆ ਹੈ, ਉਸ ਨੂੰ ਇਹ ਸਮਝ ਨਹੀਂ ਆ ਸਕਦੀ ਕਿ ਇਸ ਦੇ ਬਿਨਾ ਵੀ ਕੋਈ ਅੰਦੋਲਨ ਹੁੰਦਾ ਹੈ। ਭਾਰਤ ਵਿਚ ਸਮਾਜ ਸੁਧਾਰ ਅੰਦੋਲਨ ਵੀ ਹੋਏ ਹਨ, ਇਸ ਦੇਸ਼ ਨੂੰ ਆਜ਼ਾਦੀ ਦਿਵਾਉਣ ਵਾਸਤੇ ਵੀ ਹੋਏ ਹਨ, ਭ੍ਰਿਸ਼ਟਾਚਾਰ ਦੇ ਵਿਰੁੱਧ ਵੀ ਅੰਦੋਲਨ ਹੋਏ ਹਨ ਅਤੇ ਧੀਆਂ ਨੂੰ ਜੰਮਣ ਤੋਂ ਪਹਿਲਾਂ ਮਾਰ ਦੇਣ ਵਾਲੀ ਗੰਦੀ ਮਾਨਸਿਕਤਾ ਠੱਲ੍ਹਣ ਲਈ ਭਰੂਣ ਹੱਤਿਆ ਵਿਰੁੱਧ ਵੀ ਅੰਦੋਲਨ ਹੋਏ ਹਨ। ਇਹੋ ਜਿਹੇ ਅੰਦੋਲਨਾਂ ਵਿਚ ਸ਼ਾਮਲ ਹੋਣ ਵਾਲੇ ਆਮ ਲੋਕ ਤੇ ਜਨਤਕ ਆਗੂ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਸੁਫਨਾ ਲੈਣ ਵਾਲੇ ਨਹੀਂ ਸਨ, ਉਹ ਮਨੁੱਖ ਹਿਤੈਸ਼ੀ ਸੋਚ ਨੂੰ ਪ੍ਰਣਾਏ ਹੋਣ ਕਰ ਕੇ ਇਨ੍ਹਾਂ ਅੰਦੋਲਨਾਂ ਵਿਚ ਕੁੱਦਦੇ ਤੇ ਜੇਲ੍ਹ ਤੱਕ ਭੁਗਤਦੇ ਰਹੇ ਸਨ। ਭਾਜਪਾ ਹਮਾਇਤੀ ਕਿਸੇ ਰਾਮਦੇਵ ਦਾ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਚੋਰ-ਚੋਰ ਦਾ ਰੌਲਾ ਪਾ ਕੇ ਆਪਣੀ ਦੁਕਾਨਦਾਰੀ ਚਮਕਾਉਣ ਵਾਲਾ ਸੀ, ਪਰ ਰਾਮਦੇਵ ਨੇ ਜਦੋਂ ਮਰਨ-ਵਰਤ ਦਾ ਸਾਂਗ ਰਚਿਆ ਸੀ ਤੇ ਸਾਰੇ ਭਾਰਤ ਦੇ ਭਾਜਪਾ ਪੱਖੀ ਸਾਧ-ਸੰਤ ਉਸ ਦਾ ਵਰਤ ਛੁਡਾਉਣ ਲਈ ਨਾਟਕ ਕਰਦੇ ਪਏ ਸਨ, ਉਦੋਂ ਉਸੇ ਹਸਪਤਾਲ ਵਿਚ ਇੱਕ ਅਸਲੀ ਅੰਦੋਲਨਕਾਰੀ ਅੰਤਲੇ ਸਾਹ ਲੈ ਰਿਹਾ ਸੀ।

ਪ੍ਰਸਿੱਧੀ ਵਾਲੇ ਅਦਾਰੇ ਤੋਂ ਇੰਜੀਨੀਅਰ ਦੀ ਡਿਗਰੀ ਕਰਨੀ ਛੱਡ ਕੇ ਤਿਆਗੀ ਬਣੇ ਉਸ ਵਿਅਕਤੀ ਨੇ ਜਦੋਂ ਵੇਖਿਆ ਕਿ ਕੁਦਰਤ ਦੇ ਨਾਲ ਖਿਲਵਾੜ ਹੋ ਰਿਹਾ ਹੈ ਤਾਂ ਵਾਤਾਵਰਣ ਬਚਾਉਣ ਲਈ ਉਸ ਨੇ ਏਦਾਂ ਅੰਦੋਲਨ ਛੇੜਿਆ ਸੀ, ਜਿਹੜਾ ਜੀਵਨ ਦੇ ਆਖਰੀ ਸਾਹ ਤੱਕ ਜਾਰੀ ਰੱਖਿਆ ਸੀ। ਗੰਗਾ ਨਦੀ ਇਸ ਦੇਸ਼ ਵਿਚ ਪਵਿੱਤਰ ਮੰਨੀ ਜਾਂਦੀ ਹੈ, ਪਰ ਇਸ ਵਿਚ ਸਭ ਤੋਂ ਵੱਧ ਗੰਦ ਉਹੋ ਪਾਉਂਦੇ ਹਨ, ਜਿਹੜੇ ਇਸ ਨੂੰ 'ਮਾਂ ਗੰਗਾ' ਕਹਿੰਦੇ ਹਨ। ਉਸ ਇੰਜੀਨੀਅਰ ਤੋਂ ਸੰਤ ਬਣੇ ਨਿਗਮਾਨੰਦ ਨੇ ਇਸ ਗੰਦ ਨੂੰ ਰੋਕਣ ਲਈ ਅੰਦੋਲਨ ਛੇੜਿਆ ਸੀ ਅਤੇ ਇੱਕ ਸੌ ਪੰਦਰਾਂ ਦਿਨਾਂ ਦੀ ਭੁੱਖ ਹੜਤਾਲ ਦੇ ਬਾਅਦ ਆਪਣੀ ਸੋਚ ਲਈ ਜਾਨ ਵਾਰ ਗਿਆ ਸੀ। ਅਸਲੀ ਸੰਤਾਂ ਦਰਮਿਆਨ ਉਸ ਨੂੰ 'ਗੰਗਾ ਪੁੱਤਰ' ਕਿਹਾ ਜਾਂਦਾ ਹੈ। ਮੋਦੀ ਭਗਤਾਂ ਨੂੰ ਪੁੱਛ ਕੇ ਵੇਖ ਲਓ, ਉਨ੍ਹਾਂ ਵਿਚੋਂ ਕੋਈ ਉਸ ਬਾਰੇ ਜਾਣਦਾ ਤੱਕ ਨਹੀਂ ਹੋਵੇਗਾ, ਕਿਉਂਕਿ ਇਹ ਲੋਕ ਸਿਰਫ ਡਰਾਮੇਬਾਜ਼ਾਂ ਨੂੰ ਜਾਣਦੇ ਹਨ, ਅਸਲੀ ਸੰਤ ਅਤੇ ਅਸਲੀ ਅੰਦੋਲਨਕਾਰੀ ਨੂੰ ਜਾਣਨ ਲੱਗਿਆਂ ਇਨ੍ਹਾਂ ਨੂੰ ਸ਼ਰਮ ਆਉਂਦੀ ਹੈ। ਇਹੀ ਕਾਰਨ ਹੈ ਕਿ ਸੌ ਚਲਿੱਤਰ ਕਰਨ ਵਾਲਾ ਰਾਮਦੇਵ ਇਨ੍ਹਾਂ ਨੂੰ ਸਾਧੂ ਜਾਪਦਾ ਹੈ, ਆਸਾ ਰਾਮ ਤੇ ਸਿਰਸੇ ਵਾਲੇ ਰਾਮ ਰਹੀਮ ਵਰਗਾ ਦੁਰਾਚਾਰੀ ਵੀ ਇਨ੍ਹਾਂ ਨੂੰ ਸੰਤ ਤੇ ਸਮਾਜ ਸੁਧਾਰਕ ਲੱਗਦਾ ਹੈ, ਪਰ ਨੇਕੀ ਦੇ ਰਾਹ ਉੱਤੇ ਚੱਲਣ ਵਾਲੇ ਲੋਕ ਚੰਗੇ ਨਹੀਂ ਲੱਗਦੇ, ਇਸ ਲਈ ਇਹ ਲੋਕ ਉਨ੍ਹਾਂ ਦੀ ਭੰਡੀ ਕਰਨ ਵਿਚ ਸ਼ਾਨ ਸਮਝਦੇ ਹਨ। ਨਰਿੰਦਰ ਮੋਦੀ ਨੇ ਵੀ ਇਹੋ ਕੀਤਾ ਹੈ।

ਵਕਤ-ਵਕਤ ਦੀ ਗੱਲ ਹੁੰਦੀ ਹੈ। ਅੱਜ ਨਰਿੰਦਰ ਮੋਦੀ ਦਾ ਸਿੱਕਾ ਚੱਲਦਾ ਤੇ ਉਸ ਦੀ ਹਰ ਗੱਲ ਏਦਾਂ ਸੱਚੀ ਮੰਨੀ ਜਾਂਦੀ ਹੈ, ਜਿਵੇਂ ਪੰਜਾਬੀ ਮੁਹਾਵਰਾ ਹੈ ਕਿ 'ਲੋਕਾਂ ਦਾ ਨਹੀਂ ਦੁੱਧ ਵਿਕਦਾ, ਤੇਰਾ ਵਿਕਦਾ ਜੈ ਕੁਰੇ ਪਾਣੀ', ਪਰ ਦਿਨ ਸਦਾ ਇੱਕੋ ਜਿਹੇ ਨਹੀਂ ਰਹਿੰਦੇ ਹੁੰਦੇ। ਜਿਨ੍ਹਾਂ ਨੇ ਇੱਕ ਸਮੇਂ 'ਇੰਦਰਾ ਇਜ਼ ਇੰਡੀਆ' ਦਾ ਨਾਅਰਾ ਲਾਉਣ ਦੀ ਖੁਸ਼ੀ ਮਹਿਸੂਸ ਕੀਤੀ ਸੀ, ਉਹ ਅੱਜ ਕੱਖੋਂ ਹੌਲੇ ਹੋਏ ਪਏ ਹਨ। ਉਹ ਦਿਨ ਨਹੀਂ ਰਹਿ ਸਕੇ ਤਾਂ ਅੱਜ ਵਾਲੇ ਵੀ ਨਹੀਂ ਰਹਿਣੇ। ਸਮਾਂ ਕਦੋਂ ਕਿੱਧਰ ਨੂੰ ਪਲਟੀ ਮਾਰ ਜਾਵੇ, ਪਤਾ ਨਹੀਂ ਲੱਗਦਾ ਅਤੇ ਇਸ ਬਾਰੇ ਨਰਿੰਦਰ ਮੋਦੀ ਨੂੰ ਉਸ ਲਾਲ ਕ੍ਰਿਸ਼ਨ ਅਡਵਾਨੀ ਵੱਲ ਵੇਖ ਕੇ ਸਮਝ ਜਾਣਾ ਚਾਹੀਦਾ ਹੈ, ਜੋ ਕਦੀ ਡਿਪਟੀ ਪ੍ਰਧਾਨ ਮੰਤਰੀ ਹੁੰਦਿਆਂ ਅਸਲੀ ਪ੍ਰਧਾਨ ਮੰਤਰੀ ਤੋਂ ਵੱਧ ਭਾਰੂ ਗਿਣਿਆ ਜਾਂਦਾ ਸੀ ਤੇ ਅੱਜ ਉਸ ਨੂੰ ਕੋਈ ਮਿਲਣ ਵੀ ਨਹੀਂ ਜਾਂਦਾ। ਜਿਹੜੇ ਲੋਕ ਅੱਜ ਪ੍ਰਧਾਨ ਮੰਤਰੀ ਦੀ ਕੁਰਸੀ ਮੱਲੀ ਬੈਠੇ ਨਰਿੰਦਰ ਮੋਦੀ ਦੇ ਅੱਗੇ-ਪਿੱਛੇ ਨੱਚਦੇ ਫਿਰਦੇ ਹਨ, ਜ਼ਰਾ ਕੁ ਹਾਲਾਤ ਬਦਲ ਗਏ ਤਾਂ ਇਹ ਨਵੇਂ ਲੀਡਰ ਦੇ ਚਰਨ ਚੁੰਮਣ ਤੁਰ ਪੈਣਗੇ। ਬੰਦੇ ਦੇ ਜੀਵਨ ਦੀਆਂ ਤ੍ਰਿਕਾਲਾਂ ਪੈਂਦਿਆਂ ਚਿਰ ਲੱਗਦਾ ਹੈ, ਹਾਲਾਤ ਦਾ ਪ੍ਰਛਾਵਾਂ ਢਲਦਿਆਂ ਦਾ ਪਤਾ ਨਹੀਂ ਲੱਗਦਾ ਹੁੰਦਾ। ਘੁਮੰਡ ਦੇ ਘੋੜੇ ਉੱਤੇ ਚੜ੍ਹੇ ਹੋਏ ਆਗੂ ਨੂੰ ਜ਼ਰਾ ਕੁ ਧਰਤੀ ਵੱਲ ਵੇਖ ਕੇ ਬੋਲਣਾ ਚਾਹੀਦਾ ਹੈ।

# ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ

ਅਸੂ ਪਾਲਾ ਜੰਮਿਆਂ, ਕੱਤੇ ਵੱਡਾ ਹੋ
ਮੱਘਰ ਫੌਜਾਂ ਚਾੜ੍ਹੀਆਂ, ਪੋਹ ਲੜਾਈ ਹੋ।

ਇਹ ਕਹਾਵਤ ਠੰਢ ਦੇ ਸਬੰਧ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। 25-26 ਨਵੰਬਰ ਨੂੰ ਕਿਸਾਨ ਅੰਦੋਲਨ ਨੇ ਦਿੱਲੀ ਦੇ ਅੰਦਰ ਪੁੱਜ ਕੇ ਸਰਕਾਰ ਨੂੰ ਆਪਣੇ ਦੁਖੜੇ ਸੁਣਾਉਣ ਦਾ ਫੈਸਲਾ ਕੀਤਾ ਤੇ ਦਿੱਲੀ ਵਲ ਨੂੰ ਕੂਚ ਕਰ ਲਿਆ। ਭਾਵੇਂ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਕਿਹਾ ਜਾਂਦਾ ਹੈ, ਪਰ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਜਦੋਂ ਜਦੋਂ ਵੀ ਪੰਜਾਬ ਦੇ ਪੰਜਾਬੀ ਇਧਰ ਵਲ ਆਉਂਦੇ ਹਨ, ਉਨ੍ਹਾਂ ਦਾ ਰਸਤਾ ਰੋਕ ਲਿਆ ਜਾਂਦਾ ਹੈ, ਜਿਵੇਂ ਇਹ ਰਾਜਧਾਨੀ ਪੰਜਾਬੀਆਂ ਲਈ ਨਹੀਂ ਹੈ। ਭਾਵੇਂ ਇਹ ਏਸ਼ੀਆਡ-82 ਦਾ ਸਮਾਂ ਸੀ ਤਾਂ ਵੀ ਪੰਜਾਬੀਆਂ ਦੇ ਨਾਲ ਭੈੜਾ ਸਲੂਕ ਕੀਤਾ ਗਿਆ ਸੀ; ਭਾਵੇਂ ਪੰਜਾਬੀ ਖੇਡਾਂ ਵੇਖਣ ਲਈ ਆ ਰਹੇ ਸਨ ਜਾਂ ਖੇਡਾਂ ਵਿਚ ਹਿੱਸਾ ਲੈਣਾ ਸੀ। ਹੁਣ ਜਦੋਂ ਭਰ ਸਰਦੀ ਵਿਚ ਕਿਸਾਨਾਂ ਨੇ ਸੁੱਤੀ ਹੋਈ ਸਰਕਾਰ ਨੂੰ ਆਪਣੀਆਂ ਮੰਗਾਂ ਬਾਰੇ ਦੱਸਣਾ ਸੀ, ਉਨ੍ਹਾਂ ਨੂੰ ਰੋਕਣ ਦੇ ਯਤਨ ਕੀਤੇ ਗਏ ਤਾਂ ਜੋ ਉਹ ਦਿੱਲੀ ਅੰਦਰ ਦਾਖਲ ਨਾ ਹੋ ਸਕਣ। ਕੀ ਦਿੱਲੀ ਇਨ੍ਹਾਂ ਅੰਦੋਲਨਕਾਰੀ ਕਿਸਾਨਾਂ ਦੀ ਰਾਜਧਾਨੀ ਨਹੀਂ ਹੈ? ਜੇ ਅਸੀਂ ਸਮੇਂ ਸਿਰ ਨਾ ਸੰਭਲੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਅਸੀਂ ਆਪਣੀਆਂ ਇਨ੍ਹਾਂ ਕਾਰਵਾਈਆਂ 'ਤੇ ਸ਼ਰਮਿੰਦੇ ਹੋਵਾਂਗੇ ਤੇ ਵਾਪਿਸ ਵੀ ਮੁੜ ਨਹੀਂ ਸਕਾਂਗੇ।

ਆਮ ਲੋਕ ਬਾਬੇ ਨਾਨਕ ਵਲੋਂ ਦਿੱਤੀ ਸਿਖਿਆ ਉਪਰ ਅਮਲ ਕਰਦੇ ਹੋਏ ਦੇਸ਼ ਅਤੇ ਵਿਦੇਸ਼ ਦੀਆਂ ਵੱਖ ਵੱਖ ਸੰਸਥਾਵਾਂ ਵਲੋਂ ਇੰਨੀ ਠੰਢ ਵਿਚ ਬੈਠ ਅੰਦੋਲਨ ਕਰ ਰਹੇ ਕਿਸਾਨਾਂ ਦੀ ਦੇਖ ਭਾਲ ਕੀਤੀ ਜਾ ਰਹੀ ਹੈ। ਵੱਖ ਵੱਖ ਵਸਤਾਂ ਦੇ ਲੰਗਰ ਚੱਲ ਰਹੇ ਹਨ। ਰਜਾਈਆਂ, ਕੰਬਲਾਂ ਦੇ ਪ੍ਰਬੰਧ ਵਿਚ ਵੀ ਕੋਈ ਕਸਰ ਨਹੀਂ ਛੱਡੀ ਗਈ। ਕਿਸਾਨ ਸੜਕਾਂ ਉਪਰ ਬੈਠ ਆਪਣਾ ਸ਼ਾਂਤਮਈ ਅੰਦੋਲਨ ਚਲਾ ਰਹੇ ਹਨ।

ਵੱਖ ਵੱਖ ਸਮੇਂ 'ਤੇ ਕਿਸਾਨਾਂ ਨੂੰ ਭੜਕਾਉਣ ਦਾ ਯਤਨ ਕੀਤਾ ਗਿਆ। ਸਰਕਾਰ ਚਲਾ ਰਹੀ ਪਾਰਟੀ ਦੇ ਕੁਝ ਕਾਰਕੁਨ ਲਾਠੀਆਂ ਅਤੇ ਹੋਰ ਹਥਿਆਰਾਂ ਨਾਲ ਪੁਲਿਸ ਦੀ ਮਦਦ ਨਾਲ ਇਨ੍ਹਾਂ ਨੂੰ ਡਰਾਉਣ ਤੇ ਧਮਕਾਉਣ ਲਈ ਆਏ, ਪਰ ਇਨ੍ਹਾਂ ਨੇ ਸ਼ਾਂਤੀ ਨਾਲ ਹੀ ਮੁਕਾਬਲਾ ਕੀਤਾ, ਜਦੋਂ ਕਿ ਉੱਚ ਅਧਿਕਾਰੀਆਂ ਵਲੋਂ ਉਨ੍ਹਾਂ ਲੋਕਾਂ ਨੂੰ ਪੂਰੀ ਸ਼ਹਿ ਦਿੱਤੀ ਗਈ ਸੀ।

ਹੁਣ ਸੰਸਦ ਦੇ ਅੰਦਰ ਸੁਆਲਾਂ ਦੇ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਵਲੋਂ ਆਖਿਆ ਗਿਆ ਹੈ ਕਿ ਮੈਂ ਅਤੇ ਮੇਰੇ ਮੰਤਰੀ ਸਿਰਫ ਇਕ ਕਾਲ ਹੀ ਦੂਰ ਹਾਂ, ਜਦੋਂ ਤੁਹਾਡੀ ਮਰਜ਼ੀ ਹੋਵੇ ਗੱਲ ਕਰ ਸਕਦੇ ਹੋ। ਨਾਲ ਹੀ ਇਹ ਦੱਸਿਆ ਹੈ ਕਿ ਵੱਖ ਵੱਖ ਮਿਲਣੀਆਂ ਦੌਰਾਨ ਜੋ ਵੀ ਤੁਹਾਨੂੰ ਪੇਸ਼ਕਸ਼




ਕੀਤੀ ਗਈ ਹੈ, ਜੇ ਉਹ ਮਨਜ਼ੂਰ ਹੈ ਤਾਂ ਗੱਲ ਅੱਗੇ ਵੱਧ ਸਕਦੀ ਹੈ। ਭਾਵੇਂ ਕਿਸਾਨ ਜਥੇਬੰਦੀਆਂ ਇਸ ਪੇਸ਼ਕਸ਼ ਸਬੰਧੀ ਉਤਰ ਵਿਚ ਪਹਿਲਾਂ ਹੀ ਦਸ ਚੁਕੀਆਂ ਹਨ ਕਿ ਸਾਨੂੰ ਇਹ ਪੇਸ਼ਕਸ਼ ਮਨਜ਼ੂਰ ਨਹੀਂ ਹੈ ਅਤੇ ਅਸੀਂ ਕਾਲੇ ਕਾਨੂੰਨ ਦੀ ਵਾਪਸੀ ਚਾਹੁੰਦੇ ਹਾਂ। ਜੇ ਸਰਕਾਰ ਇਸ ਵਿਸ਼ੇ 'ਤੇ ਅੱਗੇ ਵਧਣਾ ਚਾਹੁੰਦੀ ਹੈ ਅਤੇ ਐਮ. ਐਸ. ਪੀ. ਲਈ ਕੋਈ ਕਾਨੂੰਨ ਬਣਾਉਣ ਲਈ ਰਜ਼ਾਮੰਦ ਹੈ, ਅਸੀਂ ਗੱਲ ਕਰਨ ਲਈ ਤਿਆਰ ਹਾਂ। ਮਿਲਣੀ ਸਾਰਥਿਕ ਤਾਂ ਹੀ ਸੰਭਵ ਹੋਵੇਗੀ, ਜੇ ਸੁਹਿਰਦਤਾ ਨਾਲ ਯਤਨ ਕੀਤੇ ਜਾਣਗੇ। ਅੰਦੋਲਨਕਾਰੀਆਂ ਦੇ ਸਬਰ ਦੀ ਬਹੁਤ ਹੀ ਪ੍ਰੀਖਿਆ ਹੋ ਚੁਕੀ ਹੈ, ਇਸ ਨੂੰ ਅੰਤ ਤਕ ਨਾ ਪਹੁੰਚਾਇਆ ਜਾਵੇ। ਇਹ ਦੋਹਾਂ ਧਿਰਾਂ ਲਈ ਠੀਕ ਨਹੀਂ ਹੋਵੇਗਾ। ਅੰਦੋਲਨਕਾਰੀ ਆਪਣੇ ਘੋਲ ਨੂੰ ਤਿੱਖਾ ਕਰਨ ਲਈ ਯਤਨਸ਼ੀਲ ਹੋਣਗੇ ਅਤੇ ਸਰਕਾਰ ਘੋਲ ਨੂੰ ਦਬਾਉਣ ਲਈ ਸਖਤੀ ਕਰੇਗੀ, ਜਿਸ ਨਾਲ ਹਾਲਾਤ ਹੋਰ ਵਿਗੜਨਗੇ।

ਸਰਕਾਰ ਆਪਣੀਆਂ ਮਿਲਣੀਆਂ ਵਿਚ ਇਹ ਮੰਨ ਚੁਕੀ ਹੈ ਕਿ ਕਾਨੂੰਨ ਜਲਦੀ ਵਿਚ ਬਣਾਏ ਗਏ ਹਨ, ਇਨ੍ਹਾਂ ਵਿਚ ਕੁਝ ਤਰੁਟੀਆਂ ਹਨ, ਜਿਨ੍ਹਾਂ ਨੂੰ ਸੁਧਾਰਿਆ ਜਾ ਸਕਦਾ ਹੈ। ਸਰਕਾਰ ਹਰ ਮਿਲਣੀ ਵਿਚ ਇਨ੍ਹਾਂ ਕਾਨੂੰਨਾਂ ਦੇ ਫਾਇਦੇ ਹੀ ਗਿਣਾ ਰਹੀ ਹੈ, ਜਦੋਂ ਕਿ ਕਿਸਾਨਾਂ ਨੇ ਸਾਫ ਤੇ ਸਪਸ਼ਟ ਸ਼ਬਦਾਂ ਵਿਚ ਦਸ ਦਿੱਤਾ ਹੈ ਕਿ ਸਾਨੂੰ ਇਨ੍ਹਾਂ ਫਾਇਦਿਆਂ ਬਾਰੇ ਗਿਆਨ ਦੀ ਲੋੜ ਨਹੀਂ ਹੈ ਅਤੇ ਸਾਨੂੰ ਪਤਾ ਹੈ ਕਿ ਇਨ੍ਹਾਂ ਕਾਨੂੰਨਾਂ ਦਾ ਲਾਭ ਸਿਰਫ ਕਾਰਪੋਰੇਟ ਸੈਕਟਰ ਨੂੰ ਹੀ ਹੈ ਤੇ ਇਨ੍ਹਾਂ ਦੇ ਨੁਕਸਾਨ ਸਿਰਫ ਕਿਸਾਨ ਨੂੰ ਹੀ ਨਹੀਂ, ਸਗੋਂ ਸਾਰੀ ਖਲਕਤ ਨੂੰ ਹੈ। ਸਿਰਫ ਚੰਦ ਪੂੰਜੀਪਤੀਆਂ ਦੇ ਲਾਭ ਲਈ ਬਣਾਏ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਜਾਵੇ ਤਾਂ ਜੋ ਅਸੀਂ ਆਪਣੇ ਘਰਾਂ ਨੂੰ ਵਾਪਸੀ ਕਰ ਸਕੀਏ ਤੇ ਸਰਕਾਰ ਆਪਣਾ ਧਿਆਨ ਵਿਕਾਸ ਦੇ ਕੰਮਾਂ ਵਲ ਕੇਂਦਰਤ ਕਰ ਸਕੇ।

ਸਥਿਤੀ ਇਹ ਹੈ ਕਿ ਇਕ ਪਾਸੇ ਸਰਕਾਰ ਅੰਦੋਲਨਕਾਰੀਆਂ ਨੂੰ ਗੱਲ ਬਾਤ ਲਈ ਸਦਾ ਦਿੰਦੀ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਭੁੱਲੇ ਭਟਕੇ ਹੋਏ ਤੇ ਵਰਗਲਾਏ ਹੋਏ ਆਖਦੀ ਹੈ। ਨਾਲ ਹੀ ਸਖਤੀ ਕਰਦੀ ਹੈ, ਕਦੇ ਕਿਸੇ ਸਰਕਾਰੀ ਏਜੰਸੀ ਵਲੋਂ ਛਾਪੇ ਮਰਵਾਏ ਜਾਂਦੇ ਹਨ ਅਤੇ ਕਦੇ ਡਰਾਇਆ ਧਮਕਾਇਆ ਜਾਂਦਾ ਹੈ। ਬਹੁਤ ਸਾਰੇ ਅੰਦੋਲਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁਕਾ ਹੈ ਤਾਂ ਜੋ ਅੰਦੋਲਨਕਾਰੀਆਂ ਦਾ ਜ਼ੋਰ ਉਨ੍ਹਾਂ ਨੂੰ ਰਿਹਾ ਕਰਵਾਉਣ ਉਪਰ ਕੇਂਦਰਿਤ ਹੋ ਜਾਵੇ ਅਤੇ ਉਹ ਆਪਣੇ ਅਸਲ ਉਦੇਸ਼ ਤੋਂ ਥਿੜਕ ਜਾਣ ਤੇ ਘੋਲ ਨੂੰ ਅਸਫਲ ਕੀਤਾ ਜਾ ਸਕੇ। ਅੰਦੋਲਨ ਦੀ ਅਗਵਾਈ ਯੋਗ ਹੱਥਾਂ ਵਿਚ ਹੋਣ ਕਾਰਨ ਅੰਦੋਲਨ ਆਪਣੇ ਮੁੱਖ ਮੰਤਵ 'ਤੇ ਹੀ ਕੇਂਦਰਿਤ ਹੋ ਚਲ ਰਿਹਾ ਹੈ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਵੇਲਾ ਰਹਿੰਦੇ ਹੀ ਸੁਖਾਵਾਂ ਮਾਹੌਲ ਤਿਆਰ ਕਰੇ ਅਤੇ ਸਹੀ ਦਿਸ਼ਾ ਵਲ ਕਦਮ ਪੁੱਟ ਕੇ ਸਮਝੌਤਾ ਕਰੇ ਤਾਂ ਚੰਗਾ ਹੋਵੇਗਾ, ਨਹੀਂ ਤਾਂ ਇਹ ਅਖੌਤ ਮਸ਼ਹੂਰ ਹੈ ਹੀ, "ਵੇਲੇ ਦੀ ਨਮਾਜ਼ ਅਤੇ ਕੁਵੇਲੇ ਦੀਆਂ ਟੱਕਰਾਂ!"

## ਕਿਸਾਨ ਸੰਘਰਸ਼ ਦੇ ਪ੍ਰਸੰਗ ਵਿਚ

# "ਕੋਈ ਅਕਲ ਦਾ ਕਰੋ ਇਲਾਜ ਯਾਰੋ"

***ਦਿੱਲੀ ਦੇ ਬਾਰਡਰਾਂ ਉਤੇ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਭਾਰਤ ਦੀ ਸਰਕਾਰੀ ਪਰੇਡ ਦੇ ਬਰਾਬਰ ਕੀਤੀ ਟਰੈਕਟਰ ਪਰੇਡ ਮੌਕੇ 26 ਜਨਵਰੀ ਨੂੰ ਜੋ ਘਟਨਾਵਾਂ ਵਾਪਰੀਆਂ, ਉਸ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵਿਚਾਰ ਸਾਹਮਣੇ ਆਏ ਹਨ। ਇਸ ਲੇਖ ਵਿਚ ਉਘੇ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਇਸ ਘਟਨਾ ਤੋਂ ਬਾਅਦ ਕਿਸਾਨ ਘੋਲ ਨੂੰ ਵੱਜੀ ਵਕਤੀ ਸੱਟ ਬਾਰੇ ਟਿੱਪਣੀ ਕੀਤੀ ਹੈ ਅਤੇ ਸਿੱਖ ਦ੍ਰਿਸ਼ਟੀਕੋਣ ਤੋਂ ਇਸ ਮਸਲੇ ਦੀ ਚੀਰ-ਫਾੜ ਕਰਨ ਦਾ ਯਤਨ ਕੀਤਾ ਹੈ। ਇਹ ਪਹੁੰਚ ਸਿੱਖ ਚਿੰਤਕ ਅਜਮੇਰ ਸਿੰਘ, ਇਤਿਹਾਸਕਾਰ ਸੁਖਪ੍ਰੀਤ ਸਿੰਘ ਉਦੋਕੇ ਅਤੇ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਜੋ ਕਿਸਾਨ ਅੰਦੋਲਨ ਦੀਆਂ ਜੜ੍ਹਾਂ ਵਿਚ ਕਥਿਤ ਤੌਰ 'ਤੇ ਦਾਤੀ ਫੇਰ ਰਹੇ ਹਨ, ਵੱਲੋਂ ਅਪਨਾਈ ਇਕਪਾਸੜ ਪਹੁੰਚ ਤੋਂ ਐਨ ਵੱਖਰੀ ਹੈ। -ਸੰਪਾਦਕ***



**ਜਸਪਾਲ ਸਿੰਘ ਸਿੱਧੂ**

ਕੋਈ ਪੌਣੇ ਦੋ ਸੌ ਸਾਲ ਪਹਿਲਾਂ (1850) ਸਾਂਝੇ ਪੰਜਾਬ ਦੇ ਦਰਦ ਦੀ ਬਾਤ ਪਾਉਂਦਿਆਂ ਕਿੱਸਾਕਾਰ ਸ਼ਾਹ ਮੁਹੰਮਦ ਕਹਿੰਦਾ ਹੈ ਕਿ ਪਹਾੜਾ ਸਿੰਘ ਦੀ ਮੁਖਬਰੀ ਕਰ ਕੇ ਫੇਰੂ ਸ਼ਹਿਰ ਦੀ ਜੰਗ ਵਿਚ ਪੰਜਾਬ ਵੱਲੋਂ ਲੜਦੀ ਖਾਲਸਾ ਫੌਜ ਫਰੰਗੀਆਂ ਦੀ ਫੌਜ ਤੋਂ ਮਾਰ ਖਾ ਬੈਠੀ ਸੀ। ਖਾਲਸਾ ਫੌਜ ਵਿਚ ਸਾਰੇ ਪੰਜਾਬ ਵਾਸੀ ਸਿੱਖ ਤੇ ਮੁਸਲਮਾਨ ਇੱਕਠੇ ਹੋ ਕੇ ਤੇਗਾਂ ਵਾਹ ਰਹੇ ਸਨ। ਸ਼ਾਹ ਮੁਹੰਮਦ ਉਸ ਸਾਂਝੀ ਬਹਾਦਰੀ ਦੇ ਦ੍ਰਿਸ਼ ਨੂੰ ਇਉਂ ਪੇਸ਼ ਕਰਦਾ ਹੈ:

ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿਬੂੰਆਂ ਲਹੂ ਨਿਚੋੜ ਸੁੱਟੇ।

ਇੱਥੇ 'ਸਿੰਘ' ਪੰਜਾਬ ਦੀ ਸਾਂਝੀ ਰਹਿਤਲ ਦੇ ਪ੍ਰਤੀਕ ਹਨ। ਉਸ ਭਾਰੀ ਨੁਕਸਾਨ ਤੋਂ ਬਾਅਦ ਸਮੇਂ ਦੇ ਸੋਚਵਾਨ ਲੀਡਰ ਬੈਠ ਕੇ ਵਿਚਾਰ-ਵਟਾਂਦਰਾਂ ਕਰਦੇ ਹਨ ਕਿ ਇਕੱਲੇ ਜੋਸ਼ ਤੋਂ ਨਹੀਂ ਹੋਸ਼ (ਅਕਲ) ਤੋਂ ਵੀ ਕੰਮ ਲਈਏ।

ਪਿੱਛੇ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿੱਤਾ ਅੱਜ ਪਾਜ ਯਾਰੋ।

ਸ਼ਾਹ ਮੁਹੰਮਦ ਦੀ ਪਾਈ 'ਬਾਤ' ਪੀੜ੍ਹੀ-ਦਰ-ਪੀੜ੍ਹੀ ਅੱਗੇ ਅੱਜ ਤੱਕ ਤੁਰਦੀ ਆ ਰਹੀ ਹੈ। ਅਕਲ, ਸੋਚ-ਸਮਝ (ਹੋਸ਼) ਨਾਲ ਹੀ ਲੜਾਈਆਂ ਜਿੱਤੀਆਂ ਜਾਂਦੀਆਂ ਨੇ, ਨਹੀਂ ਤਾਂ ਸਾਡੇ ਅੰਦਰਲੇ 'ਪਹਾੜਾ ਸਿੰਘ' ਹਮੇਸ਼ਾ ਹੀ ਆਪਣੀ ਸ਼ਰੀਕੇਬਾਜ਼ੀ ਕਰ ਕੇ, ਹਉਮੈ ਨਾਲ ਗ੍ਰਸੇ ਹੋਣ ਕਰ ਕੇ ਜਾਂ ਲਾਲਚ ਵਸ ਆਪਣਿਆਂ ਦਾ ਹੀ ਨੁਕਸਾਨ ਕਰਨ ਤੋਂ ਕਦੇ ਬਾਜ਼ ਨਹੀਂ ਆਉਂਦੇ।

ਅੱਜ ਦਾ ਨਾਮਵਰ ਹਿਸਟੋਰੀਅਨ ਯੁਵਾਲ ਨੋਹ ਹਰਾਰੀ ਕਹਿੰਦਾ ਹੈ ਕਿ ਆਮ ਬਹੁ-ਗਿਣਤੀ ਮਨੁੱਖ ਹਮੇਸ਼ਾਂ ਪੁਰਾਣੀਆਂ 'ਬਾਤਾਂ', ਕਹਾਣੀਆਂ ਅਤੇ ਮਿੱਥਾਂ ਨੂੰ ਨਾਲ ਲੈ ਕੇ ਹੀ ਜਿਉਂਦਾ ਹੈ ਅਤੇ ਉਨ੍ਹਾਂ ਮੁਤਾਬਕ ਹੀ ਉਹ ਹਰ ਭਾਵਨਾਤਮਕ ਪਲ ਵਿਚ ਅਮਲ ਕਰਦਾ ਹੈ।

ਇਸੇ ਕਰ ਕੇ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਵੱਡੀ ਗਿਣਤੀ ਵਿਚ ਨੌਜਵਾਨ ਅਤੇ ਵਡੇਰੀ ਉਮਰ ਦੇ ਸਿੱਖ ਵੀ ਵਹੀਰਾਂ ਘੱਤ ਕੇ, ਵੀਹਰ ਕੇ ਲਾਲ ਕਿਲ੍ਹੇ ਉੱਤੇ ਝੰਡਾਂ ਝਲਾਉਣ ਚਲੇ ਗਏ। ਉਨ੍ਹਾਂ ਦੇ ਅਚੇਤ/ਸੁਚੇਤ ਮਨ ਵਿਚ (ਅਸਲੀਅਤ ਵੀ ਹੈ) ਲਾਲ ਕਿਲ੍ਹਾ 'ਦੁਸ਼ਮਣ' ਦੀ ਰਾਜ ਸੱਤਾ ਦਾ ਕੇਂਦਰ ਬਿੰਦੂ ਹੈ ਅਤੇ 'ਸਟੇਟ-ਪਾਵਰ' ਦਾ ਪ੍ਰਤੀਕ ਵੀ ਹੈ।

ਕੇਸਰੀ ਨਿਸ਼ਾਨ ਸਾਹਿਬ ਬਾਰੇ ਭਾਵੇਂ ਅਸੀਂ ਕਹਿੰਦੇ ਰਹੀਏ ਕਿ ਇਹ 'ਖਾਲਿਸਤਾਨ' ਦਾ ਝੰਡਾ ਨਹੀਂ ਪਰ ਸਿੱਖਾਂ ਦਾ ਇਹ ਧਾਰਮਿਕ ਪਵਿੱਤਰ ਨਿਸ਼ਾਨ ਸਾਹਿਬ 'ਰੂਹਾਨੀਅਤ ਤੇ ਪ੍ਰਭੂਸੱਤਾ' ਦਾ ਚਿੰਨ੍ਹ ਹੈ। ਝੂਲਦੇ ਨਿਸ਼ਾਨ ਸਾਹਿਬ ਤੋਂ ਬਗੈਰ, ਕੋਈ ਵੀ ਧਾਰਮਿਕ ਸਥਾਨ ਸਿੱਖਾਂ ਲਈ ਗੁਰਦੁਆਰਾ ਨਹੀਂ ਹੋ ਸਕਦਾ। ਉਹ ਸਥਾਨ ਡੇਰਾ ਹੋ ਸਕਦਾ। 'ਖਾਲਿਸਤਾਨ' ਦੁਨਿਆਵੀ ਪੱਧਰ 'ਤੇ ਨੇਸ਼ਨ-ਸਟੇਟ ਵਾਲੀ ਰਾਜ ਸੱਤਾ ਦੇ ਸੰਕਲਪ ਨੂੰ ਮੂਰਤੀਮਾਨ ਕਰਨ ਵਾਲਾ ਅਜੇ ਤੱਕ ਕੋਈ ਝੰਡਾ ਸਾਹਮਣੇ ਨਹੀਂ ਆਇਆ। ਵੱਡੇ ਪੱਧਰ ਉੱਤੇ ਕੇਸਰੀ ਨਿਸ਼ਾਨ ਸਾਹਿਬ ਹੀ ਸਮੁੱਚੇ ਸਿੱਖ ਫਲਸਫੇ, ਰੂਹਾਨੀਅਤ, ਸਿੱਖ ਆਜ਼ਾਦ ਹਸਤੀ ਅਤੇ ਸਿੱਖ ਦੀ ਸਿੱਧੀ ਅਕਾਲ ਪੁਰਖ ਪ੍ਰਤੀ ਵਿਸ਼ਵਾਸ/ਨਿਸ਼ਟਾ ਨੂੰ ਮੂਰਤੀਮਾਨ ਕਰਦਾ ਹੈ ਜਿਸ ਦੇ ਸਾਹਮਣੇ ਕਿਸੇ ਖਿੱਤੇ ਉੱਤੇ ਰਾਜਸੱਤਾ/ਰਾਜਸੀ ਕਮਾਨ ਨੂੰ ਪੇਸ਼ ਕਰਨ ਵਾਲੇ ਸਾਰੇ ਦੁਨਿਆਵੀ ਕੌਮੀ ਝੰਡੇ ਬੌਣੇ/ਨਿਗੂਣੇ ਬਣ ਜਾਂਦੇ ਹਨ।

ਇਸ ਕਰ ਕੇ ਨਿਸ਼ਾਨ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ ਲਈ ਪਹਿਰਾ ਦੇਣਾ ਪੈਂਦਾ। ਨਿਸ਼ਾਨ ਸਾਹਿਬ ਚੜ੍ਹਾਉਣ ਦਾ ਮਕਸਦ ਹੁੰਦਾ। ਇਹ ਸਿੱਖ ਹੋਂਦ, ਦਬਦਬੇ ਅਤੇ ਆਜ਼ਾਦ ਹਸਤੀ ਦਾ ਪ੍ਰਤੀਕ ਹੈ। ਅੰਮ੍ਰਿਤਸਰ ਸ਼ਹਿਰ ਵਿਚ ਸ਼ਿਵ ਸੈਨਾ ਅਤੇ ਆਰੀਆ ਸਮਾਜੀਆਂ ਨੇ 28 ਮਈ 1981 ਨੂੰ ਤ੍ਰਿਸ਼ੂਲਾਂ, ਤਲਵਾਰਾਂ ਅਤੇ ਸਿਗਰਟਾਂ ਨੂੰ ਡਾਗਾਂ ਉੱਤੇ ਟੰਗ ਕੇ ਜਲੂਸ ਕੱਢਿਆ ਸੀ। ਜਵਾਬ ਵਿਚ ਦੂਜੇ ਦਿਨ ਮਹਾਰਾਜਾ ਰਣਜੀਤ ਸਿੰਘ ਦੇ 200 ਸਾਲਾਂ ਜਨਮ ਦਿਵਸ ਉੱਤੇ ਸ਼ਾਮ ਸਿੰਘ ਅਟਾਰੀ ਦੀ ਸਮਾਧ ਤੋਂ ਲੈ ਕੇ ਕੰਪਨੀ (ਰਾਮ) ਬਾਗ ਅੰਮ੍ਰਿਤਸਰ ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਅੱਗੇ ਲੱਗ ਕੇ ਜਲੂਸ ਕੱਢਿਆ ਸੀ।

ਰਾਮ ਬਾਗ ਵਿਚ ਜਦੋਂ ਸੰਤ ਨਿਸ਼ਾਨ ਸਾਹਿਬ ਸਥਾਪਤ ਕਰ ਰਿਹਾ ਸੀ ਤਾਂ ਕਿਸੇ ਨੇ ਕੋਲੋਂ ਕਿਹਾ, "ਇਸ ਨੂੰ ਕੋਈ ਰਾਤ-ਬਰਾਤੇ ਉਤਾਰ ਕੇ ਪਰ੍ਹੇ ਸੁੱਟ ਦੇਵੇਗਾ"। ਸੰਤਾਂ ਦਾ ਜਵਾਬ ਸੀ, "ਨਿਸ਼ਾਨ ਸਾਹਿਬ ਝੁਲਾਉਣ ਲਈ ਸਿਰ ਦੇਣਾ ਪੈਂਦਾ, ਉਤਾਰਨ ਵਾਲੇ ਨੂੰ ਸਿਰ ਦੇਣਾ ਪਵੇਗਾ।" ਨਿਸ਼ਾਨ ਸਾਹਿਬ 40 ਸਾਲ ਬਾਅਦ ਅਜੇ ਵੀ ਰਾਮ ਬਾਗ ਵਿਚ ਲਹਿਰਾ ਰਿਹਾ।

ਲਾਲ ਕਿਲ੍ਹੇ ਉੱਤੇ 26 ਜਨਵਰੀ (2021) ਨੂੰ ਜਿਹੜਾ ਨਿਸ਼ਾਨ ਸਾਹਿਬ ਝੁਲਾਇਆ ਗਿਆ ਸੀ, ਉਸ ਨੂੰ ਪੁਲਿਸ ਨੇ ਲਾਹਿਆ ਅਤੇ ਬੇਹੁਰਮਤੀ ਵੀ ਕੀਤੀ। ਭਾਜਪਾਈ ਹਾਕਮਾਂ ਨੇ ਫਿਰ ਦਿੱਲੀ ਵਿਚ ਕਈ ਥਾਂਈਂ ਨਿਸ਼ਾਨ ਸਾਹਿਬ ਨੂੰ ਆਪਣੇ ਗੁੰਡਿਆਂ ਤੋਂ ਅੱਗਾਂ ਲਵਾਈਆਂ ਅਤੇ ਪੈਰਾਂ ਥੱਲੇ ਕੁਚਲਣ ਦੀਆਂ ਵਾਰਦਾਤਾਂ ਵੀ ਕਰਵਾਈਆਂ ਜਿਨ੍ਹਾਂ ਦੀ ਵੀਡੀਓ ਸੋਸ਼ਲ ਮੀਡੀਏ ਉੱਤੇ ਜਾਣ-ਬੁਝ ਕੇ ਚੜ੍ਹਾਈਆਂ ਗਈਆਂ ਸਨ।

ਦਰਅਸਲ, ਜਦੋਂ ਸਿੱਖਾਂ ਨੇ ਦਰਜਨ ਤੋਂ ਵੱਧ ਵਾਰੀ ਮੁਗਲ ਸਲਤਨਤ ਦੇ ਕੇਂਦਰ ਬਿੰਦੂ ਲਾਲ ਕਿਲ੍ਹੇ ਉੱਤੇ 1780ਵਿਆਂ ਵਿਚ ਕੇਸਰੀ ਨਿਸ਼ਾਨ ਸਾਹਿਬ ਚੜ੍ਹਾਇਆ ਸੀ ਤਾਂ ਉਨ੍ਹਾਂ ਨੇ "ਜ਼ਾਲਮ ਸਟੇਟ" ਦੇ ਹੰਕਾਰ/ਹੱਠ ਨੂੰ ਦਰੜ ਕੇ ਬਾਬੇ ਨਾਨਕ ਦੀ ਸਿੱਖੀ ਅਤੇ 'ਸਰਬੱਤ ਦੇ ਭਲੇ' ਦੇ ਝੰਡੇ ਝੁਲਾਏ ਸਨ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥" ਦਾ ਸੁਨੇਹਾ ਲੈ ਕੇ ਸਿੱਖ ਦਿੱਲੀ ਪਹੁੰਚੇ ਸਨ। ਦੁਨੀਆ ਦੀ ਹਰ ਸਟੇਟ (ਰਾਜ) ਲੋਕਾਈ ਨੂੰ ਡਰਾ ਕੇ ਜਾਂ ਉਸ ਦੇ 'ਡਰ/ਸਹਿਮ' ਉੱਤੇ ਹੀ ਉਸਰਦੀ ਹੈ। ਡਰ/ਖੌਫ ਰਹਿਤ ਅਤੇ ਰੂਹਾਨੀ ਬੁਲੰਦੀ ਨਾਲੇ ਮਨੁੱਖਾਂ ਉੱਤੇ ਕੋਈ ਸਟੇਟ (ਸਰਕਾਰ) ਰਾਜ ਨਹੀਂ ਕਰ ਸਕਦੀ; ਕਿਉਂਕਿ ਅਜਿਹੇ ਲੋਕ ਸਟੇਟ ਜਬਰ ਦਾ ਮੁਕਾਬਲਾ ਕਰਦਿਆਂ ਕੁਰਬਾਨੀ ਦੇਣ ਨੂੰ ਤਿਆਰ ਹੋ ਜਾਂਦੇ ਹਨ।

ਬਾਅਦ ਵਿਚ ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਵੱਡੀ ਸਟੇਟ (ਖਾਲਸਾ ਰਾਜ) ਖੜ੍ਹੀ ਕਰ ਲਈ ਸੀ ਪਰ ਸਿੱਖੀ ਸਿਧਾਂਤ ਦੀ ਪੁੱਠ ਕਰ ਕੇ ਉਹ ਆਪਣੇ ਹੀ ਸਮੇਂ ਦੀਆਂ ਵੱਡੀਆਂ ਸਲਤਨਤਾਂ ਅਤੇ ਛੋਟੀਆਂ ਬਾਦਸ਼ਾਹੀਆਂ ਤੋਂ ਬਿਲਕੁਲ ਵੱਖਰੀ ਸੀ। ਰਣਜੀਤ ਸਿੰਘ 'ਤਖਤ' ਉੱਤੇ ਨਹੀਂ ਬੈਠਾ; ਹਰਾ ਕੇ ਕਿਸੇ ਛੋਟੇ ਰਾਜੇ/ਨਵਾਬ ਨੂੰ ਕਤਲ ਨਹੀਂ ਕੀਤਾ; ਸਾਰੇ ਧਰਮਾਂ ਦੇ ਲੋਕਾਂ ਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਨੂੰ ਬਰਾਬਰ ਦਾ ਸਨਮਾਨ/ਸਤਿਕਾਰ ਦਿੱਤਾ। ਉਸ ਨੇ ਆਪਣੇ 40 ਸਾਲਾਂ ਦੇ ਰਾਜ ਵਿਚ ਕਿਸੇ ਵੀ ਚੋਰ/ਕਾਤਲ ਨੂੰ ਫਾਂਸੀ ਨਹੀਂ ਦਿੱਤੀ ਪਰ ਸਿੱਖ ਸਪਿਰਟ ਪਿਤਾ-ਪੁਰਖੀ ਰਾਜੇ ਨੂੰ 'ਰੱਬ ਦਾ ਦਰਜਾ' ਨਹੀਂ ਦਿੰਦੀ। ਇਹ ਵੀ ਇੱਕ ਕਾਰਨ ਸੀ ਕਿ ਰਣਜੀਤ ਸਿੰਘ ਦਾ ਰਾਜ ਉਸ ਦੀ ਮੌਤ ਤੋਂ ਤੁਰੰਤ ਬਾਅਦ ਢਹਿ-ਢੇਰੀ ਹੋ ਗਿਆ।

ਆਪਣੇ ਸਮੇਂ ਦੇ ਦੁਨੀਆ ਪੱਧਰ ਦੇ ਅੰਗਰੇਜ਼ੀ ਸਾਮਰਾਜ ਨੇ ਭਾਵੇਂ ਪੰਜਾਬ ਉੱਤੇ ਕਬਜ਼ਾ ਕਰ ਕੇ ਸਿੱਖੀ ਸਪਿਰਟ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਪਰ ਉਹ 1910-15 ਵਿਚ ਫਿਰ 'ਗਦਰ ਪਾਰਟੀ' ਦੇ ਰੂਪ ਵਿਚ ਉਭਰ ਆਈ। ਗਦਰੀ ਬਾਬੇ ਫਾਂਸੀ ਚੜ੍ਹੇ, ਕਾਲੇਪਾਣੀਆਂ ਦੀ ਜੇਲ੍ਹਾਂ ਵਿਚ ਸੁੱਟੇ ਗਏ ਪਰ ਉਹ ਪਹਿਲੇ ਬਾਗੀ ਸਨ ਜਿਨ੍ਹਾਂ ਨੇ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦਾ ਹੋਕਾ ਦਿੱਤਾ। ਸਿੱਖਾਂ ਦੀਆਂ ਕੁਰਬਾਨੀਆਂ ਦੀ ਲੰਮੀ ਗਾਥਾ ਹੈ।

ਹੁਣ ਫਿਰ ਇੱਕ ਸਦੀ ਬਾਅਦ ਸਿੱਖਾਂ ਨੇ, ਸਿੱਖ ਕਿਸਾਨੀ ਨੇ ਅੱਗੇ ਲੱਗ ਕੇ ਸਾਰੇ ਦੇਸ਼ ਦੀ ਕਿਸਾਨੀ ਨੂੰ ਅਗਵਾਈ ਦਿੱਤੀ ਹੈ। ਉਹ 26 ਨਵੰਬਰ (2020) ਤੋਂ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਘੇਰੀ ਬੈਠੇ ਹਨ। ਪੋਹ-ਮਾਘ ਦੀ ਠੰਢੀਆਂ ਰਾਤਾਂ ਦੀ ਮਾਰ ਸੜਕਾਂ ਉੱਤੇ, ਖੁੱਲ੍ਹੇ ਅਸਮਾਨ ਥੱਲੇ ਝੱਲਦੇ ਕਿਸਾਨਾਂ ਦਾ ਸੰਘਰਸ਼ ਸਿਰਫ ਨਰਿੰਦਰ ਮੋਦੀ ਦੇ ਹਿੰਦੂਤਵੀ ਤਾਨਾਸ਼ਾਹੀ ਰਾਜ ਦੇ ਵਿਰੁੱਧ ਹੀ ਨਹੀਂ ਬਲਕਿ ਦੁਨਿਆਵੀ ਪੱਧਰ ਉੱਤੇ ਕਾਬਜ਼ ਨਵ-ਉਦਾਰਵਾਦੀ ਪੂੰਜੀ ਵਿਵਸਥਾ ਵਿਰੁੱਧ ਸਿੱਧੀ ਟੱਕਰ ਦੇ ਰਿਹਾ ਹੈ।



ਅੱਜ ਦੇ ਨਵ-ਉਦਾਰਵਾਦੀ ਨਿਜ਼ਾਮ ਅੰਦਰ ਸਾਰੀ ਦੁਨੀਆ ਵਿਚ ਖੇਤੀ ਨੂੰ ਕੁਦਰਤ ਨਾਲੋਂ ਤੋੜ ਕੇ, ਇੰਡਸਟਰੀ/ਕਾਰਖਾਨੇ ਪੱਧਰ ਦਾ ਤਕਨਾਲੋਜੀ ਰਾਹੀਂ ਕੰਟਰੋਲ ਕੀਤਾ, ਗੈਰ-ਕੁਦਰਤੀ ਵਰਤਾਰਾ ਬਣਾ ਦਿੱਤਾ ਹੈ। 'ਟੈਸਟ-ਟਿਊਬ' ਬੱਚਾ ਪੈਦਾ ਕਰਨ ਦੀ ਤਰਜ਼ ਉੱਤੇ ਫਸਲਾਂ/ਸਬਜ਼ੀਆਂ/ਫਲਾਂ ਨੂੰ ਪੈਦਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਇਸ ਸਾਰੀ ਪ੍ਰਕਿਰਿਆ ਪਿੱਛੇ ਦੁਨੀਆਂ ਦੀ ਵੱਡੀ ਪੂੰਜੀ ਅਤੇ ਵੱਡੀਆਂ ਵੱਡੀਆਂ ਕੌਮਾਂਤਰੀ ਕਾਰਪੋਰੇਟ ਕੰਪਨੀਆਂ ਹਨ। ਅਮਰੀਕਾ ਤੋਂ ਲੈ ਕੇ ਤੀਸਰੀ ਦੁਨੀਆ ਦੇ ਪਛੜੇ ਮੁਲਕਾਂ ਦੀ ਸਿਆਸਤ/ਰਾਜ ਭਾਗ ਨੂੰ ਇਹ ਵੱਡੀ ਪੂੰਜੀ ਅਤੇ ਕਾਰਪੋਰੇਟ ਘਰਾਣੇ ਹੀ ਕੰਟਰੋਲ ਕਰਦੇ ਹਨ। ਮੁਲਕਾਂ ਦੇ ਹਾਕਮ ਵੱਡੇ-ਵੱਡੇ ਦਮਗਜੇ ਮਾਰਦੇ ਹਨ ਪਰ ਅੰਦਰੂਨੀ ਸੱਚ ਇਹ ਹੈ ਕਿ ਇਨ੍ਹਾਂ ਦੀ ਬਿਲਕੁਲ ਮਰਜ਼ੀ ਨਹੀਂ ਚਲਦੀ।

ਇਸੇ ਕਰ ਕੇ ਮੋਦੀ ਨੇ ਆਲਮੀ ਵਪਾਰਕ ਸੰਸਥਾ (ਡਬਲਿਊ.ਟੀ.ਓ.) ਜਿਸ ਨੂੰ ਵੱਡੀ ਪੂੰਜੀ ਹੀ ਕੰਟਰੋਲ ਕਰਦੀ ਹੈ, ਦੇ ਦਬਾਅ ਥੱਲੇ ਤਿੰਨੇ ਖੇਤੀ ਕਾਨੂੰਨ ਪਾਰਲੀਮੈਂਟ ਵਿਚ ਪਾਸ ਕਰ ਦਿੱਤੇ। ਮਨਮੋਹਨ ਸਿੰਘ ਦੀ ਕਾਂਗਰਸੀ ਸਰਕਾਰ ਇਹ ਵੱਡਾ ਕਦਮ ਚੁਕਣ ਤੋਂ ਡਰਦੀ ਰਹੀ ਪਰ ਮੋਦੀ ਸਰਕਾਰ ਨੇ ਆਪਣੀ ਤਾਨਾਸ਼ਾਹੀ ਦਾ ਜ਼ੋਰ ਦਿਖਾਉਂਦਿਆਂ ਇਹ ਕਾਨੂੰਨ ਬਣਾ ਦਿੱਤੇ ਪਰ ਕਾਨੂੰਨ ਬਣਾਏ ਚੋਰੀ-ਚੋਰੀ, ਕਰੋਨਾ ਮਹਾਮਾਰੀ ਦੀ ਆੜ ਵਿਚ।

ਇਹ ਕਾਨੂੰਨ ਫਸਲਾਂ ਉਗਾਉਣ ਲਈ ਵਰਤੀਆਂ ਜਾਂਦੀਆਂ ਖਾਦਾਂ, ਦਵਾਈਆਂ ਅਤੇ ਖੇਤੀ ਸੰਦਾਂ ਦੀ ਮਾਰਕੀਟ ਉੱਤੇ ਅਤੇ ਫਸਲਾਂ ਦੀ ਪੈਦਾਵਾਰ ਨੂੰ ਵੇਚਣ-ਖਰੀਦਣ ਵਾਲੀਆਂ ਮੰਡੀਆਂ ਉੱਤੇ ਕਾਰਪੋਰੇਟ ਦਾ ਕਬਜ਼ਾ ਕਰਵਾ ਦੇਣਗੇ। ਹੌਲੀ-ਹੌਲੀ ਕਿਸਾਨ ਆਪਣੇ ਖੇਤ ਵਿਚ ਅਦਿਖ ਪੂੰਜੀਪਤੀ ਦਾ ਕਰਿੰਦਾ/ਵਰਕਰ ਬਣ ਜਾਵੇਗਾ। ਇਹ ਵਿਆਖਿਆ ਐਵੇਂ ਬਿਮਾਰ ਕਲਪਨਾ ਨਹੀਂ ਬਲਕਿ ਦੁਨੀਆ ਦੇ ਹੋਰਨਾਂ ਮੁਲਕਾਂ ਵਿਚ ਵਾਪਰੀ ਕਰੂਰ ਸਚਾਈ ਹੈ। ਇਸੇ ਕਰ ਕੇ ਅਮਰੀਕਾ ਵਿਚ ਇੱਕ-ਦੋ ਪ੍ਰਤੀਸ਼ਤ ਕਿਸਾਨ ਬਚੇ ਹਨ। ਬਾਕੀ ਸਾਰੇ ਅਮੀਰ ਮੁਲਕਾਂ ਵਿਚ ਵੀ ਇਹੋ ਵਰਤਾਰਾ ਵਾਪਰਿਆ।

ਸਾਡੇ ਦੇਸ਼ ਵਿਚ ਤਾਂ ਹੋਰ ਵੀ ਵੱਡੀ ਸਮੱਸਿਆ ਹੈ। ਤਕਰੀਬਨ 60 ਪ੍ਰਤੀਸ਼ਤ ਆਬਾਦੀ ਖੇਤੀ ਉੱਤੇ ਨਿਰਭਰ ਹੈ ਅਤੇ ਪਿੰਡਾਂ ਵਿਚ ਰਹਿੰਦੀ ਹੈ। ਦੇਸ਼ ਵਿਚ ਰੁਜ਼ਗਾਰ ਪਹਿਲਾਂ ਹੀ ਖਤਮ ਹੋ ਚੁੱਕੇ ਹਨ ਅਤੇ ਤਕਨਾਲੋਜੀ ਦਾ ਵਿਕਾਸ ਰਹਿੰਦੇ-ਖੂੰਹਦੇ ਰੁਜ਼ਗਾਰ ਵੀ ਖਾ ਜਾਵੇਗਾ। ਬੇਰੁਜ਼ਗਾਰੀ ਬੰਦੇ ਨੂੰ ਮੰਗਤਾ ਬਣਾ ਦਿੰਦੀ ਹੈ, ਉਸ ਦਾ ਸਵੈਮਾਣ ਖੋਹ ਲੈਂਦੀ ਹੈ ਅਤੇ ਉਹ ਗਲੀਆ ਦਾ ਕੱਖ-ਕੰਡਾ ਬਣ ਜਾਂਦਾ ਹੈ। ਕਿਰਤ ਹੀ ਮਨੁੱਖ ਨੂੰ ਇਨਸਾਨ ਬਣਾ ਕੇ ਰੱਖਦੀ ਹੈ। ਇਸੇ ਕਰ ਕੇ ਗੁਰਬਾਣੀ ਕਿਰਤ ਕਰਨ ਉੱਤੇ ਜ਼ੋਰ ਦਿੰਦੀ ਹੈ। ਖੇਤੀ ਖੇਤਰ/ਖੇਤੀ ਨਾਲ ਸਬੰਧਤ ਕਿੱਤਿਆ ਤੋਂ ਉਜੜੇ ਲੋਕ ਕਿੱਥੇ ਜਾਣਗੇ, ਕਿਹੜੀਆ ਗਲੀਆਂ ਦਾ ਕੂੜਾ ਬਣਨਗੇ? ਇਹ ਦਿਲ-ਕੰਬਾਊ ਦ੍ਰਿਸ਼ ਹੈ।

ਇਸੇ ਕਰ ਕੇ ਦਿੱਲੀ ਦੇ ਬਾਰਡਰਾਂ ਉੱਤੇ ਲੜਿਆ ਜਾ ਰਿਹਾ ਕਿਸਾਨੀ ਘੋਲ ਮਨੁੱਖਤਾ ਨੂੰ ਬਚਾਉਣ ਦਾ ਅਹਿਮ ਸੰਘਰਸ਼ ਹੈ। ਇਹ ਦੁਨੀਆ ਦੀ ਵੱਡੀ ਅਵਾਰਾ ਪੂੰਜੀ ਅਤੇ ਜ਼ਾਲਮ ਪੂੰਜੀਪਤੀਆਂ ਵਿਰੁੱਧ ਵੱਡੀ ਮੁਹਿਮ ਹੋਣ ਕਰ ਕੇ ਹੀ ਸਾਰੀ ਦੁਨੀਆ ਵਿਚੋਂ ਇਸ ਨੂੰ ਵੱਡਾ ਹੁੰਗਾਰਾ ਮਿਲਿਆ। ਇਸ ਸੰਘਰਸ਼ ਦੇ ਸ਼ਾਂਤਮਈ ਹੋਣ, ਸਿੱਖ ਧਰਮ ਦੇ ਥੰਮ੍ਹ- ਸਹਿਜ, ਸਬਰ, ਸੰਤੋਖ- ਉੱਤੇ ਟਿਕਿਆ ਹੋਣ ਕਰ ਕੇ ਇਸ ਨੇ ਦੁਨੀਆ ਨੂੰ ਅਚੰਭਿਤ ਕਰ ਦਿੱਤਾ। ਸਿੱਖਾਂ ਦੀ ਲੰਗਰ ਪ੍ਰਥਾ ਅਤੇ ਸਿੱਖੀ ਸਪਿਰਟ ਦੇ ਅਨੇਕ ਰੂਪਾਂ ਦੇ ਰੂਪਮਾਨ ਹੋਣ ਕਰ ਕੇ ਸਿੱਖੀ, ਸਿੱਖਾਂ ਦਾ ਚਿਹਰਾ-ਮੁਹਰਾਂ ਅਤੇ ਸਿੱਖੀ/ਪੰਜਾਬੀ ਸਭਿਆਚਾਰ ਫਿਰ ਦਨੀਆ ਪੱਧਰ ਉੱਤੇ ਨਿਖਰ ਕੇ ਸਾਹਮਣੇ ਆਇਆ।

ਸਿੱਖ ਨੁਹਾਰ ਨੂੰ ਉਨ੍ਹਾਂ ਲੋਕਾਂ ਨੇ ਕਬੂਲਿਆਂ ਜਿਨ੍ਹਾਂ ਨੇ ਤੀਹ ਕੁ ਸਾਲ ਪਹਿਲਾਂ ਭੀੜਾਂ ਦੇ ਰੂਪ ਵਿਚ ਇਕੱਠੇ ਹੋ ਕੇ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਸੀ ਅਤੇ ਗੁਰਦੁਆਰਿਆ ਨੂੰ ਅੱਗਾਂ ਲਾਈਆਂ ਸਨ। ਕਿਸਾਨੀ ਸੰਘਰਸ਼ ਨੇ ਸਿੱਖਾਂ ਦੀ ਲਾਹੀ ਗਈ 'ਪਗੜੀ' ਨੂੰ ਮੁੜ ਉਨ੍ਹਾਂ ਦੇ ਸਿਰ ਉੱਤੇ ਸ਼ਸ਼ੋਭਤ ਕਰ ਦਿੱਤਾ। ਭਾਰਤੀਆਂ ਨੇ ਸਿੱਖੀ ਨੂੰ, ਸਿੱਖਾਂ ਨੂੰ ਬਿਹਤਰ ਮਨੁੱਖ ਹੋਣ ਦਾ ਲੋਹਾ ਮੰਨ ਲਿਆ। ਸਵੈ ਤੋਂ, ਨਿਜ ਤੋਂ ਉਠ ਕੇ, ਖੁਦਗਰਜ਼ੀ ਦੀਆਂ ਮਜ਼ਬੂਤ ਦੀਵਾਰਾਂ ਉਲੰਘ ਕੇ, ਦੂਜਿਆਂ ਲਈ ਅਤੇ ਵੱਡੇ ਮਨੁੱਖਵਾਦੀ ਆਸ਼ੇ ਲੜਨ ਦਾ ਮਾਦਾ ਰੱਖਣ ਵਾਲੀ ਸਿੱਖੀ ਨੂੰ ਦੇਸ਼ਾਂ-ਵਿਦੇਸ਼ਾਂ ਵਿਚ ਸਨਮਾਨ/ਸਤਿਕਾਰ ਮਿਲਿਆ।

1984 ਦੇ ਵੱਡੇ ਦੁਖਾਂਤਾਂ ਤੋਂ ਬਾਅਦ ਆਪਾ-ਮਾਰੂ ਸਿਆਸਤ ਦੇ ਢਹੇ ਚੜ੍ਹੇ ਸਿੱਖਾਂ ਦਾ ਬੇਵਜ੍ਹਾ ਅਤੇ ਅਥਾਹ ਖੂਨ ਡੁੱਲ੍ਹਿਆ ਸੀ। ਹਾਕਮਾਂ ਨੇ ਸਿੱਖਾਂ ਨੂੰ ਹੀ ਮਾਰ-ਕੁੱਟ ਕੇ ਉਨ੍ਹਾਂ ਨੂੰ ਹੀ ਦੋਸ਼ੀ ਕਰਾਰ ਦੇ ਦਿੱਤਾ ਸੀ। ਘੋਰ ਨਿਰਾਸ਼ਾ ਵਿਚ ਡੁੱਬੇ ਸਿੱਖ ਭਾਈਚਾਰੇ ਉੱਤੇ ਦਿੱਲੀ ਦੇ ਨੁਮਾਇੰਦਿਆ ਨੇ ਵੱਖ-ਵੱਖ ਪਾਰਟੀਆਂ ਦੇ ਬਾਣੇ ਪਾ ਕੇ, ਦਿੱਲੀ ਕੇਂਦਰੀਵਾਦ ਅਤੇ ਹਿੰਦੂਤਵੀ ਏਜੰਡੇ ਮੁਤਾਬਿਕ ਵੀ ਪਿਛਲੇ ਤੀਹ ਸਾਲ ਰਾਜ ਕੀਤਾ ਅਤੇ ਅੱਜ ਵੀ ਕਰ ਰਹੇ ਹਨ। ਨਿਸਲ ਹੋ ਚੁੱਕੇ ਭਾਈਚਾਰੇ ਨੂੰ ਕਿਸਾਨੀ ਅੰਦੋਲਨ ਨੇ ਵੱਡਾ ਹੁਲਾਰਾ ਦਿੱਤਾ। ਉਨ੍ਹਾਂ ਦਾ ਸਵੈਮਾਣ ਤੇ ਸਤਿਕਾਰ ਵਧਾਇਆ ਅਤੇ ਚਾਰ ਚੰਨ ਲਾਏ।

ਅਫਸੋਸ ਹੈ, 26 ਜਨਵਰੀ ਦੀਆਂ ਘਟਨਾਵਾਂ ਨੇ ਸਿੱਖ ਸਨਮਾਨ ਨੂੰ ਵੱਡੀ ਸੱਟ ਮਾਰੀ ਹੈ ਅਤੇ ਹਾਕਮਾਂ ਨੇ ਸਿੱਖਾਂ ਨਾਲ 'ਵੱਖਵਾਦੀ' ਅਤਿਵਾਦੀ (ਟੈਰਰਿਸਟ) ਹੋਣ ਦੇ 'ਟੈਗ' ਫਿਰ ਜੋੜਨੇ ਸ਼ੁਰੂ ਕਰ ਦਿੱਤੇ। ਇਹ ਬਹਿਸ ਦਾ ਵਿਸ਼ਾ ਹੈ ਕਿ ਸਿੱਖਾਂ ਦਾ ਕਿੰਨਾ ਕੁ ਨੁਕਸਾਨ ਹੋਇਆ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਲਾਲ ਕਿਲ੍ਹੇ ਦੀ ਘਟਨਾ ਨੇ ਦਿੱਲੀ ਬਾਰਡਰਾਂ ਉੱਤੇ ਬੈਠੇ ਕਿਸਾਨਾਂ ਵਿਚ, ਸਿੱਖਾਂ ਵਿਚ ਵੱਡੀ ਨਿਰਾਸਤਾ ਲਿਆਂਦੀ।

ਗਾਜ਼ੀਪੁਰ ਬਾਰਡਰ ਦਾ ਧਰਨਾ ਤਕਰੀਬਨ ਉਖੜ ਹੀ ਗਿਆ ਸੀ। ਗਾਜ਼ੀਆਬਾਦ ਦੇ ਭਾਜਪਾਈ ਐਮ.ਐਲ.ਏ. ਗੁੰਡੇ ਇਕੱਠੇ ਕਰ ਕੇ ਪੁਲਿਸ ਦੀ ਸਿੱਧੀ/ਅਸਿੱਧੀ ਮਦਦ ਨਾਲ ਗਾਜ਼ੀਪੁਰ ਧਰਨੇ ਵਿਚ ਬੈਠੇ ਸਿੱਖਾਂ ਉੱਤੇ ਹਮਲਾ ਕਰ ਕੇ ਨਵੰਬਰ 1984 ਦੁਬਾਰਾ ਵਰਤਾਉਣਾ ਚਾਹੁੰਦੇ ਸਨ। ਪੱਛਮੀ ਉੱਤਰ ਪ੍ਰਦੇਸ਼ ਦਾ ਕਿਸਾਨ ਲੀਡਰ ਰਾਕੇਸ਼ ਟਕੈਤ ਭਾਵੁਕ ਹੋ ਗਿਆ ਜਾਂ ਫਿਰ ਗੁੰਡਿਆਂ ਤੇ ਪੁਲਿਸ ਦੀ ਸ਼ਾਂਤਮਈ ਬੈਠੇ ਲੋਕਾਂ ਉੱਤੇ ਹਮਲਾ ਕਰਨ ਦੀ ਜੁਰਅਤ ਨਹੀਂ ਪਈ ਅਤੇ ਉਨ੍ਹਾਂ ਦੀ ਕੋਝੀ ਸਾਜ਼ਿਸ਼ ਸੋਸ਼ਲ ਮੀਡੀਏ ਰਾਹੀਂ ਜੱਗ ਜ਼ਾਹਰ ਹੋ ਗਈ।

ਹਾਲਾਤ ਮੋੜਾ ਖਾ ਗਏ। ਗਾਜ਼ੀਪੁਰ ਦੀ ਘਟਨਾ ਨੇ ਸਗੋਂ ਕਿਸਾਨੀ ਸੰਘਰਸ਼ ਨੂੰ ਮੁੜ ਬਲ ਬਖਸ਼ਿਆ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਧਰਨੇ ਉੱਤੇ ਪਹੁੰਚ ਗਏ। ਖਾਪ ਪੰਚਾਇਤਾਂ ਅਤੇ ਕਿਸਾਨਾਂ ਦੇ ਇਕੱਠ ਧੜਾਧੜ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿਚ ਹੋਣ ਲੱਗ ਪਏ। ਇਉਂ ਹੀ ਪਾਣੀਪਤ ਦੇ ਮੈਦਾਨ ਵਿਚ ਬਾਬਰ ਦੀ ਬਾਰਾਂ ਕੁ ਹਜ਼ਾਰ ਫੌਜ ਦੇ ਹੱਕ ਵਿਚ ਮੋੜਾ ਪਿਆ ਸੀ ਅਤੇ ਇੱਕ ਲੱਖ ਫੌਜ ਵਾਲਾ ਇਬਰਾਹਮ ਲੋਧੀ ਹਾਰ ਗਿਆ ਸੀ। ਬਾਬਰ ਨੇ ਹੀ ਦੋ ਸਦੀਆਂ ਲੰਮੀ ਤਾਕਤਵਾਰ ਮੁਗਲ ਸਲਤਨਤ ਦਾ ਮੁੱਢ ਬੰਨ੍ਹਿਆ ਸੀ।

ਛੱਬੀ ਜਨਵਰੀ ਦੀਆਂ ਘਟਨਾਵਾ ਬਾਰੇ ਸਿੱਖ ਹਿਸਟਰੀ ਦੀਆਂ ਸੁਨਹਿਰੀ ਯਾਦਾਂ ਮਨ-ਮਸਤਕ ਵਿਚ ਸਮੋਈ ਫਿਰਦੇ ਸਿੱਖ ਨੌਜਵਾਨਾਂ ਤੋਂ ਸਵਾਲ ਪੁਛਣਾ ਵਾਜਬ ਨਹੀਂ। ਉਨ੍ਹਾਂ ਦੇ ਚੇਤਿਆਂ ਵਿਚ ਤਾਂ 1783 ਵਿਚ ਬਘੇਲ ਸਿੰਘ ਵੱਲੋਂ ਲਾਲ ਕਿਲ੍ਹੇ ਉੱਤੇ ਚੜ੍ਹਾਇਆ ਕੇਸਰੀ ਨਿਸ਼ਾਨ ਸਾਹਿਬ ਖੌਰੂ ਪਾ ਰਿਹਾ ਪਰ ਵੱਡੀ ਗਿਣਤੀ ਵਿਚ ਲਾਲ ਕਿਲ੍ਹੇ ਉੱਤੇ ਪਹੁੰਚੇ ਵੱਡੇਰੀ ਉਮਰ ਦੇ ਵਿਚਾਰਵਾਨ ਸਿੱਖ ਹੀ ਦੱਸਣ:

* ਕੀ ਲਾਲ ਕਿਲ੍ਹੇ ਉੱਤੇ 26 ਜਨਵਰੀ ਨੂੰ ਨਿਸ਼ਾਨ ਸਾਹਿਬ ਝਲਾਉਣ ਨਾਲ ਕਿਸਾਨ ਸੰਘਰਸ਼ ਨੂੰ ਸੱਟ ਨਹੀਂ ਵੱਜੀ?

* ਕੀ ਉਸ ਘਟਨਾ ਪਿੱਛੋਂ ਕਿਸਾਨ ਸੰਘਰਸ਼ ਦੀ ਅਗਵਾਈ ਪੰਜਾਬ ਅਤੇ ਸਿੱਖਾਂ ਦੇ ਹੱਥੋਂ ਖੁੱਸੀ ਨਹੀਂ?

* ਕੀ ਸਰਕਾਰ ਨੇ ਸਾਜ਼ਿਸ਼ੀ ਢੰਗ ਨਾਲ ਟਰੈਕਟਰ ਪਰੇਡ ਦੇ ਕੁਝ ਹਿੱਸੇ ਨੂੰ ਲਾਲ ਕਿਲ੍ਹੇ ਵੱਲ ਮੋੜਾ ਦਿੱਤਾ? ਅਤੇ ਲਾਲ ਕਿਲ੍ਹੇ ਦੇ ਦਰਵਾਜ਼ੇ ਖੋਲ੍ਹ ਕੇ, ਪੁਲਿਸ ਬੰਦੋਬਸ਼ਤ ਦਾ ਪਰਪੰਚ ਰਚਾ ਕੇ, ਸਿੱਖਾਂ ਨੂੰ ਜਾਣ-ਬੁਝ ਕੇ ਕਿਲ੍ਹੇ ਉੱਤੇ ਚੜ੍ਹਨ ਦਾ ਮੌਕਾ ਦਿੱਤਾ ਅਤੇ ਸਿਆਸੀ ਨੁਕਤਾ-ਨਿਗਾਹ ਤੋਂ ਫੋਟੋਗ੍ਰਾਫੀ ਕੀਤੀ?

ਮੁੱਕਦੀ ਗੱਲ, ਸਰਕਾਰ ਨੇ ਲਾਲ ਕਿਲ੍ਹੇ ਦੀ ਘਟਨਾ ਨੂੰ ਕਿਸਾਨੀ ਅੰਦੋਲਨ ਨੂੰ ਤੋੜਨ/ਕਮਜ਼ੋਰ ਕਰਨ ਅਤੇ ਸਿੱਖਾਂ ਨੂੰ ਪੁਰਾਣੇ 1980ਵਿਆਂ ਦਿਨਾਂ ਵਾਂਗ ਬਦਨਾਮ ਕਰਨ ਲਈ ਸਿਆਸੀ ਤੌਰ ਉੱਤੇ ਵਰਤਿਆ।

ਇਹ ਵੱਖਰਾ ਵਿਸ਼ਾ ਹੈ ਕਿ ਕਿਸਾਨ ਅੰਦੋਲਨ ਬਚ ਗਿਆ ਜਾਂ ਹੋਰ ਮਜ਼ਬੂਤ ਹੋ ਗਿਆ ਪਰ ਹਿਸਟਰੀ ਵਿਚੋਂ ਇਹ ਮਿਟਾਇਆ ਨਹੀਂ ਜਾ ਸਕੇਗਾ ਕਿ ਲਾਲ ਕਿਲ੍ਹੇ ਦੀ ਘਟਨਾ ਸਿੱਖਾਂ ਵੱਲੋਂ ਖੁਦ ਨੌਜਵਾਨਾਂ ਨੂੰ ਉਕਸਾਉਣ ਕਰ ਕੇ ਵਾਪਰੀ। ਸਿੱਖ ਵਿਚਾਰਵਾਨਾਂ ਨੇ ਵੀ ਅਕਲ ਤੋਂ ਕੰਮ ਨਹੀਂ ਲਿਆ।

ਗੁਰਬਾਣੀ ਤਾਂ ਵਾਰ-ਵਾਰ ਸਿੱਖਾਂ ਨੂੰ ਸੋਚ-ਸਮਝ ਅਤੇ ਅਕਲ ਤੋਂ ਕੰਮ ਲੈਣ ਦੀ ਪ੍ਰੇਰਨਾ ਦਿੰਦੀ ਹੈ। ਗੁਰਬਾਣੀ/ਸਿੱਖ ਗੁਰੂ ਮਨੁੱਖ ਨੂੰ ਅੰਧ-ਵਿਸ਼ਵਾਸੀ ਬਣਨ ਤੋਂ ਰੋਕਦੀ ਹੈ।

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥
ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥ (ਪੰਨਾ 1245)

ਸਿੱਖ ਧਰਮ ਅੰਧ-ਵਿਸ਼ਵਾਸੀ ਭੀੜਾਂ ਦਾ ਧਰਮ ਨਹੀਂ। ਭੀੜ ਮਾਨਸਿਕਤਾ ਰੂਹਾਨੀਅਤ ਬੁਲੰਦੀ ਪ੍ਰਾਪਤ ਕਰ ਕੇ, ਸ਼ਹੀਦੀ ਦਾ ਜਾਮ ਨਹੀਂ ਪੀ ਸਕਦੀ। ਬਾਬੇ ਨਾਨਕ ਦਾ ਧਰਮ 'ਸਹਿਜ, ਸਬਰ ਤੇ ਸੰਤੋਖ' ਵਾਲਾ ਦਯਾ ਦਾ ਧਰਮ ਹੈ ਜਿਸ ਵਿਚੋਂ ਖੁਦਗਰਜ਼ੀ ਤੋਂ ਉਪਰ ਉੱਠ ਕੇ ਮਨੁੱਖਤਾ ਦੀ ਸੇਵਾ ਦੀ ਭਾਵਨਾ ਉਪਜਦੀ ਹੈ। ਆਪਣੇ 'ਅਹਿਮ' ਨੂੰ ਤਿਆਗ ਕੇ ਦੂਜੇ ਦੀ ਸੇਵਾ ਵਿਚ ਖੜ੍ਹੇ ਹੋ ਜਾਣ ਤੋਂ ਹੀ ਰੂਹਾਨੀਅਤ ਦੇ ਸਫਰ ਦਾ ਆਗਾਜ਼ ਹੁੰਦਾ ਅਤੇ ਮਨੁੱਖ ਨਰਕ-ਸਵਰਗ ਦੇ ਬ੍ਰਾਹਮਣਵਾਦੀ ਚੱਕਰਾਂ/ਭੁਲੇਖਿਆਂ ਤੋਂ ਮੁਕਤ ਹੋ ਜਾਂਦਾ। ਇਸੇ ਹੀ ਮਾਨਸਿਕ ਆਜ਼ਾਦੀ ਦੇ ਸਿਰ ਉੱਤੇ ਸਿੱਖ ਦੁਨੀਆ ਦੇ ਹਰ ਖਿੱਤੇ ਵਿਚ, ਹਰ ਸਮਾਜ ਵਿਚ ਆਪਣੀ ਵਿੱਲਖਣ ਥਾਂ ਬਣਾਉਣ ਵਿਚ ਕਾਮਯਾਬ ਹੋ ਗਏ ਹਨ।

ਦੁੱਖ ਇਸ ਗੱਲ ਦਾ ਹੈ ਕਿ ਸਮਝਦਾਰ/ਵਿਚਾਰਵਾਨ ਸਿੱਖ ਜਿਹੜੇ ਲਾਲ ਕਿਲ੍ਹੇ ਦੀ ਘਟਨਾ ਪਿੱਛੋਂ ਖੁਦ ਘਬਰਾ ਕੇ ਸਫਾਈਆਂ ਦੇਣ ਲੱਗ ਪਏ ਸਨ, ਆਪਣੇ ਅੰਦਰ ਝਾਤੀ ਮਾਰਨ ਦੀ ਬਜਾਏ, ਕਿਸਾਨ ਲੀਡਰਾਂ ਨੂੰ ਦੋਸ਼ੀ ਠਹਰਾਉਣ ਲੱਗ ਪਏ ਕਿ "ਕਿਸਾਨ ਨੇਤਾ ਟਰੈਕਟਰ ਪਰੇਡ ਕੰਟਰੋਲ ਕਰਨ ਦੇ ਸਮਰੱਥ ਨਹੀਂ ਸਨ ਤਾਂ ਉਨ੍ਹਾਂ ਨੇ ਕਿਸਾਨਾਂ ਨੂੰ ਦਿੱਲੀ ਪਹੁੰਚਣ ਦਾ ਸੱਦਾ ਕਿਉ ਦਿੱਤਾ? ਕਿਸਾਨ ਲੀਡਰਾਂ ਵਿਚ ਫੁੱਟ ਹੈ, ਉਹ

*(ਬਾਕੀ ਅਗਲੇ ਸਫੇ 'ਤੇ)*

# ਦਰਦ ਫਿਰ ਜਾਗਾ, ਜ਼ਖਮ ਫਿਰ ਤਾਜ਼ਾ ਹੂਆ

ਕੋਈ ਵੱਡੀ, ਵੱਖਰੀ ਅਤੇ ਨਿਰਾਲੀ ਗੱਲ ਤਾਂ ਸੀ ਹੀ (ਹੈ) ਉਸ ਵਿਚ, ਜਿਸ ਕਰ ਕੇ ਉਹ ਬਹੁਤ ਸਾਰੀਆਂ ਤਾਕਤਾਂ ਅਤੇ ਲੋਕਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ ਸੀ। ਅਚਾਨਕ ਤਾਰਿਆਂ ਨਾਲ ਗੱਲਾਂ ਕਰਨ ਵਾਲੇ ਦੀਪ ਸਿੱਧੂ ਨੇ ਜਦੋਂ ਪੰਜਾਬ ਦੇ ਵਿਹੜੇ ਵਿਚ ਦਸਤਕ ਦਿੱਤੀ ਤਾਂ ਉਸ ਦੇ ਭਾਜਪਾ ਵਾਲੇ ਪਿਛੋਕੜ ਕਾਰਨ ਰਾਜਨੀਤੀ ਦਾ ਮੈਦਾਨ ਸੁਭਾਵਕ ਹੀ ਉਸ ਬਾਰੇ ਕਈ ਕਿਸਮ ਦੇ ਸ਼ੰਕਿਆਂ ਨਾਲ ਭਰ ਗਿਆ ਸੀ।

ਸਿਆਸੀ ਸ਼ਰੀਕ ਵੀ ਅਤੇ ਕਈ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਵੀ ਦੀਪ ਸਿੱਧੂ ਨੂੰ ਨੌਜਵਾਨਾਂ ਨਾਲੋਂ ਨਿਖੇੜਨ ਲਈ ਸ਼ੰਕਿਆਂ ਵਾਲੇ

**ਕਰਮਜੀਤ ਸਿੰਘ**
ਫੋਨ: +91-99150-91063

ਬਿਰਤਾਂਤ ਦਾ ਹੀ ਆਸਰਾ ਲੈਣਾ ਪਿਆ ਪੈ ਰਿਹਾ ਸੀ ਪਰ ਛੇਤੀ ਹੀ ਇਸ ਬਿਰਤਾਂਤ ਦੀ ਫੂਕ ਨਿਕਲ ਗਈ ਅਤੇ ਉਹ ਸਹਿਜੇ-ਸਹਿਜੇ ਨੌਜਵਾਨਾਂ ਵਿਚ ਲੋਕ ਨਾਇਕ ਵਰਗਾ ਰੁਤਬਾ ਅਖਤਿਆਰ ਕਰ ਗਿਆ। ਉਂਜ, 26 ਜਨਵਰੀ ਨੂੰ ਲਾਲ ਕਿਲ੍ਹੇ ਉਤੇ ਨਿਸ਼ਾਨ ਸਾਹਿਬ ਲਹਿਰਾਏ ਜਾਣ ਦੀ ਇਤਿਹਾਸਕ ਅਤੇ ਯਾਦਾਂ ਵਿਚ ਵੱਸ ਜਾਣ ਵਾਲੀ ਘਟਨਾ ਨਾਲ ਜੋੜ ਕੇ ਉਸ ਨੂੰ ਇੱਕ ਵਾਰ ਮੁੜ ਖਲਨਾਇਕ ਜਾਂ ਗੱਦਾਰ ਕਹਿਣ ਦਾ ਮੌਕਾ ਉਨ੍ਹਾਂ ਲੋਕਾਂ ਨੂੰ ਮਿਲ ਗਿਆ ਜੋ ਇਹੋ ਜਿਹੀ ਘੜੀ ਦਾ ਹੀ ਇੰਤਜ਼ਾਰ ਕਰ ਰਹੇ ਸਨ ਪਰ ਉਹ ਨਹੀਂ ਸਨ ਜਾਣਦੇ ਕਿ ਇਸ 'ਇੰਤਜ਼ਾਰ' ਵਿਚ ਇਤਿਹਾਸ ਨਾਲ ਵਿਸ਼ਵਾਸਘਾਤ ਕਰਨ ਦੀ ਸ਼ੈਤਾਨੀ ਭਾਵਨਾ ਵੀ ਲੁਕੀ ਪਈ ਸੀ ਜੋ ਸਮਾਂ ਪਾ ਕੇ ਹੀ ਸਾਹਮਣੇ ਆ ਸਕੇਗੀ।

ਹੁਣ ਕਿੰਨੇ ਸਾਰੇ ਬਿਰਤਾਂਤ ਸਿਰਜ ਦਿੱਤੇ ਗਏ ਹਨ ਜੋ ਸਾਨੂੰ ਦੀਪ ਸਿੱਧੂ ਦੇ ਬਿਰਤਾਂਤ ਤਕ ਪਹੁੰਚਣ ਹੀ ਨਹੀਂ ਦਿੰਦੇ। ਹੁਣ ਵੱਡਾ ਸਵਾਲ ਇਹ ਹੈ ਕਿ ਦੁਸ਼ਮਣਾਂ ਵੱਲੋਂ ਸਿਰਜੇ ਗਏ ਬਹੁਤ ਸਾਰੇ ਬਿਰਤਾਂਤਾਂ ਵਿਚੋਂ ਆਪਣਾ ਬਿਰਤਾਂਤ, ਅਰਥਾਤ ਦੀਪ ਸਿੱਧੂ ਦਾ ਬਿਰਤਾਂਤ ਕਿਵੇਂ ਦੱਸਿਆ ਜਾਵੇ? ਉਸ ਬਿਰਤਾਂਤ ਲਈ ਹਮਾਇਤ ਕਿਵੇਂ ਇਕੱਠੀ ਕੀਤੀ ਜਾਵੇ? ਤੇ ਉਸ ਬਿਰਤਾਂਤ ਨੂੰ ਨੌਜਵਾਨਾਂ ਵਿਚ ਸਥਾਪਤ ਕਿਵੇਂ ਕੀਤਾ ਜਾਏ? ਵੈਸੇ ਜਜ਼ਬਿਆਂ ਦੀ ਪੱਧਰ ਉੱਤੇ ਦੀਪ ਸਿੱਧੂ ਲਈ ਇੱਕ ਲਹਿਰ ਤਾਂ ਬਣਦੀ ਹੀ ਜਾ ਰਹੀ ਹੈ ਜੋ ਅੰਤ ਨੂੰ ਕੀ ਰੂਪ ਅਖਤਿਆਰ ਕਰੇਗੀ, ਉਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ।

ਇੱਕ ਬਿਰਤਾਂਤ ਪੁਲਿਸ ਦਾ ਹੈ। ਇੱਕ ਬਿਰਤਾਂਤ ਸਰਕਾਰ ਦਾ ਹੈ। ਇਕ ਬਿਰਤਾਂਤ ਮੀਡੀਏ ਦਾ ਹੈ। ਇੱਕ ਬਿਰਤਾਂਤ ਦੇਸ਼ ਦੀ ਬਹੁਗਿਣਤੀ ਵਾਲੇ ਲੋਕਾਂ ਦਾ ਹੈਂ। ਇੱਕ ਬਿਰਤਾਂਤ ਉਦਾਰਵਾਦ ਅਤੇ ਨਵ-ਉਦਾਰਵਾਦ ਨਾਲ ਜੁੜੇ ਵਿਦਵਾਨਾਂ ਦਾ ਹੈ ਜੋ ਆਪੋ-ਆਪਣੀ ਲੋੜ ਅਨੁਸਾਰ ਕਿਸਾਨ ਅੰਦੋਲਨ ਨਾਲ ਹਮਦਰਦੀ ਤਾਂ ਰੱਖਦੇ ਹਨ ਪਰ ਨਿਸ਼ਾਨ ਸਾਹਿਬ ਦੀ ਘਟਨਾ ਤੋਂ ਦੂਰੀ ਵੀ ਬਣਾ ਕੇ ਰੱਖਦੇ ਹਨ। ਇਤਿਹਾਸ ਦਾ ਇਹ ਅਜੀਬ ਵਿਅੰਗ ਹੈ ਕਿ ਇਸ ਸਾਰੇ ਬਿਰਤਾਂਤ ਥੋੜ੍ਹੇ ਬਹੁਤੇ ਫਰਕ ਨਾਲ ਇੱਕੋ 'ਪੇਜ' ਉੱਤੇ ਆ ਗਏ ਹਨ। ਇਹ ਸਾਰੇ ਬਿਰਤਾਂਤ ਇਕ ਵੱਡੀ ਤਾਕਤ ਬਣ ਕੇ ਦੀਪ ਸਿੱਧੂ ਨਾਲ ਟੱਕਰ ਲੈ ਰਹੇ ਹਨ।

ਇਤਿਹਾਸ ਨੇ ਇਕ ਹੋਰ ਉਲਟੀ ਛਾਲ ਮਾਰ ਕੇ ਇਕ ਹੋਰ ਬਿਰਤਾਂਤ ਨੂੰ ਸਾਡੇ ਸਾਹਮਣੇ ਲਿਆਂਦਾ ਹੈ ਅਤੇ ਉਹ ਬਿਰਤਾਂਤ ਹੈ- ਕਿਸਾਨ ਆਗੂਆਂ ਦਾ ਬਿਰਤਾਂਤ ਜੋ ਦੁਸ਼ਮਣਾਂ ਦੇ ਬਿਰਤਾਂਤ ਨਾਲ ਹੀ ਕਿਤੇ ਅਚੇਤ ਤੇ ਕਿਤੇ ਸੁਚੇਤ ਰੂਪ ਵਿਚ ਰਲ ਮਿਲ ਗਿਆ ਹੈ। ਇਤਿਹਾਸ ਨੂੰ ਦੂਰ ਦੀ ਨਜ਼ਰ ਨਾਲ ਨਾ ਦੇਖ ਸਕਣ ਵਾਲੇ ਅਤੇ ਕੁਝ ਆਪਣੇ ਵੀ ਜੋ ਤਿੰਨਾਂ ਕਾਨੂੰਨਾਂ ਨੂੰ ਰੋਟੀ ਪਾਣੀ ਦੇ ਨਜ਼ਰੀਏ ਤੋਂ ਹੀ ਵੇਖ ਰਹੇ ਹਨ ਅਤੇ ਜਿਨ੍ਹਾਂ ਦੇ ਜਜ਼ਬੇ ਲੋੜਾਂ ਤੋਂ ਅੱਗੇ ਨਹੀਂ ਜਾਂਦੇ, ਉਨ੍ਹਾਂ ਦੀ ਦੁਬਿਧਾ-ਬਿਰਤੀ ਵੀ ਖਾਮੋਸ਼ ਤੇ ਦੱਬੇ ਰੂਪ ਵਿਚ ਉਪਰੋਕਤ ਬਿਰਤਾਂਤਾਂ ਨਾਲ ਹੀ ਸਾਂਝ ਪਾ ਰਹੀ ਜਾਪਦੀ ਹੈ। ਕੈਸਾ ਦਰਦਨਾਕ ਦ੍ਰਿਸ਼ ਹੈ ਖਾਲਸਾ ਜੀ!

ਇਹ ਠੀਕ ਹੈ ਕਿ ਦੀਪ ਸਿੱਧੂ ਅਜੇ ਸਿੱਖੀ ਸਰੂਪ ਵਿਚ ਨਹੀਂ ਸੀ ਆਇਆ ਅਤੇ ਦਸਮੇਸ਼ ਪਿਤਾ ਦੀ ਮੁਕੰਮਲ ਬਖਸ਼ਿਸ਼ ਉਸ ਨੂੰ ਹਾਸਲ ਨਹੀਂ ਸੀ ਪਰ ਉਸ ਦੀ ਦਸਤਾਰ ਇਹ ਇਸ਼ਾਰਾ ਕਰਦੀ ਸੀ ਕਿ ਉਹ 'ਓਧਰ ਵੱਲ' ਜਾ ਤਾਂ ਰਿਹਾ ਹੀ ਸੀ।

ਉਪਰੋਕਤ ਹਾਲਤਾਂ ਵਿਚ ਦੀਪ ਸਿੱਧੂ ਦੇ ਬਿਰਤਾਂਤ ਨਾਲ ਜੁੜਨ ਤੇ ਉਸ ਲਈ ਬੋਲਣ ਤੇ ਸੋਚਣ ਵਾਲੇ ਤਾਂ ਵਿਰਲਿਆਂ ਵਿਚੋਂ ਵਿਰਲੇ ਹੀ ਹਨ। ਦੀਪ ਸਿੱਧੂ ਦੀ ਮਾਨਸਿਕ ਹਾਲਤ 'ਏਕਲੜੀ ਬਨ ਮਾਹੇ' ਜਾਂ 'ਏਕਲੜੀ ਕੁਰਲਾਏ' ਜਾਂ 'ਬਿਖਮ ਰੈਣ ਘਣੇਰੀਆ' ਵਰਗੀ ਹਾਲਤ ਬਣ ਗਈ ਹੈ ਪਰ ਕੀ ਕਈ ਵਾਰ ਇਕੱਲਾ ਵਿਅਕਤੀ ਵੀ ਬਹੁਗਿਣਤੀ ਨਹੀਂ ਹੁੰਦਾ? ਤੇ ਬਹੁਗਿਣਤੀ ਵੀ ਇਕੱਲ ਦਾ ਰੂਪ ਹੀ ਧਾਰ ਨਹੀਂ ਲੈਂਦੀ?

ਖਾਲਸਾ ਜੀ! ਜਦੋਂ ਕਿਸਾਨ ਆਗੂ ਤਿੰਨ ਬਿੱਲਾਂ ਦਾ ਵਿਰੋਧ ਕਰ ਰਹੇ ਸੀ ਤਾਂ ਇਹ ਦੀਪ ਸਿੱਧੂ ਹੀ ਸੀ ਜਿਸ ਨੇ ਇਨ੍ਹਾਂ ਬਿੱਲਾਂ ਨੂੰ 'ਹੋਂਦ' ਦੇ ਸੰਕਲਪ ਨਾਲ ਜੋੜ ਕੇ 'ਪੰਜਾਬ ਸਪੈਸਿਫਿਕ' ਅਤੇ 'ਖਾਲਸਾ-ਸਪੈਸੇਫਿਕ' ਦੇ ਨਿਯਮ ਵੱਲ ਸਿੱਖਾਂ ਨੂੰ ਅਤੇ ਪੰਜਾਬੀਆਂ ਨੂੰ ਧਿਆਨ ਦੇਣ ਦੀ ਲੋੜ ਦਾ ਅਹਿਸਾਸ ਕਰਵਾਇਆ। ਇਹ ਬਿਲਕੁਲ ਵੱਖਰਾ ਮੁੱਦਾ ਸੀ ਜਿਸ ਵਿਚ ਉਸ ਨੇ ਜ਼ਿੰਦਗੀ ਨੂੰ, ਘਟਨਾਵਾਂ ਨੂੰ ਅਤੇ ਵਰਤਾਰਿਆਂ ਨੂੰ ਮਹਿਸੂਸ ਕਰਨ ਦਾ ਇੱਕ ਹੈਰਾਨਕੁਨ ਮੁੱਦਾ ਸਿਰਜ ਦਿੱਤਾ ਅਤੇ ਸਿਰਜਿਆ ਵੀ ਜਜ਼ਬਿਆਂ ਦੀ ਦੀਵਾਨਗੀ ਨਾਲ।

ਦਿਲਚਸਪ ਸੱਚਾਈ ਇਹ ਹੈ ਕਿ ਉਸ ਨੇ ਘੜੀ ਪਲ ਲਈ ਵੀ ਜਜ਼ਬਿਆਂ ਨੂੰ ਸਾਹ ਨਹੀਂ ਸੀ ਲੈਣ ਦਿੱਤਾ ਅਤੇ ਇਹ ਅਜੀਬ ਸਥਿਤੀ ਉਸ ਸ਼ਿਅਰ ਨਾਲ ਜੁੜ ਗਈ:

ਦਰਦ ਫਿਰ ਜਾਗਾ, ਜ਼ਖਮ ਫਿਰ ਤਾਜ਼ ਹੂਆ।

ਜ਼ਖਮਾਂ ਨੂੰ ਫਿਰ ਜਗਾਉਣਾ ਦੀਪ ਸਿੱਧੂ ਦੀ ਇਤਿਹਾਸਕ ਪ੍ਰਾਪਤੀ ਸੀ।

ਜੇ ਖਾਲਸਾ ਜੀ, ਚਲੰਤ ਮਾਮਲਿਆਂ ਦਾ ਗੁਲਾਮ ਹੋਣ ਦੀ ਥਾਂ, ਅਰਥਾਤ ਕਦੇ ਉਸ ਨੂੰ ਆਰ.ਐਸ.ਐਸ. ਨਾਲ ਜੋੜ ਕੇ, ਕਦੇ ਭਾਜਪਾ ਨਾਲ ਅਤੇ ਕਦੇ ਏਜੰਸੀਆਂ ਨਾਲ ਜੋੜ ਕੇ ਦੇਖਣ ਦੀ ਥਾਂ ਅਸੀਂ ਹੋਂਦ ਦੇ ਸਵਾਲ ਦੀ ਮਹੱਤਤਾ ਨੂੰ ਕੁਝ ਚਿਰ ਲਈ ਆਪਣਾ ਘਰ ਬਣਾ ਲਈਏ ਤਾਂ ਦੀਪ ਸਿੱਧੂ ਦੇ ਧੁਰ ਅੰਦਰ ਰਿੱਝਦੇ ਪਕਦੇ ਜਜ਼ਬਿਆਂ ਨਾਲ ਸਾਡੀ ਸਾਂਝ ਜ਼ਰੂਰ ਪਵੇਗੀ। ਉਸ ਨੇ ਜਦੋਂ ਹੋਂਦ ਨੂੰ ਖਤਰਾ ਦੱਸ ਕੇ ਸੰਤ ਜਰਨੈਲ ਸਿੰਘ ਨੂੰ ਯਾਦ ਕੀਤਾ, ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਨੂੰ ਸਾਡੇ ਚੇਤਿਆਂ ਵਿਚ ਮੁੜ ਵਸਾ ਦਿੱਤਾ ਤਾਂ ਕਿਸਾਨ ਮੋਰਚੇ ਵਿਚ ਕਈ ਸਾਲਾਂ ਤੋਂ ਭੁੱਲਿਆ ਵਿੱਸਰਿਆ ਅਤੇ ਦਬਾ ਕੇ ਰੱਖਿਆ ਨਵਾਂ ਨੈਰੇਟਿਵ ਉੱਭਰ ਕੇ ਸਾਡੇ ਸਾਹਮਣੇ ਆ ਗਿਆ ਜਿਸ ਨਾਲ ਉਹ ਸਹਿਜ ਸੁਭਾਅ ਹੀ ਨੌਜਵਾਨਾਂ ਦਾ ਨਾਇਕ ਜਾਪਣ ਲੱਗਾ। ਮੇਰੀ ਬੇਨਤੀ ਹੈ ਕਿ ਹੋਂਦ ਦੇ ਸਵਾਲ ਨੂੰ ਜੇ ਮਨੋਵਿਗਿਆਨਕ ਅਤੇ ਦਾਰਸ਼ਨਿਕ ਨਜ਼ਰੀਏ ਤੋਂ ਦੇਖਣ ਦੀ ਵਿਹਲ ਕੱਢਾਂਗੇ ਤਾਂ ਸਾਨੂੰ ਇੰਜ ਮਹਿਸੂਸ ਹੋਵੇਗਾ, ਜਿਵੇਂ ਕੋਈ ਬੰਦਾ ਸਾਡੀ ਅਣਜਾਣ ਰੂਹ ਨਾਲ ਗੱਲਾਂ ਕਰ ਰਿਹਾ ਹੈ। ਬਸ! ਚਾਣਕਿਆ ਨੀਤੀ ਨੂੰ ਇਹੋ ਹੀ ਤਾਂ ਮਨਜ਼ੂਰ ਨਹੀਂ ਸੀ ਅਤੇ ਉਨ੍ਹਾਂ ਨੂੰ ਵੀ ਮਨਜ਼ੂਰ ਨਹੀਂ ਸੀ ਜਿਹੜੇ ਚਾਣਕਿਆ ਨੀਤੀ ਦਾ ਕਿਸੇ ਨਾ ਕਿਸੇ ਰੂਪ ਵਿਚ ਸ਼ਿਕਾਰ ਹਨ।

ਹੋਂਦ ਦਾ ਇਕ ਅਰਥ ਇਹ ਸੀ ਕਿ ਅਸੀਂ ਗੁਰੂ-ਸਿਧਾਂਤ ਨਾਲ ਜੁੜੀਏ। ਮੈਨੂੰ ਉਸੇ ਸਮੇਂ ਹਰਿੰਦਰ ਸਿੰਘ ਮਹਿਬੂਬ ਦੀ ਯਾਦ ਆਈ ਜਿੱਥੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਬਾਰੇ ਲਿਖੇ ਇਤਿਹਾਸਕ ਮਹਾਂਕਾਵਿ ਵਿਚ ਇਹ ਐਲਾਨ ਕੀਤਾ: "ਗੁਰ ਬਿਨ ਜਿਊਂਦੇ ਸਿੱਖ ਜਦੋਂ ਰਣ ਖਾਸ ਦੇ। ਬੇਲਗਾਮ ਸਭ ਯੁੱਧ ਹੁਣ ਇਤਿਹਾਸ ਦੇ"। ਦੂਜੇ ਸ਼ਬਦਾਂ ਵਿਚ ਤਿੰਨੇ ਕਾਨੂੰਨਾਂ ਦੀ ਜੰਗ ਜਿੱਤ ਕੇ ਵੀ ਹੋਂਦ ਦਾ ਖਤਰਾ ਸਾਡੇ ਲਈ ਬਣਿਆ ਰਹੇਗਾ ਅਤੇ ਸਾਡਾ ਯੁੱਧ ਬੇਲਗਾਮ ਹੋ ਜਾਵੇਗਾ ਜਿਵੇਂ ਹੁਣ ਨਜ਼ਰ ਆ ਹੀ ਰਿਹਾ ਹੈ। ਮੈਂ ਚਾਹੁੰਦਾ ਹਾਂ ਕਿ 27 ਜਨਵਰੀ ਤੋਂ ਪਹਿਲਾਂ ਦੀਪ ਸਿੱਧੂ ਦੀ ਪ੍ਰਾਪਤੀ ਨੂੰ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਦੇਖਿਆ ਤੇ ਪਰਖਿਆ ਜਾਵੇ। ਦੀਪ ਸਿੱਧੂ ਕਿਸਾਨ ਆਗੂਆਂ ਨਾਲ ਅਤੇ ਕਿਸਾਨ ਅੰਦੋਲਨ ਨਾਲ ਜੁੜ ਕੇ ਵੀ ਵੱਖਰਾ ਸੀ ਅਤੇ ਇਸ ਦੀ ਇਤਿਹਾਸਕ ਲੋੜ ਵੀ ਸੀ।

ਦੂਜਾ, ਉਸ ਨੇ ਕਿਸਾਨ ਆਗੂਆਂ ਨੂੰ ਇਹ ਅਹਿਸਾਸ ਵੀ ਕਰਵਾ ਦਿੱਤਾ ਕਿ ਭਰਾਵੋ! ਇਹ ਅੰਦੋਲਨ ਤੁਹਾਡੇ ਪਹਿਲੇ ਅੰਦੋਲਨਾਂ ਨਾਲੋਂ ਸਿਫਤੀ ਰੂਪ ਵਿਚ ਵੱਖਰਾ ਹੈ, ਕਿਉਂਕਿ ਇਸ ਵਿਚ ਹੋਂਦ ਦੀ ਚਾਸ਼ਨੀ ਵੀ ਰਲ ਗਈ ਹੈ ਪਰ ਬਹੁਤੇ ਆਗੂਆਂ ਨੂੰ ਨਾ ਤਾਂ ਇਸ ਦੀ ਬਹੁਤੀ ਸਮਝ ਸੀ, ਤੇ ਨਾ ਹੀ ਕੋਈ ਲੋੜ ਸੀ ਅਤੇ ਨਾ ਹੀ ਕੋਈ ਅਹਿਮੀਅਤ ਸੀ। ਜਿਸ ਸੱਚ ਨੂੰ ਉਪਰੋਕਤ ਬਿਰਤਾਂਤਾਂ ਨਾਲ ਲੂਲ੍ਹਾ ਲੰਗੜਾ ਕੀਤਾ ਜਾ ਰਿਹਾ ਹੈ, ਉਸ ਸੱਚ ਨੂੰ ਸਾਕਾਰ ਕਰਨ ਲਈ 'ਸਟੇਟ ਦੇ ਭੈਅ ਤੋਂ ਮੁਕਤ' ਵਿਦਵਾਨ ਮੈਦਾਨ ਵਿਚ ਉਤਰਨ। ਇਹ ਅਰਦਾਸ ਵੀ ਕੀਤੀ ਜਾਵੇ ਕਿ ਵਾਹਿਗੁਰੂ ਕਰੇ ਕਿ ਜਿਸ ਹੋਂਦ ਦੇ ਖਤਰੇ ਨੂੰ ਉਸ ਨੇ ਸਾਨੂੰ ਯਾਦ ਕਰਾਇਆ, ਉਹ ਜੇਲ੍ਹ ਵਿਚ ਜਾਂ ਜੇਲ੍ਹ ਤੋਂ ਬਾਹਰ ਆ ਕੇ ਵੀ ਹੋਂਦ ਦੇ ਸਵਾਲ ਉੱਤੇ ਪਹਿਰਾ ਦੇਵੇਗਾ।

# "ਕੋਈ ਅਕਲ ਦਾ ਕਰੋ ਇਲਾਜ ਯਾਰੋ"

*(ਪਿਛਲੇ ਸਫੇ ਦੀ ਬਾਕੀ)*

ਲੀਡਰਸ਼ਿਪ ਦੇ ਯੋਗ ਨਹੀਂ, ਕਾਮਰੇਡ ਲੀਡਰ ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਨਹੀਂ ਸਮਝਦੇ", ਬਗੈਰਾ ਬਗੈਰਾ।

ਸਵਾਲ ਇਹ ਉੱਠਦਾ ਹੈ ਕਿ ਸਿੱਖਾਂ ਵਿਚੋ ਕੋਈ ਯੋਗ ਲੀਡਰ/ਵੱਡੀ ਲੀਡਰਸ਼ਿਪ ਕਿਉ ਨਹੀਂ ਉਭਰੀ ਜਿਹੜੀ ਸਿੱਖ ਨੌਜਵਾਨਾਂ ਦੀ ਭਾਵਨਾਵਾਂ ਦੀ ਤਰਜਮਾਨੀ ਕਰਨ ਦੇ ਸਮਰੱਥ ਹੁੰਦੀ?

ਦੂਜਿਆਂ ਨੂੰ ਦੋਸ਼ੀ ਠਹਰਾਉਣ ਦੀ ਨਕਾਰਾਤਮਿਕ (ਨੈਗੇਟਿਵ) ਪਹੁੰਚ ਛੱਡ ਕੇ ਸਿੱਖ ਵਿਚਾਰਵਾਨ ਖੁਦ ਆਪਣੇ ਅੰਦਰ ਝਾਤੀ ਮਾਰਨ: ਕੀ ਲਾਲ ਕਿਲ੍ਹੇ ਉੱਤੇ ਪਹੁੰਚਣ ਨਾਲ ਸਿੱਖੀ/ਸਿੱਖ ਭਾਈਚਾਰੇ ਨੂੰ ਕੋਈ ਬਲ ਮਿਲਿਆ? ਜਾਂ ਸਿੱਖ ਅਕਸ ਨੂੰ ਕੋਈ ਜ਼ਰਬ ਲੱਗੀ ਹੈ?

ਸਿੱਖ ਭਾਈਚਾਰੇ ਵਿਚ ਬਹੁਤ ਪੜ੍ਹੇ-ਲਿਖੇ ਵਿਚਾਰਵਾਨ ਸ਼ਖਸ ਸਮਝਦੇ ਹਨ ਕਿ ਅੱਜ ਦੀ ਰਾਜਸੱਤਾ/ਸਿਆਸੀ ਚੜ੍ਹਤ 18ਵੀਂ ਸਦੀ ਵਾਂਗ ਨਿਰੋਲ ਹਿੱਕ ਦੇ ਜ਼ੋਰ ਨਾਲ, ਬਾਹੂਬਲ ਨਾਲ ਤਲਵਾਰ ਵਾਹ ਕੇ ਹੀ ਨਹੀਂ ਪ੍ਰਾਪਤ ਕੀਤੀ ਜਾ ਸਕਦੀ। ਅੱਜ ਕੱਲ੍ਹ ਸੱਚ ਤੇ ਝੂਠ, ਇਮਾਨਦਾਰੀ ਤੇ ਬੇਈਮਾਨੀ, ਨੈਤਿਕਤਾ ਤੇ ਅਨੈਤਿਕਤਾ, ਗਲਤ ਤੇ ਠੀਕ ਵਿਚਕਾਰ ਡੂੰਘੀਆਂ ਲਕੀਰਾਂ ਮੱਧਮ ਪੈ ਗਈਆ ਅਤੇ ਧੂੰਆਂਧਾਰ ਝੂਠੇ ਪ੍ਰਚਾਰ/ਪ੍ਰਸਾਰ ਇਨ੍ਹਾਂ ਲਕੀਰਾਂ ਨੂੰ ਮਿਟਾ ਹੀ ਦਿੰਦੇ ਹਨ ਜਿਸ ਕਰ ਕੇ ਜ਼ਾਲਮ ਹਾਕਮ ਆਪਣੇ ਆਪ ਨੂੰ ਦੁੱਧ ਧੋਤਾ ਪੇਸ਼ ਕਰ ਕੇ, ਮਜ਼ਲੂਮ ਲੋਕਾਂ ਦੇ ਰਖਵਾਲੇ/ਹਿਤੈਸ਼ੀ ਵਜੋਂ ਉਭਰ ਆਉਂਦੇ ਹਨ। ਅੱਜ ਦਾ ਜ਼ੋਰਾਵਰ ਆਪਣੇ ਹੱਕ ਵਿਚ ਬਿਰਤਾਂਤ ਸਿਰਜਦਾ ਆਪਣੇ ਪੱਖੀ 'ਨੈਰੇਟਿਵ' ਖੜ੍ਹਾ ਕਰਦਾ ਅਤੇ ਬੰਦਿਆਂ ਦੀਆਂ ਭੀੜਾਂ ਨੂੰ ਆਪਣੇ ਪਿੱਛੇ ਉਂਗਲੀ ਲਾ ਕੇ ਤੋਰ ਲੈਂਦਾ ਹੈ। ਭਾਜਪਾ ਦੀ ਜਿੱਤ ਅਤੇ ਮੋਦੀ ਵਰਤਾਰੇ ਨੇ ਇਹ ਸਭ ਕੁਝ ਸਪਸ਼ਟ ਕਰ ਦਿੱਤਾ।

ਪੰਜਾਬ ਦੇ ਦੁਖਾਂਤ ਵਿਚ ਵੀ ਇਹੋ ਕੁਝ ਵਾਪਰਿਆ ਸੀ। ਜ਼ਿਆਦਾ ਸਿੱਖ ਪੁਲਿਸ ਕਰਮੀਆਂ ਨੂੰ ਸਿੱਖਾਂ ਉੱਤੇ ਨੰਗੀ ਵਹਿਸ਼ਤ ਵਰਤਾਉਣ ਲਈ ਸ਼ਿੰਗਾਰਿਆ ਗਿਆ ਸੀ। ਰਾਜਸੱਤਾ ਮਾਣਦੇ ਸਿੱਖ ਸਿਆਸੀ ਆਗੂਆਂ ਨੇ ਹੀ ਜ਼ੁਲਮ ਦੇ ਉਸ ਦੌਰ ਨੂੰ ਸ਼ਰੇਆਮ ਦਫਨ ਕੀਤਾ ਸੀ। ਤਕਨਾਲੋਜੀ ਦੇ ਅਥਾਹ ਵਿਕਾਸ ਕਰ ਕੇ ਅਤੇ 'ਸਟੇਟ' (ਰਿਆਸਤ) ਦਾ ਇਸ ਉੱਤੇ ਕਬਜ਼ਾ ਹੋਣ ਕਰ ਕੇ, ਇਸ ਡਿਜੀਟਲ ਸੰਚਾਰ ਦੇ ਯੁੱਗ ਵਿਚ ਸਰਕਾਰਾਂ ਕੋਲ ਆਪਣੇ ਹੱਕ ਵਿਚ ਨੈਰੇਟਿਵ ਖੜ੍ਹਾ ਕਰਨ ਦੀ ਵੱਡੀ ਸਮਰੱਥਾ ਹੱਥ ਵਿਚ ਆ ਗਈ ਹੈ।

ਉਂਜ, ਇਸ ਦਾ ਮਤਲਬ ਇਹ ਨਹੀਂ ਕਿ ਅਸੀਂ (ਲੋਕ) ਕੁਝ ਨਹੀਂ ਕਰ ਸਕਦੇ। ਇਹ ਵਿਵਸਥਾ ਸਾਨੂੰ ਸੋਚ-ਸਮਝ ਅਤੇ ਅਕਲ ਦੀ ਵੱਧ ਵਰਤੋਂ ਕਰਨ ਲਈ ਵੰਗਾਰਦੀ ਹੈ। ਇਸੇ ਕਰ ਕੇ ਸ਼ਾਂਤਮਈ ਅੰਦੋਲਨ ਨੂੰ ਖੜ੍ਹਾ ਕਰ ਕੇ ਨੈਤਿਕ/ਇਖਲਾਕੀ ਬੁਲੰਦੀ ਪ੍ਰਾਪਤ ਕਰ ਕੇ ਹੀ ਰਿਆਸਤ/ਸਟੇਟ ਵੱਲੋਂ ਚਲੀਆਂ ਭੜਕਾਊ ਚਾਲਾਂ ਰਾਹੀਂ ਅੰਦੋਲਨਕਾਰੀਆਂ ਨੂੰ ਹਿੰਸਾ ਦੇ ਰਾਹ ਤੋਰਨ ਦੀਆਂ ਕੋਸ਼ਿਸ਼ਾਂ ਲਗਾਤਾਰ ਤੋੜਨੀਆਂ ਪੈਂਦੀਆਂ ਹਨ।

ਪਿਛਲੀ 20ਵੀਂ ਸਦੀ ਦੀਆਂ ਕਿਸਾਨ ਲਹਿਰਾਂ ਨਾਲੋਂ ਮੌਜੂਦਾ ਕਿਸਾਨੀ ਉਭਾਰ ਦਾ ਖਾਸਾ ਬਿਲਕੁਲ ਵੱਖਰਾ ਹੈ। ਕਿਸਾਨ ਕਾਰਪੋਰੇਟ ਲੁੱਟ ਵਿਰੁੱਧ ਖੁਦ ਜਥੇਬੰਦ ਹੋ ਗਏ ਹਨ। ਬਦਲੇ ਹੋਏ ਮੌਜੂਦਾ ਉਦਾਰਵਾਦੀ ਹਾਲਾਤ ਵਿਚ ਫੈਕਟਰੀ ਮਜ਼ਦੂਰ/ਮੁਲਾਜ਼ਮਾਂ ਨੂੰ ਟਰੇਡ ਯੂਨੀਅਨਾਂ ਦੇ ਪਲੇਟਫਾਰਮ ਉੱਤ ਜਥੇਬੰਦ ਕਰ ਕੇ, ਪੁਰਾਣੀ ਕਲਾਸੀਕਲ ਖੱਬੀ ਸਿਆਸਤ ਹੁਣ ਖੜ੍ਹੀ ਨਹੀਂ ਕੀਤੀ ਜਾ ਸਕਦੀ ਹੈ। ਵੱਡੀ ਕਿਸਾਨੀ ਆਬਾਦੀ ਕੋਲ ਇਨਕਲਾਬੀ ਜੁੱਸਾ, ਮਾਨਸਿਕਤਾ ਅਤੇ ਸੜਕ ਉੱਤੇ ਆ ਕੇ ਲੰਮਾ ਸਮਾਂ ਲੜਨ ਦੀ ਸਮਰੱਥਾ ਹੈ ਜਿਸ ਦੀ ਸਹੀ ਨਿਸ਼ਾਨਦੇਹੀ ਕਰ ਕੇ ਖੱਬੀਆਂ ਪਾਰਟੀਆਂ/ਧਿਰਾਂ ਨੇ ਕਿਸਾਨਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ ਸੀ। ਲੰਮੀ, ਸਾਲਾਂ ਬੱਧੀ ਪ੍ਰਕਿਰਿਆਂ ਵਿਚੋਂ ਖੱਬੀਆਂ ਧਿਰਾਂ ਕਿਸਾਨਾਂ ਨੂੰ ਆਪਣੇ ਪਿੱਛੇ ਉਂਗਲੀ ਫੜ ਕੇ ਤੋਰਨ ਵਿਚ ਕਾਮਯਾਬ ਹੋ ਗਈਆਂ। ਇੱਥੋਂ ਤੱਕ ਕਿ ਅੰਮ੍ਰਿਤਧਾਰੀ ਕਿਸਾਨ/ਔਰਤਾਂ ਨੂੰ ਕਿਸਾਨ ਮੰਗਾਂ ਉੱਤੇ ਕਾਮਰੇਡ ਲੀਡਰਾਂ ਪਿੱਛੇ ਲੱਗ ਤੁਰਨ ਵਿਚ ਕੋਈ ਦਿੱਕਤ ਮਹਿਸੂਸ ਨਹੀਂ ਹੋਈ।

ਦਰਅਸਲ, ਆਰਥਿਕ ਮਸਲਿਆਂ ਅਤੇ ਲੋਕਾਂ ਦੀਆਂ ਰੋਜ਼ਮੱਰਾ ਮੁਸ਼ਕਿਲਾਂ/ਦੁਸ਼ਵਾਰੀਆਂ ਦੇ ਹੱਲ ਲਈ ਲੜਨਾ ਲੰਮੇ ਸਮੇਂ ਤੋਂ ਸਿੱਖ ਲੀਡਰਾਂ ਦੇ ਏਜੰਡੇ ਉੱਤੇ ਨਹੀਂ ਰਿਹਾ। ਉਨ੍ਹਾਂ ਨੇ ਇਹ ਮੈਦਾਨ ਖੱਬੀਆਂ ਧਿਰਾਂ ਲਈ ਖਾਲੀ ਛੱਡ ਦਿੱਤਾ ਜਿਸ ਵਿਚੋਂ ਅੱਜ ਦੇ ਵੱਡੇ ਕਿਸਾਨੀ ਲੀਡਰ ਉਭਰ ਆਏ ਹਨ। ਇਹ ਸਚਾਈ ਹੈ ਕਿ ਮਾਰਕਸਵਾਦ ਆਧਾਰਤ ਸਿਆਸਤ, ਸਮਾਜਿਕ ਚੇਤਨਾ ਨਿਖਾਰਦੀ ਹੈ, ਲੋਕਾਂ ਨੂੰ ਜਥੇਬੰਦ ਕਰਨ ਦੀ ਟ੍ਰੇਨਿੰਗ ਅਤੇ ਲੋਕ ਮੁੱਦਿਆਂ ਉੱਤੇ ਜੁੜਨ/ਲੜਨ ਦੀ ਸਮਝ ਦਿੰਦੀ ਹੈ ਜਿਹੜੀ ਆਮ ਸਿੱਖ ਵਿਚਾਰਵਾਨਾਂ ਦੇ ਕਲਾਵੇ ਵਿਚ ਨਹੀਂ ਆਉਂਦੀ।

ਅਮਰੀਕਾ ਦਾ ਸਿਆਹਫਾਮ ਅਕਾਦਮਿਕ ਵਿਦਵਾਨ ਕਾਰਨਲ ਵੈਸਟ ਜਿਹੜਾ ਆਪਣੇ ਆਪ ਨੂੰ ਈਸਾਈ ਧਾਰਮਿਕ ਬੰਦਾ ਦੱਸਦਾ ਹੈ, ਨੇ ਕਿਹਾ ਕਿ ਰਿਆਸਤੀ/ਸਟੇਟ/ਧੱਕੇਸ਼ਾਹੀ ਅਤੇ ਸਮਾਜਿਕ/ਆਰਥਿਕ ਨਾ-ਬਰਾਬਰੀ ਵਿਰੁੱਧ ਲੜਨ ਲਈ ਮਾਰਕਸਵਾਦ ਬੌਧਿਕ ਹਥਿਆਰ ਮੁਹੱਈਆ ਕਰਦਾ ਹੈ ਜਿਸ ਨਾਲ ਬੇਰੁਜ਼ਗਾਰੀ, ਪੂੰਜੀਪਤੀ ਲੁੱਟ, ਭੁੱਖਮਰੀ ਅਤੇ ਸਮਾਜਿਕ ਸ਼ੋਸ਼ਣ ਵਿਰੁੱਧ ਲੰਮਾ ਸੰਘਰਸ਼ ਲੜਿਆ ਜਾ ਸਕਦਾ ਹੈ। ਸਮਾਜਿਕ ਅਤੇ ਆਰਥਿਕ ਚੇਤਨਾ ਨੂੰ ਵੀ ਮਾਰਕਸਵਾਦ ਪ੍ਰਚੰਡ ਕਰਦਾ ਹੈ, ਭਾਵੇਂ ਸੂਖਮ ਮਨੁੱਖੀ ਜਜ਼ਬਿਆਂ/ਭਾਵਨਾਵਾਂ ਜਿਵੇਂ ਜੰਮਣਾ-ਮਰਨਾ, ਹੋਂਦ ਦੇ ਮੁੱਦੇ, ਪਿਆਰ, ਨਸਲਵਾਦ ਆਦਿ ਅਤੇ ਹੋਰ ਕੁਦਰਤੀ ਰਹੱਸਾਂ ਬਾਰੇ ਇਹ ਚੁੱਪ ਹੈ। ਇਹ ਵੀ ਸੱਚ ਹੈ ਕਿ ਮਾਰਕਸਵਾਦ 'ਧਰਮ' ਦੀ ਜਗ੍ਹਾ ਨਹੀਂ ਲੈ ਸਕਦਾ ਅਤੇ ਰੂਹਾਨੀਅਤ ਬੁਲੰਦੀ ਇਸ ਦੇ ਕਲਾਵੇ ਵਿਚ ਨਹੀਂ ਆਉਂਦੀ।

ਖੈਰ, ਸਾਡੇ ਬਹੁਤੇ ਕਾਮਰੇਡ ਤਾਂ ਸਹੀ ਮਾਇਨਿਆਂ ਵਿਚ ਮਾਰਕਸਵਾਦੀ ਵੀ ਨਹੀਂ ਹੁੰਦੇ। ਉਹ ਆਰਥਕਵਾਦ ਵਿਚ ਫਸੇ ਰਹਿੰਦੇ ਹਨ। ਇਸੇ ਕਰ ਕੇ ਕਿਸਾਨ ਅੰਦੋਲਨ ਦੇ ਸ਼ੁਰੂ ਵਿਚ ਸਟੇਜਾਂ ਤੋਂ 'ਬੋਲੇ ਸੋ ਨਿਹਾਲ' ਦੇ ਸਿੱਖ ਸਭਿਆਚਾਰਕ 'ਬੋਲ' ਵਿਰੁੱਧ ਵੀ ਆਵਾਜ਼ਾਂ ਉੱਠੀਆਂ। ਸਿੱਖੀ ਰਹੁ-ਰੀਤ, ਪਾਠ-ਪੂਜਾ ਅਤੇ ਤਵਾਰੀਖੀ ਸਿੱਖ ਨਾਹਰਿਆਂ ਉੱਤੇ ਵੀ ਕਿੰਤੂ-ਪ੍ਰੰਤੂ ਹੋਇਆ। ਅਸਲ ਵਿਚ, ਪੰਜਾਬ ਅਤੇ ਕਿਸਾਨੀ ਨੇ ਵੱਡੀ ਅਗਵਾਈ ਸਿੱਖੀ ਸਭਿਆਚਾਰ ਨਾਲ ਜੁੜੇ ਹੋਣ ਕਰ ਕੇ ਹੀ ਦਿੱਤੀ। ਧਰਮ ਹੀ ਸਭਿਆਚਾਰ ਦਾ ਵੱਡਾ ਸਿਰਜਕ ਹੁੰਦਾ ਅਤੇ ਆਮ ਬੰਦਾ ਆਪਣੇ ਸਭਿਆਚਾਰ ਅਤੇ ਅਤੀਤ ਦੀਆਂ ਮਿਥਾਂ/ਕਹਾਣੀਆਂ ਦੇ ਤਸੱਵੁਰ ਵਿਚ ਹੀ ਜਿਊਂਦਾ ਹੈ। ਪਿੱਛੇ ਘਰੇ ਆਪਣਾ ਸਭਿਆਚਾਰ/ਵਿਰਸਾ ਛੱਡ ਕੇ ਕੋਈ ਕਿਸਾਨ ਇੱਕ ਵੀ ਠੰਢੀ ਰਾਤ ਬਾਰਡਰਾਂ ਉੱਤੇ ਨਹੀਂ ਕੱਟ ਸਕਦਾ।

ਕਾਮਰੇਡਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਛਾਂਗੇ ਅਤੇ ਪੱਤਿਆਂ-ਰਹਿਤ ਰੁੱਖ ਖੜ-ਸੁੱਕ ਹੋ ਜਾਂਦੇ ਹਨ। ਹਰ ਮਨੁੱਖ ਆਪਣੀ ਮਨੁੱਖੀ ਸਮੂਹਾਂ ਦੀ ਪਛਾਣ ਵਿਚ ਹੀ ਮੌਲਦਾ ਅਤੇ ਬੁਲੰਦੀਆਂ ਸਰ ਕਰਦਾ ਹੈ। ਖੈਰ, ਸਭਿਆਚਾਰਕ ਕਾਮਰੇਡ ਤੇ ਗੈਰ-ਕਾਮਰੇਡ ਵੰਨਗੀਆਂ ਦੇ ਕਿਸਾਨੀ ਲੀਡਰਾਂ ਵਿਚੋਂ ਸਾਨੂੰ ਸੰਪੂਰਨਤਾ ਲੱਭਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਕਿਉਂਕਿ ਬੰਦੇ ਦਾ ਵਿਕਾਸ ਅਮਲ ਵਿਚੋਂ ਹੀ ਹੁੰਦਾ ਹੈ ਅਤੇ ਬਹੁਤੀ ਵਾਰੀ ਵਿਕਾਸ ਸਮੇਂ ਦਾ ਹਾਣੀ ਨਹੀਂ ਬਣਦਾ।

ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਤਮਾਮ ਕਮੀਆਂ/ਕਮਜ਼ੋਰੀਆਂ ਦੇ ਬਾਵਜੂਦ ਕਿਸਾਨ ਲੀਡਰਾਂ ਦਾ ਇੰਨਾ ਵੱਡਾ ਕਿਸਾਨੀ ਉਭਾਰ ਉਠਾਉਣ ਵਿਚ ਵੱਡਾ ਯੋਗਦਾਨ ਹੈ ਜਿਸ ਨੇ ਹਿੰਦੂ ਰਾਸ਼ਟਰਵਾਦੀ ਤਾਨਾਸ਼ਾਹੀ ਨਿਜ਼ਾਮ ਨੂੰ ਵਖਤ ਵਿਚ ਪਾ ਛੱਡਿਆ ਹੈ। ਦੁਨੀਆ ਦੀ ਨਵ-ਉਦਾਰਵਾਦੀ ਪੂੰਜੀਵਾਦੀ ਵਿਵਸਥਾ ਜਿਹੜੀ ਮਨੁੱਖ ਨੂੰ ਹਰ ਪੱਧਰ ਉੱਤੇ ਮਨਫੀ ਕਰਦੀ ਹੈ, ਵਿਰੁੱਧ ਇਹ ਪਹਿਲੀ ਵੱਡੀ ਲੜਾਈ ਲਾਮਬੰਦ ਹੋਈ ਹੈ। ਇਸੇ ਕਰ ਕੇ ਇਸ ਸੰਘਰਸ਼ ਨੂੰ ਸਾਰੀ ਦੁਨੀਆ ਵਿਚੋਂ ਹਮਾਇਤ ਹਾਸਲ ਹੋਈ ਹੈ।



ਇਹ ਵੀ ਸਚਾਈ ਹੈ ਕਿ ਜੇ ਸੰਘਰਸ਼ ਢਹਿ ਜਾਂਦਾ ਹੈ ਤਾਂ ਕਿਸਾਨੀ ਹਮੇਸ਼ਾ-ਹਮੇਸ਼ਾ ਲਈ ਬਰਬਾਦ ਹੋ ਜਾਵੇਗੀ। ਮੁੜ ਲੜਾਈ ਇਸ ਪੱਧਰ ਦੀ ਖੜ੍ਹੀ ਨਹੀਂ ਹੋ ਸਕੇਗੀ।

ਇਮਾਨਦਾਰ ਸਿੱਖ ਬੁਧੀਜੀਵੀਆਂ/ਵਿਚਾਰਵਾਨਾਂ ਨੂੰ ਕਦੇ ਵੀ ਗਰੀਬ ਸਿੱਖ ਕਿਸਾਨੀ ਨੂੰ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ ਜਿਸ ਨੇ ਸਿੱਖੀ ਨੂੰ ਮਜ਼ਬੂਤ ਆਧਾਰ ਮੁਹੱਈਆ ਕੀਤਾ ਹੈ। ਛੋਟੀ ਸਿੱਖ ਕਿਸਾਨੀ ਨੂੰ ਬਚਾਉਣਾ ਹੀ ਸਿੱਖ ਫਲਸਫੇ/ਗੁਰੂ ਪਰੰਪਰਾ ਦੀ ਵੱਡੀ ਸੇਵਾ ਹੈ ਪਰ ਅਫਸੋਸ ਹੈ, ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਦਾ ਵਾਸਤੇ ਪਾਉਣ ਵਾਲੇ ਸਿੱਖ ਵਿਚਾਰਵਾਨ ਸਮੇਂ ਦੀ ਜ਼ਰੂਰਤ ਅਨੁਸਾਰ ਕਿਸਾਨੀ ਸੰਘਰਸ਼ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਨ ਵਾਲੀ ਕੋਈ ਇੱਕ ਵੀ ਸਿੱਖ ਜਥੇਬੰਦੀ ਖੜ੍ਹੀ ਨਹੀਂ ਕਰ ਸਕੇ। ਐਵੇਂ ਕਿਸਾਨੀ ਮੋਰਚੇ ਦੇ ਲੀਡਰਾਂ ਨੂੰ ਕੋਸਣ, ਬੁਰਾ-ਭਲਾ ਕਹਿਣ ਅਤੇ ਖਾਮੀਆਂ ਉਘਾੜਨ ਦੇ ਕਸੀਦੇ ਕੱਢਦੇ ਰਹੇ। ਮਾਨਵੀ ਅਹਿਸਾਸ, ਜਥੇਬੰਦਕ ਪਹੁੰਚ ਅਤੇ ਟਰੇਨਿੰਗ ਤੋਂ ਕੋਰੇ ਕਈ "ਸਿਆਣੇ" ਸਿੱਖ ਈਰਖਾ-ਵਸ ਲੰਗੜੇ ਘੋੜਿਆਂ ਉੱਤੇ ਕਾਠੀਆਂ ਸਜਾਉਂਦੇ ਰਹੇ। ਕਈ 'ਨਾ ਖੇਡਣਾ, ਨਾ ਖੇਡਣ ਦੇਣਾ' ਵਾਲੀ ਸ਼ਰੀਕਪੁਣੇ ਦੀ ਭੂਮਿਕਾ ਨਿਭਾਉਂਦੇ ਰਾਜਸੱਤਾ ਦੇ ਭੁੱਖਿਆਂ ਨੂੰ 'ਨਾਇਕ' ਹੋਣ ਦੇ ਰੁਤਬੇ ਬਖਸ਼ਦੇ ਰਹੇ। ਅਜਿਹੀਆਂ ਖੇਡਾਂ ਵਿਚੋਂ ਕੁਝ ਨਹੀਂ ਨਿਕਲਿਆ, ਕਿਉਂਕਿ 'ਆਪ ਮਰੇ ਬਗੈਰ ਸਵਰਗ' ਨਹੀਂ ਜਾ ਹੁੰਦਾ।

ਦਰਅਸਲ, ਕਿਸਾਨੀ ਮੋਰਚੇ ਦੇ ਪਿਛਲੇ ਸਤੰਬਰ-ਅਕਤੂਬਰ ਵਿਚ ਉਭਰਨ ਸਮੇਂ ਤੋਂ ਹੀ ਕਈ ਪਾਤਰ 'ਸਿੱਖੀ ਕਾਰਡ' ਵਰਤ ਕੇ ਸਿਆਸੀ ਮਿਲਾਈ ਖਾਣ ਲਈ ਸਰਗਰਮ ਹੋ ਗਏ ਸਨ। ਅਜਿਹੇ ਪਾਤਰਾਂ ਦੀ ਬਾਂਹ ਫੜਨ ਜਾਂ ਇਨ੍ਹਾਂ ਸ਼ਿੰਗਾਰਨ ਲਈ ਵਿਦੇਸ਼ੀ 'ਪੰਨੂ' ਤਿਆਰ-ਬਰ-ਤਿਆਰ ਬੈਠੇ ਸਨ। ਖੁਦ ਪੰਜਾਬ ਦੇ ਸਿੱਖ ਫੈਸਲਾ ਕਰਨ ਕਿ ਵਿਦੇਸ਼ੀ 'ਪੰਨੂਆਂ' ਵੱਲੋਂ ਐਲਾਨੀ 'ਫਰੌਤੀ' ਉਨ੍ਹਾਂ ਦਾ ਮਾਣ-ਸਨਮਾਨ ਵਧਾਉਂਦੀ ਹੈ, ਜਾਂ ਫਿਰ ਉਨ੍ਹਾਂ ਨੂੰ 'ਭਾੜੇ ਦੇ ਸਿਪਾਹੀ' ਪੇਸ਼ ਕਰਦੀ ਹੈ। ਇਸ 'ਫਰੌਤੀ ਸਿਆਸਤ' ਨੂੰ ਕਿਉਂ ਲਗਾਤਾਰ ਕਾਇਮ ਰੱਖਿਆ ਜਾ ਰਿਹਾ ਹੈ ਅਤੇ ਕੌਣ ਇਸ ਦੇ ਪਿੱਛੇ ਹੈ? ਆਪਣੀ ਲੜਾਈ ਧਰਤੀ-ਪੁੱਤਰ ਖੁਦ ਹੀ ਲੜਦੇ ਹੁੰਦੇ ਹਨ। ਬਾਹਰਲਿਆਂ ਦੇ ਢਹੇ ਚੜ੍ਹੇ ਪੰਜਾਬ ਨੇ ਲੰਮਾ ਸੰਤਾਪ ਹੰਢਾਇਆ। ਬਾਹਰਲੀ ਮਾਇਆ ਨੇ ਤਾਂ 'ਤਲੀ ਉੱਤੇ ਸਿਰ ਧਰੀ' ਫਿਰਦੇ ਯੋਧਿਆਂ ਦੀ ਧੁਰ-ਆਤਮਾ ਵਿਚ ਵੀ ਸੁਰਾਖ ਕਰ ਦਿੱਤੇ ਸਨ। ਲੋਕ ਪੱਖੀ ਸਹੀ ਸਿਆਸਤ ਹਮੇਸ਼ਾ ਆਪਣੀ ਜ਼ਮੀਨ ਵਿਚੋਂ ਹੀ ਫੁੱਟਦੀ ਹੈ। ਆਪਣੇ ਹਾਲਾਤ ਨੂੰ ਹੰਢਾਉਂਦੇ ਲੋਕ ਖੁਦ ਲੜਦੇ ਹਨ। ਸਿੱਖ ਗੁਰੂਆਂ ਨੇ ਇਸੇ ਧਰਤੀ ਦੇ ਲਤਾੜੇ ਗਏ ਅਤੇ ਸਦੀਆਂ ਤੋਂ ਗੀਦੀ ਹੋਏ ਲੋਕਾਂ ਨੂੰ ਜਾਬਰਾ ਵਿਰੁੱਧ ਲੜਾਇਆ ਸੀ।

ਪ੍ਰਚਾਰ ਕਰਨ ਲਈ ਕਿਸਾਨ ਲੀਡਰ ਭਾਵੇਂ ਮੌਜੂਦਾ ਸੰਘਰਸ਼ ਨੂੰ ਗੈਰ-ਸਿਆਸੀ ਕਹੀ ਜਾਣ ਪਰ ਹਰ ਦੇਸ਼ ਵਿਚ ਕਿਸਾਨੀ ਸੰਘਰਸ਼ ਹਮੇਸ਼ਾ ਸਿੱਧੇ/ਅਸਿੱਧੇ ਤੌਰ ਉੱਤੇ ਸਿਆਸੀ ਲੜਾਈਆਂ ਹੀ ਹੋ ਨਿਬੜੇ ਹਨ। ਕਿਸਾਨੀ ਸੰਘਰਸ਼ ਨੂੰ ਗੈਰ-ਸਿਆਸੀ ਅਤੇ ਸ਼ਾਂਤਮਈ ਰੱਖਣਾ/ਪੇਸ਼ ਕਰਨਾ ਮੌਕੇ ਦੀ ਵੱਡੀ ਜ਼ਰੂਰਤ ਹੈ। ਲੋਕ ਅੰਦੋਲਨ ਬਣਿਆ ਅੱਜ ਦਾ ਕਿਸਾਨੀ ਘੋਲ ਪਹਿਲਿਆਂ ਦੇ ਮੁਕਾਬਲੇ ਵੱਡੀਆਂ ਸਿਆਸੀ ਤਬਦੀਲੀਆ ਦਾ ਸੂਚਕ ਹੈ। ਇਸ ਕਰਕੇ ਸਿੱਖ ਵਿਚਾਰਵਾਨਾਂ ਨੂੰ ਚਾਹੀਦਾ ਹੈ ਕਿ ਉਹ ਸੰਘਰਸ਼ ਨੂੰ ਮਜ਼ਬੂਤ ਕਰਨ ਵਿਚ ਆਪਣਾ ਰੋਲ ਨਿਭਾਉਣ ਅਤੇ ਲੋਕ ਪੱਖੀ ਜਮਹੂਰੀਅਤ ਨੂੰ ਤਕੜਾ ਕਰਨ 'ਚ ਹਿੱਸਾ ਪਾਉਣ।



ਸ਼ਾਹ ਆਲਮ ਵੱਲੋਂ ਲਾਰਡ ਕਲਾਈਵ ਨੂੰ ਦੀਵਾਨੀ ਸੌਂਪਣ ਬਾਰੇ ਬੈਂਜਾਮਿਨ ਵੈਸਟ ਦਾ ਬਣਾਇਆ ਇਕ ਚਿੱਤਰ।

# ਈਸਟ ਇੰਡੀਆ ਕੰਪਨੀ ਦਾ ਹਸ਼ਰ

## ਭਾਰਤ ਨੂੰ ਗੁਲਾਮ ਬਣਾਉਣ ਵਾਲੀ ਕੰਪਨੀ ਦਾ ਆਖਰ ਕੀ ਬਣਿਆ!

***ਈਸਟ ਇੰਡੀਆ ਕੰਪਨੀ ਸਾਲ 1600 ਵਿਚ ਹੋਂਦ ਵਿਚ ਆਈ ਅਤੇ ਇਸ ਨੇ ਭਾਰਤ ਵਿਚ ਵਪਾਰ ਦਾ ਆਗਾਜ਼ ਕੀਤਾ। ਛੇਤੀ ਹੀ ਇਸ ਨੇ ਵੱਖ-ਵੱਖ ਰਿਆਸਤਾਂ ਉਤੇ ਕਬਜ਼ਾ ਕਰ ਕੇ ਰਾਜਭਾਗ ਚਲਾਉਣਾ ਆਰੰਭ ਕਰ ਦਿੱਤਾ। ਇਸ ਕੰਪਨੀ ਦੇ ਸਫਰ ਦੀ ਕਹਾਣੀ ਬੜੀ ਦਿਲਚਸਪ ਹੈ ਜੋ ਵੱਕਾਰ ਮੁਸਤਫਾ ਨੇ ਇਸ ਲੇਖ ਵਿਚ ਬਿਆਨ ਕੀਤੀ ਹੈ। -ਸੰਪਾਦਕ***

16ਸਦੀ ਦਾ ਆਖਰੀ ਸਾਲ ਸੀ। ਦੁਨੀਆ ਦੇ ਕੁੱਲ ਉਤਪਾਦ ਦਾ ਇੱਕ ਚੌਥਾਈ ਮਾਲ ਭਾਰਤ ਵਿਚ ਤਿਆਰ ਹੁੰਦਾ ਸੀ। ਇਸੇ ਕਰ ਕੇ ਇਸ ਦੇਸ ਨੂੰ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ। ਜਦੋਂ ਦਿੱਲੀ ਦੇ ਤਖਤ 'ਤੇ ਮੁਗਲ ਬਾਦਸ਼ਾਹ ਜਲਾਲ-ਉਦ-ਦੀਨ ਮੁਹੰਮਦ ਅਕਬਰ ਦੀ ਹਕੂਮਤ ਸੀ। ਉਹ ਦੁਨੀਆ ਦੇ ਸਭ ਤੋਂ ਵੱਧ ਦੌਲਤਮੰਦ ਬਾਦਸ਼ਾਹਾਂ ਵਿਚੋਂ ਇੱਕ ਸਨ। ਦੂਸਰੇ ਪਾਸੇ ਉਸੇ ਦੌਰ ਵਿਚ ਬਰਤਾਨਵੀ ਖਾਨਾਜੰਗੀ ਉੱਭਰ ਰਹੀ ਸੀ। ਬਰਤਾਨਵੀ ਅਰਥਚਾਰਾ ਖੇਤੀ ਨਿਰਭਰ ਸੀ ਅਤੇ ਦੁਨੀਆ ਦੇ ਕੁੱਲ ਉਤਪਾਦ ਦਾ ਮਹਿਜ਼ ਤਿੰਨ ਫੀਸਦ ਮਾਲ ਉਥੇ ਤਿਆਰ ਹੁੰਦਾ ਸੀ।

ਬਰਤਾਨੀਆ ਵਿਚ ਉਸ ਸਮੇਂ ਮਹਾਰਾਣੀ ਐਲਿਜ਼ਾਬਥ-1 ਦੀ ਹਕੂਮਤ ਸੀ। ਯੂਰਪ ਦੀਆਂ

ਵੱਕਾਰ ਮੁਸਤਫਾ

ਮੁੱਖ ਤਾਕਤਾਂ ਪੁਰਤਗਾਲ ਅਤੇ ਸਪੇਨ ਵਪਾਰ ਵਿਚ ਬਰਤਾਨੀਆ ਨੂੰ ਪਿੱਛੇ ਛੱਡ ਚੁੱਕੀਆਂ ਸਨ। ਵਪਾਰੀਆਂ ਦੇ ਰੂਪ ਵਿਚ ਬਰਤਾਨਵੀ ਸਮੁੰਦਰੀ ਡਾਕੂ ਪੁਰਤਗਾਲ ਅਤੇ ਸਪੇਨ ਦੇ ਵਪਾਰਕ ਜਹਾਜ਼ਾਂ ਨੂੰ ਲੁੱਟ ਕੇ ਸੰਤੁਸ਼ਟ ਹੋ ਜਾਂਦੇ ਸਨ। ਇਸੇ ਦੌਰਾਨ ਯਾਤਰੀ ਅਤੇ ਬਰਤਾਨਵੀ ਵਪਾਰੀ ਰਾਫਲ ਫਿਚ ਨੂੰ ਹਿੰਦ ਮਹਾਂਸਾਗਰ, ਮੈਸੋਪੋਟਾਮੀਆ, ਫਰਾਂਸ ਦੀ ਖਾੜੀ ਅਤੇ ਦੱਖਣ ਪੂਰਬੀ ਏਸ਼ੀਆਂ ਦੀਆਂ ਵਪਾਰਕ ਯਾਤਰਾਵਾਂ ਕਰਦੇ ਹੋਏ ਭਾਰਤ ਦੀ ਖੁਸ਼ਹਾਲੀ ਬਾਰੇ ਪਤਾ ਲੱਗਿਆ। ਰਾਫਲ ਫਿਚ ਦੀਆਂ ਇਹ ਯਾਤਰਾਵਾਂ ਇੰਨੀਆਂ ਲੰਮੀਆਂ ਸਨ ਕਿ ਬਰਤਾਨੀਆ ਵਾਪਸ ਪਹੁੰਚਣ ਤੋਂ ਪਹਿਲਾਂ ਉਸ ਨੂੰ ਮ੍ਰਿਤਕ ਮੰਨ ਕੇ ਉਸ ਦੀ ਵਸੀਅਤ ਨੂੰ ਲਾਗੂ ਕਰ ਦਿੱਤਾ ਗਿਆ ਸੀ। ਪੂਰਬ ਵਿਚ ਮਸਾਲੇ ਹਾਸਲ ਕਰਨ ਲਈ ਲੇਵੇਂਟ ਕੰਪਨੀ ਦੋ ਨਾਕਾਮ ਕੋਸ਼ਿਸ਼ਾਂ ਕਰ ਚੁੱਕੀ ਸੀ। ਭਾਰਤ ਬਾਰੇ ਰਾਫਲ ਫਿਚ ਦੀ ਜਾਣਕਾਰੀ ਦੇ ਆਧਾਰ 'ਤੇ ਇੱਕ ਹੋਰ ਯਾਤਰੀ ਸਰ ਜੇਮਸ ਲੈਂਕੇਸਟਰ ਸਮੇਤ ਬਰਤਾਨੀਆ ਦੇ 200 ਤੋਂ ਵੱਧ ਪ੍ਰਭਾਵਸ਼ਾਲੀ ਅਤੇ ਵਪਾਰਕ ਪੇਸ਼ਾਵਰਾਂ ਨੂੰ ਇਸ ਦਿਸ਼ਾ ਵਿਚ ਅੱਗੇ ਵਧਣ ਦਾ ਵਿਚਾਰ ਆਇਆ। ਉਨ੍ਹਾਂ ਨੇ 31 ਦਸੰਬਰ 1600 ਨੂੰ ਨਵੀਂ ਕੰਪਨੀ ਦੀ ਨੀਂਹ ਰੱਖੀ ਅਤੇ ਮਹਾਰਾਣੀ ਤੋਂ ਪੂਰਬੀ ਏਸ਼ੀਆ ਵਿਚ ਵਪਾਰ 'ਤੇ ਏਕਾਧਿਕਾਰ ਪ੍ਰਾਪਤ ਕੀਤਾ। ਇਸ ਕੰਪਨੀ ਦੇ ਕਈ ਨਾਮ ਹਨ ਪਰ ਇਸ ਨੂੰ ਈਸਟ ਇੰਡੀਆਂ ਕੰਪਨੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਸ਼ੁਰੂਆਤੀ ਸਾਲਾਂ ਵਿਚ ਦੂਸਰੇ ਇਲਾਕਿਆਂ ਦੀਆਂ ਯਾਤਰਾਵਾਂ ਕਰਨ ਤੋਂ ਬਾਅਦ ਅਗਸਤ 1608 ਵਿਚ ਕੈਪਟਨ ਵਿਲੀਅਮ ਹਾਕਿੰਗਸ ਨੇ ਭਾਰਤ ਦੀ ਸੂਰਤ ਬੰਦਰਗਾਹ 'ਤੇ ਆਪਣੇ ਜਹਾਜ਼ 'ਹੈਕਟਰ' ਦਾ ਲੰਗਰ ਪਾ ਕੇ ਈਸਟ ਇੰਡੀਆ ਕੰਪਨੀ ਦੇ ਆਉਣ ਦਾ ਐਲਾਨ ਕੀਤਾ। ਹਿੰਦ ਮਹਾਂਸਾਗਰ ਵਿਚ ਬਰਤਾਨੀਆ ਦੇ ਕਾਰੋਬਾਰੀ ਵਿਰੋਧੀ ਡੱਚ ਅਤੇ ਪੁਰਤਗਾਲੀ ਪਹਿਲਾਂ ਹੀ ਮੌਜੂਦ ਸਨ। ਉਸ ਵੇਲੇ ਕਿਸੇ ਨੇ ਵੀ ਅੰਦਾਜ਼ਾ ਨਹੀਂ ਲਾਇਆ ਹੋਣਾ ਕਿ ਕੰਪਨੀ ਆਪਣੇ ਦੇਸ਼ ਤੋਂ ਵੀਹ ਗੁਣਾ ਵੱਡੇ, ਦੁਨੀਆ ਦੇ ਸਭ ਤੋਂ ਧਨੀ ਦੇਸ਼ਾਂ ਵਿਚੋਂ ਇੱਕ ਅਤੇ ਤਕਰੀਬਨ ਉਸ ਦੀ ਇੱਕ ਚੌਥਾਈ ਆਬਾਦੀ 'ਤੇ ਸਿੱਧੇ ਤੌਰ 'ਤੇ ਸ਼ਾਸਨ ਕਰਨ ਵਾਲੀ ਹੈ।

ਉਸ ਵੇਲੇ ਤੱਕ ਬਾਦਸ਼ਾਹ ਅਕਬਰ ਦੀ ਮੌਤ ਹੋ ਚੁੱਕੀ ਸੀ। ਉਸ ਦੌਰ ਵਿਚ ਜਾਇਦਾਦ ਦੇ ਮਾਮਲੇ ਵਿਚ ਸਿਰਫ ਚੀਨ ਦਾ ਮਿੰਗ ਰਾਜਵੰਸ਼ ਹੀ ਬਾਦਸ਼ਾਹ ਅਕਬਰ ਦੀ ਬਰਾਬਰੀ ਕਰ ਸਕਦਾ ਸੀ। ਖਾਫੀ ਖਾਨ ਨਿਜ਼ਾਮ-ਉਲ-ਮੁਲਕ ਦੀ ਕਿਤਾਬ 'ਮੁੰਤਖਬੁਲ-ਬਾਬ' ਮੁਤਾਬਿਕ, ਅਕਬਰ ਆਪਣੇ ਪਿੱਛੇ ਪੰਜ ਹਜ਼ਾਰ ਹਾਥੀ, ਬਾਰਾਂ ਹਜ਼ਾਰ ਘੋੜੇ, ਇੱਕ ਹਜ਼ਾਰ ਚੀਤੇ, ਦਸ ਕਰੋੜ ਰੁਪਏ, ਵੱਡੀਆਂ ਅਸ਼ਰਫੀਆਂ ਵਿਚ ਸੌ ਤੋਲੇ ਤੋਂ ਲੈ ਕੇ ਪੰਜ ਸੌ ਤੋਲੇ ਤੱਕ ਦੀ ਹਜ਼ਾਰ ਅਸ਼ਰਫੀਆਂ, 272 ਮਣ ਕੱਚਾ ਸੋਨਾ, 370 ਮਣ ਚਾਂਦੀ, ਇੱਕ ਮਣ ਜਵਾਹਰਾਤ ਜਿਨ੍ਹਾਂ ਦੀ ਕੀਮਤ ਤਿੰਨ ਸੌ ਕਰੋੜ ਰੁਪਏ ਸੀ, ਛੱਡ ਕੇ ਗਏ ਸਨ। ਅਕਬਰ ਦੇ ਸ਼ਹਿਜ਼ਾਦੇ ਸਲੀਮ, ਨੂਰ-ਉਦ-ਦੀਨ, ਜਹਾਂਗੀਰ ਦੇ ਖਿਤਾਬ ਨਾਲ ਤਖਤ ਪ੍ਰਾਪਤ ਕਰ ਚੁੱਕੇ ਸਨ। ਸ਼ਾਸਨ ਵਿਚ ਸੁਧਾਰਾਂ ਨੂੰ ਲਾਗੂ ਕਰਦੇ ਹੋਏ ਕੰਨ, ਨੱਕ ਅਤੇ ਹੱਥ ਕੱਟਣ ਦੀ ਸਜ਼ਾ ਖਤਮ ਕਰ ਦਿੱਤੀ ਗਈ ਸੀ। ਲੋਕਾਂ ਲਈ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤਾਂ ਦੀ ਵਰਤੋਂ ਅਤੇ ਖਾਸ ਦਿਨਾਂ 'ਤੇ ਜਾਨਵਰਾਂ ਨੂੰ ਮਾਰਨ 'ਤੇ ਪਾਬੰਦੀ ਦੇ ਹੁਕਮਾਂ ਦੇ ਨਾਲ ਹੀ ਗੈਰ-ਕਾਨੂੰਨੀ ਕਰ ਹਟਾਏ ਜਾ ਚੁੱਕੇ ਸਨ। ਸੜਕਾਂ, ਖੂਹ ਅਤੇ ਸਰਾਵਾਂ ਬਣਾਈਆ ਜਾ ਰਹੀਆਂ ਸਨ। ਉਤਰਾਧਿਕਾਰ ਦੇ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰ ਦਿੱਤਾ ਗਿਆ ਸੀ ਅਤੇ ਹਰ ਸ਼ਹਿਰ ਵਿਚ ਸਰਕਾਰੀ ਹਸਪਤਾਲ ਵਿਚ ਮੁਫਤ ਇਲਾਜ ਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ। ਫਰਿਆਦੀਆਂ ਦੀ ਫਰਿਆਦ ਲਈ ਮਹਿਲ ਦੀ ਕੰਧ ਨਾਲ ਨਿਆਂ ਦੀ ਜ਼ੰਜੀਰ ਟੰਗ ਦਿੱਤੀ ਗਈ ਸੀ।

ਸੰਸਾਰ ਪ੍ਰਸਿੱਧ ਇਤਿਹਾਸਕਾਰ ਵਿਲੀਅਮ ਡੇਲਰਿੰਪਲ ਮੁਤਾਬਿਕ, ਹਾਕਿੰਗਸ ਨੂੰ ਜਲਦ ਹੀ ਅਹਿਸਾਸ ਹੋ ਗਿਆ ਕਿ ਚਾਲੀ ਲੱਖ ਮੁਗਲਾਂ ਦੀ ਸੈਨਾ ਨਾਲ ਅਜਿਹੀ ਜੰਗ ਨਹੀਂ ਲੜੀ ਜਾ ਸਕਦੀ ਜਿਸ ਤਰ੍ਹਾਂ ਦੀ ਉਸ ਵੇਲੇ ਯੂਰਪ ਵਿਚ ਚੱਲ ਰਹੀ ਸੀ। ਇਸ ਲਈ ਇਥੇ ਉਸ ਨੂੰ ਮੁਗਲ ਬਾਦਸ਼ਾਹ ਦੀ ਇਜਾਜ਼ਤ ਦੇ ਨਾਲ-ਨਾਲ ਸਹਿਯੋਗ ਦੀ ਵੀ ਲੋੜ ਸੀ। ਹਾਕਿੰਗਸ ਇੱਕ ਸਾਲ ਦੇ ਅੰਦਰ ਮੁਗਲ ਰਾਜਧਾਨੀ ਆਗਰਾ ਪਹੁੰਚਿਆ। ਘੱਟ ਪੜ੍ਹੇ-ਲਿਖੇ ਹਾਕਿੰਗਸ ਨੂੰ ਜਹਾਂਗੀਰ ਤੋਂ ਵਪਾਰ ਦੀ ਆਗਿਆ ਲੈਣ ਵਿਚ ਸਫਲਤਾ ਨਾ ਮਿਲੀ।

ਉਸ ਤੋਂ ਬਾਅਦ ਸੰਸਦ ਮੈਂਬਰ ਅਤੇ ਰਾਜਦੂਤ ਸਰ ਥੌਮਸ ਰੋਅ ਨੂੰ ਸ਼ਾਹੀ ਦੂਤ ਦੇ ਰੂਪ ਵਿਚ ਭੇਜਿਆ ਗਿਆ। ਸਰ ਥੌਮਸ ਰੋਅ 1615 ਵਿਚ ਮੁਗਲ ਰਾਜਧਾਨੀ ਆਗਰਾ ਪਹੁੰਚੇ। ਉਨ੍ਹਾਂ ਨੇ ਰਾਜੇ ਨੂੰ ਬਹੁਮੁੱਲੇ ਤੋਹਫੇ ਭੇਟ ਕੀਤੇ ਜਿਨ੍ਹਾਂ ਵਿਚ ਸ਼ਿਕਾਰੀ ਕੁੱਤੇ ਅਤੇ ਉਨ੍ਹਾਂ ਦੀ ਪਸੰਦ ਦੀ ਸ਼ਰਾਬ ਵੀ ਸ਼ਾਮਿਲ ਸੀ। ਬਰਤਾਨੀਆ ਦੇ ਨਾਲ ਸਬੰਧ




***ਈਸਟ ਇੰਡੀਆ ਕੰਪਨੀ ਦਾ ਲੋਗੋ ਜੋ ਮੂਲ ਲੋਗੋ ਵਿਚ ਸੋਧ ਕਰ ਕੇ 1698 ਵਿਚ ਬਣਾਇਆ ਗਿਆ ਸੀ।***

ਬਣਾਉਣਾ ਜਹਾਂਗੀਰ ਦੀਆਂ ਤਰਜੀਹਾਂ ਵਿਚ ਨਹੀਂ ਸੀ। ਥੌਮਸ ਰੋਅ ਮੁਤਾਬਿਕ, ਜਦੋਂ ਵੀ ਗੱਲ ਹੁੰਦੀ ਸੀ ਤਾਂ ਬਾਦਸ਼ਾਹ ਉਨ੍ਹਾਂ ਨਾਲ ਵਪਾਰ ਦੀ ਬਜਾਇ ਘੋੜੇ, ਕਲਾ ਅਤੇ ਸ਼ਰਾਬ ਦੇ ਵਿਸ਼ੇ 'ਤੇ ਚਰਚਾ ਕਰਨ ਲੱਗਦੇ।

ਤਿੰਨ ਸਾਲਾਂ ਤੱਕ ਲਗਾਤਾਰ ਯਤਨਾਂ ਤੋਂ ਬਾਅਦ ਸਰ ਥੌਮਸ ਰੋਅ ਨੂੰ ਇਸ ਵਿਚ ਸਫਲਤਾ ਮਿਲੀ। ਜਹਾਂਗੀਰ ਨੇ ਈਸਟ ਇੰਡੀਆ ਕੰਪਨੀ ਨਾਲ ਵਪਾਰਕ ਸਮੌਝਤੇ 'ਤੇ ਦਸਤਖਤ ਕੀਤੇ। ਸਮਝੌਤੇ ਤਹਿਤ ਕੰਪਨੀ ਅਤੇ ਬਰਤਾਨੀਆ ਦੇ ਸਾਰੇ ਵਪਾਰੀਆਂ ਨੂੰ ਉਪ-ਮਹਾਂਦੀਪ ਦੀ ਹਰ ਬੰਦਰਗਾਹ ਅਤੇ ਸਮਾਨ ਖਰੀਦਣ ਤੇ ਵੇਚਣ ਲਈ ਥਾਵਾਂ ਦੇ ਇਸਤੇਮਾਲ ਦੀ ਆਗਿਆ ਦਿੱਤੀ ਗਈ। ਬਦਲੇ ਵਿਚ ਯੂਰਪੀ ਉਤਪਾਦਾਂ ਨੂੰ ਭਾਰਤ ਨੂੰ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਉਸ ਸਮੇਂ ਉਥੇ ਬਣਦਾ ਹੀ ਕੀ ਸੀ? ਇਹ ਤੈਅ ਕੀਤਾ ਗਿਆ ਸੀ ਕਿ ਕੰਪਨੀ ਦੇ ਜਹਾਜ਼ ਰਾਜ ਮਹਿਲ ਲਈ ਜੋ ਵੀ ਪੁਰਾਤਨ ਚੀਜ਼ਾਂ ਅਤੇ ਤੋਹਫੇ ਲਿਆਉਣਗੇ, ਉਨ੍ਹਾਂ ਨੂੰ ਖੁਸ਼ੀ ਨਾਲ ਸਵੀਕਾਰ ਕੀਤਾ ਜਾਵੇਗਾ।

ਕੰਪਨੀ ਦੇ ਵਪਾਰੀ ਮੁਗਲਾਂ ਦੀ ਰਜ਼ਾਮੰਦੀ ਨਾਲ ਭਾਰਤ ਤੋਂ ਸੂਤ, ਨੀਲ, ਪੋਟਾਸ਼ੀਅਮ ਨਾਈਟ੍ਰੇਟ ਤੇ ਚਾਹ ਖਰੀਦਦੇ ਅਤੇ ਵਿਦੇਸ਼ਾਂ ਵਿਚ ਮਹਿੰਗੇ ਭਾਅ ਵੇਚ ਕੇ ਖੂਬ ਮੁਨਾਫਾ ਕਮਾਉਂਦੇ। ਕੰਪਨੀ ਦੀ ਪੂੰਜੀ ਦਾ ਆਧਾਰ ਵਪਾਰਕ ਪੂੰਜੀ ਸੀ। ਕੰਪਨੀ ਜੋ ਵੀ ਚੀਜ਼ ਖਰੀਦਦੀ, ਉਸ ਦਾ ਮੁੱਲ ਚਾਂਦੀ ਵਿਚ ਅਦਾ ਕਰਦੀ ਜੋ ਉਸ ਨੇ 1621 ਤੋਂ 1843 ਤੱਕ ਸਪੇਨ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਦਾਸਾਂ ਨੂੰ ਵੇਚ ਕੇ ਜਮ੍ਹਾਂ ਕੀਤੀ ਸੀ।

1670 ਵਿਚ ਬਰਤਾਨਵੀ ਸਮਰਾਟ ਚਾਰਲਸ ਦੂਜੇ ਨੇ ਈਸਟ ਇੰਡੀਆਂ ਕੰਪਨੀ ਨੂੰ ਵਿਦੇਸ਼ ਵਿਚ ਜੰਗ ਲੜਨ ਅਤੇ ਬਸਤੀਆਂ ਸਥਾਪਿਤ ਕਰਨ ਦੀ ਆਗਿਆ ਦੇ ਦਿੱਤੀ। ਬਰਤਾਨਵੀ ਫੌਜ ਦੀਆਂ ਹਥਿਆਰਬੰਦ ਫੌਜਾਂ ਨੇ ਪਹਿਲਾਂ ਭਾਰਤ ਵਿਚ ਪੁਰਤਗਾਲੀ, ਡੱਚ ਤੇ ਫਰਾਂਸੀਸੀ ਵਿਰੋਧੀਆਂ ਦਾ ਮੁਕਾਬਲਾ ਕੀਤਾ ਅਤੇ ਜ਼ਿਆਦਾਤਰ ਲੜਾਈਆਂ ਜਿੱਤੀਆਂ। ਹੌਲੀ-ਹੌਲੀ ਕੰਪਨੀ ਨੇ ਬੰਗਾਲ ਦੇ ਤੱਟ-ਵਰਤੀ ਇਲਾਕਿਆਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਪਰ ਸਤਾਰਵੀਂ ਸਦੀ ਵਿਚ ਮੁਗਲਾਂ ਨਾਲ ਸਿਰਫ ਇੱਕ ਵਾਰ ਉਸ ਦਾ ਆਮਣਾ-ਸਾਹਮਣਾ ਹੋਇਆ ਸੀ। ਸਾਲ 1681 ਵਿਚ ਕੰਪਨੀ ਦੇ ਕਰਮਚਾਰੀਆਂ ਨੇ ਕੰਪਨੀ ਦੇ ਨਿਰਦੇਸ਼ਕ ਸਰ ਚਾਈਲਡ ਨੂੰ ਸ਼ਿਕਾਇਤ ਕੀਤੀ ਕਿ ਬੰਗਾਲ ਵਿਚ ਮੁਗਲ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਦੇ ਭਾਣਜੇ ਨਵਾਬ ਸ਼ਾਇਸਤਾ ਖਾਨ ਦੇ ਅਧਿਕਾਰੀ ਉਨ੍ਹਾਂ ਨੂੰ ਕਰ ਅਤੇ ਹੋਰ ਮਾਮਲਿਆਂ ਵਿਚ ਪ੍ਰੇਸ਼ਾਨ ਕਰ ਰਹੇ ਹਨ। ਸਰ ਚਾਈਲਡ ਨੇ ਫੌਜੀ ਸਹਾਇਤਾ ਲਈ ਆਪਣੇ ਸਮਰਾਟ ਨੂੰ ਚਿੱਠੀ ਲਿਖੀ। ਇਸ ਤੋਂ ਬਾਅਦ 1686 ਵਿਚ ਉਂਨੀ ਜੰਗੀ ਤੋਪਾਂ, ਦੋ ਸੌ ਤੋਪਾਂ ਅਤੇ ਛੇ ਸੌ ਸੈਨਿਕਾਂ ਵਾਲਾਂ ਜਲ ਸੈਨਾ ਦਾ ਬੇੜਾ ਲੰਡਨ ਤੋਂ ਬੰਗਾਲ ਲਈ ਰਵਾਨਾ ਹੋ ਹੋਇਆ। ਮੁਗਲ ਬਾਦਸ਼ਾਹ ਦੀ ਸੈਨਾ ਵੀ ਤਿਆਰ ਸੀ, ਇਸ ਲਈ ਜੰਗ ਵਿਚ ਮੁਗਲਾਂ ਦੀ ਜਿੱਤ ਹੋਈ। 1695 ਵਿਚ ਬਰਤਾਨਵੀ ਸਮੁੰਦਰੀ ਡਾਕੂ ਹੇਨਰੀ ਏਵਰੀ ਨੇ ਔਰੰਗਜ਼ੇਬ ਦੇ ਸਮੁੰਦਰੀ ਜਹਾਜ਼ਾਂ 'ਫਤਿਹ ਮੁਹੰਮਦ' ਅਤੇ 'ਗੁਲਾਮ ਸਵਾਈ' ਨੂੰ ਲੁੱਟ ਲਿਆ। ਇਸ ਖਜ਼ਾਨੇ ਦੀ ਕੀਮਤ ਤਕਰੀਬਨ ਛੇ ਤੋਂ ਸੱਤ ਲੱਖ ਬਰਤਾਨਵੀ ਪੌਂਡ ਸੀ।

ਇਤਿਹਾਸਕਾਰ ਵਿਲੀਅਮ ਡੇਲਰਿੰਪਲ ਦਾ ਕਹਿਣਾ ਹੈ ਕਿ ਬਰਤਾਨਵੀਂ ਸੈਨਿਕਾਂ ਨੂੰ ਮੁਗਲ ਸੈਨਾ ਨੇ ਮੱਖੀਆਂ ਵਾਂਗ ਮਾਰਿਆ। ਬੰਗਾਲ ਵਿਚ ਕੰਪਨੀ ਦੇ ਪੰਜ ਕਾਰਖਾਨੇ ਨਸ਼ਟ ਕਰ ਦਿੱਤੇ ਗਏ ਅਤੇ ਸਾਰੇ ਅੰਗਰੇਜ਼ਾਂ ਨੂੰ ਬੰਗਾਲ ਤੋਂ ਬਾਹਰ ਕੱਢ ਦਿੱਤਾ ਗਿਆ। ਸੂਰਤ ਦੇ ਕਾਰਖਾਨਿਆਂ ਨੂੰ ਬੰਦ ਕਰ ਦਿੱਤਾ ਗਿਆ ਅਤੇ ਮੁੰਬਈ ਵਿਚ ਵੀ ਉਨ੍ਹਾਂ ਦਾ ਇਹੀ ਹਾਲ ਕੀਤਾ ਗਿਆ। ਕੰਪਨੀ ਦੇ ਕਰਮਚਾਰੀਆਂ ਨੂੰ ਜ਼ੰਜੀਰਾਂ ਨਾਲ ਜਕੜ ਕੇ ਸ਼ਹਿਰ ਵਿਚ ਘੁੰਮਾਇਆ ਗਿਆ ਅਤੇ ਅਪਰਾਧੀਆਂ ਦੀ ਤਰ੍ਹਾਂ ਬੇਇੱਜ਼ਤ ਕੀਤਾ ਗਿਆ। ਕੰਪਨੀ ਕੋਲ ਮੁਆਫੀ ਮੰਗਣ ਅਤੇ ਆਪਣੇ ਕਾਰਖਾਨੇ ਵਾਪਸ ਲੈਣ ਲਈ ਰਾਜੇ ਦੇ ਦਰਬਾਰ ਵਿਚ ਭਿਖਾਰੀਆਂ ਦੀ ਤਰ੍ਹਾਂ ਆਉਣ ਤੋਂ ਇਲਾਵਾ ਕੋਈ ਚਾਰਾ ਨਾ ਰਿਹਾ। ਬਰਤਾਨਵੀ ਸਮਰਾਟ ਨੇ ਅਧਿਕਾਰਿਤ ਤੌਰ 'ਤੇ ਹੇਨਰੀ ਏਵਰੀ ਦੀ ਨਿੰਦਾ ਕੀਤੀ ਅਤੇ ਮੁਗਲ ਬਾਦਸ਼ਾਹ ਤੋਂ ਮੁਆਫੀ ਮੰਗੀ।

ਔਰੰਗਜ਼ੇਬ ਆਲਮਗੀਰ ਨੇ 1690 ਵਿਚ ਕੰਪਨੀ ਨੂੰ ਮੁਆਫ ਕਰ ਦਿੱਤਾ। ਸਤਾਰਵੀਂ ਸਦੀ ਦੇ ਅੰਤ ਵਿਚ ਈਸਟ ਇੰਡੀਆ ਕੰਪਨੀ ਚੀਨ ਤੋਂ ਰੇਸ਼ਮ ਅਤੇ ਚੀਨੀ ਮਿੱਟੀ ਦੇ ਭਾਂਡੇ ਖਰੀਦਣ ਲੱਗੀ ਸੀ। ਜਦੋਂ ਚੀਨੀਆਂ ਨੇ ਅਫੀਮ ਖਰੀਦਣ ਤੋਂ ਇਨਕਾਰ ਕਰ ਦਿੱਤਾ ਤਾਂ ਬਰਤਾਨਵੀ ਜਹਾਜ਼ 'ਨੇਮੇਸਿਸ' ਨੇ ਕੈਂਟਨ ਬੰਦਰਗਾਹ ਨੂੰ ਬਰਬਾਦ ਕਰ ਦਿੱਤਾ। ਸਮਾਨ ਦਾ ਭੁਗਤਾਨ ਚਾਂਦੀ ਵਿਚ ਕਰਨਾ ਪੈਂਦਾ ਸੀ ਕਿਉਂਕਿ ਉਨ੍ਹਾਂ ਕੋਲ ਕੋਈ ਅਜਿਹਾ ਉਤਪਾਦ ਨਹੀਂ ਸੀ ਜਿਸ ਦੀ ਚੀਨ ਨੂੰ ਲੋੜ ਹੋਵੇ।

ਇਸ ਦਾ ਇੱਕ ਹੱਲ ਕੱਢਿਆ ਗਿਆ। ਬੰਗਾਲ ਵਿਚ ਪੋਸਤ ਦੀ ਖੇਤੀ ਕੀਤੀ ਗਈ ਅਤੇ ਬਿਹਾਰ ਵਿਚ ਅਫੀਮ ਤਿਆਰ ਕਰਨ ਲਈ ਕਾਰਖਾਨੇ ਲਾਏ ਗਏ ਅਤੇ ਅਫੀਮ ਨੂੰ ਤਸਕਰੀ ਕਰ ਕੇ ਚੀਨ ਪਹੁੰਚਾਇਆ ਗਿਆ। ਉਸ ਸਮੇਂ ਤੱਕ ਚੀਨ ਵਿਚ ਅਫੀਮ ਦੀ ਬਹੁਤ ਘੱਟ ਵਰਤੋਂ ਕੀਤੀ ਜਾਂਦੀ ਸੀ। ਈਸਟ ਇੰਡੀਆ ਕੰਪਨੀ ਨੇ ਚੀਨੀ ਏਜੰਟਾਂ ਜ਼ਰੀਏ ਲੋਕਾਂ ਵਿਚ ਅਫੀਮ ਦਾ ਪ੍ਰਚਾਰ ਕੀਤਾ। ਕੰਪਨੀ ਨੇ ਅਫੀਮ ਦੇ ਵਪਾਰ ਨਾਲ ਰੇਸ਼ਮ ਅਤੇ ਚੀਨੀ ਦੇ ਬਰਤਣ ਵੀ ਖਰੀਦੇ ਅਤੇ ਮੁਨਾਫਾ ਵੀ ਕਮਾਇਆ।

ਜਦੋਂ ਚੀਨੀ ਸਰਕਾਰ ਵਲੋਂ ਅਫੀਮ ਦੇ ਵਪਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਅਤੇ ਚੀਨ ਵਿਚ ਆਉਣ ਵਾਲੀ ਅਫੀਮ ਨੂੰ ਨਸ਼ਟ ਕੀਤਾ ਗਿਆ, ਉਸ ਸਮੇਂ ਚੀਨ ਅਤੇ ਬਰਤਾਨੀਆ ਦਰਮਿਆਨ ਲੜਾਈਆਂ ਹੋਈਆਂ। ਜਿਸ ਵਿਚ ਚੀਨ ਦੀ ਹਾਰ ਹੋਈ ਅਤੇ ਬਰਤਾਨੀਆ ਨੇ ਅਪਮਾਨਜਨਕ ਸ਼ਰਤਾਂ 'ਤੇ ਚੀਨ ਨਾਲ ਕਈ ਸਮਝੌਤੇ ਕੀਤੇ। ਇਸ ਤਰ੍ਹਾਂ ਨਸ਼ਟ ਕੀਤੀ ਗਈ ਅਫੀਮ ਦਾ ਮੁਆਵਜ਼ਾ ਵਸੂਲਿਆ ਗਿਆ। ਚੀਨੀ ਬੰਦਰਗਾਹਾਂ 'ਤੇ ਕਬਜ਼ਾ ਕੀਤਾ ਗਿਆ। ਹਾਂਗਕਾਂਗ 'ਤੇ ਬਰਤਾਨਵੀ ਕਬਜ਼ਾ ਇਸੇ ਦੀ ਹੀ ਇੱਕ ਕੜੀ ਸੀ। ਜਦੋਂ ਚੀਨੀ ਸਰਕਾਰ ਨੇ ਵਿਰੋਧ ਵਿਚ ਮਹਾਰਾਣੀ ਵਿਕਟੋਰੀਆ ਨੂੰ ਪੱਤਰ ਲਿਖ ਕੇ ਅਫੀਮ ਦੇ ਵਪਾਰ ਨੂੰ ਰੋਕਣ ਲਈ ਮਦਦ ਦੀ ਅਪੀਲ ਕੀਤੀ ਤਾਂ ਉਸ ਪੱਤਰ ਦਾ ਜਵਾਬ ਨਾ ਆਇਆ। 1707 ਵਿਚ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਤੋਂ ਬਾਅਦ, ਕਈ ਇਲਾਕਿਆਂ ਵਿਚ ਲੋਕ

***(ਬਾਕੀ ਅਗਲੇ ਸਫੇ 'ਤੇ)***

***ਸ਼ੁਰੂਆਤੀ ਸਾਲਾਂ ਵਿਚ ਦੂਸਰੇ ਇਲਾਕਿਆਂ ਦੀਆਂ ਯਾਤਰਾਵਾਂ ਕਰਨ ਤੋਂ ਬਾਅਦ ਅਗਸਤ 1608 ਵਿਚ ਕੈਪਟਨ ਵਿਲੀਅਮ ਹਾਕਿੰਗਸ ਨੇ ਭਾਰਤ ਦੀ ਸੂਰਤ ਬੰਦਰਗਾਹ 'ਤੇ ਆਪਣੇ ਜਹਾਜ਼ 'ਹੈਕਟਰ' ਦਾ ਲੰਗਰ ਪਾ ਕੇ ਈਸਟ ਇੰਡੀਆ ਕੰਪਨੀ ਦੇ ਆਉਣ ਦਾ ਐਲਾਨ ਕੀਤਾ। ਹਿੰਦ ਮਹਾਂਸਾਗਰ ਵਿਚ ਬਰਤਾਨੀਆ ਦੇ ਕਾਰੋਬਾਰੀ ਵਿਰੋਧੀ ਡੱਚ ਅਤੇ ਪੁਰਤਗਾਲੀ ਪਹਿਲਾਂ ਹੀ ਮੌਜੂਦ ਸਨ। ਉਸ ਵੇਲੇ ਕਿਸੇ ਨੇ ਵੀ ਅੰਦਾਜ਼ਾ ਨਹੀਂ ਲਾਇਆ ਹੋਣਾ ਕਿ ਕੰਪਨੀ ਆਪਣੇ ਦੇਸ਼ ਤੋਂ ਵੀਹ ਗੁਣਾ ਵੱਡੇ, ਦੁਨੀਆ ਦੇ ਸਭ ਤੋਂ ਧਨੀ ਦੇਸ਼ਾਂ ਵਿਚੋਂ ਇੱਕ ਅਤੇ ਤਕਰੀਬਨ ਉਸ ਦੀ ਇੱਕ ਚੌਥਾਈ ਆਬਾਦੀ 'ਤੇ ਸਿੱਧੇ ਤੌਰ 'ਤੇ ਸ਼ਾਸਨ ਕਰਨ ਵਾਲੀ ਹੈ।***

ਇੱਕ ਦੂਸਰੇ ਦੇ ਖਿਲਾਫ ਹੋ ਗਏ। ਕੰਪਨੀ ਨੇ ਅਜਿਹੇ ਹਾਲਾਤ ਦਾ ਫਾਇਦਾ ਚੁੱਕਦੇ ਹੋਏ ਲੱਖਾਂ ਦੀ ਗਿਣਤੀ ਵਿਚ ਸਥਾਈ ਲੋਕਾਂ ਨੂੰ ਸੈਨਾ ਵਿਚ ਭਰਤੀ ਕੀਤਾ। ਯੂਰਪ ਵਿਚ ਹੋਣ ਵਾਲੀ ਉਦਯੋਗਿਕ ਕ੍ਰਾਂਤੀ ਦੇ ਕਾਰਨ ਉਹ ਯੁੱਧ ਤਕਨੀਕਾਂ ਵਿਚ ਵੀ ਮਾਹਰ ਹੋ ਗਏ। ਇਹ ਛੋਟੀ ਪਰ ਪ੍ਰਭਾਵਸ਼ਾਲੀ ਸੈਨਾ ਇੱਕ ਤੋਂ ਬਾਅਦ ਇੱਕ ਪੁਰਾਣੀ ਤਕਨੀਕ ਨਾਲ ਲੈਸ ਮੁਗਲਾਂ, ਮਰਾਠਿਆਂ, ਸਿੱਖਾਂ ਅਤੇ ਸਥਾਨਕ ਨਵਾਬਾਂ ਦੀਆਂ ਵੱਡੀਆਂ ਸੈਨਾਵਾਂ ਨੂੰ ਹਰਾਉਂਦੀ ਚਲੀ ਗਈ। 1756 ਵਿਚ ਨਵਾਬ ਸਿਰਾਜ-ਉਦ-ਦੌਲਾ ਭਾਰਤ ਦੇ ਸਭ ਤੋਂ ਅਮੀਰ ਅਰਧ-ਖੁਦਮੁਖਤਾਰ ਸੂਬੇ ਬੰਗਾਲ ਦੇ ਸ਼ਾਸਕ ਬਣੇ। ਮੁਗਲ ਸ਼ਾਸਨ ਦੇ ਮਾਲੀਏ ਦਾ ਪੰਜਾਹ ਫੀਸਦ ਹਿੱਸਾ ਇਸੇ ਸੂਬੇ ਤੋਂ ਆਉਂਦਾ ਸੀ। ਬੰਗਾਲ ਨਾ ਸਿਰਫ ਭਾਰਤ ਬਲਕਿ ਪੂਰੀ ਦੁਨੀਆ ਵਿਚ ਕੱਪੜੇ ਅਤੇ ਜਹਾਜ਼ ਦੇ ਨਿਰਮਾਣ ਦਾ ਮੁੱਖ ਕੇਂਦਰ ਸੀ। ਇਸ ਇਲਾਕੇ ਦੇ ਲੋਕ ਰੇਸ਼ਮ, ਸੂਤੀ ਕੱਪੜੇ, ਇਸਪਾਤ, ਪੋਟਾਸ਼ੀਅਮ ਨਾਈਟ੍ਰੇਟ ਅਤੇ ਖੇਤੀ ਤੇ ਉਦਯੋਗਿਕ ਵਸਤਾਂ ਦਾ ਉਦਪਾਦ ਕਰ ਕੇ ਚੰਗੀ ਕਮਾਈ ਕਰਦੇ ਸਨ।

ਕੰਪਨੀ ਨੇ ਕੱਲਕਤਾ (ਹੁਣ ਕੋਲਕਾਤਾ) ਵਿਚ ਆਪਣੇ ਕਿਲ੍ਹਿਆਂ ਦਾ ਵਿਸਥਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਸੈਨਿਕਾਂ ਦੀ ਗਿਣਤੀ ਵਧਾ ਦਿੱਤੀ। ਨਵਾਬ ਨੇ ਕੰਪਨੀ ਨੂੰ ਸੁਨੇਹਾ ਭੇਜਿਆ ਕਿ ਉਹ ਆਪਣੇ ਖੇਤਰ ਦਾ ਵਿਸਥਾਰ ਨਾ ਕਰੇ। ਹੁਕਮਾਂ ਦੀ ਉਲੰਘਣਾ ਤੋਂ ਬਾਅਦ ਨਵਾਬ ਨੇ ਕਲਕੱਤਾ 'ਤੇ ਹਮਲਾ ਕੀਤਾ ਅਤੇ ਬਰਤਾਨਵੀ ਕਿਲ੍ਹਿਆਂ 'ਤੇ ਕਬਜ਼ਾ ਕਰ ਲਿਆ। ਬਰਤਾਨਵੀ ਕੈਦੀਆਂ ਨੂੰ ਫੋਰਟ ਵਿਲੀਅਮ ਦੇ ਤਹਿਖਾਨੇ ਵਿਚ ਕੈਦ ਕੀਤਾ ਗਿਆ।

ਈਸਟ ਇੰਡੀਆ ਕੰਪਨੀ ਨੇ ਨਵਾਬ ਦੀ ਸੈਨਾ ਦੇ ਸੈਨਾਪਤੀ ਮੀਰ ਜਾਫਰ ਨੂੰ ਆਪਣੇ ਨਾਲ ਮਿਲਾ ਲਿਆ, ਮੀਰ ਜਾਫਰ ਦੇ ਮਨ ਵਿਚ ਸ਼ਾਸਕ ਬਣਨ ਦੀ ਇੱਛਾ ਸੀ। 23 ਜੂਨ, 1757 ਨੂੰ ਪਲਾਸੀ ਵਿਚ ਕੰਪਨੀ ਅਤੇ ਨਵਾਬ ਦੀਆਂ ਸੈਨਾਵਾਂ ਦਰਮਿਆਨ ਲੜਾਈ ਹੋਈ। ਤੋਪਾਂ ਦੀ ਵੱਧ ਗਿਣਤੀ ਅਤੇ ਮੀਰ ਜਾਫਰ ਦੇ ਵਿਸ਼ਵਾਸਘਾਤ ਕਾਰਨ ਅੰਗਰੇਜ਼ਾਂ ਦੀ ਜਿੱਤ ਹੋਈ ਅਤੇ ਮੀਰ ਜਾਫਰ ਨੂੰ ਬੰਗਾਲ ਦੀ ਗੱਦੀ 'ਤੇ ਬਿਠਾ ਦਿੱਤਾ ਗਿਆ। ਅੰਗਰੇਜ਼ ਹੁਣ ਮੀਰ ਜਾਫਰ ਤੋਂ ਮਾਲਗੁਜ਼ਾਰੀ ਵਸੂਲਣ ਲੱਗੇ। ਇਸ ਤਰ੍ਹਾਂ ਭਾਰਤ ਦੀ ਲੁੱਟਮਾਰ ਦਾ ਯੁੱਗ ਸ਼ੁਰੂ ਹੋ ਗਿਆ।

ਜਦੋਂ ਖਜ਼ਾਨਾ ਖਾਲੀ ਹੋ ਗਿਆ ਮੀਰ ਜਾਫਰ ਨੇ ਕੰਪਨੀ ਤੋਂ ਪਿੱਛਾ ਛੁਡਾਉਣ ਲਈ ਡੱਚ ਸੈਨਾ ਦੀ ਮਦਦ ਲਈ। 1759 ਅਤੇ ਫਿਰ 1764 ਤੋਂ ਦੀਆਂ ਲੜਾਈਆਂ ਵਿਚ ਜਿੱਤ ਹਾਸਲ ਕਰਨ ਤੋਂ ਬਾਅਦ ਕੰਪਨੀ ਨੇ ਬੰਗਾਲ ਦਾ ਪ੍ਰਸ਼ਾਸਨ ਆਪਣੇ ਹੱਥ ਵਿਚ ਲੈ ਲਿਆ। ਕੰਪਨੀ ਵਲੋਂ ਨਵੇਂ-ਨਵੇਂ ਕਰਾਂ ਦਾ ਬੋਝ ਲੱਦਿਆ ਗਿਆ ਅਤੇ ਬੰਗਾਲ ਦਾ ਸਮਾਨ ਸਸਤੇ ਭਾਅ ਖਰੀਦ ਕੇ ਦੂਸਰੇ ਦੇਸ਼ਾਂ ਵਿਚ ਮਹਿੰਗੇ ਭਾਅ ਵੇਚਣ ਲੱਗੀ। ਬੁੱਧੀਜੀਵੀ ਵਜਾਹਤ ਮਸੂਦ ਲਿਖਦੇ ਹਨ ਕਿ ਅਠਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਬਰਤਾਨਵੀ ਵਪਾਰੀ ਚਾਂਦੀ ਦੇ ਸਿੱਕੇ ਦੇ ਕੇ ਭਾਰਤੀਆਂ ਤੋਂ ਕਪਾਹ ਅਤੇ ਚੌਲ ਖਰੀਦਦੇ ਸਨ।

ਪਲਾਸੀ ਦੀ ਲੜਾਈ ਤੋਂ ਬਾਅਦ ਈਸਟ ਇੰਡੀਆ ਕੰਪਨੀ ਨੇ ਵਿੱਤ ਅਤੇ ਮਾਲੀਆ ਪ੍ਰਣਾਲੀ ਦੀ ਸਹਾਇਤਾ ਨਾਲ ਭਾਰਤ ਨਾਲ ਵਪਾਰ ਵਿਚ ਏਕਾਧਿਕਾਰ ਸਥਾਪਤ ਕਰ ਲਿਆ। ਇਹ ਵਿਵਸਥਾ ਕੀਤੀ ਗਈ ਕਿ ਭਾਰਤੀਆਂ ਤੋਂ ਲਏ ਗਏ ਮਾਲੀਏ ਦਾ ਤਕਰੀਬਨ ਇੱਕ ਤਿਹਾਈ ਭਾਰਤੀ ਉਤਪਾਦਾਂ ਨੂੰ ਖਰੀਦਣ ਵਿਚ ਖਰਚ ਕੀਤਾ ਜਾਵੇਗਾ। ਇਸ ਤਰੀਕੇ ਨਾਲ ਭਾਰਤ ਦੇ ਲੋਕ ਜਿਹੜਾ ਮਾਲੀਆ ਦਿੰਦੇ, ਉਨ੍ਹਾਂ ਨੂੰ ਉਸੇ ਦੇ ਇੱਕ ਤਿਹਾਈ ਹਿੱਸੇ ਵਿਚ ਆਪਣਾ ਮਾਲ ਵੇਚਣ ਲਈ ਮਜਬੂਰ ਕੀਤਾ ਜਾਂਦਾ ਸੀ।

ਇਤਿਹਾਸਕਾਰ, ਆਲੋਚਕ ਅਤੇ ਪੱਤਰਕਾਰ ਬਾਰੀ ਅਲੀਗ ਨੇ ਆਪਣੀ ਕਿਤਾਬ 'ਕੰਪਨੀ ਦੀ ਹਕੂਮਤ' ਵਿਚ ਲਿਖਿਆ ਹੈ, "ਦੁਨੀਆ ਦੇ ਹਰ ਇੱਕ ਦੇਸ਼ ਦੇ ਵਪਾਰੀ ਭਾਰਤ ਨਾਲ ਵਪਾਰ ਕਰਦੇ ਸਨ। ਸਭਿਆ ਲੋਕਾਂ ਵਿਚ ਢਾਕਾ ਅਤੇ ਮੁਰਸ਼ਦਾਬਾਦ ਦੀ ਮਲਮਲ ਦੀ ਵਰਤੋਂ ਨੂੰ ਮਹਾਨਤਾ ਅਤੇ ਉੱਤਮਤਾ ਦਾ ਸਬੂਤ ਮੰਨਿਆ ਜਾਂਦਾ ਸੀ। ਯੂਰਪ ਦੇ ਸਾਰੇ ਸ਼ਹਿਰਾਂ ਵਿਚ ਇਨ੍ਹਾਂ ਦੋਵਾਂ ਸ਼ਹਿਰਾਂ ਦੀ ਮਲਮਲ ਅਤੇ ਚਿਕਨ ਬਹੁਤ ਮਸ਼ਹੂਰ ਸੀ।"

ਭਾਰਤ ਦੇ ਹੋਰ ਉਦਯੋਗਾਂ ਦੇ ਮੁਕਾਬਲੇ ਕੱਪੜਾ ਉਦਯੋਗ ਬਹੁਤ ਬਿਹਤਰ ਹਾਲਤ ਵਿਚ ਸੀ। ਭਾਰਤ ਤੋਂ ਸੂਤੀ ਤੇ ਊਨੀ ਕੱਪੜੇ, ਸ਼ਾਲ, ਮਲਮਲ ਅਤੇ ਕਸ਼ੀਦਾਕਾਰੀ ਦਾ ਬਰਾਮਦ ਕੀਤਾ ਜਾਂਦਾ ਸੀ। ਅਹਿਮਦਾਬਾਦ ਆਪਣੇ ਰੇਸ਼ਮ ਅਤੇ ਰੇਸ਼ਮ 'ਤੇ ਕੀਤੇ ਜਾਣ ਵਾਲੇ ਸੋਨੇ ਚਾਂਦੀ ਦੇ ਕੰਮ ਲਈ ਦੁਨੀਆ ਭਰ ਵਿਚ ਮਸ਼ਹੂਰ ਸੀ। ਅਠਾਰਵੀਂ ਸਦੀ ਵਿਚ ਇੰਗਲੈਂਡ ਵਿਚ ਇਨ੍ਹਾਂ ਕੱਪੜਿਆਂ ਦੀ ਮੰਗ ਇਨ੍ਹੀਂ ਜ਼ਿਆਦਾ ਸੀ ਕਿ ਸਰਕਾਰ ਨੂੰ ਇਨ੍ਹਾਂ ਕੱਪੜਿਆਂ 'ਤੇ ਰੋਕ ਲਾਉਣ ਲਈ ਭਾਰੀ ਕਰ ਲਾਉਣਾ ਪਿਆ ਸੀ। ਕੱਪੜਾ ਬੁਣਾਈ ਤੋਂ ਇਲਾਵਾ ਲੋਹੇ ਦੇ ਕੰਮ ਵਿਚ ਵੀ ਭਾਰਤ ਬਹੁਤ ਤਰੱਕੀ ਕਰ ਚੁੱਕਿਆ ਸੀ। ਲੋਹੇ ਨਾਲ ਬਣਿਆ ਸਮਾਨ ਵੀ ਭਾਰਤ ਤੋਂ ਬਾਹਰਲੇ ਮੁਲਕਾਂ ਵਿਚ ਭੇਜਿਆ ਜਾਂਦਾ ਸੀ।

ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਰਾਜ ਦੌਰਾਨ ਮੁਲਤਾਨ ਵਿਚ ਜਹਾਜ਼ਾਂ ਲਈ ਲੋਹੇ ਦਾ ਲੰਗਰ ਬਣਾਇਆ ਜਾਂਦਾ ਸੀ। ਬੰਗਾਲ ਨੇ ਜਹਾਜ਼ ਨਿਰਮਾਣ ਵਿਚ ਬਹੁਤ ਤਰੱਕੀ ਕੀਤੀ ਸੀ। ਇੱਕ ਅੰਗਰੇਜ਼ ਦੇ ਸ਼ਬਦਾਂ ਵਿਚ, "ਆਮ ਅੰਗੇਰਜ਼ਾਂ ਨੂੰ ਸਮਝਾਉਣਾ ਔਖਾ ਹੈ ਕਿ ਸਾਡੇ ਸ਼ਾਸਨ ਤੋਂ ਪਹਿਲਾਂ ਭਾਰਤੀ ਲੋਕ ਸੁਖਦ ਜੀਵਨ ਬਤੀਤ ਕਰ ਰਹੇ ਸਨ। ਵਪਾਰੀ ਅਤੇ ਸਾਹਸੀ ਲੋਕਾਂ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਉਪਲਬਧ ਸਨ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਭਾਰਤੀ ਵਪਾਰੀ ਬਹੁਤ ਹੀ ਆਰਾਮਦਾਇਕ ਜ਼ਿੰਦਗੀ ਜਿਉਂ ਰਹੇ ਸਨ।"

"ਔਰੰਗਜ਼ੇਬ ਦੇ ਸ਼ਾਸਨ ਦੌਰਾਨ ਸੂਰਤ ਅਤੇ ਅਹਿਮਦਾਬਾਦ ਤੋਂ ਜੋ ਮਾਲ ਬਰਾਮਦ ਕੀਤਾ ਜਾਂਦਾ ਸੀ, ਉਸ ਤੋਂ ਕ੍ਰਮਵਾਰ 13 ਲੱਖ ਇੱਕ ਸੌ ਤੋਂ 3 ਲੱਖ ਰੁਪਏ ਸਾਲਾਨਾ ਮਾਲੀਆ ਦੀ ਵਸੂਲੀ ਹੁੰਦੀ ਸੀ।" ਈਸਟ ਇੰਡੀਆ ਕੰਪਨੀ ਵਪਾਰਕ ਕੰਪਨੀ ਸੀ ਪਰ ਉਸ ਕੋਲ ਢਾਈ ਲੱਖ ਸੈਨਿਕਾਂ ਦੀ ਫੌਜ ਸੀ। ਜਿਥੇ ਵਪਾਰ ਵਿਚ ਲਾਭ ਦੀਆਂ ਸੰਭਾਵਨਾਵਾਂ ਨਾ ਹੁੰਦੀਆਂ ਉਥੇ ਸੈਨਾ ਉਸ ਨੂੰ ਸੰਭਵ ਬਣਾ ਦਿੰਦੀ। ਕੰਪਨੀ ਦੀ ਸੈਨਾ ਨੇ ਅਗਲੇ ਪੰਜਾਹ ਸਾਲਾਂ ਵਿਚ ਭਾਰਤ ਦੇ ਬਹੁਤੇ ਹਿੱਸਿਆਂ 'ਤੇ ਕਬਜ਼ਾ ਕਰ ਲਿਆ। ਉਨ੍ਹਾਂ ਇਲਾਕਿਆਂ ਵਿਚ ਕੰਪਨੀ ਨੂੰ ਮਾਲੀਆਂ ਦੇਣ ਵਾਲੇ ਸਥਾਨਕ ਸ਼ਾਸਕ ਰਾਜ ਕਰਨ ਲੱਗੇ। ਪ੍ਰਤੱਖ ਰੂਪ ਵਿਚ ਸੱਤਾ ਸਥਾਨਕ ਸ਼ਾਸਕਾਂ ਦੇ ਹੱਥਾਂ ਵਿਚ ਸੀ ਪਰ ਰਾਜ ਦਾ ਬਹੁਤਾ ਮਾਲੀਆ ਬਰਤਾਨਵੀ ਤਿਜੋਰੀਆਂ ਵਿਚ ਜਾਂਦਾ ਸੀ। ਲੋਕ ਮਜਬੂਰ ਸਨ।

ਅਗਸਤ 1765 ਵਿਚ ਈਸਟ ਇੰਡੀਆ ਕੰਪਨੀ ਨੇ ਮੁਗਲ ਬਾਦਸ਼ਾਹ ਸ਼ਾਹ ਆਲਮ ਨੂੰ ਹਰਾਇਆ। ਲੌਰਡ ਕਲਾਈਵ ਨੇ ਪੂਰਬੀ ਪ੍ਰਾਂਤਾਂ ਬੰਗਾਲ, ਬਿਹਾਰ ਅਤੇ ਉੜੀਸਾ ਦੇ ਦੀਵਾਨੀ, ਯਾਨੀ ਮਾਲੀਆ ਵਸੂਲਣ ਅਤੇ ਲੋਕਾਂ ਨੂੰ ਕਾਬੂ ਕਰਨ ਦਾ ਅਧਿਕਾਰ ਸਾਲਾਨਾ 26 ਲੱਖ ਰੁਪਏ ਬਦਲੇ ਹਾਸਲ ਕਰ ਲਿਆ। ਇਸ ਤੋਂ ਬਾਅਦ ਭਾਰਤ ਕੰਪਨੀ ਦੇ ਰਾਜ ਅਧੀਨ ਆ ਗਿਆ। ਇਤਿਹਾਸਕਾਰ ਸਯਦ ਹਸਨ ਰਿਆਜ਼ ਮੁਤਾਬਿਕ ਉਸ ਦੌਰ ਵਿਚ ਜਨਤਾ ਵਿਚ ਇਹ ਧਾਰਨਾ ਪ੍ਰਚਲਿਤ ਸੀ, "ਦੁਨੀਆ ਖੁਦਾ ਦੀ, ਮੁਲਕ ਬਾਦਸ਼ਾਹ ਦਾ ਅਤੇ ਹੁਕਮ ਕੰਪਨੀ ਬਹਾਦਰ ਦਾ।"

ਮੁਗਲ ਸ਼ਾਸਨ ਦੇ ਅੰਤਿਮ ਦੌਰ ਵਿਚ ਸ਼ਾਸਕਾਂ ਵਲੋਂ ਜਨਤਾ ਦਾ ਖੂਨ ਨਿਚੋੜ ਕੇ ਧਨ ਜਾਇਦਾਦ ਇਕੱਠੀ ਕੀਤੀ ਜਾਂਦੀ ਸੀ, ਉਹ ਸ਼ਾਹੀ ਪਰਿਵਾਰ ਦੀ ਵਿਲਾਸਤਾ ਵਿਚ ਖਰਚ ਹੋ ਜਾਂਦੀ ਸੀ। ਮੁਗਲ ਸ਼ਹਿਜ਼ਾਦੇ ਜਿਨ੍ਹਾਂ ਨੂੰ ਸੁਲਤਾਨ ਕਿਹਾ ਜਾਂਦਾ ਸੀ, ਉਹ ਆਪਣੇ ਆਲਸ, ਨਿਕੰਮੇਪਣ, ਡਰਪੋਕਪੁਣੇ ਅਤੇ ਸ਼ਾਨੋ-ਸ਼ੌਕਤ ਲਈ ਜਾਣੇ ਜਾਂਦੇ ਸਨ। ਇਤਿਹਾਸਕਾਰ ਡਾਕਟਰ ਮੁਬਾਰਕ ਅਲੀ ਆਪਣੀ ਕਿਤਾਬ 'ਆਖਰੀ ਅਹਿਦ ਦਾ ਮੁਗਲੀਆ ਹਿੰਦੂਸਤਾਨ' ਵਿਚ ਲਿਖਦੇ ਹਨ ਕਿ "ਸਾਲ 1948 ਵਿਚ ਨੱਚਦੇ ਅਤੇ ਸਰੋਦ ਦੀਆਂ ਮਹਿਫਲਾਂ ਵਿਚ ਸਭ ਕੁਝ ਲੁਟਾ ਕੇ ਦਾਦ ਦੇਣ ਵਾਲੇ ਨਿਕੰਮੇ ਸੁਲਤਾਨਾਂ ਦੀ ਗਿਣਤੀ 2104 ਤੱਕ ਪਹੁੰਚ ਗਈ ਸੀ। ਸ਼ਾਹ ਆਲਮ ਦਾ ਪੁੱਤਰ ਅਕਬਰ ਵੀ ਕਾਮੁਕਤਾ ਵਿਚ ਆਪਣੇ ਬਾਪ ਤੋਂ ਘੱਟ ਨਹੀਂ ਸੀ। ਆਠਾਰਾਂ ਸਾਲ ਦੀ ਉਮਰ ਵਿਚ ਉਹ ਦੋ ਪਤਨੀਆਂ ਦਾ ਸ਼ੌਹਰ ਸੀ।"

ਅਠਾਰਵੀਂ ਸ਼ਤਾਬਦੀ ਵਿਚ 1769 ਤੋਂ 1773 ਤੱਕ ਬਿਹਾਰ ਤੋਂ ਲੈ ਕੇ ਬੰਗਾਲ ਤੱਕ ਦਾ ਦੱਖਣੀ ਇਲਾਕਾ ਅਕਾਲ ਤੋਂ ਪ੍ਰਭਾਵਿਤ ਸੀ। ਇੱਕ ਅੰਦਾਜ਼ੇ ਮੁਤਾਬਿਕ ਅਕਾਲ ਵਿਚ ਲੱਖਾਂ ਲੋਕਾਂ ਦੀ ਮੌਤ ਹੋਈ। ਗਵਰਨਰ ਜਨਰਲ ਵਾਰੇਨ ਹੇਸਟਿੰਗਸ ਦੀ ਰਿਪੋਰਟ ਮੁਤਾਬਿਕ ਇੱਕ ਤਿਹਾਈ ਆਬਾਦੀ ਭੁੱਖਮਰੀ ਨਾਲ ਮਰ ਗਈ। ਮੌਸਮ ਦੀ ਵਿਰੋਧੀ ਹਾਲਤ ਤੋਂ ਇਲਾਵਾ ਪੇਂਡੂ ਆਬਾਦੀ ਕੰਪਨੀ ਦੁਆਰਾ ਲਾਏ ਗਏ ਭਾਰੀ ਕਰ-ਕਰ ਕੇ ਕੰਗਾਲ ਹੋ ਗਈ ਸੀ। ਨੋਬੇਲ ਪੁਰਸਕਾਰ ਨਾਲ ਸਨਮਾਨਿਤ ਅਰਥ ਸ਼ਾਸਤਰੀ ਅਮਰਤਿਆ ਸੇਨ ਮੁਤਾਬਿਕ ਬੰਗਾਲ ਅਕਾਲ ਮਨੁੱਖ ਵਲੋਂ ਪੈਦਾ ਕੀਤਾ ਹੋਇਆ ਸੀ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦੀ ਹਾਲਤ ਵਿਚ ਈਸਟ ਇੰਡੀਆ ਕੰਪਨੀ ਸਥਾਨਕ ਸ਼ਾਸਕਾਂ ਨੂੰ ਆਪਣੀ ਸੈਨਾ ਕਿਰਾਏ 'ਤੇ ਮੁਹੱਈਆ ਕਰਵਾਉਂਦੀ ਸੀ ਪਰ ਇਨ੍ਹਾਂ ਸੈਨਿਕ ਖਰਚਿਆਂ ਦੇ ਬੋਝ ਕਰ ਕੇ ਸ਼ਾਸਕ ਜਲਦ ਹੀ ਕੰਗਾਲ ਹੋ ਜਾਂਦੇ ਅਤੇ ਉਨ੍ਹਾਂ ਨੂੰ ਆਪਣਾ ਰਾਜ ਗੁਆਉਣਾ ਪੈਂਦਾ। ਇਸ ਤਰ੍ਹਾਂ ਕੰਪਨੀ ਲਗਾਤਾਰ ਆਪਣੇ ਇਲਾਕੇ ਦਾ ਵਿਸਥਾਰ ਕਰਦੀ ਗਈ। ਕੰਪਨੀ ਨੇ ਮਨੁੱਖੀ ਤ੍ਰਾਸਦੀਆਂ ਦਾ ਫਾਇਦਾ ਚੁੱਕਿਆ। ਜੋ ਚੌਲ ਇੱਕ ਰੁਪਏ ਦਾ 120 ਸੇਰ ਮਿਲਦਾ ਸੀ, ਉਹ ਬੰਗਾਲ ਦੇ ਅਕਾਲ ਦੌਰਾਨ ਇੱਕ ਰੁਪਏ ਦਾ ਸਿਰਫ ਤਿੰਨ ਸੇਰ ਮਿਲਣ ਲੱਗਿਆ। ਇੱਕ ਜੂਨੀਅਰ ਅਧਿਕਾਰੀ ਨੇ ਇਸ ਤਰ੍ਹਾਂ 60,000 ਪੌਂਡ ਦਾ ਮਨਾਫਾ ਕਮਾਇਆ। ਈਸਟ ਇੰਡੀਆ ਕੰਪਨੀ ਦੇ 120 ਸਾਲਾਂ ਦੇ ਸ਼ਾਸਨ ਵਿਚ 34 ਵਾਰ ਅਕਾਲ ਪਿਆ।

ਮੁਗਲ ਸ਼ਾਸਨ ਅਧੀਨ ਅਕਾਲ ਦੌਰਾਨ ਲਗਾਨ ਮੁਆਫ ਕਰ ਦਿੱਤਾ ਜਾਂਦਾ ਸੀ ਪਰ ਈਸਟ ਇੰਡੀਆ ਕੰਪਨੀ ਨੇ ਅਕਾਲ ਦੌਰਾਨ ਲਗਾਨ ਵਿਚ ਵਾਧਾ ਕੀਤਾ। ਲੋਕ ਰੋਟੀ ਲਈ ਆਪਣੇ ਬੱਚੇ ਵੇਚਣ ਲੱਗੇ। ਈਸਟ ਇੰਡੀਆ ਕੰਪਨੀ ਦੇ ਇੱਕ ਕਰਮਚਾਰੀ ਸ਼ੇਖ ਦੀਨ ਮੁਹੰਮਦ ਨੇ ਆਪਣੇ ਯਾਤਰਾ ਬਿਰਤਾਂਤ ਵਿਚ ਲਿਖਿਆ ਹੈ ਕਿ "1780 ਦੇ ਨੇੜੇ-ਤੇੜੇ ਜਦੋਂ ਸਾਡੀਆਂ ਸੈਨਾਵਾਂ ਅੱਗੇ ਵਧ ਰਹੀਆਂ ਸਨ ਤਾਂ ਅਸੀਂ ਕਈ ਹਿੰਦੀ ਤੀਰਥ ਯਾਤਰੀਆਂ ਨੂੰ ਦੇਖਿਆ ਜੋ ਸੀਤਾ ਕੁੰਡ ਜਾ ਰਹੇ ਸਨ। 15 ਦਿਨਾਂ ਵਿਚ ਅਸੀਂ ਮੁੰਗੇਰ ਤੋਂ ਭਾਗਲਪੁਰ ਪਹੁੰਚ ਗਏ।"

"ਅਸੀਂ ਸ਼ਹਿਰ ਦੇ ਬਾਹਰ ਡੇਰਾ ਲਾਇਆ। ਇਹ ਸ਼ਹਿਰ ਉਦਯੋਗਿਕ ਤੌਰ 'ਤੇ ਅਹਿਮ ਸੀ ਅਤੇ ਵਪਾਰ ਦੀ ਰੱਖਿਆ ਲਈ ਇਸ ਕੋਲ ਆਪਣੀ ਸੈਨਾ ਵੀ ਸੀ। ਅਸੀਂ ਚਾਰ ਪੰਜ ਦਿਨ ਉਥੇ ਰੁਕੇ। ਸਾਨੂੰ ਪਤਾ ਲੱਗਿਆ ਕਿ ਈਸਟ ਇੰਡੀਆ ਕੰਪਨੀ ਦਾ ਕੈਪਟਨ ਬਰੁਕ ਜੋ ਸੈਨਿਕਾਂ ਦੀਆਂ ਪੰਜ ਕੰਪਨੀਆਂ ਦਾ ਮੁਖੀ ਸੀ ਉਹ ਵੀ ਨੇੜੇ ਹੀ ਰੁਕਿਆ ਹੋਇਆ ਸੀ। ਉਸ ਨੂੰ ਕਦੀ-ਕਦੀ ਪਹਾੜੀ ਆਦਿਵਾਸੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ।"

"ਇਹ ਪਹਾੜੀ ਲੋਕ ਭਾਗਲਪੁਰ ਅਤੇ ਰਾਜਮਹਿਲ ਦੇ ਦਰਮਿਆਨ ਦੀਆਂ ਪਹਾੜੀਆਂ 'ਤੇ ਰਹਿੰਦੇ ਸਨ ਅਤੇ ਉਥੋਂ ਗੁਜ਼ਰਨ ਵਾਲੇ ਯਾਤਰੀਆਂ ਨੂੰ ਪ੍ਰੇਸ਼ਾਨ ਕਰਦੇ ਸਨ। ਕੈਪਟਨ ਬਰੁਕ ਨੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਫੜ ਲਿਆ ਅਤੇ ਉਨ੍ਹਾਂ ਨੂੰ ਮਿਸਾਲ ਦੇ ਰੂਪ ਵਿਚ ਪੇਸ਼ ਕੀਤਾ।"

"ਕਈ ਲੋਕਾਂ ਨੂੰ ਜਨਤਕ ਤੌਰ 'ਤੇ ਕੋੜੇ ਮਾਰੇ ਗਏ ਅਤੇ ਕਈਆਂ ਨੂੰ ਇਸ ਤਰ੍ਹਾਂ ਫਾਂਸੀ 'ਤੇ ਲਟਕਾਇਆ ਗਿਆ ਕਿ ਪਹਾੜੀਆਂ ਤੋਂ ਸਾਫ ਦਿਖਾਈ ਦੇ ਸਕੇ ਤਾਂ ਕਿ ਉਨ੍ਹਾਂ ਦੇ ਸਾਥੀਆਂ ਦੇ ਦਿਲਾਂ ਵਿਚ ਦਹਿਸ਼ਤ ਬੈਠ ਜਾਵੇ।"



***ਹਡਸਨ ਵਿਲੀਅਮ ਵੱਲੋਂ 1857 ਵਿਚ ਭਾਰਤ ਦੇ ਆਖਰੀ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਅਤੇ ਉਸ ਦੇ ਪੁੱਤਰ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਚਿੱਤਰ।***

"ਇਥੋਂ ਅਸੀਂ ਅੱਗੇ ਵਧੇ 'ਤੇ ਦੇਖਿਆ ਕਿ ਪਹਾੜੀ ਦੀਆਂ ਸਾਰੀਆਂ ਮੁੱਖ ਥਾਵਾਂ 'ਤੇ ਹਰ ਅੱਧੇ ਮੀਲ 'ਤੇ ਉਨ੍ਹਾਂ ਦੀਆਂ ਦੇਹਾਂ ਲਟਕੀਆਂ ਹੋਈਆਂ ਹਨ। ਅਸੀਂ ਸੁਕਲੀ ਗੜ੍ਹੀ ਅਤੇ ਤਲੀਆ ਗੜ੍ਹੀ ਦੀ ਰਾਹ ਤੋਂ ਰਾਜ ਮਹਿਲ ਪਹੁੰਚੇ, ਉਥੇ ਕੁਝ ਦਿਨ ਰੁਕੇ। ਸਾਡੀ ਸੈਨਾ ਬਹੁਤ ਵੱਡੀ ਸੀ ਪਰ ਪਿੱਛਿਓਂ ਵਪਾਰੀਆਂ 'ਤੇ ਕੁਝ ਹੋਰ ਪਹਾੜੀਆਂ ਨੇ ਹਮਲਾ ਕਰ ਦਿੱਤਾ। ਸਾਡੇ ਸਿਪਾਹੀਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ।"

"ਕਈ ਲੋਕਾਂ ਨੂੰ ਮਾਰ ਦਿੱਤਾ ਗਿਆ ਅਤੇ ਤੀਹ ਜਾਂ ਚਾਲੀ ਪਹਾੜੀ ਲੋਕਾਂ ਨੂੰ ਫੜ ਲਿਆ ਗਿਆ। ਅਗਲੀ ਸਵੇਰ ਜਦੋਂ ਹਮੇਸ਼ਾਂ ਦੀ ਤਰ੍ਹਾਂ ਸ਼ਹਿਰ ਵਿਚ ਲੋਕ ਹਾਥੀ, ਘੋੜਿਆਂ ਅਤੇ ਬਲਦਾਂ ਦਾ ਚਾਰਾ ਲੈਣ ਅਤੇ ਬਾਲਣ ਲਈ ਲੱਕੜੀਆਂ ਖਰੀਦਣ ਲਈ ਪਹਾੜੀਆਂ ਕੋਲ ਗਏ ਤਾਂ ਪਹਾੜੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਸੱਤ ਜਾਂ ਅੱਠ ਲੋਕ ਮਾਰੇ ਗਏ। ਪਹਾੜੀ ਆਪਣੇ ਨਾਲ ਤਿੰਨ ਹਾਥੀ, ਕਈ ਊਠ, ਘੋੜੇ ਅਤੇ ਬਲਦ ਵੀ ਲੈ ਗਏ।"

"ਸਾਡੇ ਹਥਿਆਰਬੰਦ ਸੈਨਿਕਾਂ ਨੇ ਜਵਾਬੀ ਕਾਰਵਾਈ ਵਿਚ ਬਹੁਤ ਸਾਰੇ ਪਹਾੜੀਆਂ ਨੂੰ ਮਾਰ ਦਿੱਤਾ ਜਿਹੜੇ ਤੀਰ ਕਮਾਨਾਂ ਅਤੇ ਤਲਵਾਰਾਂ ਨਾਲ ਲੜ ਸਨ ਅਤੇ ਦੋ ਸੌ ਪਹਾੜੀਆਂ ਨੂੰ ਹਿਰਾਸਤ ਵਿਚ ਲੈ ਲਿਆ। ਉਨ੍ਹਾਂ ਦੀ ਤਲਵਾਰ ਦਾ ਵਜ਼ਨ 15 ਪੌਂਡ ਸੀ ਅਤੇ ਉਹ ਹੁਣ ਸਾਡੀ ਜਿੱਤ ਦੀ ਟਰਾਫੀ ਬਣ ਚੁੱਕੀ ਸੀ। ਕਰਨਲ ਗਰਾਂਟ ਦੇ ਹੁਕਮਾਂ ਮੁਤਾਬਿਕ ਇਨ੍ਹਾਂ ਪਹਾੜੀਆਂ 'ਤੇ ਬਹੁਤ ਜ਼ੁਲਮ ਕੀਤਾ ਗਿਆ। ਕਈਆਂ ਦੇ ਨੱਕ ਅਤੇ ਕੰਨ ਕੱਟ ਦਿੱਤੇ ਗਏ। ਕਈਆਂ ਨੂੰ ਫਾਂਸੀ ਦੇ ਦਿੱਤੀ ਗਈ। ਇਸ ਤੋਂ ਬਾਅਦ ਅਸੀਂ ਕਲਕੱਤਾ ਵੱਲ ਆਪਣਾ ਮਾਰਚ ਜਾਰੀ ਰੱਖਿਆ।"

ਸਿਰਫ ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਨੇ ਫਰਾਂਸ ਦੇ ਤਕਨੀਕੀ ਸਹਿਯੋਗ ਨਾਲ ਕੰਪਨੀ ਦਾ ਅਸਲ ਵਿਚ ਵਿਰੋਧ ਕੀਤਾ ਅਤੇ ਕੰਪਨੀ ਨੂੰ ਦੋ ਲੜਾਈਆਂ ਵਿਚ ਹਰਾਇਆ ਪਰ ਭਾਰਤ ਦੇ ਹੋਰ ਸ਼ਾਸਕਾਂ ਨੂੰ ਆਪਣੇ ਨਾਲ ਮਿਲਾ ਕੇ ਕੰਪਨੀ ਵਲੋਂ ਟੀਪੂ ਸੁਲਤਾਨ 'ਤੇ ਵੀ ਕਾਬੂ ਪਾ ਲਿਆ ਗਿਆ। ਜਦੋਂ ਕੰਪਨੀ ਦੇ ਗਵਰਨਰ ਜਨਰਲ ਲੌਰਡ ਵੇਲੇਜ਼ਲੀ ਨੂੰ 1799 ਵਿਚ ਟੀਪੂ ਦੀ ਮੌਤ ਦੀ ਖਬਰ ਦਿੱਤੀ ਗਈ, ਤਾਂ ਉਸ ਨੇ ਆਪਣਾ ਗਿਲਾਸ ਹਵਾ ਵਿਚ ਚੁੱਕਦੇ ਹੋਏ ਕਿਹਾ, ਅੱਜ ਮੈਂ ਭਾਰਤ ਦੀ ਲਾਸ਼ 'ਤੇ ਜਸ਼ਨ ਮਨਾ ਰਿਹਾ ਹਾਂ। ਲਾਰਡ ਵੇਲੇਜ਼ਲੀ ਦੇ ਹੀ ਕਾਰਜਕਾਲ ਵਿਚ ਕੰਪਨੀ ਨੂੰ ਆਪਣੀ ਸੈਨਿਕ ਜਿੱਤ ਦੇ ਬਾਵਜੂਦ ਵਿੱਤੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਸ ਦਾ ਕਰਜ਼ਾ 3 ਕਰੋੜ ਪੌਂਡ ਤੋਂ ਵੀ ਵੱਧ ਹੋ ਚੁੱਕਿਆ ਸੀ। ਕੰਪਨੀ ਦੇ ਨਿਰਦੇਸ਼ਕ ਨੇ ਵੇਲੇਜ਼ਲੀ ਦੇ ਫਜ਼ੂਲ ਖਰਚ ਬਾਰੇ ਸਰਕਾਰ ਨੂੰ ਲਿਖਿਆ ਅਤੇ ਉਨ੍ਹਾਂ ਨੂੰ ਵਾਪਸ ਬਰਤਾਨੀਆ ਬੁਲਾ ਲਿਆ ਗਿਆ।

***ਸਿਰਫ ਮੈਸੂਰ ਦੇ ਸ਼ਾਸਕ ਟੀਪੂ ਸੁਲਤਾਨ ਨੇ ਫਰਾਂਸ ਦੇ ਤਕਨੀਕੀ ਸਹਿਯੋਗ ਨਾਲ ਕੰਪਨੀ ਦਾ ਅਸਲ ਵਿਚ ਵਿਰੋਧ ਕੀਤਾ ਅਤੇ ਕੰਪਨੀ ਨੂੰ ਦੋ ਲੜਾਈਆਂ ਵਿਚ ਹਰਾਇਆ ਪਰ ਭਾਰਤ ਦੇ ਹੋਰ ਸ਼ਾਸਕਾਂ ਨੂੰ ਆਪਣੇ ਨਾਲ ਮਿਲਾ ਕੇ ਕੰਪਨੀ ਵਲੋਂ ਟੀਪੂ ਸੁਲਤਾਨ 'ਤੇ ਵੀ ਕਾਬੂ ਪਾ ਲਿਆ ਗਿਆ। ਜਦੋਂ ਕੰਪਨੀ ਦੇ ਗਵਰਨਰ ਜਨਰਲ ਲੌਰਡ ਵੇਲੇਜ਼ਲੀ ਨੂੰ 1799 ਵਿਚ ਟੀਪੂ ਦੀ ਮੌਤ ਦੀ ਖਬਰ ਦਿੱਤੀ ਗਈ, ਤਾਂ ਉਸ ਨੇ ਆਪਣਾ ਗਿਲਾਸ ਹਵਾ ਵਿਚ ਚੁੱਕਦੇ ਹੋਏ ਕਿਹਾ, ਅੱਜ ਮੈਂ ਭਾਰਤ ਦੀ ਲਾਸ਼ 'ਤੇ ਜਸ਼ਨ ਮਨਾ ਰਿਹਾ ਹਾਂ।***

1813 ਵਿਚ ਬਰਤਾਨਵੀ ਸੰਸਦ ਨੇ ਭਾਰਤ ਵਿਚ ਵਪਾਰ ਬਾਰੇ ਈਸਟ ਇੰਡੀਆ ਕੰਪਨੀ ਦਾ ਏਕਾਧਿਕਾਰ ਖਤਮ ਕਰ ਦਿੱਤਾ ਅਤੇ ਹੋਰ ਬਰਤਾਨਵੀ ਕੰਪਨੀਆਂ ਨੂੰ ਵਪਾਰ ਕਰਨ ਅਤੇ ਦਫਤਰ ਖੋਲ੍ਹਣ ਦੀ ਆਗਿਆ ਦੇ ਦਿੱਤੀ।

ਬਰਤਾਨੀਆ ਦੇ ਸਦਨ ਨੇ 1813 ਵਿਚ ਥੌਮਸ ਮੁਨਰੋ ਤੋਂ ਪੁੱਛਿਆ ਜਿਨ੍ਹਾਂ ਨੂੰ 1820 ਵਿਚ ਮਦਰਾਸ ਦਾ ਗਵਰਨਰ ਬਣਾਇਆ ਗਿਆ ਸੀ ਕਿ ਉਦਯੋਗਿਕ ਕ੍ਰਾਂਤੀ ਦੇ ਬਾਵਜੂਦ ਬਰਤਾਨੀਆ ਵਿਚ ਬਣੇ ਕੱਪੜੇ ਭਾਰਤ ਵਿਚ ਕਿਉਂ ਨਹੀਂ ਵਿਕ ਰਹੇ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਭਾਰਤੀ ਕੱਪੜੇ ਕਿਤੇ ਵੱਧ ਗੁਣਵੱਤਾ ਵਾਲੇ ਹਨ। ਫਿਰ ਬਰਤਾਨੀਆ ਵਿਚ ਬਣੇ ਕੱਪੜਿਆਂ ਨੂੰ ਪਸੰਦੀਦਾ ਬਣਾਉਣ ਲਈ ਸਦੀਆਂ ਪੁਰਾਣੇ ਸਥਾਨਕ ਉਦਯੋਗ ਨਸ਼ਟ ਕੀਤੇ ਗਏ; ਇਸ ਤਰ੍ਹਾਂ ਬਰਤਾਨੀਆ ਦਾ ਬਰਾਮਦ ਜੋ 1815 ਵਿਚ 25 ਲੱਖ ਪੌਂਡ ਸੀ, 1822 ਵਿਚ ਵਧ ਕੇ 48 ਲੱਖ ਪੌਂਡ ਹੋ ਗਿਆ। ਢਾਕਾ ਜੋ ਕੱਪੜਾ ਉਤਪਾਦਨ ਦਾ ਮੁੱਖ ਕੇਂਦਰ ਸੀ, ਉਸ ਦੀ ਜਨਸੰਖਿਆ ਡੇਢ ਲੱਖ ਤੋਂ ਘਟ ਕੇ ਵੀਹ ਹਜ਼ਾਰ ਰਹਿ ਗਈ। ਗਵਰਨਰ ਜਨਰਲ ਵਿਲੀਅਮ ਬੈਂਟਿਕ ਨੇ ਆਪਣੀ 1934 ਦੀ ਰਿਪੋਰਟ ਵਿਚ ਲਿਖਿਆ ਕਿ ਅਰਥ ਸ਼ਾਸਤਰ ਦੇ ਇਤਿਹਾਸ ਵਿਚ ਅਜਿਹੀ ਨਾਜ਼ੁਕ ਹਾਲਤ ਦੀ ਕੋਈ ਹੋਰ ਉਦਾਹਰਨ ਨਹੀਂ ਮਿਲ ਸਕਦੀ।

ਭਾਰਤੀ ਬੁਣਕਰਾਂ ਦੀਆਂ ਹੱਡੀਆਂ ਨਾਲ ਭਾਰਤ ਦੀ ਧਰਤੀ ਸਫੇਦ ਹੋ ਗਈ। ਕਿਸਾਨਾਂ ਦੀ ਆਮਦਨ 'ਤੇ 66 ਫੀਸਦ ਕਰ ਲਾ ਦਿੱਤਾ ਗਿਆ ਜੋ ਮੁਗਲ ਰਾਜ ਵਿਚ 40 ਫੀਸਦ ਸੀ। ਲੂਣ ਸਮੇਤ ਰੋਜ਼ਾਨਾ ਵਰਤੋਂ ਦੀਆਂ ਵਸਤਾਂ 'ਤੇ ਵੀ ਕਰ ਲਾ ਦਿੱਤਾ ਗਿਆ। ਇਸ ਨਾਲ ਲੂਣ ਦੀ ਖਪਤ ਅੱਧੀ ਹੋ ਗਈ। ਲੂਣ ਦੀ ਘੱਟ ਵਰਤੋਂ ਕਰ ਕੇ ਗਰੀਬਾਂ ਦੀ ਸਿਹਤ 'ਤੇ ਇਸ ਦਾ ਬੁਰਾ ਪ੍ਰਭਾਵ ਪਿਆ ਅਤੇ ਹੈਜ਼ਾ ਅਤੇ ਲੂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿਚ ਜ਼ਿਕਰਯੋਗ ਵਾਧਾ ਹੋਇਆ।

ਈਸਟ ਇੰਡੀਆ ਕੰਪਨੀ ਦੇ ਨਿਰਦੇਸ਼ਕ ਹੇਨਰੀ ਜਾਰਜ ਟਕਰ ਨੇ 1823 ਵਿਚ ਲਿਖਿਆ ਕਿ ਭਾਰਤ ਨੂੰ ਉਦਯੋਗਿਕ ਦੇਸ਼ ਦੀ ਜਗ੍ਹਾ ਖੇਤੀ ਪ੍ਰਧਾਨ ਦੇਸ਼ ਵਿਚ ਬਦਲ ਦਿੱਤਾ ਗਿਆ ਤਾਂ ਕਿ ਬਰਤਾਨੀਆ ਵਿਚ ਬਣਿਆ ਸਮਾਨ ਭਾਰਤ ਵਿਚ ਵੇਚਿਆ ਜਾ ਸਕੇ। 1833 ਵਿਚ ਬਰਤਾਨਵੀ ਸੰਸਦ ਦੁਆਰਾ ਕਾਨੂੰਨ ਪਾਸ ਕਰ ਕੇ ਈਸਟ ਇੰਡੀਆ ਕੰਪਨੀ ਤੋਂ ਵਪਾਰ ਕਰਨ ਦੇ ਅਧਿਕਾਰ ਖੋਹ ਲਏ ਗਏ ਅਤੇ ਇਸ ਨੂੰ ਸਰਕਾਰੀ ਨਿਗਮ ਵਿਚ ਬਦਲ ਦਿੱਤਾ ਗਿਆ।

ਵਿਲੀਅਮ ਡੇਲਰਿੰਪਲ ਨੇ ਆਪਣੀ ਕਿਤਾਬ 'ਦਿ ਅਨਾਰਕੀ, ਦਿ ਰਿਲੇਂਟਲੇਸ ਰਾਈਜ਼ ਆਫ ਦਾ ਈਸਟ ਇੰਡੀਆ ਕੰਪਨੀ' ਵਿਚ ਲਿਖਿਆ ਹੈ ਕਿ ਇਹ ਇਤਿਹਾਸ ਦੀ ਵੱਖਰੀ ਉਦਾਹਰਨ ਹੈ ਜਿਸ ਵਿਚ ਅਠਾਰਵੀਂ ਸਦੀ ਦੇ ਮੱਧ ਵਿਚ ਇੱਕ ਪ੍ਰਾਈਵੇਟ ਕੰਪਨੀ ਨੇ ਆਪਣੀ ਥਲ ਸੈਨਾ ਅਤੇ ਜਲ ਸੈਨਾ ਦੀ ਮਦਦ ਨਾਲ 20 ਕਰੋੜ ਆਬਾਦੀ ਵਾਲੇ ਦੇਸ਼ ਨੂੰ ਗੁਲਾਮ ਬਣਾ ਦਿੱਤਾ ਸੀ।

ਕੰਪਨੀ ਨੇ ਸੜਕਾਂ ਬਣਵਾਈਆਂ, ਪੁਲ ਬਣਾਏ, ਸਰਾਵਾਂ ਦਾ ਨਿਰਮਾਣ ਕੀਤਾ, ਰੇਲ ਚਲਾਈ ਪਰ ਅਲੋਚਕਾਂ ਦਾ ਕਹਿਣਾ ਹੈ ਕਿ ਇਨ੍ਹਾਂ ਯੋਜਨਾਵਾਂ ਨੇ ਲੋਕਾਂ ਨੂੰ ਆਉਣ ਜਾਣ ਦੀਆਂ ਸਹੂਲਤਾਂ ਤਾਂ ਦਿੱਤੀਆਂ ਪਰ ਇਸ ਦਾ ਅਸਲ ਉਦੇਸ਼ ਕਪਾਹ, ਰੇਸ਼ਮ, ਅਫੀਮ, ਚੀਨੀ ਅਤੇ ਮਸਾਲਿਆਂ ਦਾ ਵਪਾਰ ਵਧਾਉਣਾ ਸੀ।

ਸਾਲ 1835 ਦੇ ਐਕਟ ਤਹਿਤ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਨੂੰ ਉਤਸ਼ਾਹਿਤ ਕਰਨ ਲਈ ਧਨ ਰਾਖਵਾਂ ਰੱਖਿਆ ਗਿਆ ਸੀ। 1857 ਦੇ ਸੁਤੰਤਰਤਾ ਸੰਗਰਾਮ (ਕੰਪਨੀ ਮੁਤਾਬਿਕ ਵਿਦਰੋਹ) ਦੌਰਾਨ, ਕੰਪਨੀ ਨੇ ਹਜ਼ਾਰਾਂ ਲੋਕਾਂ ਨੂੰ ਬਾਜ਼ਾਰਾਂ ਵਿਚ ਅਤੇ ਸੜਕਾਂ 'ਤੇ ਲਟਕਾ ਕੇ ਮਾਰ ਮੁਕਾਇਆ ਅਤੇ ਬਹੁਤ ਸਾਰੇ ਲੋਕਾਂ ਨੂੰ ਕੁਚਲ ਦਿੱਤਾ ਗਿਆ।

ਇਹ ਬਰਤਾਨਵੀ ਬਸਤੀਵਾਦ ਇਤਿਹਾਸ ਦਾ ਸਭ ਤੋਂ ਵੱਡਾ ਕਤਲੇਆਮ ਸੀ। ਸੁਤੰਤਰਤਾ ਸੰਗਰਾਮ ਦੇ ਅਗਲੇ ਸਾਲ ਇੱਕ ਨਵੰਬਰ ਨੂੰ ਬਰਤਾਨੀਆ ਦੀ ਮਹਾਰਾਣੀ ਵਿਕਟੋਰੀਆ ਨੇ ਕੰਪਨੀ ਦੇ ਅਧਿਕਾਰਾਂ ਨੂੰ ਖਤਮ ਕਰ ਕੇ ਸ਼ਾਸਨ ਦੀ ਵਾਗਡੋਰ ਸਿੱਧੀ ਤੌਰ 'ਤੇ ਆਪਣੇ ਹੱਥਾਂ ਵਿਚ ਲੈ ਲਈ। ਕੰਪਨੀ ਦੀ ਸੈਨਾ ਨੂੰ ਬਰਤਾਨਵੀ ਸੈਨਾ ਵਿਚ ਸ਼ਾਮਿਲ ਕਰ ਦਿੱਤਾ ਗਿਆ ਅਤੇ ਕੰਪਨੀ ਦੀ ਜਲ ਸੈਨਾ ਨੂੰ ਭੰਗ ਕਰ ਦਿੱਤਾ ਗਿਆ। ਲੌਰਡ ਮੈਕਾਲੇ ਮੁਤਾਬਿਕ, ਕੰਪਨੀ ਸ਼ੁਰੂ ਤੋਂ ਹੀ ਵਪਾਰ ਦੇ ਨਾਲ-ਨਾਲ ਸਿਆਸਤ ਵਿਚ ਹਿੱਸੇਦਾਰ ਸੀ, ਇਸੇ ਕਰ ਕੇ ਕੰਪਨੀ ਦੇ ਆਖਰੀ ਸਾਹ 1874 ਤੱਕ ਚੱਲਦੇ ਰਹੇ। ਉਸੇ ਸਾਲ ਬਰਤਾਨਵੀ ਅਖਬਾਰ 'ਦਿ ਟਾਈਮਜ਼' ਨੇ ਦੋ ਜਨਵਰੀ ਦੇ ਅੰਕ ਵਿਚ ਲਿਖਿਆ- "ਇਸ ਨੇ ਮਨੁੱਖੀ ਜਾਤੀ ਦੇ ਇਤਿਹਾਸ ਵਿਚ ਅਜਿਹਾ ਕੰਮ ਕੀਤਾ ਹੈ ਜਿਸ ਤਰ੍ਹਾਂ ਦਾ ਕਿਸੇ ਹੋਰ ਕੰਪਨੀ ਨੇ ਨਹੀਂ ਕੀਤਾ ਅਤੇ ਆਉਣ ਵਾਲੇ ਸਾਲਾਂ ਵਿਚ ਕੋਈ ਅਜਿਹਾ ਕਰੇ, ਇਸ ਦੀ ਸੰਭਾਵਨਾ ਵੀ ਨਹੀਂ ਹੈ।"

ਭਾਰਤ ਹੁਣ ਬਰਤਾਨੀਆ ਦੀ ਮਹਾਰਾਣੀ ਦੇ ਰਾਜ ਅਧੀਨ ਸੀ।

# ਬੰਸੀ ਕੌਲ ਦਾ ਜਾਦੂ

*ਰੰਗਕਰਮੀ ਬੰਸੀ ਕੌਲ (23 ਅਗਸਤ 1949-6 ਫਰਵਰੀ 2021) ਭੁਪਾਲ ਦੇ ਰੰਗਮੰਚ ਥੀਏਟਰ 'ਰੰਗ ਵਿਦੂਸ਼ਕ' ਦੇ ਮੋਢੀ ਸਨ। 'ਆਲ੍ਹਾ ਅਫਸਰ' ਅਤੇ 'ਸਿੱਧੀ ਦਰ ਸਿੱਧੀ ਉਰਫ ਟਕੇ ਪੇ ਟਕਾ' ਉਨ੍ਹਾਂ ਦੇ ਪ੍ਰਸਿੱਧ ਨਾਟਕ ਹਨ। 2010 ਵਾਲੀਆਂ ਕਾਮਨਵੈਲਥ ਖੇਡਾਂ ਦੇ ਉਦਘਾਟਨੀ ਸਮਾਗਮ 'ਚ ਉਨ੍ਹਾਂ ਅਹਿਮ ਭੂਮਿਕਾ ਨਿਭਾਈ। ਇਸ ਲੇਖ 'ਚ ਅਰੀਤ ਕੌਰ ਨੇ ਉਨ੍ਹਾਂ ਦੀ ਇਕ ਵਰਕਸ਼ਾਪ ਦਾ ਜ਼ਿਕਰ ਕੀਤਾ ਹੈ। -ਸੰਪਾਦਕ*



## ਕਲਾ ਪਰਿਕਰਮਾ

1978 ਦੀਆਂ ਗਰਮੀਆਂ ਦੇ ਦਿਨ ਸਨ, ਜਦੋਂ ਮੈਂ ਬੰਸੀ ਕੌਲ ਨੂੰ ਪਹਿਲੀ ਵਾਰ ਅੰਮ੍ਰਿਤਸਰ ਵਿਚ ਮਿਲੀ ਸਾਂ। ਮੇਰੇ ਪਿਤਾ ਗੁਰਸ਼ਰਨ ਸਿੰਘ ਅਤੇ ਉੱਘੇ ਕਵੀ ਅਮਰਜੀਤ ਚੰਦਨ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਨਾਟਕ ਕਲਾ ਕੇਂਦਰ (ਜਿਸ ਨੂੰ ਮੇਰੇ ਪਿਤਾ ਚਲਾਉਂਦੇ ਸਨ) ਦੀ ਮਹੀਨਾ ਭਰ ਚੱਲਣ ਵਾਲੀ ਥੀਏਟਰ ਵਰਕਸ਼ਾਪ ਦੇ ਨਿਰਦੇਸ਼ਨ ਲਈ ਸੱਦਿਆ ਸੀ। ਉਸ ਵੇਲੇ ਬੰਸੀ ਕੌਲ ਨੈਸ਼ਨਲ ਸਕੂਲ ਆਫ ਡਰਾਮਾ ਦੇ ਅਧਿਆਪਕ ਅਤੇ ਐਨ.ਐਸ.ਡੀ. ਰੈਪਰਟਰੀ ਦੇ ਡਾਇਰੈਕਟਰ ਵੀ




ਸਨ। ਰੰਗਮੰਚ ਦੀ ਦੁਨੀਆ ਵਿਚ ਇਹ ਉਨ੍ਹਾਂ ਦੇ ਸ਼ਾਨਾਮੱਤੇ ਸਫਰ ਦੇ ਸ਼ੁਰੂਆਤੀ ਦਿਨਾਂ ਦੀ ਗੱਲ ਹੈ। ਉਨ੍ਹਾਂ ਦੀ ਸ਼ਖਸੀਅਤ ਬਹੁਤ ਦਿਲਕਸ਼ ਅਤੇ

**ਅਰੀਤ ਕੌਰ**
**ਫੋਨ: +91-98153-58034**

ਉਨ੍ਹਾਂ ਦਾ ਸਲੀਕਾ ਵੀ ਕਮਾਲ ਦਾ ਸੀ ਜਿਸ ਤੋਂ ਉਨ੍ਹਾਂ ਦੇ ਰਾਬਤੇ ਵਿਚ ਆਉਣ ਵਾਲਾ ਹਰ ਆਦਮੀ ਜਾਂ ਔਰਤ, ਬਜ਼ੁਰਗ ਜਾਂ ਨੌਜਵਾਨ, ਹਰ ਸ਼ਖਸ ਮੁਤਾਸਿਰ ਹੁੰਦਾ ਸੀ।

ਇਹ ਵਰਕਸ਼ਾਪ ਨਾਟਕ 'ਧਮਕ ਨਗਾਰੇ ਦੀ' ਤਿਆਰ ਕਰਨ ਵਾਸਤੇ ਰੱਖੀ ਗਈ ਸੀ। ਬਾਅਦ ਵਿਚ ਇਹ ਨਾਟਕ ਪੰਜਾਬੀ ਰੰਗ ਮੰਚ ਦੇ ਇਤਿਹਾਸ ਦਾ ਮਾਣਮੱਤਾ ਹਸਤਾਖਰ ਬਣਿਆ। ਨਾਟਕ ਦੇ ਪਲਾਟ/ਬਿਰਤਾਂਤ ਵਰਕਸ਼ਾਪ ਦੇ ਪਹਿਲੇ ਦਿਨ ਹੀ ਤੈਅ ਕੀਤਾ ਗਿਆ ਸੀ ਤੇ ਇਸ ਸਬੰਧੀ ਹੋਈ ਵਿਚਾਰ ਚਰਚਾ ਵਿਚ ਅਮਰਜੀਤ ਚੰਦਨ, ਸ਼ਾਇਰ ਸ਼ਹਰਯਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ. ਸਬਿੰਦਰਜੀਤ ਸਾਗਰ ਦਾ ਭਰਵਾਂ ਯੋਗਦਾਨ ਸੀ। ਸਹਿਮਤੀ ਬਣੀ ਕਿ ਇਹ ਇਤਿਹਾਸਕ ਡਰਾਮਾ ਮੁਗਲ ਸਲਤਨਤ ਵੇਲੇ ਦੀਆਂ ਬੇਰੁਖੀਆਂ ਤੇ ਵਧੀਕੀਆਂ ਖਿਲਾਫ ਦੁੱਲਾ ਭੱਟੀ ਦੀ ਅਗਵਾਈ ਹੇਠ ਉੱਠੇ ਕਿਸਾਨੀ ਵਿਦਰੋਹ ਦੀ ਗਾਥਾ ਤੇ ਆਧਾਰਿਤ ਹੋਵੇਗਾ। ਸਮਕਾਲੀ ਖੇਤੀਬਾੜੀ ਸੰਕਟ ਦੀ ਦਾਸਤਾਂ ਉਪਰ ਦੁੱਲਾ ਭੱਟੀ ਦਾ ਗਾਥਾ ਬਿਆਨ ਕੀਤੀ ਜਾਵੇਗੀ।

ਵਰਕਸ਼ਾਪ ਲਗਾਉਣ ਵਿਚ ਉਦੋਂ ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਪੇਸ਼ੇਵਰ ਕਲਾਕਾਰ ਮਿਲਦੇ ਨਹੀਂ ਸਨ। ਐਮਰਜੈਂਸੀ ਵੇਲੇ ਮੇਰੇ ਪਿਤਾ ਦੀ ਅੰਦਰੂਨੀ ਸੁਰੱਖਿਆ ਵਿਵਸਥਾ ਕਾਨੂੰਨ (ਮੀਸਾ - ਮੌਜੂਦਾ ਯੂਏਪੀਏ ਕਾਨੂੰਨ ਵਰਗਾ) ਤਹਿਤ ਗ੍ਰਿਫਤਾਰੀ ਹੋਣ ਤੋਂ ਬਾਅਦ ਉਨ੍ਹਾਂ ਨਾਲ ਕੰਮ ਕਰਨ ਵਾਲੇ ਪੁਰਾਣੇ ਕਲਾਕਾਰਾਂ ਨੇ ਮਿਲਣਾ ਜੁਲਣਾ ਬੰਦ ਕਰ ਦਿੱਤਾ ਸੀ। ਜੇਲ੍ਹ ਤੋਂ ਰਿਹਾਅ ਹੋਣ ਮਗਰੋਂ ਪਿਤਾ ਜੀ ਨੇ ਅਸਲੋਂ ਨਵੀਂ ਟੀਮ ਬਣਾਉਣ ਦਾ ਫੈਸਲਾ ਕੀਤਾ। ਇਸ ਟੀਮ ਵਿਚ ਜ਼ਿਆਦਾਤਰ ਅੰਮ੍ਰਿਤਸਰ ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਤੋਂ ਸਕੂਲ ਅਤੇ ਕਾਲਜ ਜਾਣ



ਵਾਲੇ ਨੌਜਵਾਨ ਵਿਦਿਆਰਥੀ ਸਨ ਤੇ ਉਹ ਸਾਧਾਰਨ ਘਰਾਂ ਤੋਂ ਸਨ। ਇਹ ਨੌਜਵਾਨ ਟੀਮ ਹਾਲਾਂਕਿ ਪਿਛਲੇ ਕੁਝ ਮਹੀਨਿਆਂ ਤੋਂ ਪੇਂਡੂ ਖੇਤਰਾਂ ਵਿਚ ਨੁੱਕੜ ਨਾਟਕ ਅਤੇ ਨਾਟਕ ਖੇਡ ਰਹੀ ਸੀ ਪਰ ਉਸ ਨੂੰ ਵਡੇਰੇ ਰੰਗਮੰਚ ਦੀ ਪ੍ਰੋਡਕਸ਼ਨ ਦਾ ਕੋਈ ਤਜਰਬਾ ਨਹੀਂ ਸੀ। 'ਧਮਕ ਨਗਾਰੇ ਦੀ' ਡਾਂਸ ਡਰਾਮਾ ਸੀ ਜਿਸ ਕਰ ਕੇ ਇਸ ਲਈ ਸੰਗੀਤਕ ਪਿਛੋਕੜ ਵਾਲੇ ਕਲਾਕਾਰਾਂ ਦੀ ਵੀ ਲੋੜ ਪੈਣੀ ਸੀ। ਇਸ ਦੀ ਭਰਪਾਈ ਅੰਡਰ-ਗ੍ਰੈਜੂਏਟ ਨੌਜਵਾਨ ਪਰਮਜੀਤ ਸਿੰਘ ਨੇ ਕਰ ਦਿੱਤੀ ਜੋ ਹਾਰਮੋਨੀਅਮ ਵਜਾਉਣਾ ਜਾਣਦਾ ਸੀ। ਅੱਗੇ ਚੱਲ ਕੇ ਪਰਮਜੀਤ ਸਿੰਘ ਮੇਰੇ ਪਿਤਾ ਦੇ ਸੰਗੀਤਕ ਨਾਟਕਾਂ ਦੀ ਅਹਿਮ ਕੜੀ ਬਣਦਾ ਹੈ। 1980ਵਿਆਂ ਵਿਚ ਉਸ ਵਲੋਂ ਗਾਏ 'ਉੱਠਣ ਦਾ ਵੇਲਾ' ਜਿਹੇ ਨਾਬਰੀ ਦੇ ਗੀਤਾਂ ਦੀ ਗੂੰਜ ਇਸ ਵੇਲੇ ਨਵੀਂ ਦਿੱਲੀ ਦੀਆਂ ਬਰੂਹਾਂ ਤੇ ਚੱਲ ਰਹੇ ਕਿਸਾਨ ਅੰਦੋਲਨ ਵਿਚ ਸੁਣਾਈ ਦਿੰਦੀ ਹੈ।

ਜਦੋਂ ਬੰਸੀ ਕੌਲ ਨੇ ਇਸ ਨਵੀਂ ਟੀਮ ਨਾਲ ਵਰਕਸ਼ਾਪ ਸ਼ੁਰੂ ਕੀਤੀ ਤਾਂ ਉਹ ਅਕਸਰ ਮਜ਼ਾਹੀਆ ਲਹਿਜ਼ੇ ਵਿਚ ਆਖਦੇ, "ਮੈਂ ਆਪਣੇ ਨਾਟਕ ਪ੍ਰੋਡਕਸ਼ਨ ਦੇ ਕਰੀਅਰ ਵਿਚ ਇੰਨੇ ਸਿਖਾਂਦਰੂ ਅਦਾਕਾਰਾਂ ਦੀ ਟੀਮ ਨਹੀਂ ਦੇਖੀ", ਪਰ ਉਹ ਕਮਾਲ ਦੇ ਟੀਮ ਲੀਡਰ ਸਨ ਜਿਨ੍ਹਾਂ ਨੂੰ ਸਿਖਾਂਦਰੂਆਂ ਦੀ ਟੋਲੀ ਤੋਂ ਵੀ ਬਿਹਤਰੀਨ ਕੰਮ ਲੈਣ ਦਾ ਵੱਲ ਆਉਂਦਾ ਸੀ। ਉਨ੍ਹਾਂ ਕੁਝ ਖਾਸ ਕਿਸਮ ਦੇ ਡਾਂਸ ਸਟੈੱਪ ਸਿਰਜੇ ਜਿਨ੍ਹਾਂ ਦੀ ਆਪਣੀ ਹੀ ਸੁਰ ਤਾਲ ਸੀ ਅਤੇ ਇਹਦੇ ਪਿੱਛੇ ਲੋਕ ਸੰਗੀਤ ਰਵਾਇਤਾਂ ਸਨ। ਅੱਜ ਪੈਂਤੀ ਸਾਲਾਂ ਬਾਅਦ ਮੈਨੂੰ ਯਾਦ ਹੈ ਕਿ ਉਹ ਇੰਨੀ ਖੂਬਸੂਰਤੀ ਨਾਲ ਨੱਚਦੇ ਸਨ ਕਿ ਦੇਖਣ ਵਾਲੇ ਅਸ਼ ਅਸ਼ ਕਰ ਉੱਠਦੇ ਸਨ। ਉਹ ਅਕਸਰ ਕਹਿੰਦੇ ਸਨ ਕਿ ਇੱਥੇ ਅਸੀਂ ਭੰਗੜਾ ਨਹੀਂ ਪਾਉਣਾ, ਨਾਚ ਤੋਂ ਨਾਟਕ ਦਾ ਰੋਹ, ਦਲੇਰੀ ਜਾਂ ਰੰਜ਼, ਭਾਵ ਇਹਦਾ ਰੌਅ ਉੱਭਰ ਕੇ ਸਾਹਮਣੇ ਆਉਣਾ ਚਾਹੀਦਾ ਹੈ। ਬੰਸੀ ਕੌਲ ਦਾ ਕਮਾਲ ਇਹ ਸੀ ਕਿ ਉਨ੍ਹਾਂ ਨੇ ਪਤਲੀਆਂ ਜਿਹੀਆਂ ਦੋ ਟਾਹਣੀਆਂ ਲੈ ਕੇ ਨਵਾਂ ਸੰਗੀਤ ਸਾਜ਼ ਈਜਾਦ ਕਰ ਲਿਆ ਸੀ ਜਿਨ੍ਹਾਂ ਨਾਲ ਬਹੁਤ ਗੂੰਜਵੀਂ ਲਰਜ਼ ਪੈਦਾ ਹੁੰਦੀ ਸੀ। ਉਹ ਆਪਣੇ ਪ੍ਰਾਜੈਕਟ ਵਿਚ ਹਰ ਬੰਦੇ ਅੰਦਰਲੀ ਪ੍ਰਤਿਭਾ ਦੀ ਅਸਰਦਾਰ ਢੰਗ ਨਾਲ ਵਰਤੋਂ ਕਰ ਲੈਂਦੇ ਸਨ। ਮਿਸਾਲ ਦੇ ਤੌਰ ਤੇ ਕੁਝ ਸਿਖਾਂਦਰੂ ਕਲਾਕਾਰ ਦਰਜ਼ੀ, ਤਰਖਾਣੇ ਅਤੇ ਜੁੱਤੀਆਂ ਗੰਢਣ ਵਾਲੇ ਪਰਿਵਾਰਾਂ ਤੋਂ ਸਨ। ਬੰਸੀ ਕੌਲ ਵੱਲੋਂ ਨਾਟਕ ਲਈ ਵਿਉਂਤਿਆ ਸੈੱਟ ਅਤੇ ਕੱਪੜੇ, ਕਲਾਕਾਰਾਂ ਨੇ ਖੁਦ ਤਿਆਰ ਕੀਤੇ ਸਨ। ਇਸ ਨਾਟਕ ਦੀ ਪ੍ਰੋਡਕਸ਼ਨ, ਸਾਂਝੀਵਾਲਤਾ ਅਤੇ ਇਕਮੁੱਠਤਾ ਦੀ ਮਿਸਾਲ ਬਣ ਗਈ ਸੀ।

ਵਰਕਸ਼ਾਪ ਦੀ ਅੰਮ੍ਰਿਤਸਰ ਵਿਚ ਵਾਹਵਾ ਚਰਚਾ ਹੋ ਰਹੀ ਸੀ। ਸ਼ਹਿਰ ਦੇ ਬਹੁਤ ਸਾਰੇ ਉਭਰਦੇ ਕਲਾਕਾਰ ਸੈਸ਼ਨ ਦੇਖਣ ਆਉਣ ਲੱਗ ਪਏ ਤੇ ਉਨ੍ਹਾਂ ਨੂੰ ਨਾਟਕ ਵਿਚ ਛੋਟਾ ਮੋਟਾ ਰੋਲ ਮਿਲਣ ਦੀ ਆਸ ਹੁੰਦੀ ਸੀ। ਇਨ੍ਹਾਂ ਵਿਚੋਂ ਇਕ ਸੀ ਕੇਵਲ ਧਾਲੀਵਾਲ ਜੋ ਉਦੋਂ ਸਕੂਲੀ ਵਿਦਿਆਰਥੀ ਸੀ ਤੇ ਹੁਣ ਅਸੀਂ ਭਲੀਭਾਂਤ ਜਾਣਦੇ ਹਾਂ ਕਿ ਉਹ ਭਾਰਤ ਦੇ ਰੰਗਮੰਚ ਦਾ ਕਿੱਡਾ ਵੱਡਾ ਨਾਂ ਹੈ। ਇਕ ਦਿਨ ਵੈਟਰਨ ਅਦਾਕਾਰ ਵੇਦ ਸ਼ਰਮਾ ਹੁਰੀਂ ਆ ਗਏ। ਉਨ੍ਹਾਂ ਦੀ ਆਮਦ ਨਾਲ ਵੱਡੀ ਸਮੱਸਿਆ ਹੱਲ ਹੋ ਗਈ, ਕਿਉਂਕਿ ਨੌਜਵਾਨ ਅਦਾਕਾਰਾਂ ਵਿਚੋਂ ਕੋਈ ਵੀ ਦੁੱਲਾ ਭੱਟੀ ਵਾਲੇ ਕਿਰਦਾਰ ਵਿਚ ਫੱਬਦਾ ਨਹੀਂ ਸੀ। ਵੇਦ ਸ਼ਰਮਾ ਨੇ ਇਹ ਕਿਰਦਾਰ ਬਾਖੂਬੀ ਨਿਭਾਇਆ ਅਤੇ ਇਹ ਉਨ੍ਹਾਂ ਦੇ ਲੰਮੇ ਕਰੀਅਰ ਦੀ ਯਾਦਗਾਰ ਪੇਸ਼ਕਾਰੀ ਸਾਬਿਤ ਹੋਇਆ। ਹੋਰ ਸ਼ਹਿਰਾਂ ਤੋਂ ਵੀ ਕਈ ਲੋਕ ਪ੍ਰੋਡਕਸ਼ਨ ਵਿਚ ਹਿੱਸਾ ਲੈਣ ਆ ਰਹੇ ਸਨ। ਇਨ੍ਹਾਂ ਵਿਚੋਂ ਇਕ ਫੂਲਵੰਤ ਸਿੰਘ ਮਿਨੋਚਾ ਸਨ ਜੋ ਮੇਰੇ ਪਿਤਾ ਦੇ ਭਾਖੜਾ ਨੰਗਲ ਡੈਮ ਪ੍ਰਾਜੈਕਟ ਵਿਚ ਨੌਕਰੀ ਵੇਲਿਆਂ ਦੇ ਸਹਿਕਰਮੀ ਸਨ। ਮੈਂ ਉਦੋਂ ਚੌਦਾਂ ਸਾਲਾਂ ਦੀ ਸੀ ਤੇ ਰੰਗਮੰਚ ਦੀ ਇਸ ਸਰਗਰਮੀ ਨਾਲ ਮੇਰਾ ਲਗਾਓ ਇੰਨਾ ਵਧ ਗਿਆ ਕਿ ਮੈਂ ਸਕੂਲ ਜਾਣਾ ਹੀ ਛੱਡ ਦਿੱਤਾ ਤੇ ਫਿਰ ਮੈਂ ਪ੍ਰਾਈਵੇਟ ਪ੍ਰੀਖਿਆਰਥਣ ਦੇ ਤੌਰ ਤੇ ਦਸਵੀਂ ਦੀ ਪ੍ਰੀਖਿਆ ਦੇਣ ਦਾ ਫੈਸਲਾ ਕੀਤਾ। ਮੈਂ ਮਹਿਸੂਸ ਕਰ ਰਹੀ ਸਾਂ ਕਿ ਘਰ ਵਿਚ ਰਹਿ ਕੇ ਜੋ ਮੈਂ ਤਜਰਬਾਤੀ ਸਿੱਖਿਆ ਲੈ ਰਹੀ ਹਾਂ, ਉਹ ਰੈਗੂਲਰ ਸਕੂਲ ਵਿਦਿਆਰਥੀ ਨਾਲੋਂ ਬਹੁਤ ਜ਼ਿਆਦਾ ਹੈ।

ਬਹੁਤ ਸਾਰੀਆਂ ਕਮੀਆਂ ਪੇਸ਼ੀਆਂ ਦੇ ਬਾਵਜੂਦ ਬੰਸੀ ਕੌਲ ਨੇ ਨਾਟਕ ਦੀ ਕਮਾਲ ਦੀ ਤਿਆਰੀ ਕੀਤੀ ਤੇ ਪੰਜਾਬੀ ਰੰਗਮੰਚ ਪ੍ਰੇਮੀ ਅੱਜ ਵੀ ਇਸ ਨਾਟਕ ਤੇ ਰਸ਼ਕ ਕਰਦੇ ਹਨ। ਉਨ੍ਹਾਂ ਪੰਜਾਬੀ ਰੰਗਮੰਚ ਨੂੰ ਕੌਮੀ ਮੰਜ਼ਰ ਤੇ ਲੈ ਕੇ ਜਾਣ ਵਿਚ ਮਦਦ ਕੀਤੀ। ਇਸ ਵਰਕਸ਼ਾਪ ਦੇ ਦਿਨਾਂ ਦੀਆਂ ਯਾਦਾਂ ਮੇਰੇ ਮਨ ਵਿਚ ਹਮੇਸ਼ਾ ਤਾਜ਼ੀਆਂ ਰਹਿੰਦੀਆਂ ਹਨ। ਇਹ ਉਸ ਗੁਜ਼ਰੇ ਜ਼ਮਾਨੇ ਦੀਆਂ ਯਾਦਾਂ ਦਾ ਗੁਲਦਸਤਾ ਹੈ ਜਦੋਂ ਬੰਸੀ ਕੌਲ ਨੇ ਆਪਣੇ ਨਿਰਦੇਸ਼ਨ ਦਾ ਜਾਦੂ ਸਿਰਜਿਆ ਸੀ ਤੇ ਅਦਾਕਾਰਾਂ ਤੇ ਸੰਗੀਤਕਾਰਾਂ ਦੀ ਨਵੀਂ ਪਨੀਰੀ ਤਿਆਰ ਹੋਈ ਸੀ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਫਰਵਰੀ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-470



*ਦੋ ਘੜੀਆਂ ਜੁੜੀਆਂ ਅਰਾਮ ਦੀਆਂ, ਕਰਨ ਸਲਾਹਾਂ ਵੱਟ ਉਤੇ ਬਹਿ ਕੇ।*
*ਖੇਤੀ ਵਿਚ ਹੁਣ ਬਰਕਤ ਕਿੱਥੇ! ਜਿਵੇਂ ਲੰਘ ਰਿਹਾ ਹੋਵੇ ਤੁਫਾਨ ਖਹਿ ਕੇ।*

## ਕੈਪਸ਼ਨ ਮੁਕਾਬਲਾ-468



ਪਗੜੀ ਦੀ ਹੈ ਸ਼ਾਨ ਨਿਰਾਲੀ
ਵੱਖਰੀ ਇੱਕ ਪਛਾਣ ਬਣਾਵੇ।
ਇੱਕ ਨੇ ਤਾਂ ਲੜ ਛੱਡਵੀਂ ਬੰਨ੍ਹੀਂ
ਦੂਜਾ ਚਿਣ ਚਿਣ ਪੇਚ ਲਗਾਵੇ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਛੈਲ ਛਬੀਲੇ ਗੱਭਰੂ
ਪੱਗਾਂ ਬੰਨ੍ਹਣ ਪੇਚ ਬਣਾ ਕੇ।
ਸ਼ਹਿਰ ਜਾਣ ਦੀ ਕਰਨ ਤਿਆਰੀ
ਸਾਰਾ ਘਰ ਦਾ ਕੰਮ ਮੁਕਾ ਕੇ।
ਮੈਂ ਹੀ ਲੱਗਾਂ ਸਭ ਤੋਂ ਸੋਹਣਾ
ਇਹੀ ਰੱਖਣ ਮਨ 'ਚ ਧਿਆ ਕੇ।
ਬਾਪੂ ਕਹਿੰਦਾ, 'ਛੇਤੀ ਮੁੜਿਓ'
ਸਾਰ ਦਿਆਂਗੇ ਬਹਾਨਾ ਬਣਾ ਕੇ।
*-ਕੇਵਲ ਸਿੰਘ, ਕਲਾਹੜ*
*ਫੋਨ: 91-98764-84032*

---

ਖਰਵਾ ਕੇ ਪੂਣੀ ਪੱਗ ਦੀ ਯਾਰੋ
ਟੌਹਰਾਂ ਦੇ ਵੱਟ ਕੱਢਦਾ ਹੈ,
ਫੜ ਕੇ ਸ਼ੀਸ਼ਾ ਖੜ੍ਹਾ ਹੈ ਨਿੱਕਾ
ਲੜ ਚਿਣ ਚਿਣ ਛੱਡਦਾ ਹੈ।
ਖੇਤਾਂ ਵਿਚ ਵੱਢ ਕੇ ਪੱਠਾ ਦੱਥਾ
ਮੇਲੇ ਦੀ ਜਾਪੇ ਤਿਆਰੀ ਹੈ,
ਪੈਲਾਂ ਪਾਉਣੀਆਂ ਭੰਗੜੇ ਵਿਚ
ਜਾ ਕੇ ਚਮਕੌਣੀ ਸਰਦਾਰੀ ਹੈ।
*-ਸੇਵਾ ਸਿੰਘ ਨੂਰਪੁਰੀ*

---

ਇਕ ਵੀਰ ਨੇ ਫੜ ਲਿਆ ਸ਼ੀਸ਼ਾ
ਦੂਜਾ ਬੰਨ੍ਹੇ ਪੱਗ।
ਚਿਣ ਚਿਣ ਬੰਨ੍ਹਦਾ ਪੱਗ
ਤਾਂ ਹੀ ਤਾਂ ਲੱਗੂ ਸਭ ਤੋਂ ਅਲੱਗ।
ਵੇਖ ਕੇ ਸਿੱਖੀ ਸਰੂਪ ਨੂੰ
ਤਾਂ ਹੀ ਸੋਭਾ ਕਰਦਾ ਜੱਗ।
ਦਸ਼ਮੇਸ਼ ਪਿਤਾ ਨੇ ਬਖਸ਼ੀ ਸਰਦਾਰੀ
ਸਿਰ ਦਾ ਤਾਜ ਏ ਪੱਗ।
ਕਲਗੀਆਂ ਵਾਲੇ ਨੇ ਦਿੱਤੀ
ਸਾਨੂੰ ਹੋਂਦ ਨਿਰਾਲੀ,
ਤਾਂ ਹੀ ਤਾਂ ਸਿੱਖ ਗੁਰੂ ਦਾ
ਹਰ ਵੇਲੇ ਕਰਦਾ ਮਜ਼ਲੂਮਾਂ ਦੀ ਰਾਖੀ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

---

ਰੀਝ ਨਾਲ ਬੰਨ੍ਹਣ, ਚਿਣ-ਚਿਣ ਕੇ
ਸ਼ੀਸ਼ੇ ਮੂਹਰੇ ਖੜ੍ਹ, ਟਿਕਾ ਲੈਂਦੈ ਅੱਖ।
ਪੋਚਵੀਂ ਪੱਗ ਦੇ ਸ਼ੌਕੀਨ ਗੱਭਰੂ
ਦਿਸਦੇ ਨੇ ਫਿਰ ਇਹ ਲੱਖਾਂ ਵਿਚੋਂ ਵੱਖ।
*-ਦਵਿੰਦਰ ਕੌਰ*

---

ਕਿਸਾਨ ਅੰਦੋਲਨ ਦੇ ਹਮਸਾਏ
ਅਸੀਂ ਹਾਂ ਗੱਭਰੂ ਪੰਜ-ਆਬ ਦੇ।
ਕਦੀ ਕਹਿਣ ਅਤਿਵਾਦੀ, ਖਾਲਿਸਤਾਨੀ
ਨਸ਼ੇੜੀ ਚਿੱਟੇ ਦੇ, ਕਦੀ ਪੀਂਦੇ ਸ਼ਰਾਬ ਨੇ।
ਸ਼ੀਸ਼ਾ ਅਸੀਂ ਦੇਖ ਵਿਰੋਧੀਆਂ ਨੂੰ ਦਿਖੌਣਾ
ਗਲਤਫਹਿਮੀ ਉਨ੍ਹੀਂ ਕਿ ਮੁੰਡੇ ਖਰਾਬ ਨੇ।
ਆਗੂ ਸਾਡੇ ਸ਼ਾਂਤਮਈ ਹੀਰੇ
ਅਸੀਂ ਤੱਤੇ ਹੀਰੋ ਇਨਕਲਾਬ ਦੇ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

---

ਕਿੰਨਾ ਸੋਹਣਾ ਲੱਗਦਾ ਸਿਆੜ
ਜਦੋਂ ਕਿਸਾਨ ਰੈਲ ਵਗਲਦਾ
ਇਹ ਵੀ ਹੈ ਇਕ ਕਲਾ
ਰੈਲ ਵਾਂਗ ਸ਼ੁਰੂ ਹੋ ਪੱਗ ਦਾ ਲੜ
ਨੱਪ ਨੱਪ ਕਿਨਾਰੇ ਨੱਕ ਦੀ ਸੇਧ ਨੂੰ
ਨੋਕ ਨਿਕਲਦੀ ਐਨ ਵਿਚਕਾਰ
ਜਿਵੇਂ ਭੂਮੱਧ ਰੇਖਾ ਦਿਖਾਉਂਦੀ ਧਰਤ ਨੂੰ
ਸਿਰ ਦੀ ਕਦਰ ਹੱਦਾਂ ਬੰਨੇ ਟੱਪ ਜਾਂਦੀ
'ਸਰ ਕਟਾ ਸਕਦੇ ਹਾਂ,
ਸਰ ਝੁਕਾ ਨਹੀਂ ਸਕਦੇ'
ਸਾਡਾ ਵਿਰਸਾ, ਸਾਡੀ ਪਛਾਣ,
ਪੱਗ ਦੀ ਇੱਜਤ
ਮਰਨ ਮਾਰਨ ਤੱਕ ਅੱਪੜ ਜਾਂਦੀ।
*-ਦਰਸ਼ਨਪਾਲ ਦੋਸਾਂਝ*

# ਵੰਡੋ ਅਤੇ ਰਾਜ ਕਰੋ ਦੀ ਨੀਤੀ ‘ਤੇ ਚੱਲਦਿਆਂ

***ਭਾਰਤੀ ਲੋਕਾਂ ਲਈ ‘ਵੰਡੋ ਅਤੇ ਰਾਜ ਕਰੋ ਦੀ ਨੀਤੀ’ ਦਾ ਸਮੁੱਚਾ ਬਿਰਤਾਂਤ ਭਾਵੇਂ ਅੰਗਰੇਜ਼ਾਂ ਨਾਲ ਜੁੜਿਆ ਹੋਇਆ ਹੈ, ਕਿਉਂਕਿ ਅੰਗਰੇਜ਼ਾਂ ਨੇ ਇਸ ਨੀਤੀ ਤਹਿਤ ਹੀ ਭਾਰਤ ਉਤੇ ਲੰਮਾ ਰਾਜ ਕੀਤਾ ਪਰ ਡਾ. ਤਾਰਨਜੀਤ ਸਿੰਘ ਨੇ ਆਪਣੇ ਇਸ ਲੇਖ ਵਿਚ ‘ਵੰਡੋ ਅਤੇ ਰਾਜ ਕਰੋ ਦੀ ਨੀਤੀ’ ਬਾਰੇ ਕੁਝ ਦਿਲਚਸਪ ਤੱਥ ਸਾਂਝੇ ਕੀਤੇ ਹਨ, ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

**ਡਾ. ਤਰਨਜੀਤ ਸਿੰਘ**
ਫੋਨ: 91-99149-46027

ਵੰਡੋ ਅਤੇ ਰਾਜ ਕਰੋ ਦੀ ਨੀਤੀ ਤੋਂ ਭਾਵ ਹੈ, ਕਿਸੇ ਖੇਤਰ ਦੇ ਲੋਕਾਂ ਨੂੰ ਵੱਖ ਵੱਖ ਆਧਾਰਾਂ ਜਿਵੇਂ ਕਿ ਧਾਰਮਿਕ, ਪ੍ਰਸ਼ਾਸਨਿਕ, ਖੇਤਰੀ, ਭਾਸ਼ਾ, ਆਦਿ ਬਣਾ ਕੇ ਤੋੜਨਾ ਅਤੇ ਉਸ ਖੇਤਰ ‘ਤੇ ਕਬਜ਼ਾ ਕਰਨਾ ਜਾਂ ਆਪਣੀ ਸੱਤਾ ਬਣਾਈ ਰੱਖਣਾ। ਇਹ ਨੀਤੀ ਖੇਤਰ ਦੀ ਕੁੱਲ ਤਾਕਤ ਨੂੰ ਟੁਕੜਿਆਂ ਵਿਚ ਵੰਡ ਕੇ ਕਮਜ਼ੋਰ ਕਰ ਦਿੰਦੀ ਹੈ ਅਤੇ ਇਹ ਵੱਖ ਵੱਖ ਟੁਕੜੇ ਹਮਲਾਵਰ ਜਾਂ ਸੱਤਾਧਾਰੀ ਨਾਲੋਂ ਘੱਟ ਤਾਕਤਵਰ ਰਹਿ ਜਾਂਦੇ ਹਨ। ਸਭ ਤੋਂ ਪਹਿਲਾਂ ਇਹ ਤਕਨੀਕ ਸਮਾਜ ਵਿਚ ਪਹਿਲਾਂ ਤੋਂ ਮੌਜੂਦ ਵਖਰੇਵਿਆਂ ਦੀ ਪਛਾਣ ਕਰਦੀ ਹੈ ਤੇ ਫਿਰ ਇਨ੍ਹਾਂ ਵਖਰੇਵਿਆਂ ਨੂੰ ਝਗੜਿਆਂ ਵਿਚ ਬਦਲਦੀ ਹੈ।

ਇਤਾਲਵੀ ਲੇਖਕ ਨਿਕੋਲੋ ਮੈਕਿਆਵਲੀ ਨੇ ਆਪਣੀ ਛੇਵੀਂ ਕਿਤਾਬ ‘ਯੁੱਧ ਦੀ ਕਲਾ’ ਵਿਚ ਅਜਿਹੀ ਹੀ ਰਣਨੀਤੀ ਬਾਰੇ ਦੱਸਿਆ ਹੈ। ਇਸ ਨੀਤੀ ਦੇ ਵੱਖ ਵੱਖ ਪੜਾਅ ਹਨ। ਪਹਿਲਾਂ ਲੋਕਾਂ ਦੇ ਵਖਰੇਵਿਆਂ ਨੂੰ ਉਕਸਾਉਣਾ ਤਾਂ ਜੋ ਕੋਈ ਗੱਠਜੋੜ ਨਾ ਹੋ ਸਕੇ, ਦੂਜਾ ਸਹਿਯੋਗ ਕਰਨ ਵਾਲੇ ਧੜੇ ਨੂੰ ਉਤਸ਼ਾਹਿਤ ਕਰਨਾ ਤੇ ਉਸ ਦੀ ਮਦਦ ਕਰਨਾ ਅਤੇ ਤੀਜਾ ਸਥਾਨਕ ਲੋਕਾਂ ਜਾਂ ਹਾਕਮਾਂ ਵਿਚ ਦੁਸ਼ਮਣੀ ਵਧਾਉਣਾ ਤੇ ਸਥਾਨਕ ਤਾਕਤਾਂ ਵਿਚ ਫਾਲਤੂ ਖਰਚਿਆਂ ਨੂੰ ਵਧਾਉਣਾ ਤਾਂ ਜੋ ਰਾਜਨੀਤਿਕ ਤੇ ਮਿਲਟਰੀ ਖਰਚਿਆਂ ਲਈ ਸਾਧਨ ਘੱਟ ਰਹਿ ਜਾਣ।

ਇਹ ਨੀਤੀ ਪੁਰਾਤਨ ਸਮੇਂ ਤੋਂ ਹੀ ਵਰਤੀ ਜਾ ਰਹੀ ਹੈ। ਰੋਮਨ ਸਾਮਰਾਜ ਨੇ ਇਹ ਨੀਤੀ ਯਹੂਦੀਆਂ ਨੂੰ ਵੰਡਣ ਲਈ ਵਰਤੀ ਅਤੇ ਪੂਰਬੀ ਮੈਡੀਟੇਰੀਅਨ ਦੇ ਰਾਸ਼ਟਰਵਾਦੀ ਕ੍ਰਾਂਤੀਕਾਰੀਆਂ ਨੂੰ ਖਿੰਡਾ ਕੇ ਘੱਟ ਗਿਣਤੀ ਬਣਾ ਕੇ ਦਬਾਅ ਦਿੱਤਾ। ਰੋਮਨਾਂ ਨੇ ਇਹੀ ਨੀਤੀ ਅਚਿਅਨ ਲੀਗ ਦੇ ਰਾਜਾਂ ਵਿਰੁੱਧ ਵੀ ਵਰਤੀ। ਲੀਗ ਦੇ ਵੱਖ ਵੱਖ ਰਾਜਾਂ ਨਾਲ ਵੱਖਰਾ ਵੱਖਰਾ ਵਰਤਾਰਾ ਕੀਤਾ ਗਿਆ, ਕੁਝ ਰਾਜਾਂ ਨੂੰ ਬਚਾ ਕੇ ਫਾਇਦੇ ਦਿੱਤੇ ਗਏ ਤੇ ਕੁਝ ਤਬਾਹ ਕਰ ਦਿੱਤੇ ਅਤੇ ਅੰਤ ਵਿਚ ਸਾਰੇ ਰਾਜਾਂ ‘ਤੇ ਕਬਜ਼ਾ ਕਰ ਲਿਆ।

ਗੈਲਿਕ ਯੁੱਧਾਂ ਵਿਚ ਜੂਲੀਅਸ ਸੀਜ਼ਰ ਨੇ ਗੋਲਾਂ, ਜੋ ਕਿ ਯੂਰਪ ਮਹਾਂਦੀਪ ਦੇ ਸੈਲਟਿਕ ਲੋਕਾਂ ਦਾ ਸਮੂਹ ਸੀ, ਵਿਰੁੱਧ ਵੀ ਵੰਡਣ ਅਤੇ ਰਾਜ ਕਰਨ ਦੀ ਰਣਨੀਤੀ ਵਰਤੀ ਅਤੇ ਉਨ੍ਹਾਂ ਨੂੰ ਆਸਾਨੀ ਨਾਲ ਹਰਾ ਦਿੱਤਾ। ਸੰਨ 1848 ਵਿਚ ਲੋਕਤੰਤਰੀ ਤੇ ਉਦਾਰਵਾਦੀ ਇਨਕਲਾਬ ਦੀ ਕ੍ਰਾਂਤੀ ਹੋਈ, ਜਿਸ ਨੂੰ ਸਪਰਿੰਗ ਆਫ ਨੇਸ਼ਨਜ਼ ਨਾਲ ਵੀ ਜਾਣਿਆ ਜਾਂਦਾ ਹੈ। ਇਹੀ ਕ੍ਰਾਂਤੀ ਯੂਰਪੀਅਨ ਦੇਸ਼ਾਂ ਵਿਚ ਰਾਜਸ਼ਾਹੀ ਖਤਮ ਕਰਕੇ ਲੋਕਤੰਤਰ ਸਥਾਪਤ ਕਰਨ ਲਈ ਸੀ, ਪਰ ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਮੰਗਾਂ ਵਿਚ ਮਾਮੂਲੀ ਮਤਭੇਦ ਬਣਾ ਕੇ ਵੱਖ ਵੱਖ




ਕਰ ਦਿੱਤਾ ਗਿਆ ਅਤੇ ਇਸ ਸੁਧਾਰਕ ਗੱਠਜੋੜ ਨੂੰ ਵੀ ਕੁਚਲ ਦਿੱਤਾ ਗਿਆ।

ਬਰਤਾਨਵੀ ਪੱਤਰਕਾਰ ਨਫੀਜ਼ ਅਹਿਮਦ ਨੇ ਅਮਰੀਕਾ ਦੀਆਂ ਸੈਨਾਵਾਂ ਲਈ 2008 ਰੈਂਡ ਕਾਰਪੋਰੇਸ਼ਨ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਅਮਰੀਕਾ ਆਪਣੀ ਅਤਿਵਾਦ ਵਿਰੁੱਧ ਲੰਬੀ ਲੜਾਈ ਵਿਚ ਵੀ ਇਹੀ ਰਣਨੀਤੀ ਅਪਨਾਉਂਦਾ ਹੈ। ਇਕ ਹੋਰ ਬਰਤਾਨਵੀ ਇਤਿਹਾਸਕਾਰ ਕ੍ਰਿਸਟੋਫਰ ਡੇਵਿਡਸਨ ਦਾ ਦਾਅਵਾ ਹੈ ਕਿ ਯਮਨ ਦੇ ਮੌਜੂਦਾ ਸੰਕਟ ਨੂੰ ਅਮਰੀਕਾ ਦੀ ਹਮਾਇਤ ਹੈ ਅਤੇ ਇਹ ਇਰਾਨ ਦੇ ਸਹਿਯੋਗੀ ਦੇਸ਼ਾਂ ਵਿਚ ਫੁੱਟ ਪਾ ਕੇ ਰੱਖਣ ਤੇ ਇਜ਼ਰਾਈਲ ਦੇ ਚਾਰ ਚੁਫੇਰੇ ਦੇਸ਼ਾਂ ਨੂੰ ਕਮਜ਼ੋਰ ਬਣਾਈ ਰੱਖਣ ਦੀ ਇਕ ਲੁਕਵੀਂ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ।

ਮੰਗੋਲ ਸਾਮਰਾਜ ਨੇ ਵੀ ਇਸ ਰਣਨੀਤੀ ਨੂੰ ਆਪਣੇ ਹੀ ਢੰਗ ਨਾਲ ਵਰਤਿਆ। ਚੀਨ ਅਤੇ ਮੱਧ ਏਸ਼ਿਆਈ ਦੇਸ਼ਾਂ (ਮੁਸਲਿਮ ਖੇਤਰ) ਦੇ ਪ੍ਰਬੰਧਕਾਂ ਨੂੰ ਆਪਸ ਵਿਚ ਬਦਲ ਦਿੱਤਾ। ਚੀਨੀ ਅਧਿਕਾਰੀਆਂ ਨੂੰ ਮੁਸਲਿਮ ਖੇਤਰ ਵਿਚ ਅਤੇ ਮੱਧ ਏਸ਼ਿਆਈ ਮੁਸਲਮਾਨਾਂ ਨੂੰ ਚੀਨ ਵਿਚ ਪ੍ਰਬੰਧਕ ਲਾਇਆ ਗਿਆ, ਜੋ ਆਪਸ ਵਿਚ ਇੱਕ-ਦੂਜੇ ਦੀ ਸ਼ਕਤੀਆਂ ਨੂੰ ਦੱਬਦੇ ਰਹੇ ਅਤੇ ਮੰਗੋਲ ਇਸ ਦਾ ਲਾਭ ਲੈਂਦੇ ਰਹੇ।

ਰਾਜਸ਼ਾਹੀ ਤੋਂ ਬਾਅਦ ਇਹ ਨੀਤੀ ਸਾਮਰਾਜਵਾਦੀ ਤਾਕਤਾਂ ਨੇ ਹੋਰ ਵੀ ਜ਼ਿਆਦਾ ਕਰੂਰਤਾ ਨਾਲ ਵਰਤੀ, ਜਿਸ ਦੀ ਸਭ ਤੋਂ ਵੱਡੀ ਮਿਸਾਲ ਬਰਤਾਨੀਆ ਅਤੇ ਈਸਟ ਇੰਡੀਆ ਕੰਪਨੀ ਦੀ ਭਾਰਤ ਲਈ ਵਰਤੀ ਰਣਨੀਤੀ ਤੋਂ ਮਿਲਦੀ ਹੈ। ਪਹਿਲਾਂ ਉਨ੍ਹਾਂ ਨੇ ਇਹ ਰਣਨੀਤੀ ਵਰਤ ਕੇ ਭਾਰਤ ਦੇ ਵੱਖ ਵੱਖ ਸ਼ਾਸਕਾਂ ਵਿਚਾਲੇ ਦੁਸ਼ਮਣੀ ਵਧਾਈ, ਫਿਰ ਉਨ੍ਹਾਂ ਨੇ ਇਸੇ ਰਣਨੀਤੀ ‘ਤੇ ਚਲਦਿਆਂ ਭਾਰਤੀ ਜਨਤਾ ਵਿਚ ਫਿਰਕੂ ਆਧਾਰਤ ਦੁਸ਼ਮਣੀ ਨੂੰ ਜਨਮ ਦਿੱਤਾ, ਖਾਸ ਕਰਕੇ ਸੰਨ 1857 ਦੇ ਵਿਦਰੋਹ ਤੋਂ ਬਾਅਦ।

ਪੰਜ ਪਾਣੀਆਂ ਦੀ ਧਰਤੀ, ਪੰਜਾਬ ਨੂੰ ਕਾਬੂ ਵਿਚ ਰੱਖਣ ਲਈ ਵੀ ਇਹੀ ਰਣਨੀਤੀ ਲੰਬੇ ਸਮੇਂ ਤੋਂ ਵਰਤੀ ਗਈ ਹੈ। ਇਹ ਖੇਤਰ, ਜਿਸ ਦੀ ਹੱਦਾਂ ਦਿੱਲੀ ਤੋਂ ਖੈਬਰ ਪਾਸ, ਕਸ਼ਮੀਰ ਤੋਂ ਸਿੰਧ ਅਤੇ ਪੂਰਬ ਵਿਚ ਤਿੱਬਤ ਨੂੰ ਛੂੰਹਦੀਆਂ ਸਨ, ਨੂੰ ਹੌਲੀ ਹੌਲੀ ਛੋਟਾ ਕਰ ਦਿੱਤਾ ਗਿਆ। ਅੰਗਰੇਜ਼ਾਂ ਨੇ ਸਤਲੁਜ ਦਰਿਆ ਦੇ ਦੱਖਣ ਵਿਚ ਸਿੱਖ ਮੁਖੀਆਂ ਨੂੰ ਸੁਰੱਖਿਆ ਵੀ ਇਸ ਰਣਨੀਤੀ ਵਜੋਂ ਹੀ ਦਿੱਤੀ ਸੀ। ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਖੇਤਰੀ ਵਿਸਥਾਰ ਨੂੰ ਅੰਮ੍ਰਿਤਸਰ ਦੀ 1809 ਦੀ ਸੰਧੀ ਤਹਿਤ ਰੋਕਿਆ ਗਿਆ। ਇਹ ਪੰਜਾਬ ਦੀ ਏਕਤਾ ਲਈ ਪਹਿਲਾ ਝਟਕਾ ਸੀ, ਜਿਸ ਦੇ ਨਤੀਜੇ ਵਜੋਂ ਸਤਲੁਜ ਦੇ ਉੱਤਰ ਅਤੇ ਦੱਖਣ ਦਾ ਖੇਤਰ ਵੱਖ-ਵੱਖ ਹੋ ਗਿਆ।

ਦੱਖਣ ਵੱਲ ਦੇ ਸਿੱਖ ਸਰਦਾਰ ਆਪਣੇ ਆਪ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਅਲੱਗ ਹੋ ਕੇ ਸੁਰੱਖਿਆ ਦੇ ਨਾਮ ਹੇਠ ਪੂਰੀ ਤਰ੍ਹਾਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਏ। ਇਹ ਸਿੱਖ ਸਰਦਾਰ ਉਸ ਵੰਡ ਨੂੰ ਨਹੀਂ ਦੇਖ ਸਕੇ, ਜਿਸ ਨਾਲ ਪੰਜਾਬ ਦੀ ਸਾਂਝੀ ਤਾਕਤ ਘਟ ਗਈ। ਫਿਰ ਅੰਗਰੇਜ਼ਾਂ ਨੇ ਸਿੱਖਾਂ ਨੂੰ ਅਫਗਾਨਾਂ ਨਾਲ ਸੰਘਰਸ਼ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਹਾਰਾਜਾ ਰਣਜੀਤ ਸਿੰਘ ਨੇ ਇਸ ਮਸਲੇ ਵਿਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਸੱਤਾ ਲਈ ਸਿੱਖ ਸੰਧਾਵਾਲੀਆ ਅਤੇ ਹਿੰਦੂ ਡੋਗਰਿਆਂ ਵਿਚਲੇ ਮੱਤਭੇਦ ਦਾ ਫਾਇਦਾ ਉਠਾਇਆ। ਇਸ ਮਤਭੇਦ ਨੂੰ ਵਧਾ ਕੇ ਅੰਗਰੇਜ਼ਾਂ ਨੇ ਪਹਿਲੀ ਐਂਗਲੋ ਸਿੱਖ ਲੜਾਈ ਵਿਚ ਜਿੱਤ ਪ੍ਰਾਪਤ ਕੀਤੀ ਅਤੇ ਲਾਹੌਰ ਦੀ ਸੰਧੀ ਨਾਲ ਪੰਜਾਬ ਨੂੰ ਫਿਰ ਵੰਡ ਦਿੱਤਾ। ਸਤਲੁਜ ਤੇ ਬਿਆਸ ਵਿਚਕਾਰ ਦਾ ਖੇਤਰ ਅੰਗਰੇਜ਼ਾਂ ਅਧੀਨ ਹੋ ਗਿਆ ਅਤੇ ਜੰਮੂ ਦੇ ਸ਼ਾਸਕ (ਗੁਲਾਬ ਸਿੰਘ) ਨੂੰ ਪੂਰੇ ਜੰਮੂ ਤੇ ਕਸ਼ਮੀਰ ਦਾ ਅਧਿਕਾਰ ਮਿਲ ਗਿਆ।

ਹੁਣ ਪੰਜਾਬ ਰਾਜਨੀਤਿਕ ਤੌਰ ‘ਤੇ ਵੰਡਿਆ ਹੋਇਆ ਸੀ ਅਤੇ ਫੌਜ ਦੀਆਂ ਦਰਾਰਾਂ ਵੀ ਸਾਹਮਣੇ ਸਨ। ਸੋ, ਅੰਗਰੇਜ਼ 1849 ਤਕ ਆਪਣੀ ਵੰਡੋ ਤੇ ਰਾਜ ਕਰੋ ਦੀ ਨੀਤੀ ਨਾਲ ਸਾਰੇ ਪੰਜਾਬ ‘ਤੇ ਕਾਬਜ਼ ਹੋ ਗਏ। ਪੰਜਾਬ ਨੂੰ ਅੰਗਰੇਜ਼ਾਂ ਨੇ ਇੱਕ ਵੱਡਾ ਝਟਕਾ 1947 ਵਿਚ ਦਿੱਤਾ, ਜਦੋਂ ਉਨ੍ਹਾਂ ਨੇ ਆਪਣੇ ਦੋ ਦੇਸ਼ਾਂ ਦੇ ਸਿਧਾਂਤ ਤਹਿਤ ਪੰਜਾਬ ਨੂੰ ਦੋ ਭਾਗਾਂ ਵਿਚ ਵੰਡ ਕੇ ਭਾਰਤੀ ਉਪ ਮਹਾਂਦੀਪ ਉੱਤੇ ਸਾਮਰਾਜੀ ਨਿਯੰਤਰਣ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਹੁਣ ਇਸ ਸੰਯੁਕਤ ਪੰਜਾਬ ਦਾ ਇੱਕ ਵੱਡਾ ਹਿੱਸਾ ਸਦਾ ਲਈ ਵੱਖ ਹੋ ਗਿਆ ਤੇ ਲੋਕਾਂ ਦੀ ਸਾਂਝੀ ਤਾਕਤ ਵੀ ਵੰਡੀ ਗਈ।

ਪਰ ਪੰਜਾਬ ਨੂੰ ਰਾਜਨੀਤਕ ਲਾਭ ਲਈ ਵੰਡਣ ਦੀ ਨੀਤੀ ਲੋਕਤੰਤਰੀ ਸਰਕਾਰਾਂ ਵੀ ਅਪਨਾਉਂਦੀਆਂ ਰਹੀਆਂ। 1947 ਤੋਂ ਬਾਅਦ ਪੰਜਾਬ ਦਾ ਰਾਜਨੀਤਕ ਕਬਜ਼ਾ ਹਾਸਲ ਕਰਨ ਤੇ ਬਣਾਈ ਰੱਖਣ ਲਈ ਇਹ ਨੀਤੀ ਪੰਜਾਬੀ ਸੂਬਾ ਮੂਵਮੈਂਟ ਦੇ ਨਾਮ ਹੇਠ ਭਾਸ਼ਾ ਦੇ ਰੂਪ ਵਿਚ ਵਰਤੀ ਗਈ। 1966 ਵਿਚ ਪੰਜਾਬ ਪੁਨਰਗਠਨ ਐਕਟ ਰਾਹੀਂ ਹਰਿਆਣਾ ਤੇ ਚੰਡੀਗੜ੍ਹ ਨੇ ਜਨਮ ਲਿਆ ਅਤੇ ਨਾਲ ਹੀ ਹੁਸ਼ਿਆਰਪੁਰ ਤੇ ਗੁਰਦਾਸਪੁਰ ਦੇ ਕੁਝ ਹਿੱਸਿਆਂ ਨੂੰ ਹਿਮਾਚਲ ਨਾਲ ਮਿਲਾ ਦਿੱਤਾ ਗਿਆ; ਪਰ ਬਹੁਤ ਸਾਰਾ ਪੰਜਾਬੀ ਬੋਲਣ ਵਾਲਾ ਖੇਤਰ, ਜੋ ਹਿਮਾਚਲ ਅਤੇ ਜੰਮੂ ਕਸ਼ਮੀਰ ਵਿਚ ਸੀ, ਉਨ੍ਹਾਂ ਨੂੰ ਮੁੜ ਪੰਜਾਬ ਨਾਲ ਜੋੜਿਆ ਨਾ ਗਿਆ।

ਹੁਣ ਲੋਕਾਂ ਵਿਚ ਸੰਵਿਧਾਨ ਅਨੁਸਾਰ ਏਕਤਾ ਉਤਸ਼ਾਹਿਤ ਕਰਨ ਦੀ ਥਾਂ ਵੱਖ ਵੱਖ ਅਸਹਿਮਤੀਆਂ ਨੂੰ ਦੁਸ਼ਮਣੀਆਂ ਵਾਂਗ ਪੇਸ਼ ਕੀਤਾ ਜਾਂਦਾ ਹੈ। ਵੱਖ ਵੱਖ ਮੁੱਦੇ ਜਿਵੇਂ ਕਿ ਪੰਜਾਬ-ਹਰਿਆਣਾ ਵਿਚਾਲੇ ਰਾਜਧਾਨੀ ਜਾਂ ਐਸ. ਵਾਈ. ਐਲ. ਦਾ ਮੁੱਦਾ; ਪੰਜਾਬ, ਹਿਮਾਚਲ ਅਤੇ ਹਰਿਆਣਾ ਵਿਚਾਲੇ ਭਾਖੜਾ ਬਿਆਸ ਪ੍ਰਾਜੈਕਟ ਦੇ ਮੁਆਵਜ਼ੇ ਦਾ ਮੁੱਦਾ; ਹਿਮਾਚਲ ਤੇ ਹਰਿਆਣਾ ਵਿਚਲੇ ਹੱਦ-ਵਿਵਾਦ ਦਾ ਮੁੱਦਾ ਵਾਰ ਵਾਰ ਉਜਾਗਰ ਕੀਤੇ ਜਾਂਦੇ ਹਨ। ਅਜੋਕੇ ਲੋਕਤੰਤਰੀ ਸਮੇਂ ਵਿਚ ਅਜਿਹੇ ਮਤਭੇਦ ਪੈਦਾ ਕਰਨ ਵਾਲੇ ਮੁੱਦਿਆਂ ਦਾ ਸਰਕਾਰਾਂ ਵਲੋਂ ਉਜਾਗਰ ਕਰਨਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਰਕਾਰ ਲੋਕਾਂ ਦੀ ਸਾਂਝੀ ਤਾਕਤ ਨੂੰ ਦਬਾਅ ਕੇ ਰੱਖਣਾ ਚਾਹੁੰਦੀ ਹੈ ਤਾਂ ਜੋ ਸਰਕਾਰ ਕੋਈ ਵੀ ਮਨਮਾਨੀ ਕਰ ਸਕੇ ਤੇ ਲੋਕਾਂ ਵਿਚ ਮੱਤਭੇਦ ਹੋਣ ਕਾਰਨ ਏਨੀ ਤਾਕਤ ਨਾ ਹੋਵੇ ਕਿ ਸਰਕਾਰ ਨੂੰ ਮਨਮਾਨੀ ਕਰਨ ਤੋਂ ਰੋਕਿਆ ਜਾ ਸਕੇ। ਇਸ ਲਈ ਭਾਰਤ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਜਦੋਂ ਵੀ ਸਰਕਾਰੀ ਮਸ਼ੀਨਰੀ ਵਿਚ ਕੋਈ ਕਮੀ ਜਾਂ ਗਲਤ ਗਤੀਵਿਧੀ ਸਾਹਮਣੇ ਆਵੇ ਤਾਂ ਸਭ ਲੋਕ ਆਪਣੇ ਲੋਕਤੰਤਰੀ ਅਧਿਕਾਰ ਵਰਤਦੇ ਹੋਏ ਮਿਲ ਕੇ ਉਸ ਨੂੰ ਸੁਧਾਰਨ ਦਾ ਯਤਨ ਕਰਨ।

## ਖਰੀ ਗੱਲ

# ਬਹੁ-ਕੌਮੀ ਕਿਸਾਨ ਸੰਘਰਸ਼ ਅਤੇ ਨਵੇਂ ਭਾਰਤ ਦਾ ਨਿਰਮਾਣ

**ਡਾ. ਅਮਰੀਕ ਸਿੰਘ**

ਨਵੇਂ ਖੇਤੀ ਕਾਨੂੰਨਾਂ ਸਬੰਧੀ ਦੋ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਰੋਸ ਪ੍ਰਦਰਸ਼ਨ ਕਰਦੇ ਕਿਸਾਨਾਂ ਨੂੰ ਸਰਕਾਰ ਵਲੋਂ ਹਿੰਸਕ, ਵੱਖਵਾਦੀ ਅਤੇ ਸਮਾਜ ਵਿਰੋਧੀ ਬਣਾਉਣ ਦੇ ਬਾਵਜੂਦ, ਕਿਸਾਨ ਸੰਘਰਸ਼ ਸ਼ਾਂਤਮਈ ਬਣਿਆ ਰਿਹਾ ਹੈ। ਭਾਜਪਾ ਸਰਕਾਰ, ਆਰ. ਐਸ. ਐਸ. ਅਤੇ ਸਹਿਯੋਗੀ ਭੜਕਾਉ ਏਜੰਟ-ਨੈਟਵਰਕਾਂ ਨੂੰ ਕਿਸਾਨ ਸੰਘਰਸ਼ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਦਰਅਸਲ, ਕਿਸਾਨ ਅੰਦੋਲਨ ਨੇ ਹੋਰ ਤਾਕਤ, ਵਿਚਾਰਧਾਰਕ ਸਪਸ਼ਟਤਾ ਅਤੇ ਕਾਰਜਨੀਤਿਕ ਸੁਵਿਧਾ ਹਾਸਲ ਕੀਤੀ ਹੈ। ਹਾਲ ਹੀ ਵਿਚ ਹੋਈਆਂ ਕਿਸਾਨਾਂ ਦੀਆਂ ਮੰਗਾਂ ਦੇ ਵਿਸ਼ਵੀਕਰਨ ਨੇ ਭਾਜਪਾ ਸਰਕਾਰ ਦੇ ਦੀਵਾਲੀਏਪਣ ਦਾ ਮੁਜਾਹਰਾ ਕੀਤਾ ਹੈ। ਕਿਸਾਨਾਂ ਨੂੰ ਹਿੰਸਕ ਅਤੇ ਦੇਸ਼ ਵਿਰੋਧੀ ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਨੇ ਹਿੰਦੂਤਵਾ ਦੇ ਸੌੜੇ ਪੱਖ ਨੂੰ ਵਧੇਰੇ ਉਜਾਗਰ ਕੀਤਾ ਹੈ।

ਸ਼ੁਰੂ ਤੋਂ ਹੀ, ਭਾਜਪਾ ਦੇ ਭੜਕਾਉ ਏਜੰਟ ਬਹੁਤ ਸਾਰੇ ਕਿਸਾਨਾਂ ਵਿਚ ਘੁਸਪੈਠ ਕਰ ਗਏ ਸਨ। ਉਨ੍ਹਾਂ ਨੇ ਕਿਸਾਨਾਂ ਦੇ ਕੈਂਪਾਂ ਦਾ ਸਰਵੇਖਣ ਕੀਤਾ ਤਾਂ ਜੋ ਸ਼ਾਂਤਮਈ ਅੰਦੋਲਨ ਨੂੰ ਅਸਥਿਰ ਕਰਨ ਲਈ ਤੌਰ ਤਰੀਕੇ ਘੜੇ ਜਾ ਸਕਣ। ਉਨ੍ਹਾਂ ਦਾ ਸਿਧਾਂਤ ਲੋਕਪ੍ਰਿਯ ਸਮਰਥਨ ਦੀ ਜੜ੍ਹ ‘ਤੇ ਹਮਲਾ ਕਰਨਾ ਸੀ, ਜਿਸ ਨੇ ਬਿਨਾ ਕਿਸੇ ਰੁਕਾਵਟ ਦੇ ਕਿਸਾਨ ਲਹਿਰ ਨੂੰ ਚਲਦਾ ਰੱਖਿਆ। ਸਿੱਖ ਸੰਸਥਾਵਾਂ ਦੀ ਨਿਸ਼ਕਾਮ ਸੇਵਾ ਹੀ ਸੀ, ਜੋ ਭਿਆਨਕ ਠੰਡ, ਬਾਰਿਸ਼, ਭੁੱਖ ਅਤੇ ਅਸਹਿਯੋਗ ਦੇ ਵਿਰੁੱਧ ਲੜਨ ਲਈ ਬਹੁਤ ਸਾਰੇ ਸਰੋਤ ਪ੍ਰਦਾਨ ਕਰ ਰਹੀ ਸੀ। ਭੜਕਾਉਣ ਵਾਲਿਆਂ ਦਾ ਟੀਚਾ ਇਕ ਪਾਸੇ ਸਿੱਖਾਂ ਦੀ ਹਮਾਇਤ ਕੱਟਣਾ ਸੀ ਅਤੇ ਦੂਜੇ ਪਾਸੇ ਸਿੱਖਾਂ ਵਿਚ ਭੰਬਲਭੂਸਾ ਤੇ ਡਰ ਪੈਦਾ ਕਰਨਾ ਸੀ। ਉਨ੍ਹਾਂ ਦਾ ਆਖਰੀ ਨਿਸ਼ਾਨਾ ਖੇਤ ਆਗੂ ਸਨ, ਜਿਨ੍ਹਾਂ ’ਤੇ ਖਾਲਿਸਤਾਨੀ, ਖੱਬੇਪੱਖੀ, ਨਕਸਲਵਾਦੀ ਹੋਣ ਦਾ ਦੋਸ਼ ਲਾਇਆ ਗਿਆ। ਖੱਬੇਪੱਖੀ ਅਤੇ ਖਾਲਿਸਤਾਨੀਆਂ ਵਿਚਕਾਰ ਪਿਛਲੀ ਦੁਸ਼ਮਣੀ ਨੂੰ ਮੁੜ ਨਾਟਕੀ ਢੰਗ ਨਾਲ ਪੇਸ਼ ਕਰਨਾ ਸੀ, ਤੇ ਇਸ ਤਰ੍ਹਾਂ ਤਿੰਨ ਵਿਵਾਦਪੂਰਨ ਖੇਤੀਬਾੜੀ ਕਾਨੂੰਨਾਂ ਤੋਂ ਧਿਆਨ ਭੰਗ ਕਰਕੇ ਕਲਪਨਾਤਮਕ ਟਕਰਾਅ ਵੱਲ ਮੋੜਨਾ ਸੀ।

ਟਕਰਾਅ ਨੂੰ ਵਧਾਉਣ ਵਿਚ ਭੜਕਾਉ ਏਜੰਟਾਂ ਦੀ ਯੋਗਤਾ ਬਾਰੇ ਆਸਾਨੀ ਨਾਲ ਕਲਪਨਾ ਕਰਨਾ ਔਖਾ ਹੈ। ਉਨ੍ਹਾਂ ਦੀ ਲੋਕ-ਪ੍ਰਿਯਤਾ, ਧਾਰਮਿਕ ਮੰਚਾਂ, ਰਾਜਨੀਤਿਕ ਨੈਟਵਰਕਾਂ ਅਤੇ ਕੌਮਾਂਤਰੀ ਪਿੜਾਂ ਵਿਚ ਕੰਮ ਕਰਦੀ ਹੈ। ਇਸ ਲਈ ਭੜਕਾਊ ਏਜੰਟ ਇਤਿਹਾਸ, ਸਾਹਿਤ, ਕਾਨੂੰਨ, ਮਨੁੱਖੀ ਅਧਿਕਾਰਾਂ ਬਾਰੇ ਬਹੁਤ ਜਾਣੂ ਹੁੰਦੇ ਹਨ ਅਤੇ ਇਹ ਉਨ੍ਹਾਂ ਨੂੰ ਕਿਸੇ ਵੀ ਲਹਿਰ ਦੇ ਸੱਚੇ ਨੇਤਾਵਾਂ ਬਾਰੇ ਵਿਵਾਦ ਪੈਦਾ ਕਰਨ ਲਈ ਸਹਾਈ ਹੁੰਦਾ ਹੈ। ਭੜਕਾਉ ਏਜੰਟਾਂ ਦੀ ਕਾਰਜ ਪ੍ਰਣਾਲੀ ਤਹਿਤ ਦੋਹਾਂ ਕੈਂਪਾਂ ਵਿਚ ਵੰਡ-ਪਾਊ ਅਸਲਾ ਮੁਹੱਈਆ ਕਰਵਾਉਣਾ ਅਤੇ ਇਸ ਤਰ੍ਹਾਂ ਹਿੰਸਾ ਪੈਦਾ ਕਰਨਾ ਹੁੰਦਾ ਹੈ, ਜੋ ਸਰਕਾਰ ਨੂੰ ਦਹਿਸ਼ਤੀ ਮਹੌਲ ਪੈਦਾ ਕਰਨ ਦੇ ਯੋਗ ਬਣਾਉਂਦਾ ਹੈ।

ਭਾਰਤ ਸਰਕਾਰ ਵੱਲੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਦੇ 12 ਦੌਰ ਸਿਰਫ ਇਕ ਚਾਲ ਹੀ ਸਨ, ਜੋ ਸਮੇਂ ਦੀ ਖਰੀਦ ਕਰਨ ਦੀ ਰਣਨੀਤੀ ਸੀ ਤਾਂ ਜੋ ਭੜਕਾਊ ਏਜੰਟ ਆਪਣੇ ਮਾਲਕਾਂ ਲਈ ਠੋਸ ਨਤੀਜੇ ਦੇ ਸਕਣ। ਕਿਹ ਜਾਂਦਾ ਹੈ ਕਿ ਉਨ੍ਹਾਂ ਨੇ 25 ਜਨਵਰੀ ਦੀ ਰਾਤ ਨੂੰ ਆਪਣਾ ਨਿਸ਼ਾਨਾ ਹਾਸਲ ਕਰ ਲਿਆ ਸੀ, ਜਦੋਂ ਉਨ੍ਹਾਂ ਨੇ ਸਿੰਘੂ ਸਰਹੱਦ ‘ਤੇ ਸਟੇਜ ਉਤੇ ਕਬਜ਼ਾ ਕਰ ਲਿਆ ਸੀ। ਇਹ ਪੜਾਅ ਕਿਸਾਨਾਂ ਦੀ ਸੰਯੁਕਤ ਲੀਡਰਸ਼ਿਪ ਨੂੰ ਭਰਮਾਉਣ ਅਤੇ ਪੂਰੀ ਲਹਿਰ ਨੂੰ ਹਿੰਸਾ ਦੇ ਰਾਹ ਵੱਲ ਲਿਜਾਣ ਲਈ ਤੈਅ ਕੀਤਾ ਗਿਆ ਸੀ। ਕਿਸਾਨ ਲੀਡਰਾਂ ਨਾਲ ਗੱਲਬਾਤ ਬੰਦ ਕਰਨ ਤੋਂ ਪਹਿਲਾਂ, ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਆਪਣੇ ਸਟੈਂਡ ਵਿਚ ਕਠੋਰਤਾ ਦਾ ਸੰਕੇਤ ਦਿੱਤਾ, ਜਿਵੇਂ ਉਹ ਆਪਣੇ ਏਜੰਟਾਂ ਦੇ ਕੰਮ ਨਾਲ ਪ੍ਰਸੰਨ ਸਨ। ਏਜੰਟਾਂ ਦੀ ਗੁਪਤ ਕੋਸ਼ਿਸ਼ ਤੋਂ ਇਲਾਵਾ ਭਾਜਪਾ ਸਰਕਾਰ ਨੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਬੇਹੱਦ ਠੰਡੇ ਮੌਸਮ ਅਤੇ ਅਪਵਿੱਤਰ ਹਾਲਤਾਂ ਦਾ ਸਾਹਮਣਾ ਕਰ ਰਹੇ ਕਿਸਾਨਾਂ ਨੂੰ ਡਰਾਉਣ ਲਈ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ. ਆਈ. ਏ.), ਦਿੱਲੀ ਪੁਲਿਸ ਅਤੇ ਆਮਦਨ ਕਰ ਵਿਭਾਗ ‘ਤੇ ਜ਼ੋਰ ਦਿੱਤਾ। ਜਦੋਂ ਖੇਤੀਬਾੜੀ ਮੰਤਰੀ ਤੋਮਰ ਨੇ ਉਨ੍ਹਾਂ ਨੂੰ ਵਿਵਾਦਪੂਰਨ ਕਾਨੂੰਨਾਂ ਨੂੰ ਦੋ ਸਾਲਾਂ ਲਈ ਮੁਅੱਤਲ ਕਰਨ ਦੀ ਪੇਸ਼ਕਸ਼ ਕੀਤੀ, ਤਾਂ ਕਿਸਾਨਾਂ ਨੂੰ ਕੁਚਲਣ ਦੀ ਸਾਜਿਸ਼ ਸਿਖਰ ’ਤੇ ਪਹੁੰਚ ਗਈ ਸੀ।

ਇਹ ਦੋਸ਼ ਲਾਇਆ ਜਾਂਦਾ ਹੈ ਕਿ ਦੀਪ ਸਿੱਧੂ ਅਤੇ ਉਸ ਦੇ ਕਈ ਹੋਰ ਸਾਥੀਆਂ ਨੇ ਭਾਜਪਾ ਸਰਕਾਰ ਨੂੰ ਅੰਦੋਲਨ ਦੇ ਮੁਜਾਹਰਾਕਾਰੀਆਂ ਖਿਲਾਫ ਸ਼ਿਕੰਜਾ ਕੱਸਣ ਲਈ ਪ੍ਰੇਰਿਤ ਕਰਨ ਲਈ ਕੰਮ ਕੀਤਾ। ਉਨ੍ਹਾਂ ਨੇ ਹਿੰਸਕ ਸਿੱਖ ਰਾਸ਼ਟਰਵਾਦ ਦੇ ਏਜੰਟ ਵਜੋਂ ਕੰਮ ਕੀਤਾ ਤਾਂ ਜੋ ਰਾਕੇਸ਼ ਟਿਕੈਤ ਵਰਗੇ ਨੇਤਾਵਾਂ ਨੂੰ ਮੁੱਖ ਤੌਰ ‘ਤੇ ਉਤਰਾਖੰਡ, ਯੂ. ਪੀ., ਰਾਜਸਥਾਨ ਅਤੇ ਹਰਿਆਣਾ ਦੇ ਹਿੰਦੂ ਆਕਰਸ਼ਿਤ ਕਰਨ ਲਈ ਠੱਲ੍ਹ ਪਾਈ ਜਾ ਸਕੇ। ਕੁਝ ਕਿਸਾਨਾਂ ਦੇ ਅਨੁਸਾਰ ਦੀਪ ਸਿੱਧੂ ਅਤੇ ਉਸ ਦੇ ਸਾਥੀਆਂ ਨੇ ਲਾਲ ਕਿਲ੍ਹੇ ਤਕ ਪਹੁੰਚ ਕਰਨ ਲਈ ਅਮਿਤ ਸ਼ਾਹ ਦੀ ਟੀਮ ਨਾਲ ਸਿੱਧਾ ਤਾਲਮੇਲ ਕੀਤਾ। ਕੀ ਪੰਜਾਬ ਦੇ ਭਾਜਪਾ ਨੇਤਾਵਾਂ- ਹਰਜੀਤ ਗਰੇਵਾਲ ਅਤੇ ਸੁਰਜੀਤ ਜਿਆਣੀ ਨੇ ਲਾਲ ਕਿਲ੍ਹੇ ‘ਤੇ ਝੰਡਾ ਲਹਿਰਾਉਣ ਤੋਂ ਬਾਅਦ ਸਿੱਧੂ ਨੂੰ ਘਟਨਾ ਸਥਾਨ ਤੋਂ ਬਚਣ ਲਈ ਕਵਰ ਪ੍ਰਦਾਨ ਕੀਤੇ ਸਨ? ਸੱਚਾਈ ਕਦੇ ਸਾਹਮਣੇ ਨਹੀਂ ਆਵੇਗੀ, ਪਰ ਇਸ ਗੱਲ ਦੇ ਬਹੁਤ ਸਾਰੇ ਸਬੂਤ ਹਨ ਕਿ ਦੀਪ ਸਿੱਧੂ ਅਤੇ ਉਸ ਦੇ ਸਾਥੀਆਂ ਦੁਆਰਾ ਲਾਲ ਕਿਲ੍ਹੇ ਦੇ ਟਰਿੱਗਰ ਨੂੰ ਦਬਾਉਣ ਤੋਂ ਬਾਅਦ ਪੁਲਿਸ ਅਤੇ ਭਾਜਪਾ ਵਰਕਰਾਂ ਨੇ ਅਚਾਨਕ ਕਿਸਾਨਾਂ ‘ਤੇ ਕਾਬੂ ਪਾਉਣ ਲਈ ਹਮਲੇ ਦੀ ਤਿਆਰੀ ਪਹਿਲਾਂ ਹੀ ਕੀਤੀ ਹੋਈ ਸੀ।

ਕੁਝ ਭਾਜਪਾ ਚੁਣੇ ਗਏ ਨੇਤਾਵਾਂ ਦੀ ਨਿਗਰਾਨੀ ਹੇਠ ਗਾਜੀਪੁਰ ਬਾਰਡਰ ‘ਤੇ ਭਾਰੀ ਤਾਇਨਾਤੀ ਹਿੰਸਕ ਕਾਰਵਾਈ ਲਈ ਸਭ ਕੁਝ ਤਿਆਰ ਸੀ। ਜੇ ਕਿਸਾਨ ਨੇਤਾ ਟਿਕੈਤ ਨੇ ਪ੍ਰਦਰਸ਼ਨਕਾਰੀਆਂ ਖਿਲਾਫ ਇਕ ਗੰਭੀਰ ਸਾਜਿਸ਼ ਨੂੰ ਨਾ ਫੜਿਆ ਹੁੰਦਾ ਤਾਂ ਅੰਦੋਲਨ ਵਿਚ ਵੱਡੇ ਪੱਧਰ ‘ਤੇ ਖੂਨ-ਖਰਾਬਾ ਹੋਣਾ ਸੀ। ਮੰਨਿਆ ਜਾਂਦਾ ਹੈ ਕਿ ਹਿੰਸਕ ਤਿੱਖੀ ਕਾਰਵਾਈ ਦਾ ਨਿਸ਼ਾਨਾ ਮੁੱਖ ਤੌਰ ‘ਤੇ ਯੂ. ਪੀ., ਉਤਰਾਖੰਡ ਅਤੇ ਹਰਿਆਣਾ ਵਿਚ ਵੱਸੇ ਪੰਜਾਬੀ ਕਿਸਾਨ ਸਨ। ਭਾਜਪਾ ਹਿੰਦੂਤਵ ਰਾਸ਼ਟਰਵਾਦ ਦੇ ਹਿੱਤ ਵਿਚ ਉਨ੍ਹਾਂ ਦੀ ਕਾਰਵਾਈ ਨੂੰ ਜਾਇਜ਼ ਠਹਿਰਾ ਸਕਦੀ ਸੀ।

ਰਾਕੇਸ਼ ਟਿਕੈਤ ਇਕ ਉੱਚੇ ਨੇਤਾ ਵਜੋਂ ਉੱਭਰਿਆ ਹੈ, ਜੋ ਨਵੇਂ ਭਾਰਤ ਦੇ ਨਿਰਮਾਣ ਵੱਲ ਇਕ ਕਦਮ ਹੈ। ‘ਨਵਾਂ ਭਾਰਤ’ ਸਭਿਆਚਾਰਾਂ, ਭਾਸ਼ਾਵਾਂ ਅਤੇ ਜੀਵਨ ਸ਼ੈਲੀ ਦੀ ਵਿਭਿੰਨਤਾ ਵਿਚ ਜੜਿਆ ਹੋਇਆ ਹੋਵੇਗਾ। ਇਕ ਨਵੀਂ ਕੌਮ, ਜੋ ਹਰੇਕ ਖੇਤਰੀ ਰਾਜ ਨੂੰ ਆਪਣੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜੀਵਨ ਨੂੰ ਸਵੈ-ਨਿਰਧਾਰਤ ਕਰਨ ਦੀ ਆਗਿਆ ਦਿੰਦੀ ਹੈ। ਰਾਜ ਵਿਦੇਸ਼ੀ ਹਮਲੇ ਅਤੇ ਹੋਰ ਖਤਰਿਆਂ ਤੋਂ ਆਪਣੇ ਹਿੱਤਾਂ ਦੀ ਰੱਖਿਆ ਲਈ ਸਾਂਝੇ ਤੌਰ ’ਤੇ ਸੰਘੀ ਸਰਕਾਰ ਦਾ ਗਠਨ ਕਰ ਸਕਦੇ ਹਨ। ਦਰਅਸਲ, ਕੇਂਦਰ ਰਾਜਾਂ ਦੇ ਕੁਦਰਤੀ ਅਧਿਕਾਰਾਂ ‘ਤੇ ਕਬਜ਼ਾ ਨਹੀਂ ਕਰੇਗਾ, ਜੋ ਹੁਣ ਹੋ ਰਿਹਾ ਹੈ। ਨਵੇਂ ਇੰਡੀਆ ਦੇ ਰੂਪਾਂਤਰ ਸਾਫ ਦਿਖਾਈ ਦੇਣ ਲੱਗੇ ਹਨ। ਟਿਕੈਤ ਨੇ ‘ਨਵੇਂ ਭਾਰਤ’ ਦੀ ਅਣਜਾਣੇ ਵਿਚ ਅਜਿਹੀ ਤੀਬਰ ਇੱਛਾ ਪੈਦਾ ਕੀਤੀ ਕਿ ਉਸ ਨੂੰ ਸੁਣਨ ਵਾਲੇ ਕਿਸਾਨਾਂ ਦੀ ਗਿਣਤੀ ਬਹੁਤ ਵਧ ਗਈ ਹੈ।

ਰਾਕੇਸ਼ ਟਿਕੈਤ ਦੀ ਭਾਵਾਤਮਕ ਪ੍ਰਤੀਕ੍ਰਿਆ ਨੇ ਭਾਜਪਾ ਦੇ ਤਣਾਅਪੂਰਨ ਅਤੇ ਅਸਹਿਨਸ਼ੀਲ ਰਾਸ਼ਟਰਵਾਦ ਨੂੰ ਉਜਾਗਰ ਕੀਤਾ ਹੈ। ਹੋਰਨਾਂ ਨੇਤਾਵਾਂ ਦੇ ਨਾਲ ਤਾਲਮੇਲ ਵਿਚ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਨੇ 26 ਜਨਵਰੀ ਦੀ ਟਰੈਕਟਰ ਰੈਲੀ ਨੂੰ ਇੱਕ ਵੱਡੀ ਤਬਾਹੀ ਤੋਂ ਬਚਾ ਲਿਆ। ਨੇਤਾਵਾਂ ਨੇ ਰਾਹ ਵਿਚ ਆਈਆਂ ਰੁਕਾਵਟਾਂ ਦੇ ਬਾਵਜੂਦ ਪ੍ਰਵਾਨਿਤ ਰਸਤੇ ਦੀ ਪਾਲਣਾ ਕੀਤੀ। ਇਸ ਤਰ੍ਹਾਂ, ਉਨ੍ਹਾਂ ਨੇ ਭੜਕਾਊ ਲੋਕਾਂ ਦੇ ਮਨਸੂਬਿਆ ਨੂੰ ਸਫਲਤਾਪੂਰਵਕ ਅਲੱਗ ਕਰ ਦਿੱਤਾ। ਲਾਲ ਕਿਲ੍ਹੇ ਜਾਣ ਲਈ ਲੰਘਣ ਦੀ ਆਗਿਆ ਸੀ। ਲਾਲ ਕਿਲ੍ਹੇ ‘ਤੇ ਨਿਸ਼ਾਨ ਸਾਹਿਬ ਲਹਿਰਾਉਣਾ ਕੁਝ ਸਿੱਖਾਂ ਨੂੰ ਪ੍ਰਸੰਨ ਕਰਦਾ ਦਿਖਾਈ ਦਿੱਤਾ ਸੀ, ਇਸੇ ਕਰਕੇ ਦਿੱਲੀ ਪੁਲਿਸ ਨੇ ਨਿਰਦੋਸ਼ਾਂ ਨੂੰ ਹਿੰਸਾ ਵਿਚ ਫਸਾਇਆ। ਦਰਜਨਾਂ ਪੁਲਿਸ ਮੁਲਾਜ਼ਮਾਂ ਦੁਆਰਾ ਸਿੱਖਾਂ ਦੀ ਬੇਰਹਿਮੀ ਨਾਲ ਕੁੱਟਮਾਰ ਨੇ 1984 ਨੂੰ ਯਾਦ ਕਰਾ ਦਿੱਤਾ। 6 ਫਰਵਰੀ ਨੂੰ ਯੂ. ਪੀ., ਉਤਰਾਖੰਡ ਅਤੇ ਦਿੱਲੀ ਨੂੰ ‘ਚੱਕਾ ਜਾਮ’ ਦੇ ਸੱਦੇ ਤੋਂ ਬਾਹਰ ਕੱਢਣ ਦਾ ਅਚਾਨਕ ਫੈਸਲਾ ਇਸ ਗੱਲ ਦਾ ਸਬੂਤ ਸੀ ਕਿ ਕਿਸਾਨ ਆਗੂ ਹਿੰਸਕ ਹਿੰਦੂ ਰਾਸ਼ਟਰਵਾਦ ਦੀਆਂ ਚਾਲਾਂ ਉੱਤੇ ਹਮਲਾ ਕਰਨ ਦੇ ਸਮਰੱਥ ਹਨ।

ਤਿੰਨ ਵਿਵਾਦਤ ਬਿੱਲ ਖਾਰਜ ਕਰਵਾਉਣ ਦੀ ਲੜਾਈ ਵਿਚ ਜੋ ਕੁਝ ਵੀ ਯੋਗਦਾਨ ਪਾਇਆ ਜਾ ਸਕਦਾ ਹੈ, ਪਾਉਣਾ ਜਾਇਜ਼ ਹੈ, ਪਰ ਅਜਿਹੇ ਸਮੇਂ ਇਸ ਲੜਾਈ ਵਿਚ ਹੋਰ ਮੁੱਦਿਆ ਨੂੰ ਪ੍ਰਧਾਨਤਾ ਦੇਣ ਦੀ ਕੋਈ ਤੁੱਕ ਨਹੀਂ ਬਣਦੀ। ਭਾਜਪਾ ਨੂੰ ਕਿਸਾਨ ਮੁੱਦੇ ਹਿੰਦੂ-ਰਾਸ਼ਟਰਵਾਦ ਦੇ ਪਰਿਪੇਖ ਵਿਚ ਦੇਖਣ ਦੀ ਥਾਂ ਕਿਸਾਨੀ ਦੇ ਸੰਦਰਭ ਵਿਚ ਸਮਝਣ ਦੀ ਲੋੜ ਹੈ। ਕਿੰਨੇ ਕਿਸਾਨਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ, ਕਿੰਨੇ ਸਮਰਥਕਾਂ ਨੇ ਆਪਣੇ ਰਾਸ਼ਟਰੀ ਸਨਮਾਨ ਚਿੰਨ੍ਹ ਮੋੜੇ, ਕਿੰਨੀ ਠੰਡ, ਬਾਰਸ਼ ਤੇ ਨਫਰਤ ਦੇ ਤੂਫਾਨਾਂ ਦਾ ਸਾਹਮਣਾ ਕੀਤਾ। ਜੇ ਇਹ ਸਭ ਕੁਝ ਭਾਜਪਾਈਆਂ ਦੇ ਦਿਲ ਨੂੰ ਹਿਲਾਉਂਦਾ ਨਹੀਂ ਤੇ ਕਿਸਾਨਾਂ ਦੇ ਦੁਖ ਦੂਰ ਕਰਨ ਲਈ ਪ੍ਰੇਰਦਾ ਨਹੀਂ ਤਾਂ ਜ਼ਰੂਰ ਉਨ੍ਹਾਂ ਦੀ ਵਿਚਾਰਧਾਰਾ ਵਿਚ ਕੋਈ ਕਮੀ ਹੈ। ਇਤਿਹਾਸ ਜੇ ਸ਼ਾਸ਼ਕਾਂ ਲਈ ਲੋਕ-ਭਲਾਈ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ ਤਾਂ ਇਹ ਵੀ ਯਕੀਨਨ ਬਣਾਉਂਦਾ ਹੈ ਕਿ ਬੁੱਚੜ ਬਿਰਤੀ ਵਾਲੇ ਇਨ੍ਹਾਂ ਤਖਤਾਂ ‘ਤੇ ਨਾ ਬੈਠਣ।

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
ਫੋਨ: 216-556-2080

# ਸੰਜਮ ਦੀ ਸਰਗਮ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਨਫਾਸਤ ਦੇ ਨਗਮੇ ਗਾਏ ਸਨ ਕਿ ਨਫਾਸਤ ਅਜਿਹਾ ਮਨੁੱਖੀ ਗੁਣ, ਜਿਸ ਦੇ ਸਦਕੇ ਜਾਣ ਨੂੰ ਜੀਅ ਕਰਦਾ। ਨਫਾਸਤ ਤਾਂ ਝਰਨੇ ਦਾ ਸ਼ਫਾਫ ਪਾਣੀ, ਜਿਹੜਾ ਜਦ ਹੇਠਾਂ ਡਿਗਦਾ ਤਾਂ ਇਸ ਦੇ ਨਾਲ ਪੈਦਾ ਹੋਏ ਸੰਗੀਤ ਵਿਚੋਂ ਜੀਵਨ ਦੀਆਂ ਧੁਨਾਂ ਸੁਣਾਈ ਦਿੰਦੀਆਂ। ਉਨ੍ਹਾਂ ਨਸੀਹਤ ਕੀਤੀ ਸੀ ਕਿ ਨਫਾਸਤ ਨੂੰ ਆਪਣਾ ਮੀਰੀ ਗੁਣ ਬਣਾਉਣ ਲਈ ਜਰੂਰੀ ਹੈ, ਮਨੁੱਖ ਸਦਾ ਨਿਮਰ ਰਹੇ। ਉਸ ਲਈ ਦੁਨਿਆਵੀ ਲਾਭਾਂ ਤੋਂ ਦੂਰੀ ਬਣਾਉਣ ਦੀ ਹਿੰਮਤ ਹੋਵੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੰਜਮ ਦਾ ਗੁਣਗਾਨ ਕਰਦਿਆਂ ਕਿਹਾ ਹੈ, "ਸੰਜਮੀ ਮਨੁੱਖ ਸਿਰਫ ਆਪਣੇ ਆਪ ਨਾਲ ਹੀ ਸੰਜਮੀ ਨਹੀਂ ਹੁੰਦਾ, ਸਗੋਂ ਉਹ ਸਮਾਜਿਕ, ਵਿਹਾਰਕ ਅਤੇ ਸੰਸਾਰਕ ਵਰਤਾਰੇ ਵਿਚ ਵੀ ਆਪਣੇ ਇਸ ਗੁਣ ਕਰਕੇ ਜਾਣਿਆ ਤੇ ਪਛਾਣਿਆ ਜਾਂਦਾ।...ਸਵੈ 'ਤੇ ਕਾਬੂ ਪਾਉਣ ਵਾਲੇ ਹੀ ਸੰਜਮੀ ਹੋ ਸਕਦੇ, ਕਿਉਂਕਿ ਸਵੈ ਵਿਚੋਂ ਹੀ ਸਾਧਨਾ, ਸਮਰਪਣ ਅਤੇ ਸਾਦਗੀ ਜਨਮ ਲੈਂਦੀ। ਕੂੜ ਦੇ ਵਪਾਰੀਆਂ ਲਈ ਸੱਚ ਦੇ ਕੋਈ ਮਾਅਨੇ ਨਹੀਂ ਅਤੇ ਪਾਕੀਜ਼ ਬਿਰਤੀ ਵਾਲਿਆਂ ਲਈ ਫਰੇਬ ਵਾਸਤੇ ਕੋਈ ਥਾਂ ਨਹੀਂ ਹੁੰਦੀ।" ਉਨ੍ਹਾਂ ਦੀ ਨਸੀਹਤ ਹੈ, "ਬੰਦਿਆ! ਸੰਜਮ ਵਿਚ ਰਹਿ ਤੇ ਜੀਵਨ ਨੂੰ ਅਨੰਦਤ ਕਰ, ਕਿਉਂਕਿ ਉਚੇ ਮਹਿਲ, ਵੱਡੇ ਰੁਤਬੇ ਅਤੇ ਸਲਤਨਤਾਂ ਨੂੰ ਫਨਾਹ ਹੁੰਦਿਆਂ ਦੇਰ ਨਹੀਂ ਲੱਗਦੀ। ਸਦਾ ਚਿਰੰਜੀਵ ਰਹਿੰਦੀਆਂ ਮਨੁੱਖ ਦੀ ਮਾਣ ਭਰੀਆਂ ਨਿਆਮਤੀ ਆਦਤਾਂ ਅਤੇ ਸੁਭਾਅ।" -ਸੰਪਾਦਕ*

ਸੰਜਮ, ਸਿਆਣਪ, ਸੂਖਮਤਾ, ਸੰਤੁਸ਼ਟਤਾ, ਸਰਫਾ, ਸਧਾਰਨਤਾ ਅਤੇ ਸੀਮਤ ਸਹੂਲਤਾਂ ਵਿਚੋਂ ਸਕੂਨ ਭਾਲਣ ਦਾ ਨਾਮ। ਆਪਣੀਆਂ ਲੋੜਾਂ ਅਤੇ ਥੋੜਾਂ ਨੂੰ ਵਿੱਤ ਮੁਤਾਬਕ ਢਾਲਣ ਅਤੇ ਪ੍ਰਾਪਤ ਕਰਨ ਦੀ ਲੋਚਾ।

ਸੰਜਮ ਸ਼ਖਸੀ ਗੁਣ, ਜਿਸ ਨਾਲ ਵਿਅਕਤੀ ਦੀ ਸਮੁੱਚਤਾ ਜੱਗ-ਜਾਹਰ ਹੁੰਦੀ। ਉਸ ਦੇ ਸੋਹਜ, ਸੁਖਨ ਅਤੇ ਤ੍ਰਿਪਤੀ ਦਾ ਕਿਆਸ ਲਾਇਆ ਜਾ ਸਕਦਾ।

ਸੰਜਮ, ਸੰਵੇਦਨਾ, ਸੂਖਮ-ਭਾਵੀ ਅਤੇ ਸਿਫਤੀ ਵਰਤਾਰਿਆਂ ਦਾ ਸ਼ੁਭ-ਸੰਕੇਤ। ਇਸ ਨਾਲ ਮਨੁੱਖ ਆਪਣੀਆਂ ਪਹਿਲਾਂ ਨਿਰਧਾਰਤ ਕਰਦਾ ਅਤੇ ਇਨ੍ਹਾਂ ਦੀ ਪੂਰਤੀ ਵਿਚੋਂ ਹੀ ਜੀਵਨ ਦੀ ਅਕਾਰਥਤਾ ਅਤੇ ਸਾਰਥਕਤਾ ਨੂੰ ਅਪਨਾਉਂਦਾ।

ਸੰਜਮ, ਜੀਵਨ ਦੇ ਹਰ ਵਰਤਾਰੇ ਵਿਚ ਹਾਜ਼ਰ-ਨਾਜ਼ਰ। ਸੰਜਮੀ ਮਨੁੱਖ ਵਿਕੋਲਿਤਰਾ ਤੇ ਵਿਲੱਖਣ। ਆਪਣੇ ਆਪ 'ਤੇ ਵਹਿਮ ਕਰਨ ਵਾਲੇ ਹੀ ਸੰਜਮੀ ਬਿਰਤੀ ਨੂੰ ਦੁਰਕਾਰਦੇ ਅਤੇ ਨਕਾਰਦੇ। ਆਖਰ ਨੂੰ ਫਜ਼ੂਲ ਖਰਚੀ ਦੇ ਮਾਰੂ ਸਿਟਿਆਂ ਦਾ ਸ਼ਿਕਾਰ ਹੋ ਕੇ, ਜੀਵਨ ਨੂੰ ਦੋਜ਼ਖ ਦੀ ਅੱਗ ਵਿਚ ਸਾੜਨ ਜੋਗੇ ਹੀ ਰਹਿ ਜਾਂਦੇ।

ਸੰਜਮ ਜਦ ਵਰਤਾਰੇ, ਵਿਹਾਰ, ਵਰਤੋਂ, ਵਸੀਹਤਾ ਜਾਂ ਵੰਨਗੀ ਵਿਚ ਹੁੰਦਾ ਤਾਂ ਮਨੁੱਖ ਸੁਚੇਤ ਪੱਧਰ 'ਤੇ ਆਪਣੇ ਸੰਜਮੀ ਸੁਭਾਅ ਕਾਰਨ ਹੀ ਸੀਮਤਾ ਵਿਚੋਂ ਵੀ ਅਸੀਮਤਾ ਨੂੰ ਮਾਣਦਾ। ਬਹੁਤ ਥੋੜ੍ਹੇ ਨੂੰ ਵੀ ਵੱਧ ਕਰਕੇ ਜਾਣਦਾ।

ਸੰਜਮੀ ਮਨੁੱਖ ਸਿਰਫ ਆਪਣੇ ਆਪ ਨਾਲ ਹੀ ਸੰਜਮੀ ਨਹੀਂ ਹੁੰਦਾ, ਸਗੋਂ ਉਹ ਸਮਾਜਿਕ, ਵਿਹਾਰਕ ਅਤੇ ਸੰਸਾਰਕ ਵਰਤਾਰੇ ਵਿਚ ਵੀ ਆਪਣੇ ਇਸ ਗੁਣ ਕਰਕੇ ਜਾਣਿਆ ਤੇ ਪਛਾਣਿਆ ਜਾਂਦਾ। ਸੰਜਮ ਫਜ਼ੂਲ ਖਰਚੀ ਤੋਂ ਬਚਣਾ ਹੋਵੇ। ਖਾਣ ਪੀਣ ਨੂੰ ਸਧਾਰਨ ਤੇ ਸਿਹਤਮੰਦ ਰੱਖਣਾ ਹੋਵੇ। ਲਿਬਾਸ ਵਿਚੋਂ ਕੀਮਤੀ ਬਸਤਰਾਂ ਨੂੰ ਮਨਫੀ ਕਰਨਾ ਹੋਵੇ ਜਾਂ ਅੰਤਰੀਵੀ ਸੰਤੁਸ਼ਟੀ ਅਨੁਸਾਰ ਜੀਣ ਦਾ ਮਕਸਦ ਹੋਵੇ। ਕੁਦਰਤ ਸੰਗ ਇਕਸੁਰਤਾ ਹੋਵੇ ਅਤੇ ਇਸ ਦੀ ਅਵੱਗਿਆ ਤੋਂ ਬਚਣਾ ਹੋਵੇ।

ਸੰਜਮੀ ਵਰਤਾਰਾ ਸਾਨੂੰ ਆਪਣੇ ਆਲੇ-ਦੁਆਲੇ, ਪਰਿਵਾਰਕ ਚੌਗਿਰਦਾ, ਘਰ ਦੇ ਸੰਸਕਾਰ ਤੇ ਪਰਵਰਿਸ਼ ਵਿਚੋਂ ਮਿਲਦਾ ਕਿ ਅਸੀਂ ਕਿਹੜੇ ਮਾਹੌਲ ਵਿਚ, ਕਿਹੋ ਜਿਹੀਆਂ ਆਰਥਕ ਸਥਿੱਤੀਆਂ, ਪ੍ਰਸਥਿੱਤੀਆਂ ਅਤੇ ਕਿਹੜੀ ਸੋਚ ਨਾਲ ਪਾਲਣ ਪੋਸ਼ਣ ਹੋਇਆ ਹੈ।

ਦਰਅਸਲ ਸੰਜਮੀ ਲੋਕ ਕੰਜੂਸ ਨਹੀਂ ਹੁੰਦੇ, ਸਗੋਂ ਉਹ ਫਜ਼ੂਲ ਖਰਚੀ ਨੂੰ ਨਕਾਰਦੇ। ਉਨ੍ਹਾਂ ਵਿਚ ਦਿਖਾਵੇ ਦੀ ਪ੍ਰਵਿਰਤੀ ਨਹੀਂ ਹੁੰਦੀ ਅਤੇ ਉਹ ਆਪਣੀ ਸੋਚ-ਸੰਸਾਰ ਵਿਚੋਂ ਹੀ ਪ੍ਰਸੰਨਤਾ ਤੇ ਪ੍ਰੇਰਨਾ ਪ੍ਰਾਪਤ ਕਰਦੇ।

ਸੰਜਮੀ ਵਿਅਕਤੀ ਆਪਣੀਆਂ ਸਹੂਲਤਾਂ, ਸਾਧਨਾਂ ਅਤੇ ਸਰੋਤਾਂ ਨੂੰ ਜਰੂਰਤ-ਮਈ ਬਣਾਉਂਦਾ। ਕਦੇ ਵੀ ਇਸ ਨੂੰ ਅੱਯਾਸ਼ੀ ਜਾਂ ਅਮੀਰੀ ਦੇ ਪ੍ਰਗਟਾਵੇ ਦਾ ਸਾਧਨ ਨਹੀਂ ਬਣਾਉਂਦਾ। ਉਹ ਜਾਣਦਾ ਹੈ ਕਿ ਵਿਅਕਤੀ ਉਹ ਨਹੀਂ ਹੁੰਦਾ, ਜੋ ਉਸ ਦੇ ਕੱਪੜਿਆਂ, ਕਾਰਾਂ, ਕੋਠੀਆਂ, ਵੱਡੀਆਂ ਪਾਰਟੀਆਂ ਜਾਂ ਬੇਲੋੜੇ ਖਰਚਿਆਂ ਵਿਚੋਂ ਨਜ਼ਰ ਆਉਂਦਾ। ਸਗੋਂ ਵਿਅਕਤੀ ਉਹ ਹੁੰਦਾ, ਜੋ ਉਸ ਦੇ ਕੰਮਾਂ, ਬੋਲਾਂ ਜਾਂ ਕੀਰਤੀਆਂ ਵਿਚੋਂ ਅਚੇਤ ਤੇ ਸੂਖਮ ਰੂਪ ਵਿਚ ਪ੍ਰਗਟਦਾ। ਕਈ ਵਾਰ ਲੋਕ ਆਪਣੀਆਂ ਕਮੀਆਂ ਨੂੰ ਲੁਕਾਉਣ ਲਈ, ਅੱਯਾਸ਼ੀ ਦਾ ਓਹਲਾ ਬਣਾ ਲੈਂਦੇ। ਪਾਰਦਰਸ਼ੀ ਲੋਕਾਂ ਨੂੰ ਉਹਲੇ ਦੀ ਕਾਹਦੀ ਲੋੜ।

ਸੰਜਮ, ਮੁਖੜੇ ਦਾ ਨੂਰ, ਸੋਚਾਂ ਵਿਚੋਂ ਝਰਦਾ ਦਸਤੂਰ। ਸੰਵੇਦਨਾ ਵਿਚ ਵੱਜ ਰਿਹਾ ਨਾਦ ਅਤੇ ਬੋਲੀਂ ਮਿੱਠਤਾ ਦਾ ਅਲਾਪ। ਉਸ ਦੇ ਹਰਫਾਂ ਵਿਚ ਜ਼ਿੰਦਗੀ ਨੂੰ ਨਵੀਂ ਦਿਸ਼ਾ ਤੇ ਦਸ਼ਾ ਦੇਣ ਦੀ ਲੋਚਾ।

ਸੰਜਮ ਸੁਹਿਰਦਤਾ, ਸੁਹਜਤਾ ਅਤੇ ਸਾਰਥਿੱਕਤਾ ਦਾ ਵੀ ਇਕ ਰੂਪ। ਸੰਜਮੀ ਲੋਕ ਆਪਣੀ ਸੰਪੂਰਨਤਾ ਦੇ ਸਫਰ ਦਾ ਪਰਮ ਆਗਾਜ਼ ਕਰਦੇ। ਸਾਰੇ ਪੀਰ-ਪੈਗੰਬਰ, ਗੁਰੂ, ਫਕੀਰ ਜਾਂ ਸੰਨਿਆਸੀਆਂ ਦੀਆਂ ਬਹੁਤ ਹੀ ਸੀਮਤ ਲੋੜਾਂ ਹੁੰਦੀਆਂ। ਉਹ ਇਸ ਵਿਚੋਂ ਹੀ ਅਸੀਮਤ ਖੁਸ਼ੀਆਂ ਅਤੇ ਪ੍ਰਸੰਨਤਾ ਮਾਣਦੇ। ਆਪਣੀ ਜ਼ਿੰਦਗੀ ਨੂੰ ਕਿਸੇ ਭਟਕਣਾ, ਲਾਲਚ, ਹਉਮੈ, ਹੰਕਾਰ ਜਾਂ ਹੈਂਕੜ ਤੋਂ ਨਿਰਲੇਪ ਰਹਿ, ਦੁਨੀਆਂ ਲਈ ਸੁਗਮ ਸੁਨੇਹਾ ਹੁੰਦੇ। ਇਕ ਨਰੋਈ ਤੇ ਨਿੱਗਰ ਜੀਵਨ-ਜਾਚ। ਮਹਾਂ-ਦਾਨੀ ਅਤੇ ਮਾਈਕਰੋਸਾਫਟ ਦੇ ਸੰਸਥਾਪਕ ਬਿੱਲ ਗੇਟਸ ਨੂੰ ਆਪਣੀ ਕਾਫੀ ਖਰੀਦਦਿਆਂ ਕਾਫੀ ਸ਼ਾਪ 'ਤੇ ਦੇਖ ਸਕਦੇ ਹੋ। ਉਥੇ ਸਮਾਜ ਸੇਵੀ ਅਤੇ ਸੈਨੇਗਲ (ਅਫਰੀਕਾ) ਦੇ ਬਿਹਰਤੀਨ ਫੁੱਟਬਾਲ ਖਿਡਾਰੀ ਸੈਡੀਓ ਮੇਨ ਕੋਲ ਅੱਜ ਵੀ ਚੇਪੀ ਲੱਗਿਆ ਫੋਨ ਹੈ। ਅਜਿਹੀਆਂ ਮਹਾਨ ਸ਼ਖਸੀਅਤਾਂ ਦਾ ਕਹਿਣਾ ਹੈ ਕਿ ਸੀਮਤ ਲੋੜਾਂ ਨਾਲ ਸੰਜਮ ਵਿਚ ਜੀਅ ਕੇ, ਆਪਣੇ ਧਨ ਨਾਲ ਗਰੀਬ ਅਤੇ ਲੋੜਵੰਦਾਂ ਦੀ ਮਦਦ ਹੀ ਜੀਵਨ ਦਾ ਸੁੱਚਾ ਮਸਕਦ ਹੈ। ਇਸ ਨਾਲ ਹੀ ਉਹ ਅਸੀਮ ਖੁਸ਼ੀਆਂ ਪ੍ਰਾਪਤ ਕਰਨ ਦਾ ਹੁਨਰ ਜਾਣਦੇ ਹਨ। ਉਨ੍ਹਾਂ ਨੂੰ ਆਪਣਾ ਗੁਰਬਤ ਵਿਚ ਜੀਵਿਆ ਬਚਪਨ ਯਾਦ ਹੈ। ਉਹ ਗੁਰਬਤ ਵਿਚ ਪਲਦੇ ਬੱਚਿਆਂ ਦੇ ਚਿਹਰੇ 'ਤੇ ਖੇੜਾ ਲਿਆ ਕੇ ਆਪਣੀਆਂ ਬਚਪਨੀ ਯਾਦਾਂ ਨੂੰ ਸੁਰਖ ਦਿੱਖ ਦੇਣ ਦੀ ਕੋਸ਼ਿਸ਼ ਵਿਚ ਹਨ।

ਮੇਰਾ ਮਿੱਤਰ ਉਚ-ਅਧਿਕਾਰੀ ਹੈ। ਉਸ ਦਾ ਨਾਸ਼ਤਾ ਹਮੇਸ਼ਾ ਦਹੀਂ ਵਿਚ ਲੂਣ ਪਾ ਕੇ ਰੋਟੀ ਖਾਣਾ ਹੈ। ਮਹਿੰਗੇ ਪਕਵਾਨਾਂ ਤੋਂ ਪੂਰਨ ਪ੍ਰਹੇਜ਼। ਉਸ ਨੇ ਜੀਵਨ-ਸ਼ੈਲੀ ਨੂੰ ਬਹੁਤ ਸਾਦਾ ਰੱਖਿਆ ਹੋਇਆ ਹੈ, ਕਿਉਂਕਿ ਉਸ ਨੂੰ ਯਾਦ ਹੈ ਕਿ ਉਹ ਆਮ ਲੋਕਾਂ ਵਿਚੋਂ ਇਕ ਹੈ ਅਤੇ ਸਧਾਰਨਤਾ ਉਸ ਦੀ ਰਗ ਰਗ ਵਿਚ ਸਮੋਈ ਹੋਈ ਹੈ। ਬੇਲੋੜਾ ਦਿਖਾਵਾ ਕਿਸ ਲਈ ਕਰਨਾ, ਜਦ ਸਭ ਔਕਾਤ ਜਾਣਦੇ। ਅਸਲੀਅਤ ਤੋਂ ਨਾਬਰੀ ਬਹੁਤ ਮਹਿੰਗੀ ਪੈਂਦੀ ਅਤੇ ਇਹ ਸਾਨੂੰ ਅਕ੍ਰਿਘਣਤਾ, ਲਾਲਚ, ਰਿਸ਼ਵਤ, ਹੇਰਾ-ਫੇਰੀ, ਕਿਸੇ ਨੂੰ ਵਰਗਲਾਉਣਾ ਅਤੇ ਮਾਨਸਿਕ, ਸਰੀਰਕ ਜਾਂ ਆਰਥਿਕ ਸ਼ੋਸ਼ਣ ਕਰਨ ਲਈ ਬਹਾਨਾ ਬਣਾਉਂਦੀ ਹੈ।

ਸੰਜਮੀ ਲੋਕ ਜ਼ਿਆਦਾ ਸਫਲ, ਸਿਹਤਮੰਦ, ਸੰਤੋਖੀ, ਸਬਰ ਵਾਲੇ ਅਤੇ ਸੁਖਨ ਨਾਲ ਵਰੋਸਾਏ ਹੁੰਦੇ। ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਨੂੰ ਉਨ੍ਹਾਂ ਦੀ ਜੀਵਨ-ਸ਼ੈਲੀ ਵਿਚੋਂ ਹੀ ਸਮਝਿਆ ਜਾ ਸਕਦਾ।

ਸੰਜਮੀ ਹੋਣਾ ਕੋਈ ਗੁਨਾਹ ਨਹੀਂ, ਕਮੀ ਨਹੀਂ, ਔਗੁਣ ਨਹੀਂ ਅਤੇ ਨਾ ਹੀ ਇਹ ਹੀਣ ਭਾਵਨਾ ਹੁੰਦੀ। ਇਹ ਤਾਂ ਸਗੋਂ ਮਨੁੱਖ ਵਿਚ ਵੱਸਦੀ ਮਨੁੱਖਤਾ, ਬੰਦੇ ਵਿਚ ਜਾਗਦੀ ਬੰਦਿਆਈ ਅਤੇ ਭਲੇਮਾਣਸੀ ਸੰਗ ਸੰਵਾਦ ਰਚਾਉਂਦੀ ਭਲਿਆਈ ਹੁੰਦੀ। ਇਸ ਤੋਂ ਬੇਮੁੱਖਤਾ ਮਨੁੱਖ ਨੂੰ ਅਮਾਨਵੀ ਵਰਤਾਰਿਆਂ ਦਾ ਧੁਰਾ ਬਣਾਉਂਦੀ।

ਸੰਜਮੀ ਵਿਅਕਤੀ ਬੋਲ-ਬਾਣੀ ਵਿਚ ਵੀ ਸੰਜਮੀ। ਕੁਝ ਤੋਲਵੇਂ, ਗਿਣੇ-ਮਿਣੇ, ਸੰਕੋਚਵੇਂ ਅਤੇ ਸੁੰਦਰ ਸ਼ਬਦਾਂ ਵਿਚ ਆਪਣੀ ਗੱਲ ਨੂੰ ਪੂਰਨ ਰੂਪ ਵਿਚ ਕਹਿਣ ਦੇ ਸਮਰੱਥ। ਉਸ ਦੀ ਕਿਰਤ ਵਿਚ ਸੰਜਮੀ ਸਭਿਅਤਾ ਨੂੰ ਦੇਖਿਆ ਜਾ ਸਕਦਾ, ਕਿਉਂਕਿ ਭਾਵੇਂ ਉਹ ਕਵਿਤਾ ਜਾਂ ਹੋਰ ਕਲਾ ਹੋਵੇ। ਉਹ ਵਿਸਥਾਰ ਵਿਚ ਨਹੀਂ ਪੈਂਦਾ, ਕਿਉਂਕਿ ਪਾਰਖੂ ਲਈ ਬੇਲੋੜੇ ਸ਼ਾਬਦਿਕ ਵਿਖਿਆਨ ਦੀ ਕੀ ਲੋੜ?

ਸੰਜਮ ਸਿਰਫ ਬਾਹਰੀ ਹੀ ਨਹੀਂ ਹੁੰਦਾ, ਸਗੋਂ ਅੰਤਰੀਵੀ ਵੀ ਹੁੰਦਾ। ਆਤਮਿਕ ਹੁਲਾਰ, ਹੁਲਾਸ ਅਤੇ ਹਾਸਲ ਲਈ ਸਭ ਤੋਂ ਜਰੂਰੀ। ਸਮੁੱਚਤਾ ਲਈ ਬਹੁਤ ਅਹਿਮ। ਅਜੋਕੇ ਅਡੰਬਰੀ ਬਾਬਿਆਂ ਲਈ ਸੰਜਮ ਥੋਥਾ ਤੇ ਬੋਲੋੜਾ; ਤਾਂ ਹੀ ਉਹ ਆਲੀਸ਼ਨ ਡੇਰਿਆਂ, ਅਥਾਹ ਜਾਇਦਾਦਾਂ ਅਤੇ ਅਸੀਮ ਸਹੂਲਤਾਂ ਮਾਣਦੇ, ਦੁਨਿਆਵੀ ਕੋਹਝਾਂ ਨਾਲ ਲਿੱਬੜੇ, ਭੋਲੇ-ਭਾਲੇ ਲੋਕਾਂ ਨੂੰ ਵਰਗਲਾ ਕੇ ਸਬਜ਼-ਬਾਗ ਦਿਖਾਉਂਦੇ ਤੇ ਆਪਣੀਆਂ ਸਲਤਨਤਾਂ ਉਸਾਰਨ ਵਿਚ ਮਸ਼ਰੂਫ। ਸੰਜਮੀ ਪਹੁੰਚ ਵਾਲੇ ਲੋਕ ਦਿਖਾਵੇ ਲਈ ਨਹੀਂ ਬਣੇ ਹੁੰਦੇ। ਉਹ ਤਾਂ ਇਕ ਮਸਕਦ ਨਾਲ ਜੁੜੇ ਹੁੰਦੇ ਅਤੇ ਮਕਸਦ ਪੂਰਤੀ ਵਿਚੋਂ ਹੀ ਉਨ੍ਹਾਂ ਨੂੰ ਜੀਵਨ ਦੀ ਪੂਰਨਤਾ ਦਾ ਅਹਿਸਾਸ ਹੁੰਦਾ।

ਸੰਜਮੀ ਹੋਣ ਲਈ ਸਭ ਤੋਂ ਜਰੂਰੀ ਹੈ ਮਾਨਸਿਕ ਭਟਕਣਾ ਨੂੰ ਲਗਾਮ। ਬੇਤਹਾਸ਼ਾ ਖਾਹਿਸ਼ਾਂ 'ਤੇ ਪਾਬੰਦੀ। ਇਛਾਵਾਂ ਨੂੰ ਇੱਛਾਧਾਰੀ ਬਣਾ, ਸਮੇਂ ਤੇ ਲੋੜ ਅਨੁਸਾਰ ਨਿਸ਼ਚਿਤ ਕਰਨ ਦੀ ਬਿਰਤੀ। ਸੀਮਤ ਸਾਧਨਾਂ ਨਾਲ ਅੰਬਰ ਦੀ ਛੱਤ ਹੇਠ ਜੀਵਨ ਬਸਰ ਕਰਨ ਸਕਣ ਦੀ ਦ੍ਰਿੜਤਾ। ਹੀਣ ਭਾਵਨਾ ਤੋਂ ਉਪਰ ਉਠ ਕੇ, ਆਪਣੇ ਹਿੱਸੇ ਦੀ ਜ਼ਿੰਦਗੀ ਆਪ ਜਿਉਣ ਅਤੇ ਆਪਣੇ ਹਿੱਸੇ ਦਾ ਅੰਬਰ ਖੁਦ ਬਣਨ ਦੀ ਦਲੇਰੀ। ਸਵੈ 'ਤੇ ਕਾਬੂ ਪਾਉਣ ਵਾਲੇ ਹੀ ਸੰਜਮੀ ਹੋ ਸਕਦੇ, ਕਿਉਂਕਿ ਸਵੈ ਵਿਚੋਂ ਹੀ ਸਾਧਨਾ, ਸਮਰਪਣ ਅਤੇ ਸਾਦਗੀ ਜਨਮ ਲੈਂਦੀ। ਕੂੜ ਦੇ ਵਪਾਰੀਆਂ ਲਈ ਸੱਚ ਦੇ ਕੋਈ ਮਾਅਨੇ ਨਹੀਂ ਅਤੇ ਪਾਕੀਜ਼ ਬਿਰਤੀ ਵਾਲਿਆਂ ਲਈ ਫਰੇਬ ਵਾਸਤੇ ਕੋਈ ਥਾਂ ਨਹੀਂ ਹੁੰਦੀ।

ਸੰਜਮ, ਸੰਭਾਵਨਾ ਤੇ ਸੁਪਨਿਆਂ ਦੀ ਸਰਦਲ। ਸੰਜਮੀ ਲੋਕਾਂ ਦੀ ਸੁਪਨ-ਉਡਾਣ ਬਹੁਤ ਵਸੀਹ। ਉਹ ਤਾਰਿਆਂ ਦੀਆਂ ਬਾਤਾਂ ਪਾਉਂਦੇ। ਮੱਥਿਆਂ ਵਿਚ ਸੂਰਜ ਉਗਾਉਂਦੇ ਅਤੇ ਲੋਕ ਚੇਤਿਆਂ ਵਿਚ ਅੱਖਰਾਂ ਦੀ ਖੇਤੀ ਕਰਦੇ। ਬੇਅੱਖਰਿਆਂ ਲਈ ਗਿਆਨ ਜੋਤ ਬਣਨਾ, ਬੱਚੇ ਦੇ ਟੁੱਕ ਲਈ ਤਰਸਦੇ ਨੈਣਾਂ ਵਿਚ ਰੋਟੀ ਦਾ ਸੁਪਨਾ ਬਣਨਾ, ਟੁੱਕੀ ਹੋਈ ਆਂਦਰ ਲਈ ਮਰ੍ਹਮ ਪੱਟੀ ਦਾ ਓਹੜ-ਪੋਹੜ ਕਰਨਾ, ਸੰਜਮਤਾ ਵਿਚੋਂ ਚਿਰਾਗਾਂ ਨੂੰ ਨਵੀਂ ਤਸ਼ਬੀਹ ਮਿਲੇਗੀ।

ਸੰਜਮ ਨੂੰ ਸੁਪਨਗੋਈ, ਸਾਫਗੋਈ ਅਤੇ ਸੂਰਤ ਤੇ ਸੀਰਤ ਦੇ ਸੁਮੇਲ ਲਈ ਇਕ ਸਾਧਨ ਵਜੋਂ ਵਰਤਣ ਦੀ ਜਾਚ ਆ ਜਾਵੇ ਤਾਂ ਸੰਜਮ ਆਪਣੀ ਤਕਦੀਰ ਅਤੇ ਤਦਬੀਰ ਨੂੰ ਨਿਰਧਾਰਤ ਕਰਦਾ।

ਸੰਜਮੀ ਲੋਕ ਗੁਫਤਾਰ, ਵਿਹਾਰ ਜਾਂ ਸਮਾਜਿਕ ਦਿਖਾਵੇ ਵਿਚ ਤਾਂ ਸੰਜਮੀ ਹੁੰਦੇ, ਪਰ ਉਹ ਆਪਣੇ ਕਿਰਦਾਰ, ਅਚਾਰ ਅਤੇ ਸੋਚ-ਸੰਸਾਰ ਵਿਚ ਬਹੁਤ ਹੀ ਅਮੀਰ, ਅਸੀਮਤ ਅਤੇ ਅਪਾਰ ਹੁੰਦੇ। ਉਨ੍ਹਾਂ ਦੀ ਦਿੱਬ-ਦ੍ਰਿਸ਼ਟੀ ਵਿਚ ਭਵਿੱਖਮੁਖੀ ਦਿੱਸਹੱਦਿਆਂ ਦੀ ਨਿਸ਼ਾਨਦੇਹੀ। ਉਨ੍ਹਾਂ ਦੀ ਸੰਵੇਦਨਾ ਵਿਚ ਰੋਂਦੀ ਅੱਖ ਦਾ ਦਰਦ। ਬੋਲਾਂ ਵਿਚ ਲੋਕਾਈ ਦੀ ਵੇਦਨਾ ਦੀ ਭਰਮਾਰ। ਗੁਫਤਗੂ ਵਿਚ ਖੁਦ ਸੰਗ ਜਦੋਜਹਿਦ ਅਤੇ ਆਪਣੇ ਜੰਗ ਜਿੱਤਣ ਲਈ ਲਲਕਾਰ ਹੁੰਦੀ।

ਸੰਜਮੀ ਲੋਕਾਂ ਲਈ ਸੰਜਮ ਕਾਰਨ ਹੀ ਸਰੋਕਾਰਾਂ ਪ੍ਰਤੀ ਚਿੰਤਨਸ਼ੀਲਤਾ ਅਤੇ ਫਿਕਰਮੰਦੀ ਹੁੰਦੀ। ਇਸ ਵਿਚੋਂ ਟੀਚਿਆਂ ਨੂੰ ਨਿਰਧਾਰਤ ਕਰਨ ਦੀ ਲੋੜ ਅਤੇ ਤੜਫ ਹੁੰਦੀ। ਇਸ ਤੜਫ ਨੂੰ ਜੀਵਨੀ ਸਫਰ ਦੇ ਨਾਮ ਕਰ, ਨਵੇਂ ਰਾਹਾਂ ਦੀ ਮਾਰਗ-ਦਰਸ਼ਨਾ ਬਣਦੇ।

ਸੰਜਮੀ ਲੋਕ ਕੁਦਰਤ ਨਾਲ ਇਕਮਿੱਕ। ਕੁਦਰਤ ਦੀ ਨੇੜਤਾ ਵਿਚੋਂ ਹੀ ਆਪਣਾ ਵਿਕਾਸ ਅਤੇ ਸਦੀਵਤਾ ਲੋੜਦੇ। ਨਹੀਂ ਕਰਦੇ ਕੁਦਰਤੀ ਕਿਰਿਆਵਾਂ ਦੀ ਅਵੱਗਿਆ ਅਤੇ ਨਾ ਹੀ ਕੁਦਰਤੀ ਨਿਆਮਤਾਂ ਵਿਚ ਖਿਆਨਤ ਕਰਕੇ ਨਿੱਜੀ ਮੁਫਾਦ ਨੂੰ ਤਰਜੀਹ ਦਿੰਦੇ।

ਸੰਜਮੀ ਵਰਤਾਰੇ ਨਾਲ ਕੁਦਰਤੀ ਨਿਰੰਤਰਤਾ ਅਤੇ ਨਰੋਏਪਣ ਨੂੰ ਨਵੀਨਤਮ ਨੁਹਾਰ ਦਿੰਦੇ ਤਾਂ ਕੁਦਰਤ ਮਨੁੱਖ ਲਈ ਅਰਜੋਈ ਅਤੇ ਅਰਦਾਸ ਕਰਦੀ। ਦੁਆਵਾਂ ਅਤੇ ਅਸ਼ੀਰਵਾਦ ਨਾਲ ਨਿਵਾਜਦੀ। ਕੁਦਰਤੀ ਭਰਪੂਰਤਾ ਵਿਚੋਂ ਹੀ ਸਰੀਰਕ ਅਤੇ ਮਾਨਸਿਕ ਰੱਜ ਨੂੰ ਜੀਵਨ ਅੰਗ ਬਣਾਉਂਦੇ। ਦੁਨੀਆਂ ਨੂੰ ਜਿੱਤਣ ਦੇ ਖਾਬ ਲੈ ਕੇ ਤੁਰੇ ਸਿਕੰਦਰ ਨੂੰ ਰਸਤੇ ਵਿਚ ਅਰਾਮ ਕਰ ਰਿਹਾ ਫਕੀਰ ਟੱਕਰਿਆ। ਸਿਕੰਦਰ ਕਿਹਾ, "ਤੈਨੂੰ ਪਤਾ ਨਹੀਂ ਮੈਂ ਕੌਣ ਹਾਂ?" ਤਾਂ ਫਕੀਰ ਕਹਿਣ ਲੱਗਾ, "ਪਤਾ ਨਹੀਂ। ਪਰ ਪਰਾਂਹ ਹੋ ਜਾ, ਛਾਂ ਨਾ ਕਰ।" ਸਿਕੰਦਰ ਨੇ ਕਿਹਾ, "ਮੈਂ ਸਿਕੰਦਰ ਹਾਂ ਅਤੇ ਦੁਨੀਆਂ ਨੂੰ ਜਿੱਤਣ ਜਾ ਰਿਹਾ ਹਾਂ। ਤਾਂ ਫ਼ਕੀਰ ਕਿਹਾ, "ਫਿਰ ਕੀ ਕਰੇਂਗਾ?" ਸਿਕੰਦਰ ਨੇ ਕਿਹਾ, "ਦੁਨੀਆਂ 'ਤੇ ਮੇਰਾ ਰਾਜ ਤੇ ਨਾਮ ਹੋਵੇਗਾ।" ਫਕੀਰ ਨੇ ਅੱਗੋਂ ਕਿਹਾ, "ਫਿਰ?" ਸਿਕੰਦਰ ਨੇ ਕਿਹਾ, "ਮੇਰਾ ਹੁਕਮ ਚੱਲਿਆ ਕਰੇਗਾ।" ਫਕੀਰ ਨੇ ਕਿਹਾ, "ਫਿਰ?" ਸਿਕੰਦਰ ਨੇ ਕਿਹਾ, "ਮੈਂ ਅਰਾਮ ਕਰਾਂਗਾ।" ਤਾਂ ਫਕੀਰ ਕਹਿਣ ਲੱਗਾ, "ਇਹੀ ਤਾਂ ਮੈਂ ਕਰ ਰਿਹਾ ਹਾਂ।" ਤੇ ਸਿਕੰਦਰ ਨੂੰ ਜਵਾਬ ਲਈ ਕੁਝ ਨਹੀਂ ਸੀ ਅਹੁੜ ਰਿਹਾ।

ਸੰਜਮੀ ਲੋਕ ਧੁਨ ਦੇ ਪੱਕੇ। ਅਲਸਮਤਾ ਨੂੰ ਜਿਊਂਦੇ। ਆਪਣੇ ਆਲਮ ਵਿਚ ਰਹਿੰਦੇ ਅਤੇ ਆਪਣੀਆਂ ਹੀ ਤਰਜੀਹਾਂ ਤੇ ਪਹਿਲਾਂ ਨੂੰ ਆਪਣੇ ਅਕੀਦੇ ਅਨੁਸਾਰ ਤੈਅ ਕਰਦੇ। ਉਹ ਨਿੱਜ ਤੋਂ ਪਰੇ। ਮਨ ਵਿਚ ਸਰਬੱਤ ਦੇ ਭਲੇ ਦੀ ਕਾਮਨਾ।

ਸੰਜਮ, ਸਿਤਮਜ਼ਰੀਫੀ ਵੀ ਨਹੀਂ। ਇਹ ਤਾਂ ਸਿਦਕਦਿਲੀ, ਸੰਮੋਹਨਤਾ ਅਤੇ ਸਾਜ਼ਗਾਰਤਾ ਹੁੰਦੀ ਆਪੇ ਨਾਲ। ਆਪਣੀ ਔਕਾਤ, ਜਾਤ ਤੇ ਬਾਤ ਨਾਲ। ਨਹੀਂ ਹੁੰਦਾ ਕੋਈ ਲੈਣਾ-ਦੇਣਾ ਅਹੁਦਿਆਂ, ਰੁਤਬਿਆਂ, ਪਦਵੀਆਂ, ਤਮਗਿਆਂ, ਸਰੋਪਿਆਂ ਜਾਂ ਸਨਮਾਨਾਂ ਨਾਲ। ਉਹ ਖੁਦ ਹੀ ਆਪਣੀ ਪਛਾਣ ਅਤੇ ਗੁੰਮਸ਼ੁਦਗੀ ਹੁੰਦੇ। ਆਪਣੇ ਹੀ ਬੋਲ ਤੇ ਆਪਣੀ ਹੀ ਚੁੱਪ। ਆਪਣੀ ਹੀ ਕੀਰਤੀ ਅਤੇ ਕਲਾ। ਆਪ ਹੀ ਰੱਬ ਤੇ ਚੇਲਾ। ਆਪ ਹੀ ਅਧਿਆਪਕ ਤੇ ਖੁਦ ਹੀ ਵਿਦਿਆਰਥੀ। ਖੁਦ ਹੀ ਕਿਤਾਬ, ਇਬਾਰਤ ਤੇ ਅੱਖਰੀ ਜੁਗਨੂੰਆਂ ਦੀ ਲੋਅ। ਆਪ ਹੀ ਆਲ੍ਹਾ ਤੇ ਖੁਦ ਹੀ ਚਿਰਾਗ।

ਸੰਜਮ ਦੀ ਤਸ਼ਬੀਹ ਦੇਣੀ ਹੋਵੇ ਤਾਂ ਕਦੇ ਬੀਤੇ ਸਮੇਂ ਨੂੰ ਯਾਦ ਕਰਨਾ, ਜਦ ਪਿੰਡਾਂ ਵਿਚ ਮਾਂਵਾਂ ਸਵੇਰ ਲਈ ਰਾਤ ਨੂੰ ਅੱਗ ਵੀ ਸਾਂਭਦੀਆਂ ਸਨ। ਹੱਥੀਂ ਕੱਤੇ ਸੂਤ ਦੇ ਕੱਪੜੇ ਲੋਕ ਪਹਿਨਦੇ ਸਨ। ਅਚਾਰ ਤੇ ਗੰਢੇ ਨਾਲ ਰੋਟੀ ਖਾ ਕੇ ਡੰਗ ਸਾਰ ਲਿਆ ਜਾਂਦਾ ਸੀ। ਦੁੱਧ ਵੇਚਣਾ ਗੁਨਾਹ ਹੁੰਦਾ ਸੀ ਅਤੇ ਕੌਲੀ ਫੜ ਕੇ ਦਾਲ-ਸਬਜੀ ਮੰਗ ਲਿਆਉਣਾ ਸ਼ਰਮ ਨਹੀਂ, ਸਗੋਂ ਰਿਵਾਜ ਤੇ ਆਮ ਵਰਤਾਰਾ ਸੀ। ਵਿਆਹ ਜਾਂ ਵਾਂਢੇ ਜਾਣ ਲੱਗਿਆਂ ਜੁੱਤੀ ਜਾਂ ਕੱਪੜੇ ਮੰਗਵੇਂ ਪਾ ਕੇ ਜਾਣ ਨੂੰ ਘਟੀਆਪਣ ਨਹੀਂ ਸੀ ਸਮਝਿਆ ਜਾਂਦਾ। ਵਿਆਹ ਆਦਿ ਹਰੇਕ ਸਮਾਗਮ ਬਹੁਤ ਹੀ ਸਾਦਾ ਅਤੇ ਅਪਣੱਤਮਈ ਹੁੰਦਾ ਸੀ। ਕੋਈ ਦਿਖਾਵਾ ਨਹੀਂ। ਵਿਆਹ ਜਾਂ ਅਖੰਡ ਪਾਠ ਦੇ ਮੌਕੇ ਤੇ ਦੁੱਧ-ਲੱਸੀ ਕੱਠੀ ਕਰਨਾ, ਮੰਜੇ-ਬਿਸਤਰੇ 'ਕੱਠੇ ਕਰਨੇ, ਪਿੰਡ ਵਾਸੀਆਂ ਦੀ ਇਕਜੁੱਟਤਾ ਨਾਲ ਸਮਾਗਮ ਨੂੰ ਸੁੰਦਰ ਤਰੀਕੇ ਨਾਲ ਨੇਪਰੇ ਚੜ੍ਹਾਉਣ 'ਤੇ ਪਿੰਡ ਦੀ ਸ਼ੋਭਾ ਵਧਦੀ ਸੀ ਅਤੇ ਪਰਿਵਾਰ ਨੂੰ ਸੰਤੋਖ ਤੇ ਸਕੂਨ ਮਿਲਦਾ ਸੀ। ਇਹ ਸੰਜਮੀ ਅਤੇ ਸੁਹਮਈ ਵਰਤਾਰਾ ਹੁਣ ਕਿੱਥੇ? ਇਸ ਨੂੰ ਤਿਆਗ ਕੇ, ਸਧਾਰਨ ਵਿਅਕਤੀ ਬੱਚੇ ਦੇ ਵਿਆਹ ਵਿਚ ਬੇਲੋੜਾ ਖਰਚ ਕਰਦਾ ਕਰਜ਼ਾਈ ਹੋ ਜਾਂਦਾ ਏ ਅਤੇ ਫਿਰ ਉਸ ਦੇ ਵਿਹੜੇ ਵਿਚ ਖੁਦਕੁਸ਼ੀਆਂ ਦੀ ਫਸਲ ਉਗਦੀ ਏ। ਲੋੜ ਹੈ, ਸੰਜਮੀ ਵਰਤਾਰੇ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਤਾਂ ਕਿ ਜ਼ਿੰਦਗੀ ਦੀ ਪਾਕੀਜ਼ਗੀ ਅਤੇ ਪੂਰਨਤਾ ਨੂੰ ਕਾਇਮ ਰੱਖਿਆ ਜਾ ਸਕੇ। ਜ਼ਿੰਦਗੀ ਬਹੁਤ ਸੁੰਦਰ ਹੈ। ਲੋੜ ਹੈ, ਇਸ ਨੂੰ ਹੋਰ ਖੂਬਸੂਰਤ ਬਣਾਇਆ ਜਾਵੇ, ਨਾ ਕਿ ਖਰਚੀਲੇ ਰਸਮਾਂ-ਰਿਵਾਜਾਂ ਕਾਰਨ ਬਰਬਾਦੀ ਦਾ ਕਾਰਨ ਬਣੀਏ। ਸੀਮਤ ਸਾਧਨਾਂ ਵਿਚ ਸੀਮਤ ਜਿਹੀ ਜ਼ਿੰਦਗੀ ਨੂੰ ਜਿਊਂਦੇ ਉਨ੍ਹਾਂ ਬਜੁਰਗਾਂ ਸਾਹਵੇਂ ਸਿਰ ਝੁਕਦਾ ਏ, ਜਿਹੜੇ ਕਦੇ ਨਾ ਝੁੱਕੇ, ਨਾ ਰੁਕੇ। ਜਿਨ੍ਹਾਂ ਨੇ ਕਦੇ ਹਾਰ ਨਹੀਂ ਸੀ ਮੰਨੀ, ਭਾਵੇਂ ਉਨ੍ਹਾਂ ਨੂੰ ਉਜਾੜਿਆ ਗਿਆ ਹੋਵੇ, ਲਿਤਾੜਿਆ ਗਿਆ ਹੋਵੇ ਜਾਂ ਕੁਦਰਤੀ ਆਫਤਾਂ ਨੇ ਮਧੋਲਿਆ ਹੋਵੇ। ਇਹ ਸੰਜਮ ਸੀਮਤ ਸਾਧਨਾਂ ਵਿਚੋਂ ਉਪਜਿਆ, ਜਿਸ ਨੇ ਹੌਲੀ ਰਿਵਾਜ ਅਤੇ ਰਸਮਾਂ ਦਾ ਰੂਪ ਧਾਰਿਆ ਤੇ ਪੇਂਡੂਆਂ ਦੀ ਸਧਾਰਨਤਾ ਨੂੰ ਸੰਜਮੀ ਕਿਰਦਾਰ ਨਾਲ ਨਿਵਾਜਿਆ।

ਸੰਜਮ ਜੀਵਨ ਨੂੰ ਕਿਵੇਂ ਵਿਉਂਤਦਾ, ਕਿਵੇਂ ਸੰਵਾਰਦਾ ਅਤੇ ਇਸ ਨੂੰ ਮੂਲ ਆਰ ਬਣਾ ਕੇ ਜ਼ਿੰਦਗੀ ਨੂੰ ਕਿਵੇਂ ਮਾਣਿਆ ਜਾ ਸਕਦਾ, ਇਸ ਦਾ ਗੁਰਬਾਣੀ ਵਿਚ ਬਾਖੂਬੀ ਵਰਣਨ ਕੀਤਾ ਗਿਆ ਹੈ;

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥
—
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੇ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥ ਰਹਾਉ॥
—
ਬਾਬਾ ਹੋਰੁ ਚੜਣਾ ਖੁਸੀ ਖੁਆਰੁ॥
ਜਿਤੁ ਚੜਿਐ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥
—
ਬਾਬਾ ਹੋਰੁ ਸੌਣਾ ਖੁਸੀ ਖੁਆਰੁ॥
ਜਿਤੁ ਸੁਤੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥ ਰਹਾਉ॥

ਇਹ ਹੈ ਸੁੰਦਰ, ਸਥਿਰ, ਸੰਜਮੀ, ਸਹਿਜ, ਸਾਦੀ ਅਤੇ ਸੰਤੁਲਿਤ ਜ਼ਿੰਦਗੀ ਦਾ ਰਾਜ਼। ਕਦੇ ਗੁਰਬਾਣੀ ਦੇ ਸ਼ਬਦ "ਗੁਰਿ ਪੂਰੈ ਸੰਜਮੁ ਕਰਿ

(ਬਾਕੀ ਅਗਲੇ ਸਫੇ 'ਤੇ)

*ਸੰਜਮੀ ਹੋਣਾ ਕੋਈ ਗੁਨਾਹ ਨਹੀਂ, ਕਮੀ ਨਹੀਂ, ਔਗੁਣ ਨਹੀਂ ਅਤੇ ਨਾ ਹੀ ਇਹ ਹੀਣ ਭਾਵਨਾ ਹੁੰਦੀ। ਇਹ ਤਾਂ ਸਗੋਂ ਮਨੁੱਖ ਵਿਚ ਵੱਸਦੀ ਮਨੁੱਖਤਾ, ਬੰਦੇ ਵਿਚ ਜਾਗਦੀ ਬੰਦਿਆਈ ਅਤੇ ਭਲੇਮਾਣਸੀ ਸੰਗ ਸੰਵਾਦ ਰਚਾਉਂਦੀ ਭਲਿਆਈ ਹੁੰਦੀ। ਇਸ ਤੋਂ ਬੇਮੁੱਖਤਾ ਮਨੁੱਖ ਨੂੰ ਅਮਾਨਵੀ ਵਰਤਾਰਿਆਂ ਦਾ ਧੁਰਾ ਬਣਾਉਂਦੀ।...ਅਜੋਕੇ ਅਡੰਬਰੀ ਬਾਬਿਆਂ ਲਈ ਸੰਜਮ ਥੋਥਾ ਤੇ ਬੋਲੋੜਾ; ਤਾਂ ਹੀ ਉਹ ਆਲੀਸ਼ਨ ਡੇਰਿਆਂ, ਅਥਾਹ ਜਾਇਦਾਦਾਂ ਅਤੇ ਅਸੀਮ ਸਹੂਲਤਾਂ ਮਾਣਦੇ, ਦੁਨਿਆਵੀ ਕੋਹਝਾਂ ਨਾਲ ਲਿੱਬੜੇ, ਭੋਲੇ-ਭਾਲੇ ਲੋਕਾਂ ਨੂੰ ਵਰਗਲਾ ਕੇ ਸਬਜ਼-ਬਾਗ ਦਿਖਾਉਂਦੇ ਤੇ ਆਪਣੀਆਂ ਸਲਤਨਤਾਂ ਉਸਾਰਨ ਵਿਚ ਮਸ਼ਰੂਫ।*

# ਹਰਿ ਕੋ ਨਾਮੁ ਜਪਿ ਨਿਰਮਲ ਕਰਮੁ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਜਪੁ॥

ਜਪੁਜੀ ਵਿਚ ਸਿੱਖ ਧਰਮ ਦਾ ਦੂਸਰਾ ਮਹੱਤਵਪੂਰਨ ਸਿਧਾਂਤ ਪ੍ਰਭੂ ਦਾ ਨਾਮ ਜਪਣਾ ਅਤੇ ਪ੍ਰਭੂ ਦਾ ਸਿਮਰਨ ਕਰਨਾ ਦਸਿਆ ਹੈ। ਸ਼ਾਸਤਰਾਂ ਮੁਤਾਬਕ ਕਿਸੇ ਮੰਤਰ ਦੀ ਸਿੱਧੀ ਲਈ ਉਸ ਮੰਤਰ ਦਾ ਵਾਰ ਵਾਰ ਉਚਾਰਨ ਕਰਨਾ ਹੀ ਜਪ ਜਾ ਜਾਪ ਕਿਹਾ ਗਿਆ ਹੈ। ਜਾਪ ਨੂੰ ਮੋਨ ਪ੍ਰਾਰਥਨਾ ਵੀ ਕਿਹਾ ਗਿਆ ਹੈ। ਜਪ ਦੀਆਂ ਵੀ ਕਈ ਅਵਸਥਾਵਾਂ ਹਨ, ਜੋ ਬਾਣੀ 'ਤੇ ਆਧਾਰਿਤ ਹਨ। ਬਾਣੀ ਚਾਰ ਕਿਸਮ ਦੀ ਹੁੰਦੀ ਹੈ। ਪਹਿਲੀ ਬੈਖਰੀ, ਜੋ ਜੀਭ ਰਾਹੀਂ ਬੋਲੀ ਜਾਂਦੀ ਹੈ ਤੇ ਕੰਨਾਂ ਰਾਹੀਂ ਸੁਣੀ ਜਾਂਦੀ ਹੈ। ਦੂਸਰੀ ਬਾਣੀ ਮੱਧਮਾ, ਜੋ ਗਲੇ ਰਾਹੀਂ ਤੇ ਗਲੇ ਵਿਚ ਹੀ ਬੋਲੀ ਜਾਂਦੀ ਹੈ, ਜਿਸ ਨੂੰ ਉਹ ਵਿਅਕਤੀ ਸਿਰਫ ਆਪ ਹੀ ਸੁਣਦਾ ਹੈ। ਤੀਸਰੀ ਬਾਣੀ ਪਸੰਤੀ ਹੈ, ਜੋ ਹਿਰਦੇ ਵਿਚੋਂ ਉਪਜਦੀ ਹੈ ਤੇ ਉਸ ਨੂੰ ਸੁਰਤ ਦੇ ਕੰਨਾਂ ਰਾਹੀਂ ਸੁਣਿਆ ਜਾਂਦਾ ਹੈ। ਚੌਥੀ ਬਾਣੀ ਪਰਾ ਬਾਣੀ ਹੈ, ਜੋ ਨਾਭੀ ਤੋਂ ਉਠ ਕੇ ਮੱਥੇ ਤਕ ਪਹੁੰਚਦੀ ਹੈ, ਜਿਸ ਨੂੰ ਸੁਰਤ ਦੇ ਕੰਨਾਂ ਨਾਲ ਹੀ ਸੁਣਿਆ ਜਾਂਦਾ ਹੈ। ਜੈਸੀ ਜਿਸ ਦੀ ਪਹੁੰਚ ਹੁੰਦੀ ਹੈ, ਵੈਸੀ ਹੀ ਬਾਣੀ ਨੂੰ ਉਹ ਸੁਣ ਸਕਦਾ ਹੈ। ਇਹ ਅਭਿਆਸ ਹੀ ਨਾਮ ਦਾ ਅਭਿਆਸ ਕਰਨਾ ਹੈ। ਜੋ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਹੀ ਸੰਭਵ ਹੈ। ਜਪ ਉਸ ਦਾ ਸਾਧਨ ਹੈ। ਇਹ ਸੁਰਤ ਅਤੇ ਸ਼ਬਦ ਦੀ ਖੇਡ ਹੈ, ਜੋ ਗੁਰੂ ਦੀ ਕਿਰਪਾ ਨਾਲ ਹੀ ਸੰਭਵ ਹੁੰਦੀ ਹੈ।

ਇਹ ਸੰਸਾਰ ਮਾਇਆ ਤੋਂ ਪੈਦਾ ਹੋਇਆ ਅਤੇ ਮਾਇਆ ਦੇ ਹੀ ਅਧੀਨ ਹੈ, ਇਸ ਦੇ ਸੁਖ ਮਾਇਕ ਪਦਾਰਥਾਂ ਤੋਂ ਪੈਦਾ ਹੋਏ ਹਨ। ਇਹ ਮਾਇਆ ਅਤੇ ਇਸ ਦੀ ਪੈਦਾਵਾਰ ਸੰਸਾਰਕ ਸੁਖ ਹੀ ਦੇ ਸਕਦੇ ਹਨ, ਜੋ ਨਾਸ਼ਵਾਨ ਹਨ ਤੇ ਸਥਾਈ ਨਹੀਂ ਹਨ। ਆਤਮਾ ਨੂੰ ਪੂਰਨ ਅਤੇ ਅਵਿਨਾਸ਼ੀ ਸੁਖ ਤਾਂ ਪਰਮਾਤਮਾ ਨਾਲ ਇਕਮਿਕ ਹੋ ਕੇ ਮਿਲੇਗਾ। ਉਹ ਅਵਿਨਾਸ਼ੀ ਪ੍ਰਭੂ ਵਿਅਕਤੀ ਦੀ ਅੰਤਰ ਆਤਮਾ ਵਿਚ ਹੀ ਸਥਿਤ ਹੈ, ਜਿਸ ਦੀ ਪ੍ਰਾਪਤੀ ਉਸ ਪ੍ਰਭੂ ਦਾ ਨਾਮ ਜਪਣ ਨਾਲ ਹੀ ਹੋ ਸਕਦੀ ਹੈ। ਦੂਸਰਾ ਹੋਰ ਕੋਈ ਸਾਧਨ ਨਹੀਂ ਹੈ। ਸੋ, ਉਸ ਦੀ ਪ੍ਰਾਪਤੀ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਚਲ ਕੇ ਅਤੇ ਨਾਮ ਅਭਿਆਸ ਰਾਹੀਂ ਹੀ ਹੋ ਸਕਦੀ ਹੈ। ਇਸ ਉਦੇਸ਼ ਦੀ ਪੂਰਤੀ ਕਰਨਾ ਹੀ ਉਸ ਪ੍ਰਭੂ ਦੇ ਹੁਕਮ ਦੀ ਪਾਲਣਾ ਕਰਨਾ ਹੈ।

ਇਹ ਜਪੁ ਸ਼ਬਦ ਵੀ ਬਹੁਤ ਭਾਵਪੂਰਨ ਅਤੇ ਬਹੁਤ ਹੀ ਮਹੱਤਤਾ ਰੱਖਦਾ ਹੈ। ਜਿੱਥੇ ਇਹ ਬਾਣੀ ਦਾ ਨਾਮ ਹੈ, ਉਥੇ ਹੀ ਇਹ ਜੀਵਨ ਦੇ ਮਨੋਰਥ ਬਾਰੇ ਵੀ ਸੁਚੇਤ ਕਰਦਾ ਹੈ। ਗੁਰ ਪ੍ਰਸਾਦਿ ਹੀ ਨਾਮ ਜਪਣ ਵਿਚ ਸਹਾਇਕ ਹੁੰਦਾ ਹੈ। ਸੋ ਗੁਰੂ ਸਾਹਿਬ ਦੀ ਕਿਰਪਾ ਸਦਕਾ ਹੀ ਇਹ ਕਮਾਈ ਕੀਤੀ ਜਾ ਸਕਦੀ ਹੈ। ਗੁਰੂ ਕਿਰਪਾ ਸਦਕਾ ਨਾਮ ਜਪ ਕੇ ਹੀ ਉਸ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ, ਇਸ ਤੋਂ ਬਿਨਾ ਹੋਰ ਕੋਈ ਵੀ ਸਾਧਨ ਨਹੀਂ ਹੈ, ਜੋ ਇਸ ਕੰਮ ਵਿਚ ਸਹਾਇਕ ਹੋ ਸਕੇ।

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥
ਸਗਲ ਕ੍ਰਿਆ ਊਤਮ ਕਿਰਿਆ॥
ਸਾਧਸੰਗਿ ਦੁਰਮਤਿ ਮਲੁ ਹਿਰਿਆ॥
ਸਗਲ ਉਦਮ ਮਹਿ ਉਦਮੁ ਭਲਾ॥
ਹਰਿ ਕਾ ਨਾਮੁ ਜਪਹੁ ਜੀਅ ਸਦਾ॥
ਸਗਲ ਬਾਨੀ ਮਹਿ ਅੰਮ੍ਰਿਤ ਬਾਨੀ॥
ਹਰਿ ਕੋ ਜਸੁ ਸੁਨਿ ਰਸਨ ਬਖਾਨੀ॥
ਸਗਲ ਥਾਨ ਤੇ ਓਹ ਊਤਮ ਥਾਨੁ॥
ਨਾਨਕ ਜਿਹ ਘਟ ਵਸੈ ਹਰਿ ਨਾਮੁ॥8॥3॥

ਗੁਰੂ ਅਰਜਨ ਦੇਵ ਜੀ ਤੀਸਰੀ ਅਸ਼ਟਪਦੀ ਦੇ ਅਠਵੇਂ ਪਦ ਵਿਚ ਉਤਮ ਧਰਮ ਦੀ ਪਰਿਭਾਸ਼ਾ ਦਸਦਿਆਂ ਕਹਿੰਦੇ ਹਨ ਕਿ ਸਭ ਤੋਂ ਵਧੀਆ ਧਰਮ ਨਾਮ ਦੇ ਜਾਪ ਕਰਨਾ ਹੀ ਹੈ ਅਤੇ ਸਭ ਤੋਂ ਨਿਰਮਲ ਕਰਮ ਹਰੀ ਪਰਮੇਸ਼ਰ ਦੇ ਨਾਮ ਜਪਣਾ ਹੈ। ਸਭ ਤੋਂ ਨਿਰਮਲ ਕਿਰਿਆ ਵੀ ਸਾਧੂ ਪੁਰਸ਼ਾਂ ਦੀ ਸੰਗਤ ਕਰਕੇ ਨਾਮ ਦੀ ਕਮਾਈ ਨਾਲ ਮਨ ਉਪਰ ਲੱਗੀ ਕਈ ਜਨਮਾਂ ਦੇ ਕੀਤੇ ਹੋਏ ਕਰਮਾਂ ਦੀ ਜਾਂ ਬੁਰੀ ਮੱਤ ਅਤੇ ਹਉਮੈ ਦੀ ਮੈਲ ਨੂੰ ਧੋ ਲੈਣਾ ਹੈ। ਸਭ ਤੋਂ ਵਧੀਆ ਉਦਮ ਹਿਰਦੇ ਵਿਚ ਪਰਮਾਤਮਾ ਦਾ ਨਾਮ ਜਪਣਾ ਅਤੇ ਸਦਾ ਲਈ ਧਾਰਨ ਕਰਕੇ ਰੱਖਣਾ ਹੀ ਹੈ। ਸਭ ਤੋਂ ਉਤਮ ਬਾਣੀ ਪਰਮਾਤਮਾ ਦੇ ਜਪ ਰਾਹੀਂ ਉਸ ਦਾ ਜਸ ਗਾਉਣਾ ਹੀ ਹੈ। ਸਭ ਤੋਂ ਵਧੀਆ ਹਿਰਦਾ ਉਹ ਹੈ, ਜਿਸ ਵਿਚ ਪਰਮਾਤਮਾ ਦਾ ਨਾਮ ਪ੍ਰਗਟ ਹੋ ਗਿਆ ਹੈ। ਹੋਰ ਕਈ ਕਿਸਮ ਦੇ ਕਰਮ ਕਾਂਡ ਧਰਮ ਦੇ ਨਾਮ 'ਤੇ ਕੀਤੇ ਜਾਂਦੇ ਹਨ, ਜੋ ਇਸ ਕਾਰਜ ਵਿਚ ਸਹਾਇਕ ਨਹੀਂ ਹਨ, ਪਰ ਨਾਮ ਦੀ ਕਮਾਈ ਹੀ ਹਰ ਧਰਮ ਦੀ ਆਤਮਾ ਹੈ ਅਤੇ ਉਤਮ ਕਮਾਈ ਹੈ। ਇਹ ਨਾਮ ਵਿਅਕਤੀ ਦੀ ਅੰਤਰ ਆਤਮਾ ਵਿਚ ਹੀ ਸਥਿਤ ਹੈ।

ਜਿਹ ਪ੍ਰਸਾਦਿ ਤੂੰ ਪ੍ਰਗਟ ਸੰਸਾਰਿ॥
ਤਿਸੁ ਪ੍ਰਭ ਕਉ ਮੂਲਿ ਨ ਮਨਹੁ ਵਿਸਾਰਾ॥
ਜਿਹ ਪ੍ਰਸਾਦਿ ਤੇਰਾ ਪਰਤਾਪੁ॥
ਰੇ ਮਨ ਮੂੜ ਤੂ ਤਾ ਕਉ ਜਾਪੁ॥
ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ॥
ਤਿਸਹਿ ਜਾਨੁ ਮਨ ਸਦਾ ਹਜੂਰੇ॥
ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ॥
ਰੇ ਮਨ ਮੇਰੇ ਤੂੰ ਤਾ ਸਿਉ ਰਾਚਿ॥
ਜਿਹ ਪ੍ਰਸਾਦਿ ਸਭ ਕੀ ਗਤਿ ਹੋਇ॥
ਨਾਨਕ ਜਾਪੁ ਜਪੈ ਜਪੁ ਸੋਇ॥7॥

ਇਸ ਉਪਰੰਤ ਛੇਵੀਂ ਅਸ਼ਟਪਦੀ ਦੇ ਚੌਥੇ ਪਦ ਵਿਚ ਪ੍ਰਭੂ ਦੀ ਕਿਰਪਾ ਦੀ ਵਿਆਖਿਆ ਕਰਦਿਆਂ ਫੁਰਮਾਉਂਦੇ ਹਨ ਕਿ ਹੇ ਮੇਰੇ ਮਨ, ਜਿਸ ਪਰਮਾਤਮਾ ਦੀ ਕਿਰਪਾ ਕਰਕੇ ਤੂੰ ਇਸ ਸੰਸਾਰ ਵਿਚ ਜਨਮ ਲੈ ਕੇ ਆਇਆ ਹੈਂ, ਉਸ ਪ੍ਰਭੂ ਨੂੰ ਕਿਉਂ ਮਨ ਵਿਚੋਂ ਭੁਲਾਈ ਬੈਠਾ ਹੈਂ। ਉਸ ਪ੍ਰਭੂ ਦੀ ਕਿਰਪਾ ਸਦਕਾ ਸੰਸਾਰ ਵਿਚ ਤੇਰਾ ਮਾਣ-ਸਨਮਾਨ ਬਣਿਆ ਹੋਇਆ ਹੈ। ਇਸ ਲਈ ਹੇ ਮੇਰੇ ਮੂਰਖ ਮਨ, ਤੂੰ ਸਦਾ ਉਸ ਪ੍ਰਭੂ ਦਾ ਜਾਪ ਕਿਉਂ ਨਹੀਂ ਕਰਦਾ, ਜਿਸ ਦੀ ਕਿਰਪਾ ਨਾਲ ਤੇਰੇ ਸਾਰੇ ਕੰਮ ਸੰਪੂਰਨ ਹੁੰਦੇ ਹਨ! ਤੂੰ ਉਸ ਪਰਮਾਤਮਾ, ਜੋ ਹੀ ਸਦਾ ਹਾਜ਼ਰ ਹੈ ਅਤੇ ਸਦਾ ਹੀ ਸਭ ਦਾ ਖਿਆਲ ਕਰਨ ਵਾਲਾ ਹੈ, ਜਿਸ ਪ੍ਰਭੂ ਦੀ ਕਿਰਪਾ ਸਦਕਾ ਤੈਨੂੰ ਸੱਚ ਦੀ ਸਮਝ ਅਤੇ ਗਿਆਨ ਪ੍ਰਾਪਤ ਹੁੰਦਾ ਹੈ, ਹੇ ਮੇਰੇ ਮਨ ਤੂੰ ਸਦਾ ਉਸ ਪ੍ਰਭੂ ਦੀ ਯਾਦ ਵਿਚ ਹੀ ਮਗਨ ਰਹੁ। ਉਸ ਪ੍ਰਭੂ ਦੀ ਕਿਰਪਾ ਨਾਲ ਹੀ ਤੇਰਾ ਕਲਿਆਣ ਭਾਵ ਭਲਾ ਹੋਣਾ ਹੈ। ਤਾਂ ਤੂੰ ਉਸ ਪ੍ਰਭੂ ਦਾ ਨਾਮ ਜਪਦਿਆਂ ਉਸ ਦੇ ਨਾਮ ਵਿਚ ਸਦਾ ਲਈ ਲੀਨ ਕਿਉਂ ਨਹੀਂ ਹੁੰਦਾ। ਭਾਵ ਨਾਮ ਦਾ ਜਾਪ ਅਤੇ ਸਿਮਰਨ ਹੀ ਵਿਅਕਤੀ ਦੇ ਕਲਿਆਣ ਦਾ ਸਾਧਨ ਹੈ।

ਬੀਜ ਮੰਤ੍ਰ ਸਰਬ ਕੋ ਗਿਆਨੁ॥
ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸੁ ਕੀ ਗਤਿ ਹੋਇ॥
ਸਾਧਸੰਗਿ ਪਾਵੈ ਜਨੁ ਕੋਇ॥
ਕਰਿ ਕਿਰਪਾ ਅੰਤਰਿ ਉਰ ਧਾਰੈ॥
ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥
ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ॥5॥

ਹੁਣ ਨੌਂਵੀਂ ਅਸ਼ਟਪਦੀ ਦੇ ਪੰਜਵੇਂ ਪਦ ਵਿਚ ਉਪਦੇਸ਼ ਕਰਦੇ ਹਨ ਕਿ ਨਾਮ ਰੂਪੀ ਬੀਜ ਮੰਤਰ ਹੀ ਗਿਆਨ ਦਾ ਬੀਜ ਹੈ। ਇਹ ਨਾਮ ਰੂਪੀ ਬੀਜ ਮੰਤਰ ਹੀ ਸੱਚੇ ਗਿਆਨ ਦਾ ਸਾਧਨ ਹੈ। ਇਸ ਲਈ ਚਾਰ ਵਰਨਾਂ ਵਿਚ ਵੰਡੇ ਹੋਏ ਸਮਾਜ ਵਿਚੋਂ ਜੋ ਵੀ ਵਿਅਕਤੀ ਨਾਮ ਦਾ ਜਾਪ ਕਰਦਾ ਹੈ, ਉਹ ਬਿਨਾ ਕਿਸੇ ਵਿਤਕਰੇ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਪ੍ਰਭੂ ਦੇ ਦਰ 'ਤੇ ਕਿਸੇ ਨਾਲ ਵੀ ਕੋਈ ਭਿੰਨ ਭੇਦ ਨਹੀਂ ਕੀਤਾ ਜਾਂਦਾ। ਉਥੇ ਸਾਰੇ ਹੀ ਬਰਾਬਰ ਹਨ। ਇਸ ਲਈ ਜੋ ਵੀ ਵਿਅਕਤੀ ਪ੍ਰਭੂ ਦਾ ਨਾਮ ਜਪਦਾ ਹੈ, ਬਿਨਾ ਕਿਸੇ ਵਿਤਕਰੇ ਦੇ ਸਭ ਦਾ ਹੀ ਕਲਿਆਣ ਹੋ ਜਾਂਦਾ ਹੈ। ਇਹ ਨਾਮ ਰੂਪੀ ਸਾਧਨ ਦੀ ਪ੍ਰਾਪਤੀ ਸਾਧ ਸੰਗਤ ਵਿਚੋਂ ਹੀ ਹੁੰਦੀ ਹੈ। ਜੋ ਵੀ ਵਿਅਕਤੀ ਪਰਮਾਤਮਾ ਦੀ ਕਿਰਪਾ ਨਾਲ ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ, ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਇਹ ਨਾਮ ਦੀ ਹੀ ਸਮਰੱਥਾ ਹੈ ਕਿ ਪਸ਼ੂ ਵਿਰਤੀ, ਪਾਪੀ, ਮੂਰਖ ਅਤੇ ਪੱਥਰ ਜਿਹੀ ਕਠੋਰ ਵਿਰਤੀ ਵਾਲੇ ਵਿਅਕਤੀਆਂ ਦਾ ਵੀ ਕਲਿਆਣ ਕਰ ਸਕੇ। ਇਹ ਨਾਮ ਹੀ ਹਰ ਕਿਸਮ ਦੇ ਰੋਗਾਂ ਭਾਵ ਸਰੀਰਕ, ਮਾਨਸਿਕ ਤੇ ਅਧਿਆਤਮਕ ਰੋਗਾਂ ਨੂੰ ਦੂਰ ਕਰਨ ਵਾਲਾ ਹੈ ਅਤੇ ਨਾਮ ਦਾ ਜਾਪ ਹੀ ਜੀਵ ਦਾ ਕਲਿਆਣ ਤੇ ਪਰਮ ਸੁਖ ਦਾ ਸਾਧਨ ਹੈ। ਐਸੀਆਂ ਬਖਸ਼ਿਸ਼ਾਂ ਦਾ ਖਜਾਨਾ ਅਤੇ ਧਰਮ ਦਾ ਅਸਲੀ ਸਰੂਪ ਕਿਸੇ ਮਨ ਮਰਜ਼ੀ ਦੀ ਜੁਗਤੀ ਜਾਂ ਕਿਰਿਆ ਨਾਲ ਨਹੀਂ ਮਿਲਦਾ, ਸਗੋਂ ਜਿਸ ਉਪਰ ਪਰਮਾਤਮਾ ਦੀ ਕਿਰਪਾ ਅਤੇ ਸ਼ੁਭ ਕਰਮਾਂ ਨਾਲ ਉਸ ਨੂੰ ਹੀ ਮਿਲਦਾ ਹੈ, ਜਿਸ ਦੇ ਲੇਖਾਂ ਵਿਚ ਧੁਰੋਂ ਹੀ ਲਿਖਿਆ ਹੁੰਦਾ ਹੈ।

ਮਿਰਤਕ ਕਉ ਜੀਵਾਲਨਹਾਰ॥
ਭੂਖੇ ਕਉ ਦੇਵਤ ਅਧਾਰ॥
ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ॥
ਪੁਰਬ ਲਿਖੇ ਕਾ ਲਹਿਣਾ ਪਾਹਿ॥
ਸਭੁ ਕਿਛੁ ਤਿਸੁ ਕਾ ਓਹ ਕਰਨੈ ਜੋਗੁ॥
ਤਿਸੁ ਬਿਨੁ ਦੂਸਰ ਹੋਆ ਨ ਹੋਗੁ॥
ਜਪਿ ਜਨ ਸਦਾ ਸਦਾ ਦਿਨੁ ਰੈਣੀ॥
ਸਭ ਤੇ ਊਚ ਨਿਰਮਲ ਇਹ ਕਰਣੀ॥
ਕਰਿ ਕਿਰਪਾ ਜਿਸ ਕਉ ਨਾਮੁ ਦੀਆ॥
ਨਾਨਕ ਸੋ ਜਨੁ ਨਿਰਮਲ ਥੀਆ॥7॥

ਪੰਦਰਵੀਂ ਅਸ਼ਟਪਦੀ ਦੇ ਸਤਵੇਂ ਪਦ ਵਿਚ ਕਹਿੰਦੇ ਹਨ ਕਿ ਉਹ ਅਕਾਲਪੁਰਖ ਹੀ ਆਤਮਿਕ ਤੌਰ 'ਤੇ ਮੁਰਦਾ ਵਿਅਕਤੀਆਂ ਨੂੰ ਅਪਣੇ ਨਾਮ ਨਾਲ ਜੋੜ ਕੇ ਜਿਉਂਦਾ ਕਰਨ ਦੀ ਸਮਰੱਥਾ ਵਾਲਾ ਹੈ ਅਤੇ ਸਾਰੀਆਂ ਸੰਸਾਰਕ ਭੁੱਖਾਂ ਅਤੇ ਇਛਾਵਾਂ ਨੂੰ ਨਾਮ ਰੂਪੀ ਅੰਮ੍ਰਿਤ ਦੀ ਦਾਤ ਨਾਲ ਤ੍ਰਿਪਤ ਕਰਨ ਦੇ ਸਮਰੱਥ ਹੈ। ਉਸ ਦੀ ਦ੍ਰਿਸ਼ਟੀ ਮਾਤਰ ਵਿਚ ਹੀ ਸਾਰੇ ਭੰਡਾਰ ਸਥਿਤ ਹਨ, ਪਰ ਪ੍ਰਭੂ ਦੇ ਹੁਕਮ ਅਨੁਸਾਰ ਸਾਰਿਆਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਹੀ ਪ੍ਰਾਪਤ ਹੁੰਦਾ ਹੈ। ਪ੍ਰਭੂ ਹੀ ਆਪਣੀ ਕਿਰਪਾ ਸਦਕਾ ਲੋਕ-ਪਰਲੋਕ ਦੀਆਂ ਸਾਰੀਆਂ ਦਾਤਾਂ ਦੇਣ ਦੇ ਸਮਰੱਥ ਹੈ। ਉਸ ਤੋਂ ਬਿਨਾ ਹੋਰ ਕੋਈ ਕਰਤਾ ਅਤੇ ਦਾਤਾ ਨਹੀਂ ਹੈ ਤੇ ਨਾ ਹੀ ਕੋਈ ਹੋਰ ਹੋ ਸਕਦਾ ਹੈ। ਇਸ ਲਈ ਜੀਵ ਨੂੰ ਦਿਨ ਰਾਤ ਨਾਮ ਦਾ ਜਾਪ ਅਤੇ ਸਿਮਰਨ ਕਰਨਾ ਚਾਹੀਦਾ ਹੈ। ਇਹੋ ਹੀ ਜੀਵ ਲਈ ਸਭ ਤੋਂ ਉਚੀ ਅਤੇ ਨਿਰਮਲ ਕਰਨੀ ਹੈ। ਇਹੋ ਹੀ ਸਹੀ ਜੀਵਨ ਜਾਚ ਹੈ। ਜਿਸ ਵਿਅਕਤੀ ਨੂੰ ਪਰਮਾਤਮਾ ਆਪਣੀ ਦਇਆ ਮਿਹਰ ਸਦਕਾ ਇਹ ਨਾਮ ਸਿਮਰਨ ਅਤੇ ਜਪੁ ਦੀ ਦਾਤ ਬਖਸ਼ ਦਿੰਦਾ ਹੈ, ਉਸ ਦਾ ਹਿਰਦਾ ਵਿਸ਼ੇ-ਵਿਕਾਰਾਂ, ਆਸ਼ਾ-ਤ੍ਰਿਸ਼ਨਾਵਾਂ ਅਤੇ ਕਰਮ ਸੰਸਕਾਰਾਂ ਦੀਆਂ ਸਾਰੀਆਂ ਮੈਲਾਂ ਤੋਂ ਪਵਿੱਤਰ ਹੋ ਜਾਂਦਾ ਹੈ।

ਸਾਜਨ ਸੰਤ ਕਰਹੁ ਇਹੁ ਕਾਮੁ॥
ਆਨ ਤਿਆਗਿ ਜਪਹੁ ਹਰਿ ਨਾਮੁ॥
ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ॥
ਆਪਿ ਜਪਹੁ ਆਵਰਹ ਨਾਮੁ ਜਪਾਵਹੁ॥
ਭਗਤਿ ਭਾਇ ਤਰੀਐ ਸੰਸਾਰੁ॥
ਬਿਨੁ ਭਗਤੀ ਤਨੁ ਹੋਸੀ ਛਾਰੁ॥
ਸਰਬ ਕਲਿਆਣ ਸੂਖ ਨਿਧਿ ਨਾਮੁ॥
ਬੂਡਤ ਜਾਤ ਪਾਏ ਬਿਸ੍ਰਾਮੁ॥
ਸਗਲ ਦੂਖ ਕਾ ਹੋਵਤ ਨਾਸੁ॥
ਨਾਨਕ ਨਾਮੁ ਜਪਹੁ ਗੁਨਤਾਸੁ॥5॥

ਅੱਗੇ ਗੁਰੂ ਜੀ ਵੀਹਵੀਂ ਅਸ਼ਟਪਦੀ ਦੇ ਪੰਜਵੇਂ ਪਦ ਵਿਚ ਉਪਦੇਸ਼ ਕਰਦੇ ਹਨ ਕਿ ਹੇ ਸੱਜਣੋ, ਹੇ ਸੰਤ ਜਨੋ ਤੁਸੀਂ ਬਾਕੀ ਸਭ ਸਾਧਨਾਂ ਨੂੰ ਛੱਡ ਕੇ ਸਿਰਫ ਪਰਮਾਤਮਾ ਦੇ ਨਾਮ ਨੂੰ ਜਪਣ ਦਾ ਕਾਰਜ ਹੀ ਕਰੋ। ਤੁਸੀਂ ਸਦਾ ਹੀ ਸਰੀਰ, ਮਨ ਅਤੇ ਆਤਮਾ ਕਰਕੇ ਨਾਮ ਦਾ ਸਿਮਰਨ ਕਰਦੇ ਰਿਹਾ ਕਰੋ, ਕਿਉਂਕਿ ਇਹ ਹੀ ਸਾਰੇ ਸੁਖਾਂ ਨੂੰ ਦੇਣ ਵਾਲਾ ਹੈ। ਸੋ ਜਿਥੇ ਤੁਸੀਂ ਆਪ ਪ੍ਰਭੂ ਦਾ ਨਾਮ ਜਪਣਾ ਹੈ, ਉਥੇ ਹੀ ਦੂਸਰਿਆਂ ਨੂੰ ਵੀ ਨਾਮ ਜਪਣ ਦੀ ਪ੍ਰੇਰਣਾ ਕਰੋ ਅਤੇ ਉਨ੍ਹਾਂ ਦੀ ਇਸ ਕਾਰਜ ਵਿਚ ਬਣਦੀ ਮਦਦ ਵੀ ਕਰੋ। ਆਪਣੇ ਮਨ ਵਿਚ ਇਹ ਦ੍ਰਿੜ ਕਰ ਲਵੋ ਕਿ ਪ੍ਰਭੂ ਦੇ ਨਾਮ ਦੇ ਜਾਪ ਤੇ ਸਿਮਰਨ ਹੀ ਉਸ ਪ੍ਰਭੂ ਦੀ ਭਗਤੀ ਦਾ ਮੁੱਖ ਸਾਧਨ ਹੈ ਅਤੇ ਪ੍ਰਭੂ ਦੀ ਭਗਤੀ ਹੀ ਉਹ ਸਾਧਨ ਹੈ, ਜੋ ਇਸ ਸੰਸਾਰ ਸਾਗਰ ਤੋਂ ਪਾਰ ਉਤਾਰਾ ਕਰਨ ਦੀ ਸਮਰੱਥਾ ਰੱਖਦਾ ਹੈ। ਪ੍ਰਭੂ ਦੀ ਭਗਤੀ ਤੋਂ ਬਿਨਾ ਇਹ ਤਨ ਤੇ ਇਹ ਜੀਵਨ ਵਿਅਰਥ ਹੀ ਬੀਤ ਜਾਵੇਗਾ ਅਤੇ ਇਹ ਤਨ ਸਿਰਫ ਸਵਾਹ ਦੀ ਇਕ ਢੇਰੀ ਬਣ ਕੇ ਹੀ ਖਤਮ ਹੋ ਜਾਵੇਗਾ। ਪ੍ਰਭੂ ਦਾ ਨਾਮ ਹੀ ਪ੍ਰਾਣੀ ਲਈ ਸਾਰੇ ਸੁਖਾਂ ਅਤੇ ਰਹਿਮਤਾਂ ਦਾ ਭੰਡਾਰ ਹੈ। ਸੰਸਾਰ ਸਾਗਰ ਦੀਆਂ ਮੋਹ ਮਮਤਾ ਦੀਆਂ ਲਹਿਰਾਂ ਵਿਚ ਡੁਬਦੇ ਜਾ ਰਹੇ ਵਿਅਕਤੀ ਨੂੰ ਨਾਮ ਜਪਣ ਦਾ ਹੀ ਸਹਾਰਾ ਹੈ ਅਤੇ ਨਾਮ ਜਪਣ ਨਾਲ ਹੀ ਅਡੋਲ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ਤੇ ਸਾਰੇ ਦੁਖਾਂ-ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਨਾਮ ਦਾ ਜਾਪ ਅਭਿਆਸ ਹੀ ਸਾਰੇ ਗੁਣਾਂ ਦਾ ਭੰਡਾਰ ਅਤੇ ਖਜ਼ਾਨਾ ਹੈ, ਭਾਵ ਨਾਮ ਹੀ ਸਭ ਸੁਖਾਂ ਅਤੇ ਕਲਿਆਣ ਦਾ ਸਾਧਨ ਹੈ। ਇਸ ਲਈ ਜਿਥੇ ਵਿਅਕਤੀ ਨੂੰ ਆਪ ਨਾਮ ਦਾ ਜਾਪ ਕਰਨਾ ਚਾਹੀਦਾ ਹੈ, ਉਥੇ ਹੀ ਦੂਸਰਿਆਂ ਨੂੰ ਵੀ ਇਸ ਦੀ ਪ੍ਰੇਰਣਾ ਕਰਨੀ ਚਾਹੀਦੀ ਹੈ।

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥1॥

ਹੁਣ ਸਾਰ ਰੂਪ ਵਿਚ ਇੱਕੀਵੀਂ ਅਸ਼ਟਪਦੀ ਦੇ ਸਲੋਕ ਰਾਹੀਂ ਉਪਦੇਸ਼ ਕਰਦੇ ਹਨ। ਇਸ ਸਲੋਕ ਵਿਚ ਗੁਰੂ ਅਰਜਨ ਦੇਵ ਜੀ ਸਮਝਾਉਂਦੇ ਹਨ ਕਿ ਪਰਮਾਤਮਾ ਆਪ ਹੀ ਨਿਰਗੁਣ ਤੇ ਸਰਗੁਣ ਅਵਸਥਾ ਵਿਚ ਵਿਆਪਕ ਹੈ ਅਤੇ ਆਪਸੀ ਅਫੁਰ ਸਮਾਧੀ ਦੀ ਅਵਸਥਾ ਵਿਚ ਸਥਿਤ ਹੈ। ਜਿਵੇਂ ਉਸ ਦੀ ਰਜ਼ਾ ਭਾਵ ਮਰਜ਼ੀ ਹੁੰਦੀ ਹੈ, ਉਵੇਂ ਦਾ ਹੀ ਰੂਪ ਧਾਰਨ ਕਰ ਲੈਂਦਾ ਹੈ। ਪਰਮਾਤਮਾ ਆਪ ਹੀ ਇਸ ਬ੍ਰਹਿਮੰਡ ਦਾ ਕਰਤਾ ਹੈ ਤੇ ਆਪ ਹੀ ਇਸ ਵਿਚ ਵਿਆਪਕ ਹੈ। ਹਰ ਇਕ ਜੜ੍ਹ ਅਤੇ ਚੇਤਨ ਵਿਚ ਉਹ ਪ੍ਰਭੂ ਆਪ ਹੀ ਵਿਆਪਕ ਹੈ ਤੇ ਜੀਵ ਰੂਪ ਹੋ ਕੇ ਆਪ ਹੀ ਆਪਣਾ ਜਾਪ ਕਰ ਰਿਹਾ ਹੈ। ਇਹ ਹੀ ਉਸ ਦੀ ਵਡਿਆਈ ਹੈ।

ਜਾਪ ਮਰੇ ਅਜਪਾ ਮਰੇ ਅਨਹਦ ਭੀ ਮਰ ਜਾਇ॥
ਸੁਰਤ ਸਮਾਨੀ ਸਬਦ ਮੇ ਤਾਕੋ ਕਾਲ ਨ ਖਾਇ॥

ਕਬੀਰ ਜੀ ਕਹਿੰਦੇ ਹਨ ਕਿ ਜਾਪ ਅਤੇ ਅਜਪਾਜਾਪ ਵੀ ਕਾਲ ਭਾਵ ਮੌਤ ਦੇ ਅਧੀਨ ਹੈ। ਜਦੋਂ ਤਕ ਸੁਰਤ ਸ਼ਬਦ ਵਿਚ ਲੀਨ ਨਹੀਂ ਹੁੰਦੀ, ਇਹ ਪੰਧ ਮੁਕੰਮਲ ਨਹੀਂ ਹੁੰਦਾ। ਇਹ ਹੀ ਗੁਰਬਾਣੀ ਦਾ ਅੰਤਿਮ ਨਿਸ਼ਾਨਾ ਹੈ। ਸੁਰਤ ਅਤੇ ਸ਼ਬਦ ਦਾ ਮੇਲ ਹੀ ਗੁਰੂ ਸਾਹਿਬਾਨ ਦਾ ਅੰਤਿਮ ਪੜਾਅ ਹੈ, ਜਿਸ ਲਈ ਨਾਮ ਦਾ ਜਾਪ ਤੇ ਸਿਮਰਨ ਅਭਿਆਸ ਕਰਨਾ ਹੈ। ਇਸ ਅਭਿਆਸ ਨਾਲ ਸੁਰਤ ਨੂੰ ਸ਼ਬਦ ਵਿਚ ਲੀਨ ਕਰ ਦੇਣਾ ਹੈ। ਇਹ ਖੇਡ ਬਹੁਤ ਮੁਸ਼ਕਿਲ ਹੈ ਅਤੇ ਗੁਰੂ ਕਿਰਪਾ ਤੋਂ ਬਿਨਾ ਨਹੀਂ ਖੇਡੀ ਜਾ ਸਕਦੀ। ਗੁਰੂ ਕਿਰਪਾ ਕਰੇ ਇਹ ਕਾਰਜ ਸੰਭਵ ਹੋ ਸਕੇ।

###

## ਸੰਜਮ ਦੀ ਸਰਗਮ

(ਪਿਛਲੇ ਸਫੇ ਦੀ ਬਾਕੀ)

ਦੀਆ॥ ਨਾਨਕ ਤਉ ਫਿਰਿ ਦੂਖ ਨਾ ਥੀਆ॥" ਨੂੰ ਆਪਣੀ ਸੁਰਤ ਦਾ ਹਿਸਾ ਬਣਾਉਣਾ, ਸੰਜਮ ਵਿਚੋਂ ਸਰੂਰ ਰੂਪੀ ਅਕਹਿ ਅਨੰਦ ਨੂੰ ਮਾਣਿਆ ਜਾ ਸਕਦਾ। ਗੁਰ-ਸ਼ਬਦ "ਸਭਿ ਸੰਜਮ ਰਹੇ ਸਿਆਣਪਾ" ਵੀ ਬਹੁਤ ਕੁਝ ਸਮਾਈ ਬੈਠਾ ਹੈ।

ਸੰਜਮ, ਕਿਸੇ ਨੂੰ ਟੋਕਣ, ਲੜਨ, ਝਗੜਨ, ਜੁਲਮ ਸਹਿਣ ਜਾਂ ਕਿਸੇ ਦੀ ਬੇ-ਮਤਲਬੀ ਗੱਲ ਸੁਣਨ ਜਾਂ ਚੁੱਪ ਰਹਿਣ ਵਿਚ ਇਕ ਹੱਦ ਤੀਕ ਸਹੀ, ਪਰ ਇਸ ਤੋਂ ਬਾਅਦ ਸੰਜਮ ਇਕ ਕਸੂਰ, ਕਮਜ਼ੋਰੀ, ਕਮੀ ਜਾਂ ਕਾਇਰਤਾ ਵੀ ਬਣ ਜਾਂਦਾ।

ਸੰਜਮ ਵਿਚੋਂ ਹੀ ਸਬਰ, ਸ਼ਾਂਤੀ, ਸੁੱਖ ਤੇ ਸਵਰਗ ਉਪਜਦਾ। ਇਹ ਕਿਸਮਤ-ਦੁਆਰ ਦੇ ਮੁੱਖ ਤੇ ਲਰਜ਼ਦਾ ਨੂਰ ਵੀ ਹੁੰਦਾ।

ਬੰਦਿਆ! ਸੰਜਮ ਵਿਚ ਰਹਿ ਤੇ ਜੀਵਨ ਨੂੰ ਅਨੰਦਤ ਕਰ, ਕਿਉਂਕਿ ਉਚੇ ਮਹਿਲ, ਵੱਡੇ ਰੁਤਬੇ ਅਤੇ ਸਲਤਨਤਾਂ ਨੂੰ ਫਨਾਹ ਹੁੰਦਿਆਂ ਦੇਰ ਨਹੀਂ ਲੱਗਦੀ। ਸਦਾ ਚਿਰੰਜੀਵ ਰਹਿੰਦੀਆਂ ਮਨੁੱਖ ਦੀ ਮਾਣ ਭਰੀਆਂ ਨਿਆਮਤੀ ਆਦਤਾਂ ਅਤੇ ਸੁਭਾਅ।

ਸੰਜਮ ਗੂੜ੍ਹ ਗਿਆਨ, ਪਰਮ ਧਿਆਨ, ਸਮੁੰਦਰੀ ਵਿਖਿਆਨ ਅਤੇ ਬਿਰਤੀ ਦਾ ਚਮਕਦਾ ਅਸਮਾਨ, ਜੋ ਬਣਦਾ ਏ ਮਨੁੱਖ ਦੀ ਸੁੰਦਰ ਪਛਾਣ। ਕਦੇ ਇਸ ਪਛਾਣ ਨੂੰ ਆਪਣੀ ਪਹਿਲ ਬਣਾਉਣਾ। ਤੁਹਾਡੇ ਜੀਵਨ-ਰਾਹਾਂ ਵਿਚ 'ਕੇਰੇ ਹੋਏ ਤਾਰਿਆਂ ਦੀ ਫਸਲ ਵਿਚੋਂ ਰੋਸ਼ਨੀਆਂ ਦੇ ਬੋਹਲ ਲੱਗਣਗੇ, ਜਿਨ੍ਹਾਂ ਦੇ ਮਾਲਕ ਖੁਦ ਤੁਸੀਂ ਹੀ ਹੋਣਾ ਏ। ਫਿਰ ਮਾਲਕ ਬਣਨ ਤੋਂ ਇਨਕਾਰੀ ਕਿਉਂ ਹੋਣਾ?

## ਕੋਟਿ ਜਨਮ ਕੇ ਬਿਨਸੇ ਪਾਪ

### ਗੁਰਬਾਣੀ ਗਿਆਨ

**ੴ ਸਤਿਗੁਰ ਪਰਸਾਦਿ॥**
**ਰਾਮਕਲੀ ਮਹਲਾ ੫॥**
ਕੋਟਿ ਜਨਮ ਕੇ ਬਿਨਸੇ ਪਾਪ॥
ਹਰਿ ਹਰਿ ਜਪਤ ਨਾਹੀ ਸੰਤਾਪ॥
ਗੁਰ ਕੇ ਚਰਨ ਕਮਲ ਮਨਿ ਵਸੇ॥
ਮਹਾ ਬਿਕਾਰ ਤਨ ਤੇ ਸਭਿ ਨਸੇ॥
ਗੋਪਾਲ ਕੋ ਜਸੁ ਗਾਉ ਪ੍ਰਾਣੀ॥
ਅਕਥ ਕਥਾ ਸਾਚੀ ਪ੍ਰਭ ਪੂਰਨ
ਜੋਤੀ ਜੋਤਿ ਸਮਾਣੀ॥ ਰਹਾਉ॥
ਤ੍ਰਿਸਨਾ ਭੂਖ ਸਭ ਨਾਸੀ॥
ਸੰਤ ਪ੍ਰਸਾਦਿ ਜਪਿਆ ਅਬਿਨਾਸੀ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ॥
ਹਰਿ ਮਿਲਣੈ ਕੀ ਏਹ ਨੀਸਾਨੀ॥
ਮਿਟੇ ਜੰਜਾਲ ਹੋਏ ਪ੍ਰਭ ਦਇਆਲ॥
ਗੁਰ ਕਾ ਦਰਸਨੁ ਦੇਖਿ ਨਿਹਾਲ॥
ਪਰਾ ਪੂਰਬਲਾ ਕਰਮੁ ਬਣਿ ਆਇਆ॥
ਹਰਿ ਕੇ ਗੁਣ ਨਿਤ ਰਸਨਾ ਗਾਇਆ॥
ਹਰਿ ਕੇ ਸੰਤ ਸਦਾ ਪਰਵਾਣੁ॥
ਸੰਤ ਜਨਾ ਮਸਤਕਿ ਨੀਸਾਣੁ॥
ਦਾਸ ਕੀ ਰੇਣ ਪਾਏ ਜੇ ਕੋਇ॥
ਨਾਨਕ ਤਿਸ ਕੀ ਪਰਮ ਗਤਿ ਹੋਇ॥

ਗੁਰੂ ਅਰਜਨ ਦੇਵ ਜੀ ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਉਪਦੇਸ਼ ਕਰਦੇ ਹਨ, ਹੇ ਪ੍ਰਾਣੀ! ਹੇ ਜੀਵ! ਉਸ ਸ੍ਰਿਸ਼ਟੀ ਦੇ ਪਾਲਣਹਾਰ ਮਿਹਰਬਾਨ ਪ੍ਰਭੂ ਜੀ ਦੀ ਸਿਫਤ ਸਾਲਾਹ ਦੇ ਗੀਤ ਗਾਇਆ ਕਰ; ਭਾਈ! ਜਿਹੜਾ ਮਨੁੱਖ ਉਸ ਸਰਬ ਵਿਆਪਕ ਪ੍ਰਭ ਦੀ ਅਟੱਲ ਅਤੇ ਅਮੁੱਕ ਸਿਫਤ ਸਾਲਾਹ ਕਰਦਾ ਰਹਿਦਾ ਹੈ, ਉਸ ਦੀ ਜਿੰਦ ਪਰਮਾਤਮਾ ਦੀ ਜੋਤਿ ਵਿਚ ਲੀਨ ਰਹਿੰਦੀ ਹੈ।

ਕੋਟਿ ਜਨਮ ਕੇ ਬਿਨਸੇ ਪਾਪ॥
ਹਰਿ ਹਰਿ ਜਪਤ ਨਾਹੀ ਸੰਤਾਪ॥
ਗੁਰ ਕੇ ਚਰਨ ਕਮਲ ਮਨਿ ਵਸੇ॥
ਮਹਾ ਬਿਕਾਰ ਤਨ ਤੇ ਸਭਿ ਨਸੇ॥

ਗੁਰੂਦੇਵ ਜੀ ਇਨ੍ਹਾਂ ਪੰਕਤੀਆਂ ਵਿਚ ਆਖਦੇ ਨੇ, ਹੇ ਭਾਈ! ਉਸ ਮਿਹਰਬਾਨ ਪ੍ਰਭੂ ਦਾ ਨਾਮ ਜਪਦਿਆਂ ਕੋਈ ਵੀ ਦੁੱਖ ਕਲੇਸ਼ ਪੋਹ ਨਹੀਂ ਸਕਦੇ ਅਤੇ ਪਿਛਲੇ ਕਰੋੜਾਂ ਜਨਮਾਂ ਦੇ ਕੀਤੇ ਹੋਏ ਪਾਪ ਵੀ ਨਾਸ ਹੋ ਜਾਂਦੇ ਹਨ; ਹੇ ਪ੍ਰਾਣੀ ਜਿਸ ਮਨੁੱਖ ਦੇ ਮਨ ਵਿਚ ਗੁਰੂ ਦੇ ਸੋਹਣੇ ਚਰਨ ਕਮਲ ਆ ਵਸਦੇ ਹਨ, ਉਸ ਦੇ ਸਰੀਰ ਤੋਂ ਵੱਡੇ ਵੱਡੇ ਸਾਰੇ ਵਿਕਾਰ ਵੀ ਨੱਸ ਜਾਂਦੇ ਹਨ।

ਤ੍ਰਿਸਨਾ ਭੂਖ ਸਭ ਨਾਸੀ॥
ਸੰਤ ਪਰਸਾਦਿ ਜਪਿਆ ਅਬਿਨਾਸੀ॥
ਰੈਨਿ ਦਿਨਸੁ ਪ੍ਰਭ ਸੇਵ ਕਮਾਨੀ॥
ਹਰਿ ਮਿਲਣੈ ਕੀ ਏਹ ਨੀਸਾਨੀ॥

ਗੁਰੂਦੇਵ ਜੀ ਆਖਦੇ ਨੇ, ਹੇ ਭਾਈ! ਗੁਰੂ ਸੰਤ ਦੀ ਕਿਰਪਾ ਨਾਲ ਜਿਸ ਵੀ ਮਨੁੱਖ ਨੇ ਉਸ ਨਾਸ ਰਹਿਤ ਪ੍ਰਭੂ ਦਾ ਨਾਮ ਜਪਿਆ, ਉਸ ਦੇ ਅੰਦਰੋਂ ਤ੍ਰਿਸ਼ਨਾ ਰੂਪੀ ਮਾਇਆ ਦੀ ਸਾਰੀ ਭੁੱਖ ਨਾਸ ਹੋ ਜਾਂਦੀ ਹੈ; ਹੇ ਭਾਈ! ਪ੍ਰਭੂ ਦੇ ਮਿਲਾਪ ਦਾ ਸਭ ਤੋਂ ਵੱਡਾ ਲੱਛਣ ਇਹ ਹੈ ਕਿ ਉਹ ਮਨੁੱਖ ਦਿਨ ਰਾਤ ਭਾਵ ਹਰ ਵੇਲੇ ਹੀ ਪ੍ਰਭੂ ਭਗਤੀ ਵਿਚ ਲੀਨ ਰਹਿੰਦਾ ਹੈ।

ਮਿਟੇ ਜੰਜਾਲ ਹੋਏ ਪ੍ਰਭ ਦਇਆਲ॥
ਗੁਰ ਕਾ ਦਰਸਨੁ ਦੇਖਿ ਨਿਹਾਲ॥
ਪਰਾ ਪੂਰਬਲਾ ਕਰਮੁ ਬਣਿ ਆਇਆ॥
ਹਰਿ ਕੇ ਗੁਣ ਨਿਤ ਰਸਨਾ ਗਾਇਆ॥

ਸਤਿਗੁਰੂ ਜੀ ਇਨ੍ਹਾਂ ਪੰਕਤੀਆਂ ਵਿਚ ਮਿਹਰ ਕਰਦੇ ਕਹਿੰਦੇ ਨੇ, ਹੇ ਭਾਈ! ਜਿਨ੍ਹਾਂ ਉਤੇ ਪ੍ਰਭੂ ਜੀ ਦਇਆਵਾਨ ਹੁੰਦੇ ਹਨ, ਉਨ੍ਹਾਂ ਦੇ ਮਾਇਆ ਦੇ ਮੋਹ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ ਅਤੇ ਗੁਰੂ ਦਾ ਦਰਸ਼ਨ ਕਰਕੇ ਉਹ ਸਦਾ ਹੀ ਨਿਹਾਲ ਪ੍ਰਸੰਨਤਾ ਵਿਚ ਰਹਿੰਦੇ ਹਨ; ਉਨ੍ਹਾਂ ਦੇ ਪਿਛਲੇ ਜਨਮਾਂ ਦੇ ਕੀਤੇ ਚੰਗੇ ਕੰਮਾਂ ਦੇ ਸੰਸਕਾਰ ਜਾਗ ਪੈਂਦੇ ਹਨ, ਉਹ ਆਪਣੀ ਜੀਭਾ ਨਾਲ ਸਦਾ ਪ੍ਰਭੂ ਦੇ ਗੁਣ ਗਾਉਂਦੇ ਹਨ।

ਹਰਿ ਕੇ ਸੰਤ ਸਦਾ ਪਰਵਾਣੁ॥
ਸੰਤ ਜਨਾ ਮਸਤਕਿ ਨੀਸਾਣੁ॥
ਦਾਸ ਕੀ ਰੇਣ ਪਾਏ ਜੇ ਕੋਇ॥
ਨਾਨਕ ਤਿਸ ਕੀ ਪਰਮ ਗਤਿ ਹੋਇ॥

ਹੇ ਭਾਈ! ਉਸ ਮਿਹਰਬਾਨ ਪ੍ਰਭੂ ਦੀ ਭਗਤੀ ਕਰਨ ਵਾਲੇ ਮਨੁੱਖ ਪ੍ਰਭੂ ਦੇ ਦਰਬਾਰ ਵਿਚ ਸਦਾ ਹੀ ਆਦਰ-ਸਤਿਕਾਰ ਪਾਉਂਦੇ ਹਨ; ਉਨ੍ਹਾਂ ਪ੍ਰਭੂ ਪਿਆਰਿਆ ਦੇ ਮੱਥੇ ਉਤੇ ਰੱਬੀ ਨੂਰ ਚਮਕਦਾ ਹੈ, ਜੋ ਪ੍ਰਭੂ ਦੇ ਘਰ ਦੀ ਪ੍ਰਵਾਨਗੀ ਦਾ ਚਿੰਨ੍ਹ ਭਾਵ ਨਿਸ਼ਾਨੀ ਹੈ। ਹੇ ਨਾਨਕ! ਇਹੋ ਜਿਹੇ ਪ੍ਰਭੂ ਸੇਵਕ ਦੇ ਚਰਨਾਂ ਦੀ ਧੂੜ ਜਿਸ ਮਨੁੱਖ ਨੂੰ ਮਿਲ ਜਾਵੇ ਤਾਂ ਉਸ ਦੀ ਆਤਮਕ ਅਵਸਥਾ ਬਹੁਤ ਉੱਚੀ ਬਣ ਜਾਂਦੀ ਹੈ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਖੇਡ ਮੇਲਿਆਂ ਦੀ ਸ਼ਾਨ ਸੀ ਦਰਸ਼ਨ ਬੜੀ

ਪੰਜਾਬੀ ਖੇਡ ਸਾਹਿਤ 29



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਡਾ. ਦਰਸ਼ਨ ਬੜੀ ਕਈ ਕਲਾਵਾਂ ਦਾ ਸੁਮੇਲ ਸੀ। ਗਾਇਕ, ਕਬੱਡੀ ਕੁਮੈਂਟੇਟਰ, ਥੀਏਟਰ ਕਲਾਕਾਰ, ਫਿਲਮੀ ਅਦਾਕਾਰ, ਡਾਇਰੈਕਟਰ, ਪ੍ਰੋਡਿਊਸਰ ਤੇ ਮਾਸਟਰ ਆਫ ਸੈਰੇਮਨੀਜ਼। ਲੰਗਰਾਂ ਦਾ ਸੇਵਾਦਾਰ, ਵਾਤਾਵਰਣ ਪ੍ਰੇਮੀ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਪਹਿਰੇਦਾਰ। ਉਸ ਨੂੰ 'ਥਰੀ ਇਨ ਵਨ' ਦੀ ਥਾਂ 'ਇਲੈਵਨ ਇਨ ਵਨ' ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਪੰਜਾਬੀ ਖੇਡ ਸਾਹਿਤ ਦਾ ਢੰਡੋਰਚੀ ਸੀ ਉਹ। ਖੇਡ ਮੇਲਿਆਂ 'ਤੇ ਜਾਂਦਾ ਤਾਂ ਕੁਮੈਂਟਰੀ ਕਰਦਾ ਖੇਡ ਪੁਸਤਕਾਂ ਪੜ੍ਹਨ ਦਾ ਵੀ ਹੋਕਾ ਦੇਈ ਜਾਂਦਾ। ਨਵੇਂ ਖੇਡ ਲੇਖਕਾਂ ਦੀਆਂ ਸੌ-ਸੌ ਕਿਤਾਬਾਂ ਉਹ ਖੜ੍ਹੇ ਪੈਰ ਵਿਕਵਾ ਦਿੰਦਾ। ਮੇਰੀਆਂ ਹਜ਼ਾਰ ਤੋਂ ਵੱਧ ਖੇਡ ਪੁਸਤਕਾਂ ਉਸ ਨੇ ਪਾਠਕਾਂ ਦੇ ਹੱਥਾਂ ਤਕ ਪੁਚਾਈਆਂ ਹੋਣਗੀਆਂ।

ਉਹਦਾ ਸਰਟੀਫਿਕੇਟ 'ਤੇ ਨਾਂ ਸੀ ਦਰਸ਼ਨ ਸਿੰਘ ਔਲਖ। ਔਲਖ ਦੀ ਥਾਂ ਪਿੰਡ ਦੇ ਮੋਹ ਕਰਕੇ ਉਸ ਨੇ ਆਪਣੇ ਪਿਆਰੇ ਪਿੰਡ ਬੜੀ ਦਾ ਨਾਂ ਆਪਣੇ ਨਾਂ ਨਾਲ ਜੋੜ ਲਿਆ ਸੀ। ਫਿਰ ਜਿਲਾ ਸੰਗਰੂਰ ਦੇ ਟਿੱਬੇ ਨੇੜਲੇ ਪਿੰਡ 'ਬੜੀ' ਦੀ ਉਸ ਨੇ ਬੜੀ ਦੂਰ-ਦੂਰ ਤਕ ਮਸ਼ਹੂਰੀ ਕਰਵਾਈ। ਉਥੇ ਉਹ 24 ਅਗਸਤ 1952 ਨੂੰ ਮੁਖਤਿਆਰ ਸਿੰਘ ਦਿੱਲੀ ਵਾਲੇ ਦੇ ਘਰ ਮਾਤਾ ਨੰਦ ਕੌਰ ਦੀ ਕੁੱਖੋਂ ਜੰਮਿਆ ਸੀ। ਸੁਭਾਅ ਦਾ ਮਜ਼ਾਕੀਆ ਸੀ। ਆਪ ਈ ਦੱਸਦਾ ਹੁੰਦਾ ਸੀ ਕਿ ਮਾਂ ਨੇ ਪਤਾ ਨ੍ਹੀਂ ਕੀ ਖਾ ਕੇ ਜੰਮਿਆ, ਨਾ ਛੋਟਾ ਹੁੰਦਾ ਰੋਣੋਂ ਹਟਦਾ ਸੀ ਤੇ ਨਾ ਵੱਡਾ ਹੋਇਆ ਬੋਲਣੋਂ ਥਕਦਾ ਸੀ। 'ਕੇਰਾਂ ਉਹ ਲਗਾਤਾਰ ਸਤਾਰਾਂ ਘੰਟੇ ਕੁਮੈਂਟਰੀ ਕਰੀ ਗਿਆ। ਪਹਿਲਾਂ ਖੇਡ ਮੇਲੇ ਦੀ ਕੁਮੈਂਟਰੀ ਕੀਤੀ ਤੇ ਪਿੱਛੋਂ ਸਭਿਆਚਾਰਕ ਮੇਲੇ ਦੀ। ਸਵੇਰ ਦਾ ਫੜਿਆ ਮਾਈਕ ਅੱਧੀ ਰਾਤੀਂ ਛੱਡਿਆ ਸੀ।

ਉਸ ਨੇ ਬੀ. ਏ. ਵਿਚ ਮਿਊਜ਼ਕ ਦਾ ਮਜ਼ਮੂਨ ਪੜ੍ਹਿਆ, ਪਰ ਐੱਮ. ਏ. ਪੰਜਾਬੀ ਕਰਨ ਪਿੱਛੋਂ ਪੀਐਚ. ਡੀ. 'ਪੰਜਾਬੀ ਕਿੱਸਾ ਕਾਵਿ' ਉਤੇ ਕੀਤੀ। ਨੌਕਰੀ ਉਹਨੂੰ ਧੱਕੇ ਖਾ ਕੇ ਮਸੀਂ ਮਿਲੀ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ 'ਚ ਵੀਹ ਵਰ੍ਹੇ ਕਲਰਕੀ ਕਰਨ ਪਿੱਛੋਂ ਉਹ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵਿਚ ਸ਼ਿਫਟ ਹੋ ਗਿਆ। ਉਥੋਂ ਵੈੱਲਫੇਅਰ ਆਫੀਸਰ ਵਜੋਂ ਰਿਟਾਇਰ ਹੋ ਕੇ 'ਕੱਲਾ ਕਾਰਾ ਹੀ ਲੁਧਿਆਣੇ ਰਹਿ ਰਿਹਾ ਸੀ ਕਿ ਦਿਲ ਦਾ ਦੌਰਾ ਪੈ ਗਿਆ। 6 ਫਰਵਰੀ 2021 ਨੂੰ ਤੜਕੇ ਚਾਰ ਵਜੇ ਸਿਵਲ ਹਸਪਤਾਲ ਵਿਚ ਉਹਦੀ ਮੌਤ ਹੋ ਗਈ। ਦੋਸਤਾਂ ਮਿੱਤਰਾਂ ਦੇ ਖਾਬ ਖਿਆਲ ਵਿਚ ਵੀ ਨਹੀਂ ਸੀ ਕਿ ਏਡੀ ਛੇਤੀ ਤੁਰ ਜਾਵੇਗਾ। ਮੈਨੂੰ ਕਹਿੰਦਾ ਰਹਿੰਦਾ ਸੀ, ਅਜੇ ਮੈਂ ਵਿਆਹ ਕਰਾਉਣੈ, ਤੁਸੀਂ ਜ਼ਰੂਰ ਆਇਓ। ਪਰ ਜਿਵੇਂ ਕਹਿੰਦੇ ਹਨ, ਆਸਾਂ ਪਰਬਤ ਜੇਡੀਆਂ ਮੌਤ ਤਣਾਵਾਂ ਹੇਠ। 6 ਫਰਵਰੀ ਸ਼ਾਮ ਨੂੰ ਉਹਦੀ ਜਨਮ ਭੋਇੰ ਬੜੀ ਟਿੱਬਾ ਦੇ ਸਿਵਿਆਂ ਵਿਚ ਉਹਦਾ ਸਸਕਾਰ ਕੀਤਾ ਗਿਆ। ਅਗਲੇ ਦਿਨ ਫੁੱਲ ਚੁਗ ਲਏ ਗਏ। 14 ਫਰਵਰੀ ਨੂੰ ਪਿੰਡ ਦੇ ਗੁਰਦੁਆਰੇ ਵਿਚ ਉਹਦੇ ਨਮਿੱਤ ਅੰਤਿਮ ਅਰਦਾਸ ਕਰਨ ਉਪਰੰਤ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਉਹ ਅੰਬਰ ਦੇ ਤਾਰੇ ਵਾਂਗ ਜਗਿਆ ਤੇ ਤਾਰੇ ਦੇ ਟੁੱਟਣ ਵਾਂਗ ਲੰਮੀ ਲੀਕ ਵਾਹੁੰਦਾ ਅਲੋਪ ਹੋ ਗਿਆ।

ਦਰਸ਼ਨ ਬੜੀ ਬਾਰੇ ਬੜੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਮੇਰਾ ਉਹਦੇ ਨਾਲ ਲੰਮੇ ਸਮੇਂ ਦਾ ਵਾਹ ਸੀ। ਜਦ ਮੈਂ ਕੈਨੇਡਾ ਤੋਂ ਪੰਜਾਬ ਜਾਂਦਾ ਤਾਂ ਉਹਨੂੰ ਮਿਲੇ ਗਿਲੇ ਬਿਨਾ ਨਾ ਮੁੜਦਾ। ਕਬੱਡੀ ਟੂਰਨਾਮੈਂਟਾਂ 'ਤੇ ਸਾਡਾ ਅਕਸਰ ਮੇਲ-ਗੇਲ ਹੁੰਦਾ। ਉਹ ਖੇਡ ਮੇਲਿਆਂ ਦੀ ਸ਼ਾਨ ਸੀ। ਕਬੱਡੀ ਮੈਚਾਂ ਦੀ ਕੁਮੈਂਟਰੀ ਕਰਦਾ ਉਹ ਮਸਤ ਕਲੰਦਰ ਬਣ ਜਾਂਦਾ ਸੀ। ਕੁਮੈਂਟਰੀ ਦਾ ਅਫਲਾਤੂਨ। ਉਹ ਜੱਫੇ ਲੁਆ ਵੀ ਦਿੰਦਾ ਸੀ ਤੇ ਲੱਗੇ ਹੋਏ ਛੁਡਾ ਵੀ ਦਿੰਦਾ ਸੀ। ਉਹਦੇ ਬੋਲਾਂ 'ਚ ਅਜਿਹੀ ਵੰਗਾਰ ਸੀ ਕਿ ਟੁੱਟੀ ਜਿਹੀ ਨੀਕਰ ਵਾਲਾ ਜਾਫੀ ਵੀ ਕਹਿੰਦੇ ਕਹਾਉਂਦੇ ਧਾਵੀ ਦੇ ਗਲ ਪੈ ਜਾਂਦਾ। ਪਿੱਛੋਂ ਭਾਵੇਂ ਪੁੜੇ ਪਲੋਸਣੇ ਪੈਣ! ਬੜੀ ਨੂੰ ਸੂਮਾਂ ਦੀਆਂ ਜ਼ੇਬਾਂ 'ਚੋਂ ਵੀ ਨੋਟ ਕਢਾਉਣੇ ਆਉਂਦੇ ਸਨ। ਚੈਲੰਜ ਕਰ ਦਿੰਦਾ ਸੀ, ਫਲਾਣਾ ਫਲਾਣੇ ਨੂੰ ਡੱਕ ਲਏ ਤਾਂ ਫਲਾਣਾ ਸਿਓਂ ਐਨੇ ਸੌ ਦੇਊ। ਕਿਸੇ ਦਾ ਨਾਂ ਲੈ ਕਹਿੰਦਾ, ਕੱਢ ਲੈ ਬਈ ਪੰਜ ਸੌ ਦਾ ਨੋਟ। ਮੋਗੇ ਦੇ ਇਕ ਟੂਰਨਾਮੈਂਟ 'ਚ ਉਹਨੇ ਇਕ ਪੁਆਇੰਟ ਉਤੇ ਸੰਤਾਲੀ ਹਜ਼ਾਰ ਰੁਪਏ ਲੁਆ ਦਿੱਤੇ ਸਨ। ਨਾਲ ਸਾਵਧਾਨ ਵੀ ਕਰੀ ਗਿਆ ਸੀ, "ਵੇਖਿਓ ਕਿਤੇ ਇਲਾਜ 'ਤੇ ਦੂੱਗਣੇ ਨਾ ਲਾਉਣੇ ਪੈ ਜਾਣ!"

ਜਿਸ ਖੇਡ ਮੇਲੇ ਦੇ ਲਾਊਡ ਸਪੀਕਰ ਤੋਂ ਦੂਰੋਂ ਈ ਇਹ ਆਵਾਜ਼ਾਂ ਸੁਣਨ, "ਹਟ ਜੋ ਪਾਸੇ, ਹੋ ਜੋ ਪਰ੍ਹਾਂ ਨੂੰ, ਆਉਂਦਾ ਜੱਟ ਬਿਨਾ ਬਰੇਕੋਂ, ਹੋਰ ਨਾ ਕਿਸੇ ਦੀ ਜਾਹ ਜਾਂਦੀ ਹੋ ਜੇ...।" ਤਾਂ ਸਮਝ ਲਈਦਾ ਸੀ, ਉਥੇ ਦਰਸ਼ਨ ਬੜੀ ਬੋਲ ਰਿਹੈ। ਬੋਲ ਈ ਨ੍ਹੀਂ ਰਿਹਾ, ਸਗੋਂ ਉਸ ਨੂੰ ਮਸਤ ਕਲੰਦਰਾਂ ਵਾਲਾ ਹਾਲ ਚੜ੍ਹਿਆ ਹੋਇਐ। ਕਬੱਡੀ ਦੇ ਅਖਾੜੇ ਵਿਚ ਉਹ ਊਰੀ ਵਾਂਗ ਘੁੰਮਦਾ ਅਟੇਰਨੇ ਵਾਂਗ ਖੇਡ ਦੀਆਂ ਤੰਦਾਂ ਵਲੀ ਜਾਂਦਾ ਸੀ। ਉਹ ਢਾਈ ਨਾਲ ਢਾਈ ਤੇ ਲੜੀ ਨਾਲ ਲੜੀ ਜੋੜਦਾ



ਰਹਿੰਦਾ ਸੀ। ਉਹਦੇ ਪੈਰੀਂ ਕਦੇ ਧੌੜੀ ਦੀ ਜੁੱਤੀ, ਕਦੇ ਸੈਂਡਲ ਤੇ ਕਦੇ ਦੌੜਨ ਵਾਲੇ ਬਰਾਂਡਿਡ ਬੂਟ ਪਾਏ ਹੁੰਦੇ। ਤੇੜ ਕਦੇ ਕਮੀਜ਼ ਪਜਾਮਾ, ਕਦੇ ਕੋਟ ਪਤਲੂਣ ਤੇ ਕਦੇ ਜੀਨ ਉਤੋਂ ਦੀ ਚੋਗੇਨੁਮਾ ਕੁੜਤਾ ਲਹਿਰਾਅ ਰਿਹਾ ਹੁੰਦਾ ਸੀ। ਅਦਾਕਾਰ ਹੋਣ ਕਰਕੇ ਉਹ ਬਹੁਰੂਪੀਆ ਸੀ। ਖੇਡ ਮੇਲਿਆਂ 'ਚ ਸ਼ੌਕੀਨੀ ਲਈ ਨਹੀਂ, ਸਗੋਂ ਧੁੱਪ ਤੋਂ ਬਚਣ ਲਈ ਅੱਖਾਂ ਕਾਲੀਆਂ ਐਨਕਾਂ ਨਾਲ ਕੱਜੀਆਂ ਹੁੰਦੀਆਂ। ਸਿਰ ਦੇ ਵਾਲ ਕੰਡੇਰਨੇ ਵਾਂਗ ਖੜ੍ਹੇ ਹੁੰਦੇ, ਜਿਵੇਂ ਉਨ੍ਹਾਂ ਨੇ ਵੀ ਕੌਡੀਆਂ ਪੈਂਦੀਆਂ ਵੇਖਣੀਆਂ ਹੋਣ। ਉਹਦੇ ਬੋਲਾਂ 'ਚ ਬੰਸਰੀਆਂ ਵੱਜਦੀਆਂ, ਵੰਝਲੀਆਂ ਕੂਕਦੀਆਂ ਤੇ ਸਾਰੰਗੀਆਂ ਗੂੰਜਦੀਆਂ। ਕਬੱਡੀ ਦੀ ਨੈਂ ਝਨਾਂ 'ਚ ਉਹ ਲੁੱਡਣ ਮਲਾਹ ਦੀ ਬੇੜੀ 'ਤੇ ਚੜ੍ਹਿਆ ਰਾਂਝੇ ਦਾ ਦੂਜਾ ਰੂਪ ਜਾਪਦਾ। ਖੁਦ ਥਾਪੀ ਮਾਰ ਕੇ ਕਬੱਡੀਆਂ ਪੁਆਉਂਦਾ, ਜਾਫੀ ਤੇ ਧਾਵੀ ਖਹਿੰਦੇ ਤਾਂ ਉਹ ਵੀ ਨਾਲੋ ਨਾਲ ਕਿੱਲ੍ਹਦਾ ਤੇ ਉਹਦੀ ਆਵਾਜ਼ ਸੱਤਵੇਂ ਸੁਰ 'ਚ ਚਲੀ ਜਾਂਦੀ।

ਉਹਦੀ ਕੁਮੈਂਟਰੀ ਬੜੀ ਰੌਚਿਕ ਤੇ ਮੌਕੇ ਅਨੁਸਾਰ ਕਰਾਰੀ ਵੀ ਹੁੰਦੀ, ਜਿਸ ਵਿਚ ਉਹ ਨਾਟਕੀ ਰੰਗ ਭਰਦਾ ਰਹਿੰਦਾ। ਉਹ ਸ਼ਬਦਾਂ ਦੀਆਂ ਬਾਜ਼ੀਆਂ ਪੁਆਉਂਦਾ ਹਾਸੇ ਖੇਡੇ ਦੇ ਅਨਾਰ ਚਲਾਈ ਜਾਂਦਾ। ਦਰਸ਼ਕਾਂ ਨੂੰ ਥਾਂ ਸਿਰ ਬਿਠਾਈ ਰੱਖਣ ਲਈ ਪੁਲੀਸਮੈਨ ਦਾ ਰੋਲ ਵੀ ਉਹੀ ਨਿਭਾਉਂਦਾ ਤੇ ਆਏ-ਗਏ ਲਈ ਤਾੜੀਆਂ ਵੀ ਉਹੀ ਵਜਵਾਉਂਦਾ। ਕਿਸੇ ਦਾ ਮਾਣ ਸਨਮਾਨ ਕਰਨ-ਕਰਵਾਉਣ ਵੇਲੇ ਉਹਦੇ ਵਰਗੀ ਭੂਮਿਕਾ ਘੱਟ ਹੀ ਕੋਈ ਬੰਨ੍ਹ ਸਕਦਾ। ਬੋਲਦਾ-ਬੋਲਦਾ ਉਹ ਮਾਈਕ ਕਿਸੇ ਖਿਡਾਰੀ, ਪ੍ਰਬੰਧਕ ਜਾਂ ਦਰਸ਼ਕ ਅੱਗੇ ਕਰ ਕੇ ਕੁਮੈਂਟਰੀ ਦਾ ਨਾਟਕ ਬਣਾ ਦਿੰਦਾ। ਕੋਈ ਜਾਗਰ ਅਮਲੀ ਵਰਗਾ ਟੱਕਰ ਜਾਂਦਾ ਤਾਂ ਛੱਡਦਾ ਈ ਨਾ। ਉਸ ਨੂੰ ਪਤਾ ਹੁੰਦਾ ਸੀ ਕਿ ਖਿੜੇ ਹੋਏ ਅਮਲੀ ਜ਼ਮੀਨ ਅਸਮਾਨ ਦੇ ਕੁੰਡੇ ਮੇਲ ਦਿੰਦੇ ਹਨ। ਕੰਧਾਂ ਭਰਜਾਈਆਂ ਵਰਗੀਆਂ ਦਿਸਣ ਲਾ ਦਿੰਦੇ ਹਨ ਤੇ ਸਰੋਤਿਆਂ ਦਾ ਸਿਰੇ ਦਾ ਮਨੋਰੰਜਨ ਕਰਦੇ ਹਨ। ਖਿਡਾਰੀਆਂ ਵੱਲੋਂ ਲਾਏ ਜਾਂਦੇ ਡੋਪੀ ਟੀਕਿਆਂ ਦੇ ਉਹ ਸਖਤ ਖਿਲਾਫ ਸੀ। ਖੇਡ ਮੇਲਿਆਂ ਵਿਚ ਜ਼ਰਦਾ ਲਾਉਣ ਤੇ ਬੀੜੀਆਂ ਪੀਣ ਵਾਲਿਆਂ ਦੀ ਚੰਗੀ ਖੁੰਭ ਠੱਪਦਾ ਸੀ। ਬੀੜੇ ਲਾਉਣ ਵਾਲਿਆਂ ਦਾ ਤਾਂ ਉਦੋਂ ਤਕ ਖਹਿੜਾ ਨਹੀਂ ਸੀ ਛੱਡਦਾ, ਜਦੋਂ ਤਕ ਜੇਬਾਂ 'ਚੋਂ ਕਢਾਅ ਕੇ ਰੂੜੀਆਂ 'ਤੇ ਨਾ ਸੁਟਵਾ ਦਿੰਦਾ।

ਉਹ ਸੰਗੀਤ ਦੀ ਬੀ. ਏ. ਕਰਨ ਪਿੱਛੋਂ ਪਰਫਾਰਮਿੰਗ ਆਰਟ ਦਾ ਡਿਪਲੋਮਾ ਕਰੀ ਕਾਫੀ ਦੇਰ ਵਿਹਲਾ ਫਿਰਦਾ ਰਿਹਾ ਸੀ। ਵਿਹਲੇ ਫਿਰਦੇ ਨੇ ਫਿਰ ਬੱਕਰੀਆਂ ਚਾਰੀਆਂ, ਬੱਕਰੀਆਂ ਦਾ ਦੁੱਧ ਪੀਤਾ ਤੇ ਉਨ੍ਹਾਂ ਦੇ ਪਠੋਰੇ ਪਾਲੇ। ਇਕ ਵਾਰ ਮੀਟ ਖਾਣ ਲਈ ਪਠੋਰਾ ਵੱਢਿਆ ਤਾਂ ਉਹਦਾ ਲਹੂ ਵੇਖ ਕੇ ਮੀਟ ਖਾਣਾ ਉੱਕਾ ਹੀ ਛੱਡ ਦਿੱਤਾ। ਉਂਜ ਮੀਟ ਖਾਣਾ ਹੀ ਛੱਡਿਆ, ਮੀਟ ਖਾਣ ਵਾਲਿਆਂ ਨਾਲ ਬਹਿਣਾ ਉੱਠਣਾ ਨਹੀਂ ਛੱਡਿਆ। ਇਹੋ ਹਾਲ ਦਾਰੂ ਦਾ ਰਿਹਾ। ਆਪ ਪੀਣੋਂ ਪ੍ਰਹੇਜ਼ ਕਰਦਾ ਰਿਹਾ, ਪਰ ਪੀਣ ਵਾਲਿਆਂ ਨੂੰ ਖੁਆਉਂਦਾ ਪਿਆਉਂਦਾ ਰਿਹਾ। ਮੋਹਨ ਸਿੰਘ ਮੇਲੇ ਵਿਚ ਉਹ ਸਟੇਜ ਸਕੱਤਰੀ ਤੋਂ ਲੈ ਕੇ ਲੰਗਰ ਦੀ ਸੇਵਾ ਤਕ ਹਰ ਤਰ੍ਹਾਂ ਦੇ ਕਾਰਜ ਭੁਗਤਾਉਂਦਾ ਸੀ। ਜੱਗਾਂ ਨਾਲ ਚਾਹ ਵਰਤਾਉਣ ਤੋਂ ਲੈ ਕੇ ਕੇਤਲੀਆਂ 'ਚੋਂ ਸਭਿਆਚਾਰ ਦਾ ਪ੍ਰਸ਼ਾਦ ਵਰਤਾਉਣ ਤਕ। ਗਾਇਕਾਂ ਤੋਂ ਲੈ ਕੇ ਦੀਪਕ ਜੈਤੋਈ ਵਰਗੇ ਗਜ਼ਲਗੋਆਂ ਤੋਂ ਘਿਲਬਿਲੀਆਂ ਬੁਲਾਉਣ ਤਕ। ਜੱਸੋਵਾਲ ਉਸ ਨੂੰ ਐਵੇਂ ਨਹੀਂ ਸੀ ਅਫਲਾਤੂਨ ਕਹਿੰਦਾ।

ਛੁਰਲੀਆਂ ਛੱਡਣ ਦੀ ਕਲਾ 'ਚ ਉਹ ਪੂਰਾ ਮਾਹਿਰ ਸੀ। ਉਹਦੇ ਵਜੂਦ 'ਚ ਕੋਈ ਅਲੋਕਾਰ ਕਿਰਦਾਰ ਛੁਪਿਆ ਹੋਇਆ ਸੀ, ਜਿਸ ਦੀ ਉਹਨੂੰ ਆਪ ਵੀ ਪਛਾਣ ਨਹੀਂ ਸੀ। ਲੱਗਦੈ ਉਹਦੇ ਧੁਰ ਅੰਦਰ ਸੂਫੀ ਫਕੀਰਾਂ ਦੀ ਰੂਹ ਦਾ ਵਾਸਾ ਸੀ। ਕਦੇ-ਕਦੇ ਉਹ ਇਹੋ ਜਿਹੇ ਸੁਖਨ ਅਲਾਉਂਦਾ ਸੀ ਜਿਵੇਂ ਕੋਈ ਔਲੀਆ ਬੋਲ ਰਿਹਾ ਹੋਵੇ ਜਾਂ ਕੋਈ ਜਾਣੀਜਾਣ ਅਗਮ ਨਿਗਮ ਦੀਆਂ ਗੱਲਾਂ ਕਰ ਰਿਹਾ ਹੋਵੇ। ਭਾਵੇਂ ਕੋਈ ਕਿੰਨਾ ਵੀ ਉਹਦੇ ਨੇੜੇ ਸੀ, ਫਿਰ ਵੀ ਉਹਦਾ ਪੂਰਾ ਭੇਤ ਨਹੀਂ ਸੀ ਪਾ ਸਕਿਆ। ਕਦੇ ਕਦੇ ਉਹ ਆਵਾਜ਼ ਬਦਲ ਕੇ ਫੋਨ ਕਰਦਾ, ਨਕਲਾਂ ਲਾਉਂਦਾ, ਅਗਲੇ ਨੂੰ ਨਿਹਾਲ ਕਰਦਾ। ਫਿਰ ਖੁੱਲ੍ਹ ਕੇ ਹਸਦਾ, ਖੁਸ਼ੀ 'ਚ ਚਹਿਕਦਾ, ਚਾਂਭਲਦਾ। ਚੰਨ 'ਤੇ ਜਾਣ ਦੀਆਂ ਸ਼ੇਖੀਆਂ ਮਾਰਦਾ। ਉਹਨੂੰ ਨਾ ਫਿਕਰ ਸੀ, ਨਾ ਫਾਕਾ ਸੀ। ਉਹਦੇ ਕਿਹੜਾ ਜੁਆਕ ਰੋਂਦੇ ਸੀ?

ਉਹਦਾ ਵਿਆਹ ਕਰਾਉਣ ਦਾ ਲਾਰਾ, ਅਖੀਰ ਤਕ ਲਾਰਾ ਹੀ ਰਿਹਾ, ਜਿਸ ਦਾ ਕੋਈ ਭੇਤ ਨਾ ਪਾ ਸਕਿਆ, ਹਾਲਾਂ ਕਿ ਉਹਦੇ 'ਚ ਨੁਕਸ ਕੋਈ ਨਹੀਂ ਸੀ। ਬੱਸ ਏਨਾ ਕੁ ਕੱਜ ਸੀ ਕਿ ਨਿੱਕਾ ਹੁੰਦਾ ਕਬੱਡੀ ਖੇਡਦਾ ਹੱਥ ਤੁੜਵਾ ਬੈਠਾ ਸੀ। ਫਿਰ ਵਾਲੀਬਾਲ ਖੇਡਣ ਲੱਗਾ। ਹੱਥਾਂ ਦੀਆਂ ਉਂਗਲਾਂ ਵਾਲੀਬਾਲ ਨੇ ਹੀ ਵਿੰਗੀਆਂ ਕੀਤੀਆਂ ਸਨ। ਕੰਨ ਲੰਮੇ ਸਨ, ਮੱਥਾ ਤੰਗ, ਚਿਹਰਾ ਚੌੜਾ, ਨੱਕ ਤਿੱਖਾ ਤੇ ਰੰਗ ਗੋਰਾ ਸੀ। ਬਣਦਾ ਫੱਬਦਾ ਪੂਰਾ ਸੀ, ਪਰ ਪਹਿਲਾਂ ਤੀਹ ਸਾਲ, ਫਿਰ ਚਾਲੀ ਸਾਲ, ਪੰਜਾਹ ਸਾਲ ਤੇ ਫਿਰ ਸੱਠ ਸਾਲ ਟੱਪ ਕੇ ਵੀ ਵਿਆਹ ਨਹੀਂ ਸੀ ਹੋਇਆ/ਕਰਾਇਆ। ਉਂਜ ਉਹ ਅਕਸਰ ਕਹਿੰਦਾ ਰਹਿੰਦਾ ਸੀ, ਬੱਸ ਇਕ ਦੋ ਕੰਮ ਈ ਰਹਿੰਦੇ ਨੇ ਕਰਨ ਵਾਲੇ, ਫੇਰ ਆਪਾਂ ਵਿਆਹ ਕਰਾ ਈ ਲੈਣੈਂ। ਫਿਰ ਵੀ ਪਤਾ ਨਹੀਂ ਉਹ ਕਬੀਲਦਾਰ ਕਿਉਂ ਨਾ ਬਣਿਆ?

ਉਹ 29 ਸਾਲ ਦੀ ਉਮਰੇ 1981 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ 'ਚ ਪੱਕਾ ਮੁਲਾਜ਼ਮ ਲੱਗ ਗਿਆ ਸੀ। ਉਹਦਾ ਕੈਰੀਅਰ ਬਣ ਗਿਆ ਸੀ, ਜਿਸ ਕਰਕੇ ਵਿਆਹ ਕਰਵਾ ਲੈਣਾ ਬਣਦਾ ਸੀ। ਬਹੁਤੇ ਦੋਸਤ ਇੰਜ ਹੀ ਸੋਚਦੇ ਸਨ; ਪਰ ਉਹਦੀਆਂ ਉਹ ਜਾਣੇ। ਉਂਜ ਯੂਨੀਵਰਸਿਟੀ ਵਿਚ ਉਹਦਾ ਰੋਲ ਵਿਆਹ 'ਚ ਨਾਇਣ ਵਰਗਾ ਸੀ। ਰੇਡੀਓ ਤੇ ਦੂਰਦਰਸ਼ਨ ਦਾ ਉਹ ਪ੍ਰਵਾਨਿਤ ਕਲਾਕਾਰ ਸੀ। ਉਸ ਨੇ ਬੜੇ ਪ੍ਰੋਗਰਾਮ ਕੀਤੇ ਤੇ ਲਾਜਵਾਬ ਕੀਤੇ। ਉਹ ਵੀਹ-ਬਾਈ ਸਾਲਾਂ ਦੀ ਉਮਰ ਤੋਂ ਥੀਏਟਰ ਨਾਲ ਬਤੌਰ ਅਦਾਕਾਰ, ਗਾਇਕ, ਨਿਰਦੇਸ਼ਕ, ਡਿਜ਼ਾਈਨਰ, ਡਾਂਸਰ, ਸਪੋਕਸਮੈਨ ਤੇ ਮੇਕਅੱਪਮੈਨ ਵਜੋਂ ਕੰਮ ਕਰਦਾ ਰਿਹਾ। ਉਸ ਨੇ ਭਾਰਤ ਦੇ ਪੰਦਰਾਂ-ਸੋਲਾਂ ਸੂਬੇ ਤੇ ਦੁਨੀਆਂ ਦੇ ਪੰਜ-ਛੇ ਮੁਲਕ ਗਾਹੇ।

ਉਸ ਨੇ ਹਰਪਾਲ ਟਿਵਾਣੇ ਨੂੰ ਉਸਤਾਦ ਧਾਰਿਆ ਤੇ ਨਾਟਕਕਾਰ ਹਰਚਰਨ ਸਿੰਘ ਦੇ ਨਾਟਕਾਂ ਵਿਚ ਰੋਲ ਅਦਾ ਕੀਤਾ। 'ਦੀਵਾ ਬਲੇ ਸਾਰੀ ਰਾਤ' ਦਾ ਉਹ ਹੀਰੋ ਸੀ ਤੇ ਨੀਨਾ ਟਿਵਾਣਾ ਹੀਰੋਇਨ। 'ਮਹਾਰਾਣੀ ਜਿੰਦਾਂ' ਨਾਟਕ ਦਾ ਉਹ ਮਹਾਰਾਜਾ ਦਲੀਪ ਸਿੰਘ ਸੀ। ਉਸ ਨੇ ਫਿਲਮੀ ਅਦਾਕਾਰ ਓਮ ਪੁਰੀ, ਰਾਜ ਬੱਬਰ, ਗਿਰਜਾ ਸ਼ੰਕਰ, ਸਰਦਾਰ ਸੋਹੀ ਤੇ ਗੁਰਦਾਸ ਮਾਨ ਹੋਰਾਂ ਨਾਲ ਫਿਲਮਾਂ 'ਚ ਰੋਲ ਕੀਤਾ। ਕਬੱਡੀ ਦੀ ਫਿਲਮ ਵਿਚ ਕੋਚ ਦਾ ਨਿਭਾਇਆ। ਡਾਕੂਮੈਂਟਰੀਆਂ ਬਣਾਈਆਂ। ਮੇਰੇ ਨਾਲ ਖੁੱਲ੍ਹੀਆਂ ਗੱਲਾਂ ਕਰਦਾ ਦੱਸਦਾ ਹੁੰਦਾ ਸੀ ਕਿ ਥੀਏਟਰ ਕਰਦਿਆਂ ਉਸ ਨੂੰ ਇਕ ਸ਼ੋਅ ਦੇ ਢਾਈ ਸੌ ਰੁਪਏ ਮਿਲਦੇ ਸਨ ਤੇ ਗੁਰਦਾਸ ਮਾਨ ਨੂੰ ਸਾਢੇ ਤਿੰਨ ਸੌ। ਗੁਰਦਾਸ ਮਾਨ ਡਫਲੀ ਨਾਲ ਗਾਉਂਦਾ ਸੀ, ਜਦ ਕਿ ਬੜੀ ਤੂੰਬੀ ਨਾਲ। ਬਾਅਦ ਵਿਚ ਡਫਲੀ ਵਾਲਾ ਕਿਤੇ ਦੀ ਕਿਤੇ ਪਹੁੰਚ ਗਿਆ। 'ਕੇਰਾਂ ਬੜੀ ਨੇ ਰਾਜ ਬੱਬਰ ਦੀ ਪਤਨੀ ਨਾਦਿਰਾ ਦਾ ਮੇਕਅੱਪ ਕੀਤਾ ਸੀ, ਜੋ ਉਸ ਨੂੰ ਬਹੁਤ ਜਚਿਆ ਸੀ। ਡਾ. ਮਹਿੰਦਰ ਸਿੰਘ ਰੰਧਾਵਾ ਉਸ ਨੂੰ ਪੁੱਤਰਾਂ ਵਾਂਗ ਸਮਝਦਾ ਸੀ। ਸ੍ਰੀ ਆਈ. ਸੀ. ਪੁਰੀ ਨੇ ਉਸ ਨੂੰ ਨੌਕਰੀ ਦਿੱਤੀ ਸੀ। ਇਕ ਕੈਸੇਟ ਉਸ ਨੇ ਆਪ ਭਰਾਈ ਸੀ, ਜਦ ਕਿ ਦਰਜਨਾਂ ਕੈਸੇਟਾਂ ਵਿਚ ਹੋਰਨਾਂ ਨੇ ਉਹਦੀ ਕੁਮੈਂਟਰੀ ਭਰੀ। ਯਾਰ-ਦੋਸਤ ਉਹਦੀ ਪਾਕਿਸਤਾਨ ਦੇ ਨਾਮਵਰ ਅਨਾਊਂਸਰ ਤਾਰਿਕ ਅਜ਼ੀਜ਼ ਨਾਲ ਤੁਲਨਾ ਕਰਦੇ ਸਨ। ਕੁਮੈਂਟਰੀ ਵਿਚ ਉਹ ਜਸਦੇਵ ਸਿੰਘ ਬਣਨ ਨੂੰ ਫਿਰਦਾ ਸੀ।

1981 ਵਿਚ ਉਹ ਕਲਾਕਾਰਾਂ ਦੇ ਗਰੁੱਪ ਨਾਲ ਪਹਿਲੀ ਵਾਰ ਅਮਰੀਕਾ ਤੇ ਕੈਨੇਡਾ ਦੇ ਟੂਰ 'ਤੇ ਗਿਆ ਸੀ। ਉਥੇ ਉਹ ਕਈ ਮਹੀਨੇ ਕਈ ਸ਼ਹਿਰਾਂ ਵਿਚ ਨਾਟਕ ਖੇਡਦੇ ਰਹੇ। ਉਹ ਅਦਾਕਾਰੀ ਕਰਨ ਦੇ ਨਾਲ ਤੂੰਬੀ ਉਤੇ ਗੀਤ ਵੀ ਗਾਉਂਦਾ ਰਿਹਾ। ਵਤਨ ਪਰਤਿਆ ਤਾਂ ਉਸ ਨੂੰ ਨੌਕਰੀ ਮਿਲ ਗਈ। ਉਹ ਲੁਧਿਆਣੇ ਪੰਜਾਬੀ ਭਵਨ ਵਿਚ ਰਹਿਣ ਲੱਗਾ। ਪੰਜਾਬੀ ਭਵਨ ਦੀ ਰਾਖੀ ਕਰਦਾ ਤੇ ਆਏ ਗਏ ਦੀ ਸੇਵਾ ਵੀ। ਉਥੇ ਉਹ ਝਾੜੂ ਵੀ ਦਿੰਦਾ ਤੇ ਥੀਏਟਰ ਵੀ ਕਰਦਾ। ਜੱਸੋਵਾਲ ਉਸ ਨੂੰ ਸਭਿਆਚਾਰਕ ਮੇਲਿਆਂ 'ਤੇ ਲੈ ਜਾਂਦਾ। ਉਹ ਜੱਸੋਵਾਲ ਤੋਂ ਬੱਲੇ ਬੱਲੇ ਕਰਵਾਉਂਦਾ ਹੋਇਆ ਮੇਲੀਆਂ ਦਾ ਚਿੱਤ ਪਰਚਾਉਂਦਾ। ਗੀਤ ਗਾਉਂਦਾ, ਨਕਲਾਂ ਲਾਉਂਦਾ। ਫਿਰ ਲੇਖਕਾਂ ਨਾਲ ਬੈਂਕਾਕ ਦੀ ਵਿਸ਼ਵ ਪੰਜਾਬੀ ਕਾਨਫਰੰਸ ਵੇਖਣ ਚਲਾ ਗਿਆ। ਉਥੇ ਅਜਿਹੀਆਂ ਨਕਲਾਂ ਲਾਈਆਂ ਕਿ ਨਾ ਗੰਭੀਰ ਲੇਖਕ ਹੱਸਣੋਂ ਹਟੇ ਤੇ ਨਾ ਗਮਗੀਨ ਕਵੀ। ਸਾਹਿਤਕ ਹਲਕਿਆਂ ਵਿਚ ਬੜੀ 'ਬੜੀ-ਬੜੀ' ਹੋਈ। ਕੇਂਦਰੀ ਮੰਤਰੀ ਬੂਟਾ ਸਿੰਘ ਤੇ ਹੰਸਪਾਲ ਦੇ ਵੀ ਹੱਸ-ਹੱਸ ਢਿੱਡੀਂ ਪੀੜਾਂ ਪੈ ਗਈਆਂ। ਉਹਦੀ ਕਲਾਕਾਰੀ ਸਿਰ ਚੜ੍ਹ ਕੇ ਬੋਲੀ, ਜੋ ਸਿੱਕਾ ਜਮਾ ਗਈ। ਸਿੱਖ ਇਤਿਹਾਸ ਦੇ ਚਿੱਤਰਕਾਰ ਕਿਰਪਾਲ ਸਿੰਘ ਨੇ ਉਸ ਨੂੰ ਕਲਾਵੇ ਵਿਚ ਲੈ ਲਿਆ। ਬਾਵਨੀਆਂ ਲਿਖਣ ਵਾਲਾ ਆਤਮ ਹਮਰਾਹੀ ਬਲਿਹਾਰ-ਬਲਿਹਾਰ ਕਰ ਉੱਠਿਆ।

ਕਾਮੇਡੀ ਕਲਾਕਾਰ ਮਿਹਰ ਮਿੱਤਲ ਤੇ ਹਾਕਮ ਸੂਫੀ ਉਹਨੂੰ ਆਪਣੇ ਗਰੁੱਪ ਵਿਚ ਸਿੰਗਾਪੁਰ ਲੈ ਗਏ। ਉਥੇ ਉਹਦੀਆਂ ਬੋਲੀਆਂ, ਟੱਪਿਆਂ, ਜੁਗਨੀ, ਜਾਗੋ, ਜਿੰਦੂਆ ਤੇ ਨਕਲਾਂ ਨੇ ਰੰਗ ਬੰਨ੍ਹ ਦਿੱਤਾ। ਉਹਦੀ ਗੁੱਡੀ ਚੜ੍ਹੀ ਤਾਂ ਕਲਾਕਾਰਾਂ ਵਾਲੀ ਈਰਖਾ ਤੋਂ ਉਹ ਵੀ ਨਾ ਬਚ ਸਕਿਆ। ਕਿਸੇ ਨੇ ਪਤਾ ਨਹੀਂ ਕਿਹੋ ਜਿਹਾ ਖਾਣ-ਪੀਣ ਕਰਾਇਆ ਕਿ ਉਹ ਬਿਮਾਰ ਰਹਿਣ ਲੱਗ ਪਿਆ। ਡੇਢ ਸਾਲ ਨਾ ਰੋਟੀ ਖਾਧੀ ਗਈ ਤੇ ਨਾ ਰੱਜ ਕੇ ਸੌਂ ਹੋਇਆ। ਸਰੀਰਕ ਭਾਰ ਅੱਸੀ ਕਿੱਲੋ ਤੋਂ ਘਟ ਕੇ ਪੰਜਾਹ ਕਿੱਲੋ ਰਹਿ ਗਿਆ। ਲੰਮਾ ਇਲਾਜ ਕਰਾਇਆ ਤਾਂ ਉਹਦਾ ਖਾਣਾ ਪੀਣਾ ਰਾਧਾ ਸੁਆਮੀਆਂ ਵਾਲਾ ਹੋ ਗਿਆ।

ਉਸ ਨੇ ਥੀਏਟਰ ਕਰਦਿਆਂ ਦੋ ਦਰਜਨ ਤੋਂ ਵੱਧ ਨਾਟਕ ਖੇਡੇ। ਅੱਧੀ ਦਰਜਨ ਫਿਲਮਾਂ 'ਚ ਅਦਾਕਾਰੀ ਕੀਤੀ। ਸੈਮੀਨਾਰਾਂ ਤੇ ਕਾਨਫਰੰਸਾਂ 'ਚ ਭਾਗ ਲਿਆ। ਮਾੜੀ ਮੋਟੀ ਕਲਮ ਵੀ ਵਾਹੀ। ਇਕ ਵਾਰ ਉਸ ਨੇ ਪੰਦਰਾਂ-ਵੀਹ ਸਫੇ ਲਿਖ ਕੇ ਮੈਨੂੰ ਭੇਜੇ, ਜੋ ਹੁਣ ਲੱਭ ਨਹੀਂ ਰਹੇ। ਮੇਰੇ ਕਾਗਜ਼ ਪੱਤਰ, ਕਿਤਾਬਾਂ ਤੇ ਖਰੜੇ ਪਿੰਡ ਚਕਰ ਵਾਲੇ ਜੱਦੀ ਘਰ, ਮੁਕੰਦਪੁਰ ਵਾਲੇ ਘਰ ਤੇ ਅਜੋਕੀ ਰਿਹਾਇਸ਼ ਬਰੈਂਪਟਨ ਵਾਲੇ ਘਰ ਏਧਰ ਓਧਰ ਪਏ ਹਨ। ਡਾ. ਬੜੀ ਦੀ ਹੱਥਲਿਖਤ ਲੱਭਣ ਦੀ ਕੋਸ਼ਿਸ਼ ਕਰਾਂਗਾ, ਜੇ ਲੱਭੀ ਗਈ। ਉਹ ਉਪਰੋਂ ਸ਼ਾਂਤ ਲੱਗਦਾ ਸੀ, ਪਰ ਵਿਚੋਂ ਬੇਚੈਨ ਜੀਊੜਾ ਸੀ। ਸਟੇਜੀ ਕਲਾ 'ਚ ਸ਼ਾਇਦ ਉਹਦਾ ਪੂਰਾ ਮੁੱਲ ਨਹੀਂ ਸੀ ਪਿਆ। ਏਡਾ ਵੱਡਾ ਸਟੇਜੀ ਕਲਾਕਾਰ ਆਖਰ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਵੱਲ ਆ ਗਿਆ। ਜਦੋਂ ਉਹ ਕਬੱਡੀ ਦੀ ਕੁਮੈਂਟਰੀ ਕਰਨ ਲੱਗਾ ਤਾਂ ਉਹਦੀ ਜੇਬ ਤਰ ਰਹਿਣ ਲੱਗੀ। ਥੀਏਟਰ ਉਸ ਨੇ ਭੁੱਖ ਨੰਗ 'ਚ ਹੀ ਕੀਤਾ। ਨਾਟਕ ਭਾਵੇਂ ਪੱਚੀ ਖੇਡੇ, ਪਰ ਮਿਲੇ ਪੱਚੀ ਹਜ਼ਾਰ ਵੀ ਨਹੀਂ। ਕਬੱਡੀ ਦੀ ਕੁਮੈਂਟਰੀ ਕਰਦੇ ਨੂੰ ਦੋ ਸਕੂਟਰ ਤੇ ਲੱਖਾਂ ਰੁਪਿਆਂ ਦੇ ਇਨਾਮ ਮਿਲੇ। ਵਿਚੇ ਮੁੰਦਰੀਆਂ, ਚੇਨੀਆਂ ਤੇ ਜੰਜੀਰੀਆਂ। ਪਹਿਲਾਂ ਬੱਸਾਂ 'ਤੇ, ਫਿਰ ਸਕੂਟਰ 'ਤੇ, ਫਿਰ ਕਾਰ ਉਤੇ ਚੜ੍ਹ ਕੇ ਉਹ ਕਬੱਡੀ ਦੀ ਕੁਮੈਂਟਰੀ ਕਰਨ ਜਾਣ ਲੱਗਾ। ਕਦੇ ਢੁੱਡੀਕੇ, ਕਦੇ ਕਿਲਾ ਰਾਏਪੁਰ, ਕਦੇ ਕਮਾਲਪੁਰੇ, ਕਦੇ ਭਦੌੜ, ਕਦੇ ਕਿਤੇ, ਕਦੇ ਕਿਤੇ। ਪ੍ਰੇਮ ਪਿਆਰ ਦਾ ਉਹ ਬੱਧਾ ਪ੍ਰੀਤਮ ਸਿੰਘ ਗਰੇਵਾਲ ਤੇ ਬਿੰਦਰ ਗਰੇਵਾਲ ਦੇ ਪਿੰਡ ਬੀਲ੍ਹੇ ਦੀ ਖੇਡ 'ਤੇ ਮੇਰੇ ਤੇ ਮੱਖਣ ਸਿੰਘ ਨਾਲ ਹਰ ਸਾਲ ਜਾਂਦਾ। ਨੌਕਰੀ ਕਰਨ ਦੇ ਨਾਲ-ਨਾਲ ਸਾਲ 'ਚ ਤੀਹ ਚਾਲੀ ਟੂਰਨਾਮੈਂਟ ਵੀ ਭੁਗਤਾ ਲੈਂਦਾ।

ਮੈਨੂੰ ਯਾਦ ਆ ਰਿਹੈ, ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਕੱਲਰਾਂ ਦੀ ਖੇਡ ਤੋਂ ਅਤਿ ਮਹਿੰਗੇ ਇਨਡੋਰ ਸਟੇਡੀਅਮ ਸਕਾਈਡੋਮ ਵਿਚ ਪੁੱਜਣਾ। ਮੈਂ ਤੇ ਕਬੱਡੀ ਕੁਮੈਂਟੇਟਰ ਦਾਰਾ ਸਿੰਘ ਗਰੇਵਾਲ ਸਕਾਈਡੋਮ ਦੇ ਨਵੇਂ ਨਾਂ ਰੌਜਰਜ਼ ਸੈਂਟਰ ਪੁੱਜੇ ਤਾਂ ਦੂਰੋਂ ਹੀ ਦਰਸ਼ਨ ਬੜੀ ਦੇ ਬੋਲ ਕੰਨੀਂ ਪਏ। ਅਸੀਂ ਨਜ਼ਰਾਂ ਮਿਲਾਈਆਂ ਕਿ ਇਹ ਕਿਧਰੋਂ ਆ ਨਿਕਲਿਆ? ਜੱਫੀਆਂ ਪਾ ਕੇ ਮਿਲੇ ਤੇ ਦਾਰੇ ਗਰੇਵਾਲ ਨਾਲ ਉਹਦੀ ਕੁਮੈਂਟਰੀ ਨੇ ਗੁਰਪ੍ਰੀਤ ਘੁੱਗੀ ਦੀ ਕਾਮੇਡੀ ਵਾਂਗ ਧੰਨ ਧੰਨ ਕਰਵਾ ਦਿੱਤੀ। ਉਹ ਕਬੱਡੀ ਮੈਚਾਂ ਦੀ ਕੁਮੈਂਟਰੀ ਕਰਨ ਕੈਨੇਡਾ ਹੀ ਨਹੀਂ ਆਸਟ੍ਰੇਲੀਆ ਵੀ ਜਾਂਦਾ ਰਿਹਾ। ਇਕ ਵਾਰ ਅਸੀਂ ਕਿਲਾ ਰਾਏਪੁਰ ਦੀਆਂ ਖੇਡਾਂ 'ਚ 'ਕੱਠੇ ਹੋਏ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੁੱਖ ਮਹਿਮਾਨ ਵਜੋਂ ਆਏ। ਮੈਂ ਟੂਰਨਾਮੈਂਟ ਦੇ ਸਕੱਤਰ ਪਰਮਜੀਤ ਗਰੇਵਾਲ ਨੂੰ ਕਿਹਾ, ਮੈਨੂੰ ਕਿਸੇ ਵਿਸ਼ੇਸ਼ ਵਿਅਕਤੀ ਦੀ ਆਉਭਗਤ ਕਰਨ ਦਾ ਉਹ ਰੰਗ ਨਹੀਂ ਬੰਨ੍ਹਣਾ ਆਉਂਦਾ, ਜੋ ਬੜੀ ਬੰਨ੍ਹ ਸਕਦੈ। ਬੜੀ ਨੇ ਫਿਰ ਰੰਗ ਬੰਨ੍ਹਣ ਦੀਆਂ ਲਹਿਰਾਂ ਹੀ ਲਾ ਦਿੱਤੀਆਂ, ਜਿਸ ਨਾਲ ਬਾਦਲ ਸਾਹਿਬ ਨੇ ਗਰਾਂਟਾਂ ਦੇ ਗੱਫੇ ਦੂੱਗਣੇ ਐਲਾਨ ਦਿੱਤੇ!

2010 ਵਿਚ ਪੰਜਾਬ ਸਰਕਾਰ ਨੇ ਕਬੱਡੀ ਦਾ ਵਰਲਡ ਕੱਪ ਕਰਵਾਇਆ। ਖੇਡ ਵਿਭਾਗ ਪੰਜਾਬ ਦੇ ਡਾਇਰੈਕਟਰ ਪਰਗਟ ਸਿੰਘ ਨੇ ਮੈਨੂੰ ਵੀ ਕੱਪ ਨਾਲ ਜੋੜ ਲਿਆ। ਮੇਰੀ ਡਿਊਟੀ ਕੁਮੈਂਟੇਟਰੀ ਨਾਲ ਕੁਮੈਂਟੇਟਰਾਂ ਦੇ ਕੋਆਰਡੀਨੇਟਰ ਦੀ ਲੱਗੀ। ਮੈਂ ਮੱਖਣ ਸਿੰਘ ਨਾਲ ਡਾ. ਦਰਸ਼ਨ ਬੜੀ ਨੂੰ ਵੀ ਜੋੜ ਲਿਆ। ਉਦਘਾਟਨ ਯਾਦਵਿੰਦਰਾ ਸਟੇਡੀਅਮ ਪਟਿਆਲੇ ਹੋਇਆ, ਜਿਥੇ ਉਹ ਝੱਗਾ ਲਾ ਕੇ ਬੋਲਿਆ। ਫਿਰ ਲੁਧਿਆਣੇ ਗੁਰੂ ਨਾਨਕ ਸਟੇਡੀਅਮ ਵਿਚ ਭਾਰਤ-ਪਾਕਿਸਤਾਨ ਦੇ ਫਾਈਨਲ ਮੈਚ 'ਚ ਝੰਡੇ ਗੱਡੇ। ਉਥੇ ਉਹਦੇ ਬੋਲ ਉਹਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੇ ਸੁਣੇ ਤਾਂ ਡਾ. ਬੜੀ ਨੂੰ ਤਰੱਕੀ ਦੇਣ ਦਾ ਖਿਆਲ ਆਇਆ। ਕੁਝ ਸਾਲ ਪਹਿਲਾਂ ਮੈਨੂੰ ਉਸ ਯੂਨੀਵਰਸਿਟੀ ਦੀ ਪਹਿਲੀ ਅਥਲੈਟਿਕਸ ਮੀਟ ਦੇ ਇਨਾਮ ਵੰਡ ਸਮਾਗਮ ਦਾ ਮੁੱਖ ਮਹਿਮਾਨ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਸਟੇਜ ਤੋਂ ਬੋਲਦਿਆਂ ਮੈਂ ਕਿਹਾ ਸੀ, "ਵਾਈਸ ਚਾਂਸਲਰ ਸਾਹਿਬ, ਤੁਹਾਡੇ ਕੋਲ ਆਹ ਜਿਹੜਾ ਫੱਕਰਾਂ ਵਰਗਾ ਬੰਦਾ ਹੈ ਨਾ, ਇਹ ਪੰਜਾਬੀ ਸਭਿਆਚਾਰ ਦਾ ਹੀਰਾ ਹੈ। ਇਹਨੂੰ ਸਭਿਆਚਾਰਕ ਸਰਗਰਮੀਆਂ ਦਾ ਡਾਇਰੈਟਰ ਬਣਾ ਸਕੋ ਤਾਂ ਤੁਹਾਡੀ ਯੂਨੀਵਰਸਿਟੀ ਦਾ ਨਾਂ ਸੱਤ ਸਮੁੰਦਰਾਂ ਤੋਂ

*(ਬਾਕੀ ਅਗਲੇ ਸਫੇ 'ਤੇ)*

# ਪੰਜਾਬ ਤੋਂ ਕੈਨੇਡਾ ਤੱਕ-ਕਬੱਡੀ ਖਿਡਾਰੀ ਜਰਮਨ ਚਾਹਲ






ਕਰਤਾਰਪੁਰ ਲਾਗੇ ਪੈਂਦੇ ਪਿੰਡ ਸੱਘਵਾਲ ਨੇ ਤਕੜੇ ਮੱਲਾਂ ਤੇ ਕੋਚਾਂ ਨੂੰ ਜਨਮ ਦਿੱਤਾ। ਜਗੀਰ ਸਿੰਘ ਜਗੀਰੀ, ਮਹਿੰਦਰ ਸਿੰਘ ਮਿੰਦੀ, ਭਜਨ ਸਿੰਘ, ਸੁਖਵੀਰ ਸਿੰਘ, ਦਲਵੀਰ ਸਿੰਘ, ਬਲਵੀਰ ਸਿੰਘ ਸ਼ੀਰੀ ਅਤੇ ਸ਼ੀਰੀ ਦੇ ਬੇਟੇ ਪਰਮ ਢੇਸੀ ਤੇ ਅਮਰ ਢੇਸੀ ਜਿਹੇ ਪਹਿਲਵਾਨਾਂ ਦਾ ਪਿੰਡ ਹੈ ਇਹ। ਕੈਲੀਫੋਰਨੀਆ ਰਹਿੰਦੇ ਸੁਖਵੀਰ ਪਹਿਲਵਾਨ ਦੇ ਬੇਟਾ ਤੇ ਬੇਟੀ ਸਕੂਲਾਂ ਤੇ ਕਾਲਜਾਂ ਦੇ ਵਧੀਆ ਪਹਿਲਵਾਨ ਹਨ। ਜਰਮਨ ਚਾਹਲ ਵੀ ਇਸੇ ਪਿੰਡ ਦਾ ਜੰਮਪਲ ਹੈ, ਜਿਸ ਨੇ ਕਬੱਡੀ ਖੇਡੀ ਤੇ ਪਹਿਲਵਾਨੀ ਕੀਤੀ। ਜਰਮਨ ਦਾ ਇਹ ਸ਼ੌਕ ਸਕੂਲਾਂ



ਤੋਂ ਸ਼ੁਰੂ ਹੋ ਕੇ ਕਾਲਜਾਂ ਤੱਕ ਅੱਪੜਿਆ। ਗੜ੍ਹਦੀਵਾਲਾ, ਕਾਂਗੜਾ, ਪੰਜਾਬ ਅਤੇ ਹੋਰ ਪਿੰਡਾਂ ਦੇ ਆਲੇ-ਦੁਆਲੇ ਮੈਚ ਖੇਡੇ ਤੇ ਕੁਸ਼ਤੀਆਂ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਕੀਤੀਆਂ। ਕੁਸ਼ਤੀਆਂ ਕਰਦਾ ਤੇ ਕਬੱਡੀ ਖੇਡਦਾ ਪੱਕੇ ਤੌਰ 'ਤੇ ਕੈਨੇਡਾ ਰਹਿੰਦੇ ਵੱਡੇ ਭਾਈ ਨਰਿੰਦਰ ਸਿੰਘ ਦੇ ਸੱਦੇ ਉਤੇ ਪੱਕੇ ਤੌਰ 'ਤੇ ਪਰਿਵਾਰ ਸਮੇਤ ਕੈਨੇਡਾ ਚਲੇ ਗਿਆ।

1991 'ਚ ਜਰਮਨ ਨੇ ਕੈਨੇਡਾ ਦੀ ਧਰਤੀ ਟੋਰਾਂਟੋਂ ਨੂੰ ਜਾ ਸਲਾਮ ਕੀਤਾ। ਪੰਜਾਬ ਦੀਆਂ ਖੇਡਾਂ ਦਾ ਸ਼ੌਕ ਬਰਕਰਾਰ ਰੱਖਿਆ। 1991 'ਚ ਕੈਨੇਡਾ ਕਬੱਡੀ-ਕੱਪ ਦੀ ਸ਼ੁਰੂਆਤ ਹੋਈ ਸੀ ਤੇ ਜਰਮਨ ਨੇ ਉਹ ਪਹਿਲਾ ਕਬੱਡੀ ਕੱਪ ਖੇਡਿਆ। ਖੇਡਾਂ ਦੇ ਸ਼ੌਕੀਨ ਟੋਰਾਂਟੋ ਪੰਜਾਬੀਆਂ ਵਲੋਂ ਸਥਾਪਤ 'ਮੈਟਰੋ ਪੰਜਾਬੀ ਸਪੋਰਟਸ ਕਲੱਬ' ਵਲੋਂ ਨਰਿੰਦਰ ਸਿੰਘ ਵੱਡਾ ਭਰਾ ਖੇਡਦਾ ਸੀ। ਫਿਰ ਜਰਮਨ ਨੇ ਵੀ ਉਸੇ ਕਲੱਬ ਵਲੋਂ ਖੇਡਣਾ ਸ਼ੁਰੂ ਕੀਤਾ। ਛੋਟਾ ਜਰਮਨ ਖੇਡਣ ਲੱਗਾ ਤਾਂ ਵੱਡਾ ਨਰਿੰਦਰ ਖੇਡਣੋਂ ਹੱਟ ਗਿਆ, ਕਿਉਂਕਿ ਘਰੇਲੂ ਖੇਡਾਂ ਦੀ ਕਮਾਂਡ ਹੁਣ ਜਰਮਨ ਨੇ ਸੰਭਾਲ ਲਈ ਸੀ। ਕਲੱਬ ਵਲੋਂ ਖੇਡਦਿਆਂ ਜਰਮਨ ਨੇ ਵੱਖੋ ਵੱਖਰੀਆਂ ਕਲੱਬਾਂ ਅਤੇ ਵੱਖ ਵੱਖ ਮੁਲਕਾਂ ਦੇ ਨਾਮਵਰ ਧਾਵੀ ਰੋਕੇ। ਸੰਨ 1991 ਤੋਂ 1996 ਤੱਕ 5 ਸਾਲ ਉਹ ਕਲੱਬ ਵਲੋਂ ਖੇਡਿਆ।

1994 'ਚ ਕੁਲਵੰਤ ਸਿੰਘ ਲੱਛਰ ਤੇ ਭਰਾਵਾਂ ਵਲੋਂ ਕਰਾਏ ਜਾਂਦੇ ਫਰਿਜ਼ਨੋ (ਕੈਲੀਫੋਰਨੀਆ) 'ਚ ਤਕੜੇ ਧਾਵੀ ਗੁਰਦਾਸਪੁਰੀਏ ਸੱਬੇ ਨੂੰ ਰੋਕਿਆ। ਮਾਲਟਿਨ ਵਾਲਾ ਬਲਵੀਰ ਜਾਫੀ ਨਾਲ ਸੀ। ਜਰਮਨ ਨੇ ਸੱਬਾ ਰੋਕਿਆ ਤੇ ਬਲਵੀਰ ਨੇ ਫਿੱਡੂ ਡੱਕਿਆ ਸੀ। ਯਾਦਗਾਰੀ ਸੀ, ਉਹ ਮੈਚ। ਕਬੱਡੀ ਦੇ ਪ੍ਰਸਿੱਧ ਪ੍ਰੋਮੋਟਰ ਬਾਬਾ ਜੌਹਨ ਸਿੰਘ ਗਿੱਲ ਦੇ ਨਿੱਘੇ ਸੱਦੇ 'ਤੇ ਉਹ ਕੈਲੀਫੋਰਨੀਆ ਖੇਡਣ ਗਏ ਸਨ। ਜੌਹਨ ਗਿੱਲ ਕਦੇ ਬੰਗਿਆਂ 'ਚ ਘੁੰਮਦੇ ਸੋਹਣੇ ਸੁਨੱਖੇ ਮੁੰਡਿਆਂ 'ਚੋਂ ਇਕ ਹੁੰਦਾ ਸੀ।

ਕਬੱਡੀ ਛੱਡਣ ਤੋਂ ਬਾਅਦ ਵੀ ਵੱਡਾ ਭਾਈ ਨਰਿੰਦਰ ਸਿੰਘ ਕਬੱਡੀ ਨਾਲ ਜੁੜਿਆ ਰਿਹਾ ਤੇ ਖੇਡਾਂ 'ਚ ਸ਼ੌਕ ਰੱਖਣ ਵਾਲੇ ਹੋਰ ਸਾਥੀਆਂ ਨੂੰ ਸਹਿਯੋਗ ਦਿੰਦਾ ਰਿਹਾ। ਸਾਥੀਆਂ ਵਲੋਂ 2007 ਤੋਂ 2009 ਤੱਕ 'ਓਂਟਾਰਿਓ ਕਬੱਡੀ ਫੈਡਰੇਸ਼ਨ' ਦੇ ਮੁੱਖ ਸੇਵਾਦਾਰ ਵਜੋਂ 2 ਸਾਲ ਪੂਰੀ ਤਨਦੇਹੀ ਨਾਲ ਸੇਵਾ ਨਿਭਾਈ। ਉਹ ਕਬੱਡੀ ਵਿਚੋਂ ਨਸ਼ੇ ਦਾ ਖਾਤਮਾ ਕਰਨਾ ਚਾਹੁੰਦਾ ਸੀ। ਕਬੱਡੀ ਨੂੰ ਨਸ਼ਾ-ਮੁਕਤ ਕਰਨ ਦੇ ਵਧੀਆ ਉਪਰਾਲੇ ਕੀਤੇ। ਕਾਫੀ ਹੱਦ ਤੱਕ ਉਹ ਕਾਮਯਾਬ ਹੋਇਆ ਵੀ।

ਉਨ੍ਹਾਂ ਦਾ ਛੋਟਾ ਭਰਾ ਨੇਕਾ ਵੀ ਸੋਹਣੀ ਕਬੱਡੀ ਖੇਡਦਾ ਰਿਹੈ। 1988 'ਚ ਸੱਜੀ ਬਾਂਹ 'ਤੇ ਸੱਟ ਲੱਗਣ ਦੇ ਬਾਵਜੂਦ ਉਹ ਖੇਡਦਾ ਰਿਹੈ। ਟੋਰਾਂਟੋ ਆ ਕੇ ਵੀ ਖੇਡਿਆ। ਹੁਣ ਉਹ ਟੈਕਸੀ ਬਿਜਨਸ ਸੰਭਾਲ ਰਿਹੈ। ਜਰਮਨ ਟਰੱਕ ਚਲਾਉਣ ਦੇ ਨਾਲ ਨਾਲ ਛੋਟੇ ਭਾਈ ਨਾਲ ਟੈਕਸੀ ਬਿਜਨਸ ਵਿਚ ਵੀ ਹੱਥ ਵਟਾ ਰਿਹੈ।

ਜਰਮਨ ਪੁਰਾਣੀ ਖੇਡ-ਜ਼ਿੰਦਗੀ ਨਹੀਂ ਭੁੱਲਦਾ। ਜਿਸ ਮਿੱਟੀ ਵਿਚ ਪਹਿਲਵਾਨੀ ਕੀਤੀ ਤੇ ਕਬੱਡੀ ਖੇਡੀ, ਉਸੇ ਪਿੰਡ ਦੀ ਮਿੱਟੀ ਨਾਲ ਹਮੇਸ਼ਾ ਜੁੜਿਆ ਰਹਿੰਦੈ। ਸੱਤਵੀਂ ਕਲਾਸ 'ਚ ਪੜ੍ਹਦੇ ਨੇ 36 ਕਿਲੋਗ੍ਰਾਮ ਤੋਂ ਕਬੱਡੀ ਖੇਡਣੀ ਸ਼ੁਰੂ ਕੀਤੀ ਸੀ। ਆਪਣੀ ਗੇਮ ਤੇ ਮਿਹਨਤ ਨਾਲ ਵੱਖੋ ਵੱਖ ਭਾਰ ਦੀਆਂ ਏ. ਬੀ. ਸੀ. ਤਿੰਨ-ਤਿੰਨ ਟੀਮਾਂ 62 ਤੇ 65 ਕਿਲੋਗ੍ਰਾਮ ਅਤੇ ਓਪਨ ਵਿਚ ਖੇਡਿਆ। ਰਹੀਮਪੁਰ, ਖੈਰਾ-ਮਾਝਾ, ਵਡਾਲਾ ਫਾਟਕ, ਪਾਸਲਾ, ਮੁਠੱਡਾ ਤੇ ਹੋਰ ਪਿੰਡਾਂ 'ਚ ਮੈਚ ਖੇਡਦਾ ਰਿਹੈ।

1980 'ਚ ਗੁਆਂਢੀ ਪਿੰਡ ਨੌਗੱਜੇ ਟੂਰਨਾਮੈਂਟਾਂ ਵਿਚ ਪੱਤੜੀਏ ਬੋਲੇ ਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਜ਼ਬਰਦਸਤ ਖਿਡਾਰੀ ਹੋਣ ਕਰਕੇ ਬੋਲਾ ਨਾ ਰੁਕਿਆ। ਇਕ ਵਾਰ ਕਿਸੇ ਪਿੰਡ ਦੀ ਟੀਮ ਉਨ੍ਹਾਂ ਨੂੰ ਜਿੱਤ ਗਈ। ਵੱਡਾ ਭਾਈ ਨਰਿੰਦਰ ਸਿੰਘ ਵੀ ਜਦੋਂ ਨੂੰ ਕੈਨੇਡਾ ਤੋਂ ਵਾਪਸ ਆ ਗਿਆ ਸੀ। ਫਿਰ ਉਨ੍ਹਾਂ ਉਸੇ ਟੀਮ ਨੂੰ ਜਾ ਹਰਾਇਆ। ਇਹ ਗੱਲ 1988-89 ਦੀ ਹੈ। ਫਾਈਨਲ ਮੈਚ ਮੁਠੱਡਿਆਂ ਤੇ ਸੱਘਵਾਲ ਵਿਚਕਾਰ ਹੋਇਆ ਸੀ। ਜਰਮਨ ਦੇ ਨਾਲ ਲਹਿੰਬਰ ਲੰਬੜ (ਕੈਲੀਫੋਰਨੀਆ), ਨਰਿੰਦਰ, ਜੱਸਾ, ਜੱਗਾ ਨਿਊ ਯਾਰਕ, ਪੱਪੂ, ਬਲਵੀਰ ਸਿੰਘ ਵੀਰ੍ਹਾ ਯੂ. ਕੇ., ਨੇਕਾ, ਸਰਬਣ, ਨਿੱਬਾ ਤੇ ਕੀਪਾ ਪਿੰਡ ਦੇ ਖਿਡਾਰੀ ਹੁੰਦੇ ਸਨ। ਸ਼ਕਤੀਮਾਨ (ਪੱਪੂ ਦਾ ਬੇਟਾ) ਉਠ ਰਿਹਾ ਵਧੀਆ ਖਿਡਾਰੀ ਹੈ।

ਪਹਿਲਵਾਨੀਂ ਲਈ ਉਹ ਆਪਣੇ ਪਿੰਡ ਦੇ ਪ੍ਰਸਿੱਧ ਪਹਿਲਵਾਨ ਤੇ ਕੋਚ ਜਗੀਰ ਸਿੰਘ ਅਤੇ ਉਹਦੇ ਪਹਿਲਵਾਨ ਭਰਾ ਮਹਿੰਦਰ ਸਿੰਘ ਮਿੰਦੀ ਦਾ ਆਸ਼ੀਰਵਾਦ ਤੇ ਥਾਪੜਾ ਸਮਝਦੈ। ਉਨ੍ਹਾਂ ਦੇ ਖੂਹ 'ਤੇ ਬਣੇ ਅਖਾੜੇ 'ਚ ਉਨ੍ਹਾਂ ਦੀ ਦੇਖ-ਰੇਖ ਹੇਠ ਪਹਿਲਵਾਨੀ ਸ਼ੁਰੂ ਕੀਤੀ। ਆਲੇ-ਦੁਆਲੇ ਪਿੰਡਾਂ ਦੇ ਹੋਰ ਵੀ ਕਈ ਪਹਿਲਵਾਨ ਜ਼ੋਰ ਕਰਨ ਆਉਂਦੇ ਸਨ। ਕੋਚ ਸਰਦੂਲ ਸਿੰਘ ਵੀ ਹਮੇਸ਼ਾ ਯਾਦ ਨੇ, ਜਿਨ੍ਹਾਂ ਕਬੱਡੀ ਤੇ ਪਹਿਲਵਾਨ ਬਣਾਉਣ 'ਚ ਮੁੱਖ ਭੂਮਿਕਾ ਨਿਭਾਈ।

ਚੰਡੀਗੜ੍ਹ ਕੋਲ ਪੈਂਦੇ ਕਸਬੇ ਖਰੜ 'ਚ ਪੰਜਾਬ ਕੁਸ਼ਤੀ ਚੈਂਪੀਅਨਸ਼ਿਪ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਘਰ ਦੇ ਹਾਲਾਤ ਦਰਮਿਆਨੇ ਹੋਣ ਕਰਕੇ ਪਰਿਵਾਰ ਵਾਲੇ ਨਹੀਂ ਸਨ ਚਾਹੁੰਦੇ, ਪਹਿਲਵਾਨੀਂ ਕਰੇ। ਫਿਰ ਉਹਦੀਆਂ ਪ੍ਰਾਪਤੀਆਂ ਵੇਖ ਪਿਤਾ ਨੇ ਇਕ ਹੋਰ ਮੱਝ ਕੀਲੇ ਲਿਆ ਬੰਨ੍ਹੀਂ। ਖੁਰਾਕ ਵੀ ਆਮ ਮੱਖਣ, ਦੁੱਧ, ਘਿਉ, ਕਦੇ ਮੀਟ। ਸ਼ਰਾਬ ਨੂੰ ਕਦੇ ਮੂੰਹ ਨਹੀਂ ਸੀ ਲਾਇਆ। ਨਸ਼ਿਆਂ ਤੋਂ ਸਦਾ ਦੂਰ ਰਿਹਾ।

ਉਹ ਦੋਆਬਾ ਕਾਲਜ ਪੜ੍ਹਿਆ। ਘਰਦਿਆਂ ਦੀ ਹੱਲਾਸ਼ੇਰੀ ਨਾਲ ਕਬੱਡੀ ਖੇਡਦਾ ਗਿਆ ਤੇ ਪਹਿਲਵਾਨੀ ਕਰਦਾ ਗਿਆ। ਗੋਗੀ ਤੇ ਜੱਗੀ ਕਬੱਡੀ ਦੇ ਪ੍ਰਸਿੱਧ ਕੋਚ ਤੇ ਦੋਵੇਂ ਦੋਸਤ ਹੋਣ ਕਰਕੇ ਜੱਗੀ ਉਹਨੂੰ ਦੋਆਬੇ ਕਾਲਜ ਤੋਂ ਗੜ੍ਹਦੀਵਾਲੇ ਕਾਲਜ ਲੈ ਗਿਆ। ਜਰਮਨ, ਲਹਿੰਬਰ ਲੰਬੜ, ਵੀਰਾ, ਜੱਸਾ ਤੇ ਦੇਵ ਖਿਡਾਰੀਆਂ ਨੇ ਪੜ੍ਹਾਈ ਕੀਤੀ ਤੇ ਕਾਲਜ ਵਲੋਂ ਮੈਚ ਖੇਡੇ। ਗੜ੍ਹਦੀਵਾਲੇ ਮੈਚਾਂ 'ਚ ਵਿਰੋਧੀ ਟੀਮ 'ਚ ਸੁਰਖਪੁਰੀਆ ਮੰਗੀ ਖੇਡਿਆ। ਕਬੱਡੀ ਵਿਚ ਮੰਗੀ ਦਾ ਉਸ ਵੇਲੇ ਪੂਰਾ ਨਾਂ ਸੀ। ਜਰਮਨ ਦੀ ਗੇਮ ਵੀ ਪੂਰੇ ਜੋਬਨ 'ਤੇ ਸੀ। ਸਾਹ ਆਏ ਮੰਗੀ ਨੂੰ ਬੜੇ ਤਰੀਕੇ ਤੇ ਫੁਰਤੀ ਨਾਲ ਰੋਕਿਆ। ਤਕੜੇ ਖਿਡਾਰੀ ਨੂੰ ਰੋਕਣਾ ਵੱਡੀ ਗੱਲ ਸੀ। ਪਹਿਲੀ ਵਾਰ ਤਕੜੇ ਰੇਡਰ ਨੂੰ ਰੋਕਣ ਲਈ ਮਹਿਲ ਕਲਾਂ ਵਿਖੇ 100 ਰੁਪਏ ਦਾ ਇਨਾਮ ਮਿਲਿਆ ਸੀ। ਦੂਜੀ ਵਾਰ ਮੰਗੀ ਨੂੰ ਰੋਕਣ ਲਈ ਇਨਾਮ ਵਜੋਂ 100 ਰੁਪਏ ਮਿਲੇ ਸਨ। 100 ਰੁਪਏ ਦਾ ਇਨਾਮ ਉਨ੍ਹਾਂ ਵੇਲਿਆਂ 'ਚ ਵੱਡੀ ਗੱਲ ਹੁੰਦੀ ਸੀ।

ਉਹ ਕੁਲਦੀਪ ਮੱਲ੍ਹੇ ਦੀ ਗੇਮ ਤੋਂ ਬੜਾ ਪ੍ਰਭਾਵਿਤ ਸੀ। ਉਸ ਨੂੰ ਤਕੜਾ ਖਿਡਾਰੀ ਤੇ ਵਧੀਆ ਇਨਸਾਨ ਮੰਨਿਆ। ਜਰਮਨ ਹੁਣੀਂ ਇਕ ਵਾਰ ਮੰਢਾਲੀ (ਫਗਵਾੜੇ ਲਾਗੇ) ਮੈਚ ਖੇਡ ਕੇ ਤਿੰਨ ਜਣੇ ਬੁਲੇਟ ਮੋਟਰ-ਸਾਇਕਲ 'ਤੇ ਪਿੰਡ ਨੂੰ ਜਾ ਰਹੇ ਸਨ। ਤਿੰਨ ਬੈਠਣ ਕਰਕੇ ਉਨ੍ਹਾਂ ਨੂੰ ਫਗਵਾੜੇ ਪੁਲਿਸ ਨਾਕੇ 'ਤੇ ਰੋਕ ਲਿਆ। ਪੁਲਿਸ ਵਾਲੇ ਛੱਡਣ ਨਾ ਕਿ ਤੁਸੀਂ ਕੌਣ ਓ...? ਕਿਥੋਂ ਆਏ ਓ...? ਤਰ੍ਹਾਂ ਤਰ੍ਹਾਂ ਦੇ ਕਈ ਸਵਾਲ ਕੀਤੇ। ਬਥੇਰਾ ਦੱਸਿਆ ਕਿ ਉਹ ਕਬੱਡੀ ਖਿਡਾਰੀ ਨੇ, ਮੰਢਾਲੀ ਤੋਂ ਮੈਚ ਖੇਡ ਕੇ ਆਏ ਨੇ, ਪਰ ਕਿਥੇ? ਅਚਾਨਕ ਜਦੋਂ ਨੂੰ ਕੁਲਦੀਪ ਮੱਲ੍ਹਾ ਕਿਤੋਂ ਆ ਗਿਆ। ਉਹਦੇ ਕਹਿਣ 'ਤੇ ਫਿਰ ਉਨ੍ਹਾਂ ਦੀ ਖਲਾਸੀ ਹੋਈ।

ਜ਼ੋਰ ਜੁਆਨੀ ਦੇ ਦਿਨਾਂ 'ਚ ਜਰਮਨ ਨੇ ਦੋ ਵਾਰ ਸੱਬਾ ਵੱਖੋ ਵੱਖਰੇ ਮੈਚਾਂ 'ਚ ਬੜੇ ਜ਼ੋਰ ਨਾਲ ਰੋਕਿਆ। ਇਕ ਵਾਰ ਗੁਰਦਾਸਪੁਰ 'ਚ ਬੱਬੇਹਾਲੀ ਤੇ ਦੂਜੀ ਵਾਰ 1994 'ਚ ਕੈਲੀਫੋਰਨੀਆ। ਗੜ੍ਹਦੀਵਾਲੇ ਸੁਰਖਪੁਰ ਵਾਲੇ ਮੰਗੀ ਨੂੰ ਰੋਕਣਾ ਤੇ ਖਰੜ ਤੋਂ ਪੰਜਾਬ ਕੁਸ਼ਤੀ ਚੈਂਪੀਅਨਸ਼ਿਪ ਜਿੱਤਣੀ ਉਹਦੇ ਖੇਡ-ਜੀਵਨ ਦਾ ਇਤਿਹਾਸਕ ਪੰਨਾ ਹੈ। ਗੜ੍ਹਦੀਵਾਲ ਟੂਰਨਾਮੈਂਟਾਂ 'ਤੇ ਜੱਗੇ ਤੇ ਦੇਵ ਨੇ ਮੰਗੀ ਦੇ ਬਰਾਬਰ ਰੇਡਾਂ ਪਾਈਆਂ।

ਪਿਤਾ (ਸਵਰਗੀ) ਬਖਸ਼ੀਸ਼ ਸਿੰਘ ਤੇ ਮਾਤਾ ਗਿਆਨ ਕੌਰ ਦਾ ਬੀਬਾ ਕਮਾਊ ਖਿਡਾਰੀ ਪੁੱਤ ਅੱਜ ਕੱਲ੍ਹ ਟੋਰਾਂਟੋ 'ਚ ਆਪਣਾ ਕੰਮਕਾਰ ਸੰਭਾਲ ਰਿਹੈ ਤੇ ਖੇਡ-ਮੇਲਿਆਂ ਦਾ ਅਨੰਦ ਮਾਣ ਰਿਹੈ। ਚੌਥਾ ਭਰਾ ਜਸਵੰਤ ਸਿੰਘ ਬਿੱਲਾ ਪਿੰਡ ਖੇਤੀਬਾੜੀ ਸੰਭਾਲ ਰਿਹੈ। ਜਰਮਨ ਪਿੰਡ ਦੀਆਂ ਖੇਡਾਂ ਜਾਂ ਹੋਰ ਵਿਕਾਸ ਕੰਮਾਂ 'ਚ ਹਮੇਸ਼ਾ ਵੱਧ ਚੜ੍ਹ ਕੇ ਹਿੱਸਾ ਪਾਉਂਦੈ। ਪਿੰਡ ਤੇ ਇਲਾਕੇ ਨਾਲ ਬੜਾ ਮੋਹ ਰੱਖਦੈ। ਜਿਸ ਬੁਲੇਟ (ਮੋਟਰ-ਸਾਇਕਲ) 'ਤੇ ਪਤਾ ਨਹੀਂ ਪੰਜਾਬ ਦੇ ਕਿੰਨੇ ਕੁ ਪਿੰਡ ਘੁੰਮੇ ਤੇ ਕਿੰਨੇ ਕੁ ਪਿੰਡਾਂ 'ਚ ਮੈਚ ਖੇਡਣ ਜਾਂਦਾ ਰਿਹੈ, ਯਾਦਾਂ ਨਾਲ ਲਿਪਟਿਆ ਉਹ ਬੁਲੇਟ 1972 ਤੋਂ ਅੱਜ ਤੱਕ ਸਾਂਭ ਕੇ ਰੱਖਿਆ ਹੋਇਐ। ਜਦੋਂ ਵੀ ਪਿੰਡ ਗੇੜਾ ਵੱਜਦਾ, ਉਹਦੀ ਸਵਾਰੀ ਜਰੂਰ ਕਰਦੈ।

ਕੋਚਾਂ ਦੇ ਥਾਪੜੇ ਤੇ ਹੌਸਲੇ ਨਾਲ
ਜਰਮਨ 'ਖਾੜਿਆਂ 'ਚ ਜਾਣ ਲੱਗਾ।
ਕਬੱਡੀ ਵੀ ਖੇਡਦਾ ਰੂਹ ਨਾਲ
ਨਾਂ ਪਿੰਡ ਦਾ ਰੁਸ਼ਨਾਉਣ ਲੱਗਾ।
ਬਲਿਹਾਰੇ ਲਿਖਣ ਦੇ 'ਇਕਬਾਲ ਸਿੰਹਾਂ'
ਗੂੜ੍ਹੀ ਪਛਾਣ ਪਿੰਡ ਦੀ ਬਣਾਉਣ ਲੱਗਾ।



*ਜਰਮਨ ਚਾਹਲ (ਬੈਠਿਆਂ 'ਚ ਸੱਜਿਓਂ ਦੂਜਾ) ਆਪਣੇ ਸਾਥੀ ਖਿਡਾਰੀਆਂ ਨਾਲ*

# ਖੇਡ ਮੇਲਿਆਂ ਦੀ ਸ਼ਾਨ ਸੀ ਦਰਸ਼ਨ ਬੜੀ

*(ਪਿਛਲੇ ਸਫੇ ਦੀ ਬਾਕੀ)*

ਪਾਰ ਜਾ ਸਕਦੈ।" ਇਸੇ ਗੇੜ ਵਿਚ ਉਹ ਕਲਰਕ ਤੋਂ ਵੈਲਫੇਅਰ ਆਫੀਸਰ ਬਣਿਆ, ਜਿਸ ਨੇ ਕਲਚਰਲ ਸਰਗਰਮੀਆਂ ਵਿਚ ਯੂਨੀਵਰਸਿਟੀ ਦਾ ਨਾਂ ਧੁੰਮਾਅ ਦਿੱਤਾ। ਉਹਦੀ ਸਿਫਤ ਵਿਚ ਅਨੇਕਾਂ ਪ੍ਰਸ਼ੰਸਕਾਂ ਨੇ ਕਲਮਾਂ ਵਾਹੀਆਂ, ਜੋ ਉਸ ਦੀ ਘਾਲ ਕਮਾਈ ਹੈ। ਗੁਰਭਜਨ ਗਿੱਲ ਤੋਂ ਲੈ ਕੇ ਸੁਰਜੀਤ ਪਾਤਰ ਨੇ ਉਹਦਾ ਜਸ ਗਾਇਆ। ਉਹ ਪੰਜਾਬੀ ਸਾਹਿਤ ਅਕਾਡਮੀ ਦਾ ਸੀਨੀਅਰ ਮੈਂਬਰ ਸੀ, ਜੀਹਨੇ ਅਕਾਦਮੀ ਦੀ ਬਣਦੀ ਸਰਦੀ ਸੇਵਾ ਕੀਤੀ।

ਆਸਟ੍ਰੇਲੀਆ ਤੋਂ ਕਬੱਡੀ ਕੁਮੈਂਟੇਟਰ ਕੁਲਵੰਤ ਬੁਢਲਾਡੇ ਨੇ ਉਹਦੇ ਬਾਰੇ ਬੜੀ ਭਾਵਪੂਰਤ ਪੋਸਟ ਭੇਜੀ, "ਖੇਡ ਮੈਦਾਨਾਂ ਵਿਚ ਧਰੂ ਤਾਰੇ ਵਾਂਗੂ ਚਮਕਣ ਵਾਲਾ ਦਰਸ਼ਨ ਬੜੀ ਇਸ ਰੰਗਲੀ ਦੁਨੀਆਂ ਤੋਂ ਰੁਖਸਤ ਹੋ ਗਿਆ ਤੇ ਪਿੱਛੇ ਛੱਡ ਗਿਆ ਆਪਣੀਆਂ ਮਿੱਠੀਆਂ ਪਿਆਰੀਆਂ ਯਾਦਾਂ। ਕਬੱਡੀ ਦੇ ਧਨੰਤਰ ਦੇਵੀ ਦਿਆਲ ਜੀ ਦੇ ਪਿੰਡੋਂ ਇਕ ਵਾਰ ਮੈਂ ਬੜੀ ਦੇ ਨਾਲ ਉਹਦੀ ਕਾਰ ਵਿਚ ਲੁਧਿਆਣੇ ਤਕ ਦਾ ਸਫਰ ਕੀਤਾ। ਬੜੀ ਨੇ ਆਪਣੇ ਘਰੋਂ ਮੈਨੂੰ ਬਲਿਹਾਰ ਰੰਧਾਵੇ ਦੀ ਕਿਤਾਬ 'ਕਬੱਡੀ ਦੇ ਅੰਗ-ਸੰਗ' ਭੇਟ ਕੀਤੀ, ਜੋ ਉਹਦੀ ਪ੍ਰੇਮ ਨਿਸ਼ਾਨੀ ਵਜੋਂ ਮੇਰੇ ਕੋਲ ਹੈ। ਕੁੱਬੇ, ਕੋਟ ਗੰਗੂ ਰਾਏ, ਗੁੱਜਰਵਾਲ, ਕਮਾਲਪੁਰੇ, ਕੋਟਲਾ ਸ਼ਾਹੀਆਂ ਅਤੇ ਕਈ ਹੋਰ ਟੂਰਨਾਮੈਂਟਾਂ ਤੇ ਅਸੀਂ ਕਈ ਸਾਲ 'ਕੱਠੇ ਹੁੰਦੇ ਰਹੇ। ਓਹਦੇ ਟੋਟਕੇ ਬੜੇ ਦਿਲਚਸਪ ਹੁੰਦੇ। ਜਲੰਧਰ ਦੂਰਦਰਸ਼ਨ 'ਤੇ ਉਹਦੇ ਅਕਸਰ ਦਰਸ਼ਨ ਹੋ ਜਾਂਦੇ, ਕਦੇ ਨਾਟਕ ਵਿਚ, ਕਦੇ ਸੀਰੀਅਲ ਵਿਚ। ਬਹੁਪੱਖੀ ਸ਼ਖਸੀਅਤ ਦਾ ਮਾਲਕ ਸੀ ਉਹ। ਵਾਜਪਾਈ ਦੀ ਸਰਕਾਰ ਵੇਲੇ ਲੁਧਿਆਣੇ ਹੋਈਆਂ ਨੈਸ਼ਨਲ ਖੇਡਾਂ ਵਿਚ ਉਸ ਨੇ ਵਿਸ਼ਵ ਪ੍ਰਸਿੱਧ ਕੁਮੈਂਟੇਟਰ ਜਸਦੇਵ ਸਿੰਘ ਨਾਲ ਮਿਲ ਕੇ ਕੁਮੈਂਟਰੀ ਕੀਤੀ। ਜਸਦੇਵ ਸਿੰਘ ਹਿੰਦੀ ਵਿਚ ਤੇ ਦਰਸ਼ਨ ਬੜੀ ਪੰਜਾਬੀ ਵਿਚ ਖੇਡਾਂ ਦਾ ਅੱਖੀਂ ਵੇਖਿਆ ਹਾਲ ਸੁਣਾ ਰਹੇ ਸਨ, ਜਿਹੜਾ ਦੂਰਦਰਸ਼ਨ ਦੇ ਜ਼ਰੀਏ ਸਾਰੇ ਦੇਸ਼ ਵਿਚ ਸੁਣਿਆ ਤੇ ਵੇਖਿਆ ਗਿਆ।

2018 ਵਿਚ ਉਹਦੇ ਨਾਲ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ 'ਚ ਸਿੱਖ ਗੇਮਾਂ 'ਤੇ ਫਿਰ ਮੇਲ ਹੋਇਆ। ਗਰਾਊਂਡ 'ਚ ਉਹ ਮੇਰੀ ਚਿੱਟੀ ਦਾੜ੍ਹੀ ਵੇਖ ਕੇ ਕਹਿੰਦਾ, ਸੁਣਾ ਤਾਇਆ ਕੀ ਹਾਲ ਐ? ਮੈਂ ਕਿਹਾ, ਵਧੀਆ ਐ ਚਾਚਾ, ਤੂੰ ਦੱਸ। ਕਹਿੰਦਾ, ਯਾਰ ਤੂੰ ਮੈਨੂੰ ਗੋਦ ਲੈ ਲੈ। ਮੈਂ ਕਿਹਾ, ਫੇਰ ਕਿਹੜਾ ਤੇਰਾ ਵਿਆਹ ਹੋ ਜੂ? ਰਹੇਂਗਾ ਤਾਂ ਛੜੇ ਦਾ ਛੜਾ। ਕੋਲ ਖੜ੍ਹਾ ਪ੍ਰਭਜੋਤ ਸੰਧੂ ਕਹਿੰਦਾ, ਛੜਾ ਨ੍ਹੀਂ, ਮੁਕਤਾ ਆਖੋ। ਮੈਂ ਉਹਨੂੰ ਪੁੱਛਿਆ, ਕੁਮੈਂਟਰੀ ਦੇ ਸਫਰ ਦੀਆਂ ਯਾਦਾਂ ਲਿਖਣੀਆਂ ਸ਼ੁਰੂ ਕੀਤੀਆਂ ਜਾਂ ਨਹੀਂ? ਕਹਿੰਦਾ ਸ਼ੁਰੂ ਕਰਕੇ ਫੇਰ ਬੰਦ ਕਰ ਦਿੱਤੀਆਂ। ਮੇਰੇ ਕਹਿਣ 'ਤੇ ਉਹ ਦੁਬਾਰਾ ਕਲਮ ਚੁੱਕਣ ਨੂੰ ਤਿਆਰ ਹੋ ਗਿਆ ਸੀ, ਪਰ ਪਤਾ ਨਹੀਂ ਕੋਈ ਯਾਦ ਲਿਖ ਗਿਆ ਜਾਂ ਅਧੂਰੀਆਂ ਹੀ ਛੱਡ ਗਿਆ!"

ਉਸ ਰੰਗਲੇ ਸੱਜਣ ਦੇ ਤੁਰ ਜਾਣ ਨਾਲ ਕਬੱਡੀ ਦੀ ਕੁਮੈਂਟਰੀ ਦਾ ਸਾਹਿਤਕ ਪੱਖ ਖੁਰ ਗਿਆ। ਪੰਜਾਬੀ ਦੇ ਹਰ ਵੱਡੇ ਸ਼ਾਇਰ ਦੀਆਂ ਕਵਿਤਾਵਾਂ ਉਹਦੀ ਕੁਮੈਂਟਰੀ ਦਾ ਅੰਗ ਬਣਦੀਆਂ ਰਹੀਆਂ:

ਮੈਂ ਪੰਜਾਬੀ ਪੰਜਾਬ ਦੇ ਰਹਿਣ ਵਾਲਾ ਹਾਂ
ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।
ਸਮਝਾਂ ਫਾਰਸੀ ਉਰਦੂ ਵੀ ਖੂਬ ਬੋਲਾਂ
ਥੋੜ੍ਹੀ ਬਹੁਤੀ ਅੰਗਰੇਜ਼ੀ ਵੀ ਅੰਗਦਾ ਹਾਂ।
ਬੋਲੀ ਆਪਣੀ ਨਾਲ ਪਿਆਰ ਰੱਖਾਂ
ਇਹ ਗੱਲ ਆਖਣੋਂ ਮੂਲ ਨਾ ਸੰਗਦਾ ਹਾਂ।
ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਮੈਂ ਪੰਜਾਬੀ ਪੰਜਾਬ ਦਾ ਸ਼ਰਫ ਸੇਵਕ,
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ...।

ਬਾਂਹ ਫੜ ਕੇ ਕਦੇ ਨਹੀਂ ਛੱਡੀ,
ਦੋ ਸ਼ੌਕ ਮਿੱਤਰਾਂ ਦੇ।
ਪਾਉਣਾ ਭੰਗੜਾ ਤੇ ਖੇਡਣੀ ਕਬੱਡੀ
ਦੋ ਸ਼ੌਕ ਮਿੱਤਰਾਂ ਦੇ...।

ਬਹਿ ਕੇ ਵੇਖੋ ਬਾਬਿਓ ਗੱਭਰੂ ਰੇਡਾਂ ਪਾਉਂਦੇ ਨੇ,
ਚੋਬਰ ਜੱਫੇ ਲਾਉਂਦੇ ਨੇ...।
ਝਾਕਾ ਹੋਰ ਨੂੰ ਤੇ ਹੱਥ ਲਾਵੇਂ ਹੋਰ ਨੂੰ
ਬੱਲੇ ਓਏ ਚਲਾਕ ਸੱਜਣਾਂ...।

ਕਲਾਕਾਰੀਆਂ ਕਰਦੇ ਦੀ ਉਹਦੀ ਜਿੰਦ ਮੁੱਕ ਗਈ, ਪਰ ਕੰਮ ਨਾ ਮੁੱਕੇ। ਨੰਦ ਲਾਲ ਨੂਰਪੁਰੀ ਦਾ ਗੀਤ ਉਹਦੇ ਮੂੰਹੋਂ ਸਜਦਾ ਵੀ ਬੜਾ ਸੀ: ਕੈਂਠੇ ਵਾਲਾ ਆ ਗਿਆ ਪ੍ਰਾਹੁਣਾ, ਨੀ ਮਾਏ ਤੇਰੇ ਕੰਮ ਨਾ ਮੁੱਕੇ...। ਸਰੀਰਕ ਤੌਰ 'ਤੇ ਬੇਸ਼ਕ ਉਹ ਚਲਾ ਗਿਆ, ਪਰ ਉਹਦੀਆਂ ਯਾਦਾਂ ਦੇਰ ਤਕ ਜਿਊਂਦੀਆਂ ਰਹਿਣਗੀਆਂ।

ਕਹਾਣੀ

# ਰੱਸੀਆਂ ਧਰ ਕੇ ਮਿਣਦੇ ਲੋਕੀ...

**_ਸਾਰਾ ਪਿੰਡ ਕੰਨਾਂ ਵਿਚ ਉਂਗਲਾਂ ਦੇਈ ਪਿਆ ਸੀ। ਜਿਵੇਂ ਸਾਰਾ ਪਿੰਡ ਮਰ ਗਿਆ ਸੀ। ਜਿਵੇਂ ਸਾਰਾ ਪਿੰਡ ਉੱਜੜ ਗਿਆ ਸੀ। ਜਿਵੇਂ ਸਾਰੇ ਪਿੰਡ ਨੂੰ 'ਦਿਉ' ਖਾ ਗਿਆ ਸੀ। ਪਰ ਸਪੀਕਰ 'ਤੇ ਤਵਾ ਖੜਕ ਰਿਹਾ ਸੀ, "ਰੱਸੀਆਂ ਧਰ ਕੇ ਮਿਣਦੇ ਲੋਕੀ, ਔਤ ਗਿਆਂ ਦੀਆਂ ਥਾਂਵਾਂ... !"_**

ਗਿੰਦਰ ਥੋੜ੍ਹਾ ਜਿਹਾ ਸਿੱਧ-ਪੱਧਰਾ ਬੰਦਾ ਸੀ। ਦਿਮਾਗ ਤਾਂ ਜਿਵੇਂ ਰੱਬ ਨੇ ਉਸ ਨੂੰ ਦਿੱਤਾ ਹੀ ਨਹੀਂ ਸੀ। ਜਿਵੇਂ ਕਿਸੇ ਨੇ ਆਖ ਦਿੱਤਾ, ਉਸ ਨੂੰ ਹੀ, "ਹਾਂ ਬਾਈ! ਬੱਸ ਏਵੇਂ ਈ ਐਂ!" ਕਰਕੇ ਮੰਨਣਾ। ਜਿੱਧਰ ਨੂੰ ਕਿਸੇ ਨੇ ਆਖ ਦਿੱਤਾ, ਬੱਸ, ਬਿਨ-ਮੁਹਾਰੇ ਬੋਤੇ ਵਾਂਗ ਉਧਰ ਨੂੰ ਹੀ ਤੁਰ ਪੈਣਾ। ਨਫ਼ੇ-ਨੁਕਸਾਨ ਦਾ ਉਸ ਨੂੰ ਕੋਈ ਪਤਾ ਨਹੀਂ ਸੀ। ਪਰ ਪਿੰਡ ਦੇ ਲੋਕ ਵੀ ਉਸ ਨੂੰ ਦਰਵੇਸ਼ ਬੰਦਾ ਸਮਝ ਕੇ ਉਸ ਨਾਲ ਕੋਈ ਹੇਰ-ਫੇਰ ਨਾ ਕਰਦੇ।

ਗਿੰਦਰ ਕੋਲ ਦਸ ਏਕੜ ਸਾਹਣ ਦੇ ਸਿਰ ਵਰਗੀ ਜ਼ਮੀਨ ਸੀ ਅਤੇ ਪਿੰਡੋਂ ਬਾਹਰ-ਬਾਹਰ ਗੁਜ਼ਾਰੇ ਜੋਗਾ ਬੜਾ ਵਧੀਆ ਮਕਾਨ ਪਾਇਆ ਹੋਇਆ ਸੀ। ਗਿੰਦਰ ਦੇ ਘਰਵਾਲੀ ਮਲਕੀਤ ਕੌਰ ਬੜੀ ਹੀ ਅੜਬ ਔਰਤ ਸੀ। ਪੰਜਾਂ ਭਰਾਵਾਂ ਦੀ ਇੱਕੋ-ਇੱਕ ਭੈਣ!



ਸ਼ਿਵਚਰਨ ਜੱਗੀ ਕੁੱਸਾ

ਗਿੰਦਰ ਨੂੰ ਉਹ ਮੂੰਹ ਨਾ ਲਾਉਂਦੀ। ਇੱਕੋ-ਇੱਕ ਕੁੜੀ ਜੰਮਣ ਤੋਂ ਬਾਅਦ ਮਲਕੀਤ ਕੌਰ ਮੁੜ ਢਿੱਡੋਂ ਨਾ ਫੁੱਟੀ। ਕੋਈ ਬੱਚਾ ਨਾ ਹੋਇਆ। ਬਥੇਰੇ ਸਾਧਾਂ-ਸੰਤਾਂ ਦੇ ਡੇਰੇ ਗਾਹੇ, ਮੱਥੇ ਰਗੜੇ, ਪਰ ਸਭ ਬੇਅਰਥ! ਜੇ ਸਾਧਾਂ-ਸੰਤਾਂ ਦੇ ਡੇਰਿਆਂ ਤੋਂ ਪੁੱਤ ਮਿਲਦੇ ਹੁੰਦੇ ਤਾਂ ਘੱਟੋ-ਘੱਟ ਭਾਰਤ ਵਿਚ ਕੋਈ 'ਨਿਪੁੱਤਾ' ਨਾ ਮਰਦਾ। ਇਹ ਤਾਂ ਜੇ ਅਕਾਲ ਪੁਰਖ਼ ਦੇ ਘਰ ਹਿੱਸਾ ਹੋਵੇ, ਤਾਂ ਹੀ ਗ਼ਨੀਮਤ ਫ਼ਲ ਮਿਲਦੇ ਹਨ।

ਮਲਕੀਤ ਕੌਰ ਸਬਰ ਕਰ ਕੇ ਬੈਠ ਗਈ। ਗਿੰਦਰ ਨੂੰ ਬਹੁਤਾ ਕੋਈ ਫ਼ਰਕ ਨਹੀਂ ਸੀ।

ਪਰ ਪਿੰਡ ਦੀਆਂ ਬੁੜ੍ਹੀਆਂ ਗਿੱਟੇ ਸੋਟੀ ਲਾਉਣੋਂ ਬਾਜ ਨਾ ਆਉਂਦੀਆਂ। ਆਖਰ ਖਿਝੀ ਹੋਈ ਮਲਕੀਤ ਕੌਰ ਅਲੀ-ਅਲੀ ਕਰਕੇ ਪੈਂਦੀ।

"ਮੇਰੇ ਪਿਉ ਦੀਆਂ ਰੰਨਾਂ, ਕਿਵੇਂ ਫੁੱਟ 'ਤੇ ਅੱਕ ਚੋਂਦੀਐਂ ਆ ਕੇ! ਜੇ ਕਿਸੇ ਨੂੰ ਬਾਹਲਾ ਈ ਦਰਦ ਐ ਤਾਂ ਲੈਜੇ ਮੇਰੇ ਖਸਮ ਨੂੰ ਆਬਦੇ ਘਰੇ ਤੇ ਜੰਮ ਕੇ ਦੇ-ਦੇ ਮੁੰਡਾ!" ਮਲਕੀਤ ਕੌਰ ਦੀ ਬੱਕੜਵਾਹ ਸੁਣ ਕੇ ਬੱਚੀ ਕੁਲਵੰਤ ਰੋਣ ਲੱਗ ਪੈਂਦੀ ਤਾਂ ਮਲਕੀਤ ਕੌਰ ਗਿੰਦਰ ਨੂੰ ਕੁਦਾੜ ਕੇ ਆਉਂਦੀ।

"ਐਥੇ ਖੜ੍ਹਾ ਜਾੜ੍ਹਾਂ ਜੀਆਂ ਕੱਢੀ ਜਾਨੈਂ..? ਕੁੜੀ ਨ੍ਹੀ ਵਿਰਾ ਹੁੰਦੀ?" ਤਾਂ ਗਿੰਦਰ ਕਮਲਿਆਂ ਵਾਂਗੂੰ ਕਲਪਦਾ।

"ਬਹੁੜ੍ਹੀਂ ਉਏ ਲੋਕੋ! ਵੱਡੇ ਘੂਰ ਕੇ ਡਰਾਉਂਦੇ ਐ ਤੇ ਛੋਟੇ ਰੋ ਕੇ ਡਰਾਉਂਦੇ ਐ!" ਉਹ ਰੋਂਦੀ ਕੁੜੀ ਨੂੰ ਚੁੱਕ ਛੱਤ ਵੱਲ ਨੂੰ ਝਾਕਦਾ। ਮਲਕੀਤ ਕੌਰ 'ਬੁੜ-ਬੁੜ' ਕਰਦੀ ਰਹਿੰਦੀ।

ਇਕ ਦਿਨ ਗਿੰਦਰ ਦੀ ਬਿਰਧ ਮਾਂ ਚਿੰਤੀ ਸਰਪੰਚ ਕੋਲ ਗਈ। ਸਰਪੰਚ ਬੜੇ ਮਾਣ ਨਾਲ ਮਿਲਿਆ।

"ਪੁੱਤ ਗੋਪਾਲ ਮੋਚਨ ਨ੍ਹਾਉਣ ਚੱਲੇ ਓਂ?"

"ਹਾਂ ਤਾਈ, ਤੈਂ ਜਾਣੈਂ?"

"ਵੇ ਮੈਂ ਕਾਹਨੂੰ ਜਾਣੈਂ ਪੁੱਤ? ਵੇ ਆਪਣੇ ਆਲੇ ਸਿੱਧਰੇ ਨੂੰ ਵੀ ਲੈ ਜਾਇਓ, ਕੀ ਐ ਉਹਦਾ ਡਮਾਕ ਲੋਟ ਹੋਜੇ?"

"ਲੈ ਜਾਵਾਂਗੇ ਤਾਈ, ਇਹ ਵੀ ਕੋਈ ਗੱਲ ਐ? ਤੂੰ ਉਹਨੂੰ ਪਰਸੋਂ ਤਿਆਰ ਕਰਦੀਂ, ਸਵੇਰੇ ਪੰਜ ਵਜੇ ਪਿੰਡੋਂ ਤੁਰਾਂਗੇ।"

"ਕਰਦੂੰ ਭਾਈ, ਇਹ ਤਾਂ ਪੁੰਨ ਈ ਐਂ।" ਤੇ ਮਾਈ ਸੰਤੁਸ਼ਟ ਹੋ ਕੇ ਤੁਰ ਆਈ।

ਮਿਥੇ ਸਮੇਂ ਅਨੁਸਾਰ ਬੱਸ ਪੁੱਜ ਗਈ ਅਤੇ ਉਨ੍ਹਾਂ ਗੋਪਾਲ ਮੋਚਨ ਨੂੰ ਚਾਲੇ ਪਾ ਦਿੱਤੇ।

ਗਿੰਦਰ ਦੇ ਨਾਲ ਉਸ ਦਾ ਜੋਟੀਦਾਰ ਸੰਤੋਖ ਵੀ ਸੀ। ਸੰਤੋਖ ਬੜਾ ਹੀ ਬਹਿਵਤੀ ਸੀ। ਉਹ ਗਿੰਦਰ ਨੂੰ ਉਂਗਲ ਲਾ ਕੇ ਕੋਈ ਨਾ ਕੋਈ ਘਤਿੱਤ ਖੜ੍ਹੀ ਕਰੀ ਰੱਖਦਾ ਅਤੇ ਆਪ ਪਾਸੇ ਹੋ ਜਾਂਦਾ।

ਗੋਪਾਲ ਮੋਚਨ ਮੇਲੇ ਵਿਚ ਤਰ੍ਹਾਂ-ਤਰ੍ਹਾਂ ਦੀ ਭੀੜ ਦੇਖ ਕੇ ਗਿੰਦਰ ਲਾਚੜ ਗਿਆ। ਪੁਲਸ ਪ੍ਰਬੰਧ ਪੂਰਾ ਸੀ।

"ਦੇਖ ਉਏ ਗਿੰਦਰਾ! ਐਥੇ ਤਾਂ ਕੁੜੀਆਂ ਵੀ ਪੁਲਸ ਆਲੀ ਬਰਦੀ ਪਾਈ ਫਿਰਦੀਐਂ।" ਸੰਤੋਖ ਨੇ ਆਦਤ ਅਨੁਸਾਰ ਸਿੰਗੜੀ ਛੇੜੀ।

"ਲੈ ਹਾਂ ਬਈ! ਹੱਦ ਈ ਕਰਤੀ?"

"ਇਹ ਸ਼ਹਿਰੀ ਕੁੜੀਐਂ, ਪਿੰਡਾਂ ਦੇ ਜੱਟਾਂ ਨੂੰ ਬੜਾ ਮੋਹ ਕਰਦੀਐਂ!"

"ਅੱਛਾ...?"

"ਟੋਹ ਕੇ ਦੇਖ ਲੈ, ਜੇ ਨਾ ਗੰਧਾਲੇ ਮਾਂਗੂੰ ਹਿੱਕ 'ਚ ਵੱਜੀ, ਮੈਨੂੰ ਫੜਲੀਂ!" ਸੰਤੋਖ ਦੀ 'ਚੁੱਕ' 'ਤੇ ਗਿੰਦਰ ਨੇ ਇਕ ਲੇਡੀ ਪੁਲੀਸ ਅਫ਼ਸਰ ਗੁੱਤੋਂ ਜਾ ਫੜੀ, "ਮਖਿਆ ਕੁੱਤੀਏ! ਆਹ ਪਤਲੂਣ ਜੀ ਕਿਮੇਂ ਪਾਈ ਫਿਰਦੀ ਐਂ?" ਤੇ ਲੇਡੀ ਪੁਲਸ-ਅਫ਼ਸਰ ਨੇ ਕਰੋਧ ਵਿਚ ਇਕ ਲੰਬੀ ਵਿਸਲ ਮਾਰੀ ਤਾਂ ਰਲਵੀਂ-ਮਿਲਵੀਂ ਪੁਲਸ ਭਰਿੰਡਾਂ ਵਾਂਗ ਇਕੱਠੀ ਹੋ ਗਈ ਅਤੇ ਲੱਤਾਂ-ਡੰਡਿਆਂ ਦੀ ਬੁਛਾੜ ਤੋਂ ਬਾਅਦ ਗਿੰਦਰ ਨੂੰ ਮੁਰਗੀ ਵਾਂਗ ਨੱਪ ਕੇ ਹੱਥਕੜੀ ਜੜ ਲਈ।

ਸਰਪੰਚ ਹੋਰਾਂ ਦੇ ਭਾਅ ਦੀ ਬਣ ਗਈ।

ਸਾਰੇ ਹੱਥ ਜੋੜੀ ਅਫ਼ਸਰ ਦੇ ਸਾਹਮਣੇਂ ਪੇਸ਼ ਹੋਏ।

"ਸਰਕਾਰ ਇਹਦੇ ਦਿਮਾਗ 'ਚ ਫਰਕ ਐ। ਘਰਦਿਆਂ ਨੇ ਸਾਡੇ ਨਾਲ ਨਹਾਉਣ ਤੋਰਿਐ ਬਈ ਕੀ ਐ ਇਹਦਾ ਦਿਮਾਗ ਈ ਠੀਕ ਹੋ ਜਾਵੇ? ਸਾਡੀ ਮਿੰਨਤ ਐ, ਇਹਦੀ ਖਲਾਸੀ ਕਰੋ!"

ਅਫ਼ਸਰ ਢੈਲੀ ਪੈ ਗਈ।

"ਮੈਂ ਪੇਂਡੂ ਜੱਟ ਐਂ!" ਵਿਚੋਂ ਹੀ ਗਿੰਦਰ ਬੋਲ ਪਿਆ। ਉਹ ਸੋਚਦਾ ਸੀ ਬਈ ਕੀ ਐ ਪੁਲੀਸ ਵਾਲੀ ਮੈਨੂੰ ਸ਼ਹਿਰੀ ਸਮਝ ਕੇ ਹੀ ਕਰੋਧੀ ਹੋ ਗਈ ਹੋਵੇ? ਹੁਣ ਪੇਂਡੂ ਜੱਟ ਦੇ ਨਾਂ ਨੂੰ ਹਿੱਕ ਨਾਲ ਲੱਗ ਜਾਵੇਗੀ!

"ਭੌਂਕ ਨਾ ਉਏ ਕੁੱਤਿਆ!" ਸਰਪੰਚ ਗਿੰਦਰ ਨੂੰ ਹੂਰਾ ਲੈ ਕੇ ਪਿਆ।

"ਸਰਕਾਰ! ਮੈਂ ਪਿੰਡ ਦਾ ਸਰਪੰਚ ਹਾਂ, ਕ੍ਰਿਪਾ ਕਰੋ ਤੇ ਇਹਨੂੰ ਬਖ਼ਸ਼ੋ!"

"ਦੇਖੋ ਸਰਪੰਚ ਸਾਹਿਬ! ਤੁਹਾਡੀ ਜ਼ਿੰਮੇਵਾਰੀ 'ਤੇ ਛੱਡ ਰਹੀ ਹਾਂ, ਨਹੀਂ ਇਸ ਦਾ ਦਿਮਾਗ ਅਸੀਂ ਠੀਕ ਕਰ ਦਿੰਦੇ, ਅਗਰ ਹੁਣ ਇਸ ਨੇ ਮੇਲੇ ਵਿਚ ਕੋਈ ਹਰਕਤ ਕੀਤੀ, ਅਸੀਂ ਕੇਸ ਦਰਜ਼ ਕਰ ਕੇ ਅੰਦਰ ਦੇ ਦੇਣੈਂ!"

"ਮੇਰੀ ਪੂਰੀ ਜ਼ਿੰਮੇਵਾਰੀ ਐ ਸਰਕਾਰ, ਮਿਹਰਬਾਨੀ!" ਤੇ ਉਹ ਹੱਥ ਜੋੜ ਕੇ ਤੁਰ ਪਏ। ਫਿਰ ਤਿੰਨੇ ਦਿਨ ਸਰਪੰਚ ਗਿੰਦਰ ਨਾਲੋਂ ਪਾਸੇ ਨਾ ਹੋਇਆ ਅਤੇ ਨਾ ਹੀ ਸੰਤੋਖ ਨੂੰ ਉਸ ਦੇ ਲਾਗੇ ਲੱਗਣ ਦਿੱਤਾ। ਨਹਾ ਕੇ ਆਉਂਦਿਆਂ ਨੂੰ ਹੀ ਗੁਆਂਢੀਆਂ ਦੀ ਭਰ ਜੁਆਨ, ਕਾਲਜ ਪੜ੍ਹਦੀ ਕੁੜੀ ਚੱਲ ਵਸੀ। ਅਗਲੇ ਦਿਨ ਗਿੰਦਰ ਕੁੜੀ ਦਾ ਅਫ਼ਸੋਸ ਕਰਨ ਗਿਆ ਤਾਂ ਸਿੱਧਾ ਹੀ ਬੁੜ੍ਹੀਆਂ ਵਿਚ ਜਾ ਬੈਠਾ।

"ਅੱਛਾ! ਕਰਤਾਰੋ ਕੁੜੀ ਮਰਗੀ ਫੇਰ?"

"ਹਾਂ ਗਿੰਦਰਾ! ਮਰ ਗਈ ਨਾਲੇ ਸਾਨੂੰ ਮਾਰ ਕੇ ਸਿੱਟਗੀ!" ਕਰਤਾਰੋ ਅੰਦਰੋਂ ਡੁੱਬਿਆ ਹਾਉਕਾ ਫਿਰ ਉਠਿਆ।

ਗਿੰਦਰ ਨੇ ਆਪਣਾ ਘੋਰੜੂ ਵਜਾਉਣਾ ਸ਼ੁਰੂ ਕਰ ਦਿੱਤਾ। ਆਪਦੇ ਜਾਣੇਂ ਉਹ ਸਹੀ ਗੱਲਾਂ ਕਰ ਰਿਹਾ ਸੀ।

"ਚਲੋ! ਜਿੰਨੀ ਬੰਦੇ ਦੀ ਲਿਖੀ ਐ, ਭੋਗਣੀ ਪੈਂਦੀ ਐ। ਹੁਣ ਤਾਂ ਸਹੁਰੀ ਵਿਆਹੁੰਣ ਆਲੀ ਸੀ। ਚਲੋ ਵਿਆਹ ਵੱਲੋਂ ਤਾਂ ਖਹਿੜ੍ਹਾ ਛੁੱਟਿਆ? ਪੰਜ ਛੇ ਲੱਖ ਦੀ ਘਾਣੀਂ ਸੀ! ਸਹੁਰਿਆਂ ਦੇ ਮਾਰਨ ਨਾਲੋਂ ਆਪ ਈ ਮਰਗੀ, ਸੋਹਣਾ ਹੋਇਆ!"

ਸਾਰੇ ਹੀ ਦੰਗ ਹੋਏ ਗਿੰਦਰ ਦੀ ਅਕਾਸ਼ਬਾਣੀਂ ਸੁਣ ਰਹੇ ਸਨ। ਉਹ ਕੱਛ 'ਚੋਂ ਮੂੰਗਲੇ ਕੱਢ-ਕੱਢ ਮਾਰ ਰਿਹਾ ਸੀ।

"ਚੱਲ ਗਿੰਦਰਾ-ਆ ਚੱਲੀਏ!" ਨੰਬਰਦਾਰ ਨੇ ਉਸ ਨੂੰ ਨਾਲ ਤੁਰਦਾ ਕਰ ਲਿਆ। ਪਰ ਤੁਰਦਾ-ਤੁਰਦਾ ਉਹ ਇਕ ਹੋਰ ਭੜ੍ਹਾਕਾ ਸੁੱਟ ਗਿਆ।

"ਚੰਗਾ ਕਰਤਾਰੋ! ਕੁੜੀ ਤਾਂ ਮਰਨ ਆਲੀ ਮਰਗੀ, ਹੁਣ ਤੂੰ ਨਾ ਧਰਮਰਾਜ ਦੇ ਡੇਰੇ ਨੂੰ ਤੁਰਪੀਂ! ਤੇਰੇ ਪਿੱਛੋਂ ਬਚਦਾ ਫਿਰ ਮਹਿੰਦਰ ਸਿਉਂ ਵੀ ਨ੍ਹੀ! ਮਹਿੰਦਰ ਸਿਉਂ ਪਿੱਛੋਂ ਮੁੰਡਿਆਂ ਨੇ ਤਾਂ ਕੀ ਬਚਣੈਂ? ਉਹ ਤਾਂ ਪਹਿਲਾਂ ਈ ਸਿਵਿਆਂ ਦੀ ਟਿਕਟ ਕਟਾਈ ਫਿਰਦੇ ਐ! ਕਿਧਰੇ ਸ਼ਰਾਬ, ਕਿਧਰੇ ਗੋਲੀਆਂ, ਘਰ ਤਾਂ ਫਿਰ ਉੱਜੜ ਗਿਆ! ਉੱਜੜੇ ਘਰਾਂ 'ਚ ਤਾਂ ਫਿਰ ਕੁੱਤੇ ਈ ਮੂਤਦੇ ਐ-!"

"ਉਏ ਤੁਰਪਾ ਹੁਣ, ਬਾਪੂ!" ਤੇ ਨੰਬਰਦਾਰ ਗਿੰਦਰ ਨੂੰ ਬੱਚੇ ਵਾਂਗ ਉਂਗਲ ਲਾ ਕੇ ਲੈ ਗਿਆ।

ਦਿਨ ਗੁਜ਼ਰਦਿਆਂ ਨੂੰ ਕੀ ਲੱਗਦੈ? ਦਿਨ ਚੜ੍ਹਦਾ ਰਿਹਾ, ਛੁਪਦਾ ਰਿਹਾ। ਗਿੰਦਰ ਦੀ ਕੁੜੀ ਮਾਮਿਆਂ ਨੇ ਪਲੱਸ-ਟੂ ਕਰਵਾ ਕੇ ਪੜ੍ਹਨੋਂ ਹਟਾ ਲਈ ਅਤੇ ਇਕ ਵਧੀਆ ਜਿਹਾ ਘਰ ਦੇਖ ਕੇ ਕੁਲਵੰਤ ਦਾ ਵਿਆਹ ਧਰ ਦਿੱਤਾ। ਕੁਲਵੰਤ ਨੂੰ ਕਮਲੇ-ਬਾਪੂ 'ਤੇ ਕਦੇ ਗੁੱਸਾ ਨਹੀਂ ਆਇਆ ਸੀ। ਬਾਪੂ ਤਾਂ ਉਸ ਦੀ ਆਤਮਾ ਸੀ। ਇਕ ਨਿਰਲੇਪ ਆਤਮਾ! ਗਿੰਦਰ ਨੇ ਵੀ ਕਦੇ ਧੀ ਨੂੰ ਮੰਦਾ ਬਚਨ ਨਹੀਂ ਬੋਲਿਆ ਸੀ।

ਡੋਲੀ ਵਿਚ ਬੈਠ ਕੇ ਤੁਰਦੀ ਕੁਲਵੰਤ ਨੂੰ ਗਿੰਦਰ ਕਹਿਣ ਲੱਗਿਆ।

"ਤੇਰਾ ਮਸਾਂ ਵਿਆਹ ਕੀਤੈ ਕੁੜੀਏ! ਹੁਣ ਨਿੱਤ ਨਾ ਐਧਰ ਨੂੰ ਮੂੰਹ ਚੱਕ ਲਿਆ ਕਰੀਂ! ਸਿਆਣੀ ਬਣ ਕੇ ਆਬਦੇ ਘਰੇ ਰਹੀਂ!" ਬਾਪੂ ਦੇ ਸਿੱਧ-ਪੱਧਰੇ ਬੋਲ ਸੁਣ ਕੇ ਕੁੜੀ ਦੇ ਵੈਰਾਗ ਦਾ ਹੜ੍ਹ ਟੁੱਟ ਗਿਆ ਅਤੇ ਉਹ ਬੱਚੇ ਵਾਂਗ ਧਾਹ ਮਾਰ ਕੇ ਬਾਪੂ ਦੇ ਗਲ ਨੂੰ ਚਿੰਬੜ ਗਈ। ਗਿੰਦਰ ਵੀ ਮਸੋਸਿਆ ਜਿਹਾ ਹੋ ਗਿਆ।

ਡੋਲੀ ਤੁਰ ਗਈ।

ਕੁਲਵੰਤ ਦਾ ਪ੍ਰਾਹੁਣਾ ਅੱਤ ਦਰਜੇ ਦਾ ਲਾਲਚੀ ਸੀ ਅਤੇ ਸੱਸ ਨਿਰੀ ਹੀ ਕਲੇਸ਼ੀ! ਉਨ੍ਹਾਂ ਨੇ ਰਿਸ਼ਤਾ ਹੀ ਇਸੇ ਲਾਲਚ ਕਰਕੇ ਲਿਆ ਸੀ ਕਿ ਇਕੱਲੀ-ਇਕੱਲੀ ਕੁੜੀ ਹੈ। ਜ਼ਮੀਨ-ਜਾਇਦਾਦ ਸਾਰੀ ਸਾਨੂੰ ਹੀ ਆਵੇਗੀ। ਮਹੀਨਾ ਕੁ ਭਰ ਤਾਂ ਕੁਲਵੰਤ ਨੂੰ ਵਾਹਵਾ 'ਪੁੱਤ-ਪੁੱਤ' ਹੋਈ। ਪਰ ਫਿਰ ਉਸ ਦੇ ਮਾੜੇ ਦਿਨ ਸ਼ੁਰੂ ਹੋ ਗਏ। ਉਸ ਦਾ ਪਤੀ ਦਿਲਬਾਗ ਹਰ ਰੋਜ਼ ਹੀ ਸ਼ਰਾਬ ਪੀ ਕੇ ਆਉਂਦਾ ਅਤੇ ਬਿਨਾ ਗੱਲੋਂ ਕੁਲਵੰਤ ਨੂੰ ਕੁੱਟ ਧਰਦਾ। ਪਰ ਉਹ ਸਾਰਾ ਦਰਦ ਦਿਲ ਵਿਚ ਹੀ ਦਬਾ ਲੈਂਦੀ। ਪਰ ਇਕ ਦਿਨ ਤਾਂ ਅੱਤ ਹੀ ਹੋ ਗਈ, ਜਿਸ ਦਿਨ ਦਿਲਬਾਗ ਅਤੇ ਉਸ ਦੀ ਮਾਂ ਨੇ ਰਲ ਕੇ ਕੁਲਵੰਤ ਨੂੰ ਕੁੱਟਿਆ।

ਕੁਲਵੰਤ ਦੀ ਸੱਸ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਕਿ ਆਪਣੇ ਬੁੜ੍ਹਣ ਪਿਉ ਨੂੰ ਆਖ ਕਿ ਸਾਰੀ ਜ਼ਮੀਨ, ਤੁਰੰਤ ਦਿਲਬਾਗ ਦੇ ਨਾਂ ਲੁਆਵੇ ਅਤੇ ਨਹੀਂ ਆਪਦੀ ਧੀ ਨੂੰ ਆਪਦੇ ਘਰ ਰੱਖੇ! ਪੜ੍ਹੀ-ਲਿਖੀ ਕੁਲਵੰਤ ਸੋਚਾਂ ਵਿਚ ਪੈ ਗਈ। ਬਾਪੂ ਨੇ ਕਿਹੜਾ ਇਨਕਾਰ ਕਰਨਾ ਸੀ? ਬਾਪੂ ਨੇ ਤਾਂ ਸਹਿਜ-ਸੁਭਾਅ ਇਹ ਹੀ ਆਖ ਦੇਣਾ ਸੀ, "ਲੁਆ ਦਿੰਨੇ ਐਂ ਭਾਈ!" ਪਰ ਜ਼ਮੀਨ ਦੇਣ ਤੋਂ ਬਾਅਦ ਬਾਪੂ-ਬੇਬੇ ਤਾਂ ਜੂਨੋਂ ਬੇਜੂਨ ਹੋ ਜਾਣਗੇ! ਦਿਲਬਾਗ ਤਾਂ ਉਨ੍ਹਾਂ ਨੂੰ ਪੂੜੇ ਦੇਣੋਂ ਰਿਹਾ?

ਕੁਲਵੰਤ ਪੇਕੀਂ ਆ ਗਈ। ਬਾਪੂ ਦੀ ਬੁੱਕਲ ਵਿਚ ਵੜ ਜਾਰੋ-ਜਾਰ ਰੋਈ। ਬਾਪੂ ਦਾ ਉਸ ਨੂੰ ਦਿਲੋਂ ਦਰੇਗ ਸੀ।

"ਤੈਨੂੰ ਸਹੁਰੀਂ ਕੋਈ ਤੰਗੀ-ਫੰਗੀ ਤਾਂ ਨ੍ਹੀ?" ਬਾਪੂ ਨੇ ਗੜ੍ਹਕ ਕੇ ਪੁੱਛਿਆ।

"ਨਹੀਂ ਬਾਪੂ, ਮੈਂ ਤਾਂ ਬਹੁਤ ਸੁਖੀ ਐਂ।" ਕੁਲਵੰਤ ਦਾ ਹਿਰਦਾ ਲੀਰਾਂ ਹੋਇਆ ਪਿਆ ਸੀ।

"ਜੇ ਕੋਈ ਤੰਗ-ਫੰਗ ਕਰੇ, ਦੱਸ ਦੇਈਂ! ਚਾਰ ਮਾਰਾਂਗੇ ਛਿੱਤਰ, ਲੋਕਾਂ ਦੇ ਵਿਆਹਾਂ 'ਚ ਮੇਰੇ ਵੀਹ ਬੰਦੇ ਲੱਡੂਆਂ ਨਾਲ ਕੁੱਟੇ ਵੇ ਐ!" ਗਿੰਦਰ ਬੋਲਿਆ ਅਤੇ ਕੁੜੀ ਹੰਝੂ ਕੇਰਦੀ ਹੱਸ ਪਈ। ਧੀ, ਬਾਪੂ ਦੀ ਸਾਦਗੀ 'ਤੇ ਜਾਨ ਵਾਰਦੀ ਸੀ। ਕੁਰਬਾਨ ਹੁੰਦੀ ਸੀ।

ਇਕ ਵਾਰੀ ਦੀ ਗੱਲ ਹੈ ਕਿ ਪਿੰਡ ਵਿਚ ਕਿਸੇ ਦਾ ਵਿਆਹ ਸੀ। ਗਿੰਦਰ ਵੀ ਨਾਲ ਬਰਾਤੀ ਗਿਆ ਹੋਇਆ ਸੀ। ਦੁਪਿਹਰੋਂ ਬਾਅਦ ਰੋਟੀ ਵੇਲੇ ਸ਼ਰਾਬੀ ਹੋਏ ਬਰਾਤੀ ਲੜ ਪਏ। ਦਾਰੂ ਨਾਲ ਧੁੱਤ ਹੋਏ ਕਮਲੇ ਜੱਟ ਵੇਲ ਦੇ ਥਾਲ, ਇਕ-ਦੂਜੇ ਵੱਲ ਵਗਾਹ-ਵਗਾਹ ਮਾਰਨ ਲੱਗ ਪਏ। ਉਨ੍ਹਾਂ ਵੱਲ ਦੇਖ ਕੇ ਗਿੰਦਰ ਨੇ ਵੀ ਥਾਲ ਚਲਾਉਣੇ ਸ਼ੁਰੂ ਕਰ ਦਿੱਤੇ। ਜਦੋਂ ਕਿਸੇ ਪੇਂਡੂ ਨੇ ਗਿੰਦਰ ਨੂੰ ਆ ਕੇ ਪੁੱਛਿਆ, "ਉਏ ਇਹ ਕੀ ਕਰਦੈਂ?" ਤਾਂ ਗਿੰਦਰ ਬੜੇ ਮਜਾਜ ਨਾਲ ਬੋਲਿਆ, "ਔਹਨਾਂ ਨੂੰ ਦੇਖ ਕੇ ਕਰਦੈਂ।" ਤਾਂ ਪੇਂਡੂ ਬੋਲਿਆ, "ਉਹ ਤਾਂ ਕਮਲਿਆ ਲੜਦੇ ਐ, ਪਰ ਤੇਰੀ ਤਾਂ ਕਿਸੇ ਨਾਲ ਕੋਈ ਦੁਸ਼ਮਣੀਂ ਨ੍ਹੀ?"

"ਉਹ ਲੜਦੇ ਐ?" ਗਿੰਦਰ ਹੈਰਾਨ ਸੀ।

"ਤੇ ਹੋਰ ਕੀ?"

"ਲੈ! ਮੈਂ ਐਵੇਂ ਈ ਕਮਲਿਆਂ ਮਾਂਗੂੰ ਥਾਲ ਵਗਾਹ-ਵਗਾਹ ਮਾਰੀ ਜਾਨੈਂ? ਮੈਂ ਤਾਂ ਇਹ ਸੋਚਿਆ ਸੀ ਬਈ ਏਸ 'ਲਾਕੇ 'ਚ ਇਹ ਕੋਈ ਰਿਵਾਜ ਹੋਣੈਂ?"

ਖ਼ੈਰ! ਕੁਲਵੰਤ ਦਿਲ ਕਰੜਾ ਕਰਕੇ ਸਹੁਰੀਂ ਪਰਤ ਗਈ। ਕੁਪੱਤੀ ਸੱਸ ਨੇ ਫ਼ੈਸਲਾ ਪੁੱਛਿਆ।

"ਬਾਪੂ ਜੀ ਕਹਿੰਦੇ ਹਾੜ੍ਹੀ ਦੀ ਵਾਢੀ ਮਗਰੋਂ ਸਾਰਾ ਕੁਛ ਈ ਨਾਂ ਲੁਆ ਦਿਆਂਗੇ।" ਕੁਲਵੰਤ ਨੇ ਅਸਲੋਂ ਹੀ ਝੂਠ ਬੋਲਿਆ। ਉਹ ਸੋਚਦੀ ਸੀ ਕਿ ਚਾਰ-ਪੰਜ ਮਹੀਨੇ ਤਾਂ ਸੌਖੇ ਨਿਕਲਣਗੇ? ਬਾਕੀ ਗੁਰੂ ਭਲੀ ਕਰੇਗਾ! ਸੱਸ ਸੰਤੁਸ਼ਟ ਹੋ ਗਈ। ਦਿਲਬਾਗ ਨੇ ਕੁਲਵੰਤ ਨੂੰ ਕੁੱਟਣਾ ਮਾਰਨਾ ਛੱਡ ਦਿੱਤਾ। ਸੱਸ ਦੀ 'ਪੁੱਤ-ਪੁੱਤ' ਫਿਰ ਸ਼ੁਰੂ ਹੋ ਗਈ।

ਕੁਲਵੰਤ ਨੂੰ ਅਚਾਨਕ ਹੀ ਇਕ ਅਤੀਅੰਤ ਹਿਰਦੇਵੇਧਕ ਖ਼ਬਰ ਮਿਲੀ। ਗਿੰਦਰ ਅਚਾਨਕ ਚੜ੍ਹਾਈ ਕਰ ਗਿਆ ਸੀ। ਕੁੜੀ ਨੇ ਭੁੱਬ ਮਾਰੀ, ਆਪਣੀ ਛਾਤੀ ਪਿੱਟ-ਪਿੱਟ ਲਾਲ ਕਰ ਲਈ। ਪਰ ਸੱਸ ਅਤੇ ਦਿਲਬਾਗ ਅੰਦਰ ਕੁਤਕੁਤੀ ਹੋਈ। ਉਹ ਲੋਕ-ਲਾਜ ਨੂੰ ਮਕਾਣ ਦੀ ਟਰਾਲੀ ਭਰ ਕੁਲਵੰਤ ਦੇ ਪੇਕਿਆਂ ਨੂੰ ਰਵਾਨਾ ਹੋ ਗਏ। ਦਿਲਬਾਗ ਅਤੇ ਉਸ ਦੀ ਮਾਂ, ਮਨ ਵਿਚ ਕਈ ਚੁੱਪ ਸਕੀਮਾਂ ਉਸਾਰ ਚੁੱਕੇ ਸਨ।

ਬਾਪੂ ਦੀ ਲਾਸ਼ 'ਤੇ ਡਿੱਗ ਕੇ ਕੁਲਵੰਤ ਨੇ ਧਾਹ ਮਾਰੀ।

"ਤੂੰ ਮੈਨੂੰ ਕਿਹੜੇ ਵਹਿਣਾਂ ਵਿਚ ਸਿੱਟ ਕੇ ਤੁਰ ਗਿਆ ਵੇ ਮੇਰਿਆ ਪਿਆਰਿਆ ਬਾਬਲਾ...!" ਪਰ ਹਰ ਵਕਤ ਯੱਭਲੀਆਂ ਮਾਰਨ ਵਾਲਾ 'ਬਾਬਲ' ਤਾਂ ਅਹਿਲ ਪਿਆ ਸੀ। ਬਿਲਕੁਲ ਹੀ ਚੁੱਪ-ਚਾਪ ਅਤੇ ਖ਼ਾਮੋਸ਼! ਸਾਰਾ ਪਿੰਡ ਹੀ ਦੁੱਖ ਵਿਚ ਗਰਾਸਿਆ, ਗੂੰਗਾ ਬਣਿਆਂ ਬੈਠਾ ਸੀ। ਪਿੰਡ ਦੀ ਰੌਣਕ, ਗਿੰਦਰ ਤੁਰ ਗਿਆ ਸੀ। ਰਿਸ਼ਤੇਦਾਰ ਵੱਖ ਦੁਖੀ ਸਨ। ਅਸਲੀਅਤ ਦਾ ਤਾਂ ਸਾਰਿਆਂ ਨੂੰ ਹੀ ਪਤਾ ਸੀ।

ਅਸਲ ਵਿਚ ਗੁਆਂਢੀਆਂ ਦੇ ਮੁੰਡੇ ਦਾ ਵਿਆਹ ਸੀ। ਅਗਲੇ ਦਿਨ ਬਰਾਤ ਜਾਣੀ ਸੀ। ਉਨ੍ਹਾਂ ਨੇ ਗਿੰਦਰ ਤੋਂ ਦੋ ਘੜ੍ਹੇ ਦੇਸੀ ਦਾਰੂ ਦੇ ਪੁਆ ਦਿੱਤੇ। ਪੂਰੀਆਂ ਅੱਠ ਬੋਤਲਾਂ ਨਿਕਲ ਆਈਆਂ। ਪਰ ਉਨ੍ਹਾਂ ਨੇ ਦਾਰੂ ਨੂੰ 'ਖੱਟਰ' ਕਰਨ ਵਾਸਤੇ ਇਕ ਜਾਣੂੰ-ਪਹਿਚਾਣੂੰ ਡਾਕਟਰ ਤੋਂ ਬਾਰਾਂ ਨੰਬਰੀ 'ਮਿਕਚਰ' ਬਣਵਾ ਕੇ ਦੇਸੀ ਦਾਰੂ ਵਾਲੇ ਗੇਲਣ ਵਿਚ ਪਾ ਦਿੱਤੀ। ਨਸ਼ਾਦਰ ਵਾਲੀ ਦਾਰੂ ਵਿਚ 'ਮਿਕਚਰ' ਮਿਲਣ ਕਾਰਨ ਜ਼ਹਿਰ ਬਣ ਗਈ। ਪਰ ਪਤਾ ਕਿਸੇ ਨੂੰ ਵੀ ਨਹੀਂ ਸੀ!

"ਲੈ ਬਈ ਚਾਚਾ, ਦੇਖ ਟੈਸਟ ਕਰਕੇ!" ਵਿਆਹ ਵਾਲੇ ਮੁੰਡੇ ਨੇ ਗਿੰਦਰ ਨੂੰ ਗਿਲਾਸ ਭਰ ਕੇ ਪੇਸ਼ ਕੀਤਾ। ਗਿੰਦਰ ਨੇ ਜਾੜ੍ਹ ਘੁੱਟ ਕੇ ਗਿਲਾਸ ਖਾਲੀ ਕਰ ਦਿੱਤਾ। ਉਸ ਦੀ ਜੁਬਾਨ ਤਾਲੂਏ ਲੱਗ ਗਈ।

"ਪੂਰੀ ਖਰੀ ਐ ਬਈ...!" ਕਹਿਣ ਨੂੰ ਤਾਂ ਗਿੰਦਰ ਨੇ ਆਖ ਦਿੱਤਾ। ਪਰ ਕੁਝ ਪਲਾਂ ਬਾਅਦ ਹੀ ਉਸ ਨੂੰ ਬੁਰੀ ਤਰ੍ਹਾਂ ਖ਼ੂਨ ਦੀ ਉਲਟੀ ਆਈ। ਡਾਕਟਰ ਅਤੇ ਵਿਆਂਦੜ੍ਹ ਭਮੱਤਰ ਗਏ। ਗਿੰਦਰ ਦਾ ਬੁਰਾ ਹਾਲ ਹੋ ਗਿਆ ਸੀ।

"ਦਾਰੂ ਬਾਹਲੀ ਘੈਂਟ ਐ ਚਾਚਾ-ਇਕ ਹੋਰ ਅੰਦਰ ਸਿੱਟ-ਠੀਕ ਹੋਜੇਂਗਾ!" ਤੇ ਵਿਆਂਦੜ੍ਹ ਨੇ ਇਕ ਗਿਲਾਸ ਹੋਰ ਗਿੰਦਰ ਦੇ ਹਲਕ ਵਿਚ ਖਾਲੀ ਕਰ ਦਿੱਤਾ। ਇਕ ਤਰ੍ਹਾਂ ਨਾਲ ਜ਼ਹਿਰ ਦਾ ਪੂਰਾ ਗਿਲਾਸ ਗਿੰਦਰ ਅੰਦਰ ਜਾ ਚੁੱਕਾ ਸੀ। ਪਹਿਲਾਂ ਤਾਂ ਉਹ ਦੇਹ-ਤੋੜ ਤੜਫ਼ਿਆ ਅਤੇ ਫਿਰ ਬੇਹੋਸ਼ ਹੋ ਗਿਆ। ਵਿਆਂਦੜ੍ਹ ਅਤੇ ਡਾਕਟਰ ਦਾਰੂ ਵਾਲਾ ਗੇਲਣ ਚੁੱਕ ਤਿੱਤਰ ਹੋ ਗਏ। ਦੱਸਿਆ ਉਨ੍ਹਾਂ ਨੇ ਕਿਸੇ ਨੂੰ ਵੀ ਨਹੀਂ ਸੀ। ਮਲਕੀਤ ਕੌਰ ਵੀ ਵਿਆਹ ਵਾਲੇ ਘਰੇ ਹੀ ਸੀ। ਜੇ ਗਿੰਦਰ ਨੂੰ ਤੁਰੰਤ ਹਸਪਤਾਲ ਪਹੁੰਚਾ ਦਿੱਤਾ ਜਾਂਦਾ, ਸ਼ਾਇਦ ਉਸ ਦੀ ਜਾਨ ਬਚ ਜਾਂਦੀ?

ਜਦ ਅੱਧੀ ਕੁ ਰਾਤੋਂ ਮਲਕੀਤ ਕੌਰ ਵਿਆਹ ਵਾਲੇ ਘਰੋਂ ਪਰਤੀ ਤਾਂ ਗਿੰਦਰ ਫੱਟੇ ਵਾਂਗ ਆਕੜਿਆ, ਮੂੰਹ ਅੱਡੀ ਪਿਆ ਸੀ। ਅੱਖਾਂ ਉਸ ਦੀਆਂ ਚੌਫ਼ਾਲ ਖੁੱਲ੍ਹੀਆਂ ਸਨ। ਮੂੰਹ 'ਤੇ ਲਹੂ ਲਿਬੜੀ ਝੱਗ ਸੁੱਕੀ ਪਈ ਸੀ।

ਮਲਕੀਤ ਕੌਰ ਨੇ ਦੁਹੱਥੜ ਮਾਰੀ। ਉਸ ਦੇ ਹਾਲ-ਦੁਹਾਈ ਪਾਉਣ 'ਤੇ ਸਾਰਾ ਪਿੰਡ ਇਕੱਠਾ ਹੋ ਗਿਆ। ਦਾਰੂ ਕੱਢਣ ਬਾਰੇ ਮਲਕੀਤ ਕੌਰ ਨੂੰ ਪਤਾ ਸੀ। ਉਸ ਨੇ ਕਰੋਧ ਵਿਚ ਸੁਣਾਈ ਕੀਤੀ, "ਕੁੱਤਿਓ ਬਾਹਮਣੋਂ! ਮੇਰਾ ਸਾਧ ਅਰਗਾ ਖਸਮ ਤਾਂ ਤੁਸੀਂ ਲੈ ਲਿਆ-ਹੁਣ ਥੋਡੇ ਸਾਰੇ ਖਲਣੇਂ ਨੂੰ ਨਰੜਾ ਕੇ ਮਰਵਾਊਂ..!"

ਮਲਕੀਤ ਕੌਰ ਦੀ ਸਖ਼ਤ ਧਮਕੀ 'ਤੇ ਪੰਡਤਾਂ ਦੇ ਸਾਰੇ ਟੱਬਰ ਨੇ ਆ ਕੇ ਉਸ ਦੇ ਪੈਰ ਫੜ ਲਏ। ਪੰਚਾਇਤ ਦਾ ਮਿੰਨਤ-ਤਰਲਾ ਕੀਤਾ। ਸਰਪੰਚ ਤੁਰੰਤ ਮਲਕੀਤ ਕੌਰ ਕੋਲ ਪਹੁੰਚਿਆ।

"ਜੋ ਕੁਛ ਹੋ ਗਿਆ ਮਲਕੀਤ ਕੁਰੇ, ਕਿਸੇ ਦੇ ਵੱਸ ਨ੍ਹੀ। ਹੁਣ ਤੂੰ ਸਿਆਣੀ ਬਣ। ਪੁਲਸ ਵੀਹ ਟਟਬੈਰ ਖੜ੍ਹੇ ਕਰ ਕੇ ਖੁਆਰ ਕਰੂ ਤੇ ਕਚਿਹਰੀਆਂ ਦੇ ਗੇੜੇ ਵਾਧੂ ਦੇ ਮਾਰਾਂਗੇ! ਇਹਨਾਂ ਨੂੰ ਸਜਾ ਬੋਲਣ ਨਾਲ ਗਿੰਦਰ ਸਿਉਂ ਨੇ ਮੁੜ ਨ੍ਹੀ ਆਉਣਾ, ਵਾਧੂ ਇਹਦੀ ਲਾਸ਼ ਈ ਖੱਜਲ ਕਰਾਂਗੇ। ਪੁਲਸ ਆਲੇ ਪੋਸਟ ਮਾਰਟਮ ਕਰਵਾਉਣਗੇ। ਵੀਹ ਪੰਗੇ ਖੜ੍ਹੇ ਕਰਨਗੇ। ਹਾਂ, ਜੇ ਤੂੰ ਕਹੇਂ ਪੰਡਤਾਂ ਦੇ ਉਂ ਛਿਤਰੌਲਾ ਫੇਰ ਦਿੰਨੇ ਐਂ?"

ਮਲਕੀਤ ਕੌਰ ਚੁੱਪ ਸੀ। ਸਰਪੰਚ ਨੇ ਸੱਚ ਹੀ ਤਾਂ ਬੋਲਿਆ ਸੀ।

"ਪੰਚਾਇਤ ਰੱਬ ਵਰਗੀ ਹੁੰਦੀ ਐ ਭਾਈ। ਧੱਕੀਦੀ ਨਹੀਂ ਹੁੰਦੀ!" ਬੂਟਾ ਧਾਲੀਵਾਲ ਬੋਲਿਆ।

"ਜੋ ਹੋਇਆ, ਬਹੁਤ ਬੁਰਾ ਹੋਇਆ, ਗੱਲ 'ਤੇ ਮਿੱਟੀ ਪਾਓ ਤੇ ਸਸਕਾਰ ਕਰੋ।" ਤਾਏ ਉਜਾਗਰ ਸਿੰਘ ਨੇ ਕਿਹਾ।

ਸਿਆਣਿਆਂ ਦੀ ਦਿੱਤੀ ਮੱਤ 'ਤੇ ਗਿੰਦਰ ਦਾ ਸਸਕਾਰ ਕਰ ਦਿੱਤਾ ਗਿਆ। ਸਾਰੇ ਰਿਸ਼ਤੇਦਾਰ ਵਿਦਾਅ ਹੋ ਗਏ।

ਗਿੰਦਰ ਤਾਂ ਚਲਾ ਗਿਆ ਸੀ। ਪਰ ਮਲਕੀਤ ਕੌਰ ਦੀ ਜ਼ਿੰਦਗੀ ਵਿਚ ਹਨੇਰ ਛਾ ਗਿਆ। ਹੁਣ ਉਹ ਆਪ ਪੱਠੇ ਲਿਆਉਂਦੀ, ਕੁਤਰਦੀ ਅਤੇ ਪਸ਼ੂਆਂ ਨੂੰ ਪਾਉਂਦੀ। ਜਦੋਂ ਉਸ ਦੇ ਦਿਲੋਂ ਲਾਂਬੂ ਉਠਦਾ ਤਾਂ ਉਹ ਰੱਬ ਨੂੰ ਸਿੱਧੀ ਹੋ ਜਾਂਦੀ।

"ਰੱਬਾ! ਜੇ ਉਹਨੂੰ ਈ ਚੱਕਣਾ ਸੀ ਤਾਂ ਇਕ ਪੁੱਤ ਈ ਦੇ ਦਿੰਦਾ!" ਚਾਹੇ ਉਹ ਗਿੰਦਰ ਨੂੰ ਕਿੰਨਾ ਵੀ ਮੰਦਾ ਚੰਗਾ ਬੋਲਦੀ ਸੀ, ਪਰ ਉਸ ਨੂੰ ਯਾਦ ਕਰ-ਕਰ, ਬੁੱਕ-ਬੁੱਕ ਹੰਝੂ ਕੇਰਦੀ, ਝੂਰਦੀ ਰਹਿੰਦੀ। ਹੋਂਦ ਅਤੇ ਅਣਹੋਂਦ ਦਾ ਅਹਿਸਾਸ ਹੁੰਦਾ!

ਕੁਲਵੰਤ ਅਤੇ ਦਿਲਬਾਗ ਕਦੇ-ਕਦੇ ਗੇੜਾ ਮਾਰਦੇ ਅਤੇ ਸ਼ਾਮ ਨੂੰ ਮੁੜ ਜਾਂਦੇ। ਦਿਲਬਾਗ ਦਾ ਤਾਂ ਬੱਸ ਇੱਕੋ ਹੀ ਮਕਸਦ ਸੀ। ਪਰ ਕੁਲਵੰਤ ਨੇ ਇਸ ਬਾਰੇ ਮਾਂ ਕੋਲ ਬਾਤ ਨਾ ਪਾਈ। ਪਰ ਕੋਈ ਕਿੰਨਾਂ ਕੁ ਚਿਰ ਚੁੱਪ ਰਹਿ ਸਕਦੈ? ਇਕ ਦਿਨ ਅੱਕੀ ਹੋਈ ਕੁਲਵੰਤ ਨੇ ਦਿਲਬਾਗ ਦੀ ਬਦਨੀਤ ਬਾਰੇ ਦੱਸ, ਮਾਂ ਦੇ ਸੀਨੇ ਬਰਛੀ ਮਾਰ ਹੀ ਦਿੱਤੀ। ਮਾਂ ਦਾ ਦਿਲ ਖੱਖੜੀਏਂ ਹੋ ਗਿਆ। ਮਾਂ ਨੇ ਅਜਿਹਾ ਹਓਕਾ ਖਿੱਚਿਆ ਕਿ ਰਾਤ ਨੂੰ ਮੰਜੇ 'ਤੇ ਪਈ ਫਿਰ ਉਹ ਮੁੜ ਕੇ ਨਾ ਉਠੀ।

ਦਿਲਬਾਗ ਅਤੇ ਪਿੰਡ ਵਾਲਿਆਂ ਨੇ ਮਲਕੀਤ ਕੌਰ ਦੀ ਮਿੱਟੀ ਕਿਉਂਟੀ। ਫੁੱਲ ਤਾਰ ਆਏ। ਪਿੰਡ ਪਹੁੰਚੇ ਤਾਂ ਤਾਇਆ ਉਜਾਗਰ ਸਿੰਘ ਬਹੁੜ ਪਿਆ। ਉਹ ਦਿਲਬਾਗ ਨੂੰ ਹੀ ਸੰਬੋਧਨ ਹੋਇਆ।

"ਸ਼ੇਰਾ! ਉਹ ਤਾਂ ਤੁਰਨ ਆਲੇ ਗਏ ਤੁਰ, ਪਰ ਹੁਣ ਤੂੰ ਜਮੀਨ ਤੇ ਘਰ ਦੀ ਸਾਂਭ ਸੰਭਾਲ ਕਰ! ਇਹ ਸਾਰਾ ਕੁਛ ਹੁਣ ਤੇਰਾ ਤੇ ਕੁਲਵੰਤ ਦਾ ਈ ਐ।"

"ਪਰ ਤਾਇਆ ਜੀ! ਮੇਰਾ ਤਾਂ ਪਿੱਛੇ ਵੀ ਬਹੁਤ ਮੁਸ਼ਕਲ ਐ?" ਦਿਲਬਾਗ ਨੇ ਚਤਰਾਈ ਖੇਡੀ।

"ਫੇਰ ਪੁੱਤਰਾ ਇਉਂ ਕਰ! ਇਹਨੂੰ ਸਾਰੇ ਕਾਸੇ ਨੂੰ ਵੇਚ-ਵੱਟ ਕੇ ਪੈਸਾ ਹੱਥ ਹੇਠ ਕਰ। ਸ਼ਰੀਕਾਂ ਤੋਂ ਡਰੀਦੈ। ਕੱਲ੍ਹ ਨੂੰ ਕਿਸੇ ਨੇ ਕਬਜਾ ਕਰ ਲਿਆ, ਬਾਧੂ ਸਿਰ ਪਾਟਣ ਨੂੰ ਥਾਂ ਕਰੇਂਗਾ।"

ਦਿਲਬਾਗ ਦੇ ਦਿਲ ਦੀ ਹੋ ਗਈ।

ਪਰ ਉਹ ਚੁੱਪ ਰਿਹਾ।

"ਕੀ ਸੋਚਣ ਲੱਗ ਪਿਆ?" ਤਾਇਆ ਸੱਚੀ ਹਮਦਰਦੀ ਵਿਚ ਨੁੱਚੜੀ ਜਾ ਰਿਹਾ ਸੀ। ਉਸ ਦਾ ਚਿੱਟਾ ਸਾਊ ਦਾਹੜਾ ਹਵਾ ਵਿਚ ਲਹਿਰਾ ਰਿਹਾ ਸੀ। ਦਿਲਬਾਗ ਦੇ ਦਿਲ ਦੀ ਅੰਦਰਲੀ ਕਾਲਸ ਦਾ ਉਸ ਨੂੰ ਪਤਾ ਨਹੀਂ ਸੀ।

"ਮੈਂ ਸੋਚਦਾ ਸੀ ਤਾਇਆ ਜੀ ਬਈ ਇਸ ਬਹਾਨੇ ਇੱਥੇ ਆਉਣ ਜਾਣ ਬਣਿਆਂ ਰਹਿੰਦਾ?"

"ਤੂੰ ਸ਼ੇਰਾ ਜੀਅ ਸਦਕੇ ਆ। ਸਾਰਾ ਪਿੰਡ ਈ ਤੇਰੈ। ਗਿੰਦਰ ਪਿੰਡ ਦਾ ਸਾਂਝਾ ਸੀ। ਉਹ ਤਾਂ ਇਕ ਪਾਕ-ਪਵਿੱਤਰ ਰੂਹ ਸੀ। ਦੁਨੀਆਂ ਦੇ ਝੰਜਟਾਂ ਤੋਂ ਲੱਖਾਂ ਕੋਹਾਂ ਪਰ੍ਹੇ। ਪਰ ਤੂੰ ਜਮੀਨ ਆਲਾ ਟੈਂਟਾ ਜਰੂਰ ਨਬੇੜ। ਜੇ ਗਿੰਦਰ ਸਿਉਂ ਦੀ ਪੈਲੀ ਕਰਕੇ ਕੋਈ ਝਗੜਾ ਹੋਇਆ ਤਾਂ ਮੈਂ ਤਾਂ ਜਿਹੜਾ ਦੁਖੀ ਹੋਣੈਂ, ਹੋਣਾ ਈ ਐਂ, ਨਾਲ ਅੱਧਾ ਪਿੰਡ ਦੁਖੀ ਹੋਊ!" ਤਾਇਆ ਉਜਾਗਰ ਸਿੰਘ ਵਿਤੋਂ ਵੱਧ ਜਜ਼ਬਾਤੀ ਹੋ ਗਿਆ।

"ਪਰ ਤਾਇਆ ਜੀ, ਗਾਹਕ ਵੀ ਕੋਈ ਮਿਲੇ?"

"ਗਾਹਕ ਬਥੇਰ੍ਹੇ! ਮੈਂ ਲੱਭ ਕੇ ਦਿਊਂ!" ਤਾਏ ਨੇ ਆਪਣੀ ਹਿੱਕ 'ਤੇ ਵੱਡਾ ਸਾਰਾ ਹੱਥ ਮਾਰਿਆ।

ਫ਼ੈਸਲਾ ਹੋ ਗਿਆ। ਗਾਹਕ ਵੀ ਮਿਲ ਗਿਆ।

(ਬਾਕੀ ਅਗਲੇ ਸਫੇ 'ਤੇ)

# ਕਾਵਿ-ਜਗਤ

## ਨਾ ਜ਼ੁਲਮ ਅੱਗੇ ਹਾਰੇ

ਬੇਸ਼ਕ ਉਮਰਾਂ ਛੋਟੀਆਂ ਨੇ
ਸਾਡੇ ਜਿਗਰੇ ਦੇਖ ਸਰਕਾਰੇ ਨੀ।
ਅਸੀਂ ਲਾਲ ਹਾਂ ਗੁਰੂ ਗੋਬਿੰਦ ਸਿੰਘ ਦੇ
ਜ਼ੁਲਮ ਅੱਗੇ ਕਦੇ ਨਾ ਹਾਰੇ ਨੀ।

ਅਸੀਂ ਬੜੇ ਚਿਰਾਂ ਤੋਂ ਭਾਂਪ ਰਹੇ
ਸਾਨੂੰ ਘੇਰਨ ਨੂੰ ਤੂੰ ਫਿਰਦੀ ਹੈਂ।
ਅਸੀਂ ਸਮਝ ਗਏ ਹੁਣ ਚਾਲਾਂ ਨੂੰ
ਬੇਈਮਾਨੀ ਖਾਸੇ ਚਿਰਦੀ ਹੈਂ।
ਸਾਡਾ ਸਬਰ ਨਾ ਕਿਧਰੇ ਟੁੱਟ ਜਾਵੇ
ਸਾਨੂੰ ਨਾ ਬਣਾ ਹਤਿਆਰੇ ਨੀ।
ਅਸੀਂ ਲਾਲ ਹਾਂ ਗੁਰੂ ਗੋਬਿੰਦ ਸਿੰਘ ਦੇ
ਜ਼ੁਲਮ ਅੱਗੇ ਕਦੇ ਨਾ ਹਾਰੇ ਨੀ।

ਨੀਅਤ ਵੀ ਤੇਰੀ ਸਾਫ ਨਹੀਂ
ਹੱਥ ਦੇਖ ਜਿਗਰ 'ਤੇ ਧਰ ਕੇ ਨੀ।
ਬਿਪਤਾ ਪਈ ਜਦੋਂ ਤੇਰੇ 'ਤੇ
ਅਸੀਂ ਖੜ੍ਹੇ ਰਹੇ ਹਿੱਕ ਤਣ ਕੇ ਨੀ।
ਸਾਨੂੰ ਹੁੱਜਾਂ ਮਾਰ ਜਗਾਉਂਦੇ ਨੇ
ਤੇਰੇ ਕੀਤੇ ਕਾਲੇ ਕਾਰੇ ਨੀ।
ਅਸੀਂ ਲਾਲ ਹਾਂ ਗੁਰੂ ਗੋਬਿੰਦ ਸਿੰਘ ਦੇ
ਜ਼ੁਲਮ ਅੱਗੇ ਕਦੇ ਨਾ ਹਾਰੇ ਨੀ।

ਤੂੰ ਕੀਤੇ ਅਤਿਆਚਾਰ ਬੜੇ
ਤੇਰਾ ਕੀਤਾ ਅਸੀਂ ਮਾੜਾ ਕੀ?
ਅਸੀਂ ਅੱਜ ਵੀ ਤੇਰੇ ਨਾਲ ਖੜ੍ਹੇ
ਸਾਨੂੰ ਦੱਸਦੇ ਦਿੱਲੀਏ ਹਾੜਾ ਨੀ।
ਜ਼ੁਬਾਨ ਸਾਡੀ 'ਤੇ ਆ ਜਾਂਦੇ
ਤਾਂ ਹੀ ਖਾਲਿਸਤਾਨੀ ਨਾਅਰੇ ਨੀ।
ਅਸੀਂ ਲਾਲ ਹਾਂ ਗੁਰੂ ਗੋਬਿੰਦ ਸਿੰਘ ਦੇ
ਜ਼ੁਲਮ ਅੱਗੇ ਕਦੇ ਨਾ ਹਾਰੇ ਨੀ।

ਸਿੱਖ, ਹਿੰਦੂ, ਮੁਸਲਿਮ ਵੀਰ ਭਰਾ
ਇਥੇ ਲਹਿਰ ਪਿਆਰ ਦੀ ਵਗਦੀ ਆ।
'ਪੰਜਾਬੀ' ਪੰਜਾਬ ਦੀ ਮਾਂ ਬੋਲੀ
ਤੈਨੂੰ ਕਾਹਤੋਂ ਮਾੜੀ ਲੱਗਦੀ ਆ।
ਸਾਡਾ ਖੇਤੀਬਾੜੀ ਵਿਰਸਾ ਹੈ
ਕਿਉਂ ਸਮਝੇ ਨਾ ਸਰਕਾਰੇ ਨੀ।
ਅਸੀਂ ਲਾਲ ਹਾਂ ਗੁਰੂ ਗੋਬਿੰਦ ਸਿੰਘ ਦੇ
ਜ਼ੁਲਮ ਅੱਗੇ ਕਦੇ ਨਾ ਹਾਰੇ ਨੀ।

*-ਸਿਕੰਦਰ ਔਜਲਾ, ਮਿਸ਼ੀਗਨ*
*ਫੋਨ: 269-744-6986*
*-ਗੋਗੀ ਗਰੇਵਾਲ*

---

## ਹੱਕਾਂ ਦੀ ਜੰਗ ਜਾਰੀ ਹੈ

ਜਦੋਂ ਦੀ ਮਨੁੱਖਤਾ ਹੋਂਦ 'ਚ ਆਈ
ਹੱਕ ਖੋਹਵਣ ਲਈ ਰੀਤ ਚਲਾਈ।
ਤਕੜਾ ਮਾੜੇ ਨੂੰ ਨਿੱਤ ਲੁੱਟੀ ਜਾਵੇ
ਲੁੱਟ ਲੁੱਟ ਖਾਈ ਵਿਚ ਸੁੱਟੀ ਜਾਵੇ।

ਨ ਕੋਈ ਦਲੀਲ ਨ ਸੁਣੇ ਅਪੀਲ
ਬੱਸ ਛੱਡਦਾ ਕਰਕੇ ਪੂਰਾ ਜਲੀਲ।
ਸੁਕਰਾਤ ਜਿਹੇ ਵੀ ਜ਼ਹਿਰਾਂ ਪੀਂਦੇ
ਈਸਾ ਮਨਸੂਰ ਸੂਲੀ ਲਟਕੇਂਦੇ।

ਦੁਨੀਆਂ ਨੇ ਕਦੇ ਚੰਗੀ ਨ ਕੀਤੀ
ਗੁਰੂਆਂ ਪੀਰਾਂ ਨਾਲ ਇਹੋ ਬੀਤੀ।
ਹੌਲੀ ਹੌਲੀ ਫਿਰ ਜਾਗਰਤੀ ਆਈ
ਮਾੜਿਆਂ ਦੀ ਲੱਗੀ ਹੋਣ ਚੜ੍ਹਾਈ।
ਹੋਈ ਲਾਮਬੰਦੀ ਫਿਰ ਧੀਰੇ ਧੀਰੇ
ਹਥਿਆਰਾਂ ਦੇ ਭਰ ਲਏ ਜ਼ਖੀਰੇ।
ਨਿੱਤ ਹੋਣ ਲੱਗੀ ਮਾਰ ਕੁਟਾਈ
ਅਮਨ ਸ਼ਾਂਤੀ ਦੀ ਵਾਰੀ ਆਈ।

ਹੋਵੇ ਚਾਹੇ ਅਬਰਾਹਿਮ ਲਿੰਕਨ
ਜਾਂ ਸੱਠਵਿਆਂ ਦਾ ਲੂਥਰ ਕਿੰਗ।
ਮਹਾਤਮਾ ਗਾਂਧੀ ਰੀਤ ਨਿਭਾਈ
ਜਾਨ ਦੇਹ ਉਨ੍ਹਾਂ ਕੀਮਤ ਚੁਕਾਈ।

ਯੂ. ਐਨ. ਓ. 'ਚ ਮਸਲਾ ਚੁੱਕਿਆ
ਹਿਊਮਨ ਰਾਈਟਸ ਆ ਢੁਕਿਆ।
ਵੀਅਤਨਾਮ ਜਾਂ ਫਲਸਤੀਨ ਹੋਵੇ
ਦੋਨੋਂ ਥਾਂ ਇਨਸਾਨੀਅਤ ਰੋਵੇ।

ਅਫਰੀਕਾ ਦਾ ਨੈਲਸਨ ਮੰਡੇਲਾ
ਲੜਦਾ ਰਿਹਾ ਸੀ ਜੰਗ ਅਕੇਲਾ।
ਅੱਖਾਂ ਪੂੰਝਣ ਕਦੇ ਹੱਥ ਹਿਲਾਣ
ਮਨੁੱਖਤਾ ਦਾ ਹੁੰਦਾ ਰਹੇ ਘਾਣ।

ਵੀ. ਗੋਂਸਾਲਵੇ ਜਾਂ ਅਰੁੰਧਤੀ ਰਾਏ
ਗੌਤਮ ਨੌਲੱਖਾ ਵੀ. ਬਰਵਰਾ ਰਾਏ।
ਸਟੇਨ ਸਵਾਮੀ ਤੇ ਸੁਧੀਰ ਧਾਵਲੇ
ਗੌਰੀ ਲੰਕੇਸ਼ ਦਾ ਗੀਤ ਗਾਵ ਲੇ।

ਮੇਧਾ ਪਾਟੇਕਰ ਜਾਂ ਰਾਜੀਵ ਧਵਨ
ਜਸਵੰਤ ਖਟੜਾ ਬੇਜ਼ਵਾੜਾ ਵਿਲਸਨ।
ਮੁੱਕਦਾ ਨਾ ਹਜੇ ਇਹ ਅੰਧ ਗੁਬਾਰ
ਜੰਗ ਜਾਰੀ ਨਾ ਹੋਈ ਆਰ-ਪਾਰ।

*-ਸੇਵਾ ਸਿੰਘ ਨੂਰਪੁਰੀ*

---

## ਜ਼ੁਲਮ ਦੀ ਇੰਤਹਾ

ਹੁੰਦੀ ਜਾ ਰਹੀ ਹੈ ਜ਼ੁਲਮ ਦੀ ਇੰਤਹਾ ਤੇਰੇ ਸ਼ਹਿਰ ਵਿਚ।
ਬੇਅਸੂਰ ਲੋਕ ਹੰਗਾਮਾ ਰਹੇ ਨੇ ਬਰਪਾ ਤੇਰੇ ਸ਼ਹਿਰ ਵਿਚ।

ਇਹ ਇਨਸਾਨੀਅਤ ਜ਼ਮਹੂਰੀਅਤ ਦਾ ਤਕਾਜ਼ਾ ਹੀ ਨਹੀਂ,
ਜੋ ਸ਼ਾਂਤਮਈ ਲੋਕਾਂ ਨਾਲ ਵਰਤ ਰਿਹਾ ਤੇਰੇ ਸ਼ਹਿਰ ਵਿਚ।

ਇਹ ਕਿਰਤੀ, ਕਿਸਾਨ ਮੁਫਲਿਸ ਤੈਥੋਂ ਹੱਕ ਮੰਗ ਰਹੇ ਨੇ,
ਤੈਨੂੰ ਆਪਣੀਆਂ ਔਕੜਾਂ ਰਹੇ ਨੇ ਸੁਣਾ ਤੇਰੇ ਸ਼ਹਿਰ ਵਿਚ।

ਇਹ ਮਿਹਨਤਾਂ ਦੇ ਜਾਏ, ਇਹ ਮੈਦਾਨਾਂ ਦੇ ਸ਼ਾਹ-ਸਵਾਰ,
ਆਪਣੇ ਹਕੂਕ ਲੈਣ ਲਈ ਬੈਠੇ ਨੇ ਆ ਤੇਰੇ ਸ਼ਹਿਰ ਵਿਚ।

ਇਨ੍ਹਾਂ ਬੇਕਸਾਂ ਦੀ ਫਰਿਆਦ ਸੁਣ, ਕੰਨ ਧਰ, ਤੱਵਜੋ ਦੇਹ,
ਤੇਰਾ ਫਰਜ਼, ਹੋਰ ਕੌਣ ਕਰੇਗਾ ਅਦਾ ਤੇਰੇ ਸ਼ਹਿਰ ਵਿਚ।

ਇਹ ਬੇਖੌਫ, ਨਿਡਰ, ਨਿਧੜਕ ਯੋਧੇ ਜਾਣਦੇ ਨੇ ਹੱਕ ਲੈਣੇ,
ਕੋਈ ਵੀ ਨਹੀਉਂ ਇਨ੍ਹਾਂ ਦੇ ਪਾਏ ਦਾ ਤੇਰੇ ਸ਼ਹਿਰ ਵਿਚ।

ਇਹ ਅਤਿਵਾਦੀ, ਵੱਖਵਾਦੀ ਨਹੀਂ ਏਸੇ ਮੁਲਕ ਦੇ ਵਾਸੀ ਨੇ,
ਕਾਸਤੋਂ ਵਿਤਕਰਾ ਏ ਕੀਤਾ ਜਾ ਰਿਹਾ ਤੇਰੇ ਸ਼ਹਿਰ ਵਿਚ।

ਤੇਰੇ ਭਗਤ, ਜ਼ਰ-ਖਰੀਦ ਹੁਲੜਬਾਜ ਪ੍ਰੇਸ਼ਾਨ ਕਰ ਰਹੇ ਨੇ,
ਸ਼ਾਂਤ, ਬੈਠਿਆਂ 'ਤੇ ਕਰ ਰਹੇ ਨੇ ਪਥਰਾ ਤੇਰੇ ਸ਼ਹਿਰ ਵਿਚ।

ਲਹੂ-ਪਸੀਨਾ ਡੋਲ੍ਹ ਕੇ ਮੁਲਕ ਦਾ ਢਿੱਡ ਭਰਨ ਵਾਲਾ ਅੱਜ,
ਤੇਰੀ ਬੇ-ਰੁਖੀ ਤੋਂ ਹੈ ਮਾਯੂਸ ਹੋਇਆ ਤੇਰੇ ਸ਼ਹਿਰ ਵਿਚ।

ਤੇਰੇ ਮੁਸ਼ੀਰ, ਵਜ਼ੀਰ, ਮੁਕੱਦਮ ਕਿਉਂ ਨੇ ਏਨੇ ਬੇ-ਪਰਵਾਹ,
ਸ਼ਰੇਆਮ ਕਾਨੂੰਨ ਹੈ ਬੇ-ਪਤ ਹੋ ਰਿਹਾ ਤੇਰੇ ਸ਼ਹਿਰ ਵਿਚ।

ਰੋਕ ਇਨ੍ਹਾਂ ਨੂੰ ਨਾ ਇਹ ਕਰਨ ਹੁਲੜਬਾਜੀ, ਜ਼ਿਆਦਤੀ,
ਸਾਂਝ, ਭਾਈਚਾਰਾ ਹੋ ਜਾਣਾ ਏ ਤਬਾਹ ਤੇਰੇ ਸ਼ਹਿਰ ਵਿਚ।

ਪੂੰਜੀਪਤੀਆਂ, ਸਰਮਾਏਦਾਰਾਂ ਦਾ ਪਿਛਲੱਗ ਦਲਾਲ ਨਾ ਬਣ,
ਲੁੱਟ ਲੈਣਗੇ ਮੁਲਕ ਨੂੰ ਜੇ ਲੋਟੂ ਬੈਠੇ ਆ ਤੇਰੇ ਸ਼ਹਿਰ ਵਿਚ।

*-ਚੰਨ*
*ਫੋਨ: 908-788-8427*

## ਆਜੋ ਇੱਕ ਜੰਗ ਲੜੀਏ

ਉੱਠੋ, ਹੋਵੋ ਖੜ੍ਹੇ ਜਵਾਨੋਂ
ਆਜੋ ਇੱਕ ਜੰਗ ਲੜੀਏ
ਕਰਨਾ ਬਰਬਾਦ ਪੰਜਾਬ ਜੋ ਚਾਹਵਣ
ਬਣ ਦੀਵਾਰ ਉਨ੍ਹਾਂ ਅੱਗੇ ਖੜ੍ਹੀਏ।

ਹਜ਼ਾਰਾਂ ਹੀ ਜੰਗਾਂ ਜਿੱਤੀਆਂ ਨੇ,
ਬੜੀਆਂ ਕੁਰਬਾਨੀਆਂ ਦਿੱਤੀਆਂ ਨੇ,
ਧਰਤੀ ਇਹ ਪੰਜ ਆਬਾਂ ਦੀ
ਸ਼ਹੀਦਾਂ ਦੇ ਲਹੂ ਨਾਲ ਖਿੜੀਏ,
ਉੱਠੋ, ਹੋਵੋ ਖੜ੍ਹੇ ਜਵਾਨੋਂ
ਆਜੋ ਇੱਕ ਜੰਗ ਲੜੀਏ।

ਹੁਣ ਜਦ ਚੱਲੇ, ਅੱਗੇ ਵਧਣਾ ਏ,
ਨਾ ਝੁਕਣਾ, ਨਾ ਪਿੱਛੇ ਹਟਣਾ ਏ,
ਦੇਖਿਓ, ਕਿਤੇ ਟੁੱਟ ਨਾ ਜਾਇਓ
ਏਕੇ ਵਿਚ ਹੀ ਜਿੱਤ ਲੁਕੀਏ,
ਉੱਠੋ, ਹੋਵੋ ਖੜ੍ਹੇ ਜਵਾਨੋਂ
ਆਜੋ ਇੱਕ ਜੰਗ ਲੜੀਏ।

ਮਾਣ ਰੱਖ ਲਵੋ,ਪਛਾਣ ਰੱਖ ਲਵੋ,
ਪੰਜਾਬ ਦਾ ਬਚਾ ਕੇ ਨਾਮ ਰੱਖ ਲਵੋ,
ਸੂਰਮੇ ਮੈਦਾਨ ਵਿਚ ਆਣ ਖੜ੍ਹੇ
ਚਲੋ ਸ਼ੇਰਾ ਵਾਂਗ ਲੜੀਏ,
ਉੱਠੋ, ਹੋਵੋ ਖੜ੍ਹੇ ਜਵਾਨੋਂ
ਆਜੋ ਇੱਕ ਜੰਗ ਲੜੀਏ
ਕਰਨਾ ਬਰਬਾਦ ਪੰਜਾਬ ਜੋ ਚਾਹਵਣ
ਬਣ ਦੀਵਾਰ ਉਨ੍ਹਾਂ ਅੱਗੇ ਖੜੀਏ।

*-ਮਨਪ੍ਰੀਤ ਕੌਰ, ਮਾਨਸਾ*
*ਫੋਨ: 91-99147-37211*

---

## ਪੰਜਾਬ ਦੀ ਕਿਸਮਤ

ਸੁੱਕੇ ਰੁੱਖ ਹੁਣ ਹਰੇ ਹੋ ਰਹੇ,
ਏਕਤਾ ਕਰ ਸਭ ਖਰੇ ਹੋ ਰਹੇ।
ਸਮੇਂ ਦੀ ਕਾਇਆ ਅਦਲ ਰਹੀ ਹੈ,
ਲੱਗਦੈ ਪੰਜਾਬ ਦੀ ਕਿਸਮਤ ਬਦਲ ਰਹੀ ਹੈ।

ਦੇਰ ਆਏ, ਪਰ ਦਰੁੱਸਤ ਆਏ ਹੋ,
ਤਿਆਗ ਕੇ ਆਪਣੀ ਸੁਸਤ ਆਏ ਹੋ,
ਭਲੇ ਤੋਂ ਉਸ ਨੇ, ਭਲਾ ਕਰਵਾਉਣਾ,
ਇਨਕਲਾਬ ਦੀ ਪੁਸ਼ਤ ਆਏ ਹੋ।
ਵੇਖਿਓ ਕਿਧਰੇ ਪੈਰ ਨੇ ਥਿੜਕੇ,
ਤਿਲਕਵੀਂ ਸਿਆਸਤੇ-ਜਦਲ ਰਹੀ ਹੈ।
ਲੱਗਦੈ ਪੰਜਾਬ ਦੀ ਕਿਸਮਤ ਬਦਲ ਰਹੀ ਹੈ।

ਹੱਥ ਵਿਚ ਫੜੀ ਮਸ਼ਾਲ ਨਾ ਭੁੱਲਿਓ,
ਸ਼ਹੀਦਾਂ ਦੀ ਓਹ ਚਾਲ ਨਾ ਭੁੱਲਿਓ।
ਨਾ ਭੁੱਲਿਓ ਓਹ ਖਾਦੀ ਸਹੁੰ ਜੋ,
ਮੌਜੂਦਾ ਪੰਜਾਬ ਦਾ ਹਾਲ ਨਾ ਭੁੱਲਿਓ।
ਵਿਦੇਸ਼ੀ ਰਹਿ ਅਸੀਂ ਪੰਜਾਬ ਲਈ ਸਿਸਕਦੇ,
ਹਸਤੀ-ਏ-ਪੰਜਾਬ ਕੋਈ ਤਾਕਤ ਦਦਲ ਰਹੀ ਹੈ।
ਲੱਗਦੈ ਪੰਜਾਬ ਦੀ ਕਿਸਮਤ ਬਦਲ ਰਹੀ ਹੈ।

ਪੰਜਾਬ ਦਾ ਹਰ ਇੱਕ ਪੰਛੀ ਜਖਮੀ,
ਤੜਪ ਤੜਪ ਕੇ ਨਿੱਤ ਹੈ ਮਰਦਾ।
ਕਿਸਾਨਾਂ ਦਾ ਤੁਸੀਂ ਹਾਲ ਵੇਖਿਆ,
ਐਵੇਂ ਨਹੀਂ ਕੋਈ ਖੁਦਕੁਸ਼ੀ ਕਰਦਾ।
ਜਾਗੋ! ਪੰਜਾਬ ਜਾਗ ਰਿਹਾ ਹੈ,
ਸੁੱਤਿਆਂ ਦੀ ਨਾ ਨਸਲ ਰਹੀ ਹੈ?
ਲੱਗਦੈ ਪੰਜਾਬ ਦੀ ਕਿਸਮਤ ਬਦਲ ਰਹੀ ਹੈ।

ਇਨਕਲਾਬ ਸੱਚਾ ਤਦ ਆਵੇਗਾ,
ਪੇਂਡੂ, ਸ਼ਹਿਰੀ, ਆਮ ਨੂੰ ਬਦਲੋ।
ਬਦਲ ਦਿਉ ਏਹ ਗੰਧਲੀ ਰਾਜਨੀਤੀ,
ਬਦਲੋ ਸਾਰਾ ਨਿਜ਼ਾਮ ਹੀ ਬਦਲੋ।
ਬਦਲਾਓ ਦੌਰ ਹੈ ਹਰ ਪਾਸੇ ਅੱਜ,
ਬਦਲ ਏਹ ਦੁਨੀਆਂ ਸਗਲ ਰਹੀ ਹੈ।
ਲੱਗਦੈ ਪੰਜਾਬ ਦੀ ਕਿਸਮਤ ਬਦਲ ਰਹੀ ਹੈ।

ਜੈ ਜਵਾਨ ਤੇ ਜੈ ਕਿਸਾਨ ਦਾ,
ਝੰਡਾ ਹਰ ਥਾਂ ਲਹਿਰਾ ਦੇਣਾ ਹੈ।
ਕੁੰਭਕਰਨ ਦੀ ਨੀਂਦ ਜੋ ਸੁੱਤੇ,
ਉਨ੍ਹਾਂ ਨੂੰ ਨੀਂਦੋਂ ਜਗਾ ਲੈਣਾ ਹੈ।
ਬੋਦਲਾਂ ਦੇ 'ਸੁਖਵਿੰਦਰਾ' ਸੱਚਮੁੱਚ,
ਦਿੱਖ ਹੁਣ ਮੰਜ਼ਿਲ ਬਗਲ ਰਹੀ ਹੈ।
ਲੱਗਦੈ ਪੰਜਾਬ ਦੀ ਕਿਸਮਤ ਬਦਲ ਰਹੀ ਹੈ।

*-ਸੁਖਵਿੰਦਰ ਸਿੰਘ ਬੋਦਲਾਂਵਾਲਾ*
*ਫੋਨ: 360-281-2624*

---

## ਅੱਜ ਦੀ ਦੁਨੀਆਂ

ਜ਼ਿੰਦਗੀ ਦੀ ਕਸ਼ਮਕਸ਼ ਨੇ
ਸਾਨੂੰ ਟੁਕੜੇ ਹੋਣਾ ਸਿਖਾਇਆ,
ਪਰਿਵਾਰਾਂ ਨੂੰ ਵੀ ਦੂਰ ਕੀਤਾ
ਕਿਸਮਤ ਦੇ ਉਤੇ ਰੁਲਾਇਆ।

ਉਂਜ ਤਾਂ ਰਿਸ਼ਤੇਦਾਰਾਂ ਦੀ ਭਰਮਾਰ ਸੀ
ਪਰ ਮਜਬੂਰੀ ਅੱਗੇ ਸਭ ਸ਼ਰਮਸਾਰ ਸੀ
ਅਗਿਆਨਤਾ ਨੇ ਇਨਸਾਨਾਂ ਨੂੰ ਲੜਾਇਆ
ਪ੍ਰੇਮ ਦੀ ਪਰਿਭਾਸ਼ਾ ਨੂੰ ਵੀ ਹੈ ਭੁਲਾਇਆ।

ਗਰੀਬ ਹੋਰ ਵੀ ਹੋ ਰਿਹਾ ਗਰੀਬ
ਅਮੀਰਾਂ ਦਾ ਚਮਕ ਰਿਹਾ ਨਸੀਬ
ਮਜ਼ਦੂਰ ਦਾ ਸਮੇਂ ਨੇ ਖੂਨ ਸੁਖਾਇਆ
ਲਾਚਾਰੀ ਨੇ ਰੋਟੀ-ਰੋਟੀ ਨੂੰ ਤਰਸਾਇਆ।

ਰਾਜ ਕਰਨ ਵਾਲੇ ਬਾਤਾਂ ਬਣਾਉਣ ਨੂੰ ਲੱਗੇ ਨੇ
ਆਮ ਨਾਗਰਿਕ ਤਾਲੀਆਂ ਬਜਾਉਣ ਨੂੰ ਲੱਗੇ ਨੇ
ਭਾਈ ਨੇ ਭਾਈ 'ਤੇ ਆਰੋਪ ਲਗਾਇਆ
ਇਕ ਰੱਬ ਦੀ ਸੰਤਾਨ ਕਹਿਣਾ ਛਡਾਇਆ।

ਨਾਰੀ ਦੇ ਸਨਮਾਨ ਨੂੰ ਭੁੱਲ ਕੇ ਰਹਿ ਗਏ
ਕਾਨੂੰਨੀ ਲੜਾਈ 'ਚ ਕਿੰਨੇ ਕੀ ਕੁਝ ਸਹਿ ਗਏ
ਤਾਕਤਵਰ ਨੇ ਹੈ ਨਿਰਬਲ ਨੂੰ ਝੁਕਾਇਆ
ਪੈਸੇ ਨੂੰ ਰੱਬ ਬਣਾ ਕੇ ਪਿਛੇ ਸਭ ਨੂੰ ਦੌੜਾਇਆ।

*-ਸਵਾਮੀ ਦਾਸ, ਨਵੀਂ ਦਿੱਲੀ*

---

## ਚੰਨ

ਚੰਨਾ ਤੇਰੀ ਚਾਨਣੀ ਵੇ ਤਾਰਿਆਂ ਦੀ ਲੋਅ
ਇੱਕ ਮੇਰੀ ਗੱਲ ਸੁਣ ਕੋਲ ਆ ਖਲੋ।
ਦੂਰ ਦੂਰ ਰਹਿੰਦਾ ਏਂ, ਤੂੰ ਅੰਦਰ ਸਮੋ
ਕਰਤੂਤਾਂ ਤੇਰੀਆਂ ਵੇ ਚੰਨਾ ਰੱਖੀਆਂ ਲਕੋ।
ਤੇਰੇ ਬਿਨਾ ਸੋਹਣਿਆਂ ਨਾ ਦਿਸੇ ਮੈਨੂੰ ਲੋਅ
ਭੁੱਲ ਨਾ ਤੂੰ ਜਾਏਂ, ਮੈਨੂੰ ਪੈਂਦੀ ਏ ਖੋਹ।

ਕਿਵੇਂ ਸਮਝਾਵਾਂ ਤੈਨੂੰ ਗਿਆ ਤੂੰ ਮੇਰਾ ਹੋ
ਮਨ ਦੀਆਂ ਬਿਰਤੀਆਂ 'ਚ ਲੱਗੀ ਮੇਰੇ ਕੋ।
ਇੱਕ ਛਿਨ ਕੋਲ ਲੱਗੇਂ, ਝੱਟ ਜਾਏਂ ਖੋ
ਯਾਦ ਤੈਨੂੰ ਕਰ ਕਰ ਹੰਭ ਗਈ ਮੈਂ ਰੋ।
ਤੇਰੀ ਯਾਦ ਸੱਲ ਪਾਵੇ ਠੱਲੀ ਨਾ ਠਲੋ
ਹਨੇਰੇ ਵਿਚ ਲੱਭਾਂ ਤੈਨੂੰ ਲੱਭਦੀ ਨਾ ਲੋਅ।

*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

# ਰੱਸੀਆਂ ਧਰ ਕੇ ਮਿਣਦੇ ਲੋਕੀ...

*(ਪਿਛਲੇ ਸਫੇ ਦੀ ਬਾਕੀ)*

ਤਾਏ ਉਜਾਗਰ ਸਿੰਘ ਅਤੇ ਪਿੰਡ ਦੇ ਮੋਹਤਬਰ ਬੰਦਿਆਂ ਨੇ ਕੁਝ ਸਿੱਧੇ ਅਤੇ ਕੁਝ ਅਸਿੱਧੇ ਹੀਲੇ-ਵਸੀਲੇ ਕਰ ਕੇ ਗਿੰਦਰ ਵਾਲੀ ਜ਼ਮੀਨ ਅਤੇ ਘਰ ਵੇਚ ਕੇ ਪੈਸੇ ਦਿਲਬਾਗ ਦੇ ਹੱਥ ਫੜਾ ਦਿੱਤੇ। ਕਬਜ਼ਾ ਹਾੜ੍ਹੀ ਤੋਂ ਬਾਅਦ ਦੇਣਾ ਮਿਥਿਆ ਸੀ। ਹਾੜ੍ਹੀ ਦੀ ਸਾਰੀ ਫਸਲ ਦਾ ਦਿਲਬਾਗ ਹੀ ਮਾਲਕ ਹੋਣਾ ਸੀ। ਹਾੜ੍ਹੀ ਦੀ ਵਾਢੀ ਤੋਂ ਲੈ ਕੇ ਕਣਕ ਦੀ ਕਢਾਈ ਤੱਕ, ਸਾਰੀ ਜ਼ਿੰਮੇਵਾਰੀ ਉਸੇ ਦੀ ਹੀ ਸੀ। ਉਹ ਮਿਲੇ ਚਾਲੀ ਲੱਖ ਰੁਪਏ ਬੈਂਕ ਵਿਚ ਰੱਖ, ਪਿੰਡ ਨੂੰ ਬੱਸ ਚੜ੍ਹ ਗਿਆ। ਹੁਣ ਉਸ ਦੇ ਧਰਤੀ 'ਤੇ ਪੈਰ ਨਹੀਂ ਲੱਗਦੇ ਸਨ। ਚਾਲੀ ਲੱਖ ਰੁਪਏ? ਤੇ ਉਹ ਵੀ ਮੱਲੋਮੱਲੀ ਮਿਲਣੇ? ਦਿਲਬਾਗ ਤਾਂ ਅੱਜ ਸਿਰੋਂ ਸਰਦਾਰ ਸੀ!

ਹਾੜ੍ਹੀ ਦੀ ਵਾਢੀ ਆ ਗਈ। ਦਿਲਬਾਗ ਨੇ ਪਿੰਡੋਂ ਕੰਬਾਈਨ ਲਿਆ ਕੇ ਕਣਕ ਵਢਵਾ ਦਿੱਤੀ ਅਤੇ ਦਾਣੇ ਆਪਣੇ ਆੜ੍ਹਤੀਆਂ ਨੂੰ ਤੁਲਵਾ ਕੇ ਚੁਕਵਾ ਦਿੱਤੇ। ਚਾਰੇ ਪਾਸਿਓਂ ਫ੍ਹਾਰਗ ਹੋ ਕੇ ਦਿਲਬਾਗ ਅਤੇ ਉਸ ਦੇ ਜੁੰਡੀ ਦੇ ਯਾਰਾਂ ਨੇ ਸ਼ਾਮ ਨੂੰ ਗਿੰਦਰ ਦੇ ਘਰੇ ਝੰਡਾ ਆ ਗੱਡਿਆ। ਬੋਤਲਾਂ ਖੁੱਲ੍ਹ ਗਈਆਂ, ਬੱਕਰਾ ਵੱਢਿਆ ਗਿਆ। ਕੋਠੇ 'ਤੇ ਦੋ ਮੰਜੇ ਜੋੜ ਕੇ ਸਪੀਕਰ ਲਾਇਆ ਗਿਆ। ਦਾਰੂ ਨਾਲ ਬੱਕਰਾ ਚੂੰਡਿਆ ਜਾ ਰਿਹਾ ਸੀ ਅਤੇ ਸਪੀਕਰ 'ਤੇ ਗੰਦੇ ਗੀਤ ਵੱਜ ਰਹੇ ਸਨ। ਲਲਕਾਰੇ ਵੱਜ ਰਹੇ ਸਨ ਅਤੇ ਬੋਤੇ ਵਾਂਗ ਮੱਘੋ ਕੱਢੇ ਜਾ ਰਹੇ ਸਨ।

ਸਾਰਾ ਪਿੰਡ ਕੰਨਾਂ ਵਿਚ ਉਂਗਲਾਂ ਦੇਈ ਪਿਆ ਸੀ। ਜਿਵੇਂ ਸਾਰਾ ਪਿੰਡ ਮਰ ਗਿਆ ਸੀ। ਜਿਵੇਂ ਸਾਰਾ ਪਿੰਡ ਉਜੜ ਗਿਆ ਸੀ। ਜਿਵੇਂ ਸਾਰੇ ਪਿੰਡ ਨੂੰ 'ਦਿਉ' ਖਾ ਗਿਆ ਸੀ। ਪਰ ਸਪੀਕਰ 'ਤੇ ਤਵਾ ਖੜਕ ਰਿਹਾ ਸੀ, "ਰੱਸੀਆਂ ਧਰ ਕੇ ਮਿਣਦੇ ਲੋਕੀ, ਔਤ ਗਿਆਂ ਦੀਆਂ ਥਾਂਵਾਂ...!"

ਸਾਰੇ ਪਿੰਡ ਨੂੰ ਇੰਜ ਮਹਿਸੂਸ ਹੋਇਆ ਕਿ ਗਿੰਦਰ ਅਸਲ ਵਿਚ ਉਸ ਦਿਨ ਨਹੀਂ, ਅੱਜ ਮਰਿਆ ਸੀ!

# ਮੌਲਾ ਮਿਹਰ ਕਰੀਂ

ਸਰਕਾਰੀ ਚੀਜ਼ਾਂ ਵਸਤਾਂ ਦਾ ਜੇ ਨੁਕਸਾਨ ਕਿਸੇ ਤੋਂ ਹੋ ਜਾਵੇ,
ਭਾਰਤ ਦੀ ਸਰਕਾਰ ਉਸ ਨੂੰ ਜੇਲ੍ਹ ਭੇਜਣਾ ਚਾਹਵੇ।

ਪਰ ਜੋ ਸਰਕਾਰ ਦੇਸ਼ ਦੀ ਹਰ ਇਕ ਵਸਤੂ ਵੇਚ ਰਹੀ ਹੈ,
ਉਸ ਸਰਕਾਰ ਨੂੰ ਭਲਾ ਅਦਾਲਤ ਕਿਉਂ ਨਾ ਫਾਹੇ ਲਾਵੇ?

ਭਾਰਤ ਦੇ ਤਿਰੰਗੇ ਝੰਡੇ ਨੂੰ ਜੋ ਮੰਨਦੇ ਨਹੀਂ ਸੀ ਭਗਵੇਂ ਲੋਕ,
ਉਹ ਕੱਟੜਵਾਦੀ ਪਾਰਟੀ ਤਿਰੰਗੇ ਦਾ ਸਤਿਕਾਰ ਸਿਖਾਵੇ।

ਮੁਗਲਾਂ-ਅੰਗਰੇਜ਼ਾਂ ਤੋਂ ਜਿਹੜੇ ਕਦੇ ਆਜ਼ਾਦ ਨਾ ਹੋ ਸਕਦੇ,
ਦੇਸ਼ ਦੇਣ ਉਸ ਕੌਮ ਨੂੰ, ਜਿਹੜੀ ਸਭ ਦੀ ਜਾਨ ਬਚਾਵੇ।

ਸਾਰੇ ਦੇਸ਼ ਦਾ ਪੇਟ ਪਾਲਦੇ ਅੰਨ ਉਗਾਉਂਦੇ ਜੋ ਕਿਰਸਾਣ,
ਪੀਣ ਦੇ ਪਾਣੀ ਕੱਟੇ ਜਾਣ 'ਤੇ ਉਨ੍ਹਾਂ ਨੂੰ ਰੋਣਾ ਪੈ ਜਾਵੇ।

ਬਾਰਡਰ 'ਤੇ ਜੋ ਕਿਸਾਣ ਦਾ ਪੁੱਤ ਲੜਦਾ ਲੜਦਾ ਮਰਦਾ,
ਕਿਸਾਨ ਦੇ ਪੁੱਤ ਦੀ ਲਾਸ਼ ਤਿਰੰਗੇ ਵਿਚ ਲਿਪਟੀ ਆਵੇ।

ਭਗਤ ਸਿੰਘ ਨੂੰ ਅਜੇ ਤੀਕ ਸਰਕਾਰ ਸ਼ਹੀਦ ਨਹੀਂ ਮੰਨਦੀ,
ਭਾਰਤ ਦੀ ਸਰਕਾਰ ਨੂੰ ਕਿਹੜਾ ਜਾ ਕੇ ਗੱਲ ਸਮਝਾਵੇ!

ਰਾਸ਼ਟਰਵਾਦ ਸਿਖਾਉਂਦੇ ਫਿਰਦੇ, ਜਿਨ੍ਹਾਂ ਚੂਹੀ ਵੀ ਨਾ ਮਾਰੀ,
ਜੱਟ ਤਾਂ ਮਰਦਾ ਮਰਦਾ ਵੀ ਪੰਜਾਂ ਸੱਤਾਂ ਨੂੰ ਝਟਕਾਵੇ।

ਧਰਮ 'ਤੇ ਕਾਬਜ਼ ਕੱਟੜਵਾਦੀ ਅਤਿਵਾਦੀ ਨੇ ਸਭ ਦੇ ਸਭ,
ਰਾਜ ਭਾਗ ਦੇ ਨਸ਼ੇ 'ਚ ਇਨ੍ਹਾਂ ਨੂੰ ਕੁਝ ਸਮਝ ਨਾ ਆਵੇ।

ਮਿਹਰ ਕਰੀਂ ਮੌਲਾ ਤੂੰ ਸਾਡੇ ਅੰਗ-ਸੰਗ ਹੈਂ ਹਰ ਇਕ ਪਲ,
ਜੋ ਜਰਨ ਦੀ ਗੁੜਤੀ ਦਿੱਤੀ ਹੈ, ਕਿਤੇ ਸਾਨੂੰ ਨਾ ਭੁੱਲ ਜਾਵੇ।

*-ਸੁਰਿੰਦਰ ਸਿੰਘ ਸੁੱਨੜ, ਫੋਨ: 530-921-0097*

# ਦਰਸ਼ਨ ਦਰਵੇਸ਼ ਦੇ ਸੁਰਿੰਦਰ ਸੋਹਲ ਨੂੰ 101 ਸਵਾਲ



ਦਰਸ਼ਨ ਦਰਵੇਸ਼

1. ਅੱਜ ਤੱਕ ਕਿਹੜੀ ਪਿਆਰੀ ਤੇ ਕੀਮਤੀ ਖੁਸ਼ੀ ਦਾ ਨਸ਼ਾ ਸੰਭਾਲ ਕੇ ਰੱਖਿਆ ਹੈ?

-ਸੱਜਰੀ ਮੁਹੱਬਤ 'ਚ ਹੋਈ 'ਹਾਂ' ਦੀ ਖੁਸ਼ੀ ਦਾ ਨਸ਼ਾ।

2. ਜ਼ਿੰਦਗੀ ਵਿਚ ਕਿਸ ਘਟਨਾ ਦੇ ਸਵਾਦ ਤੋਂ ਪ੍ਰਭਾਵਿਤ ਹੋਏ ਹੋ?

-ਪਹਿਲੇ ਚੁੰਮਣ ਦਾ ਜ਼ਾਇਕਾ ਅਜੇ ਤੱਕ ਨਹੀਂ ਭੁੱਲਿਆ।

3. ਕਿਸ ਗੱਲ ਤੋਂ ਸਭ ਤੋਂ ਜ਼ਿਆਦਾ ਡਰੇ ਕਿ ਮੁੜ ਕੇ ਕਦੇ ਡਰੇ ਹੀ ਨਹੀਂ?

-ਆਪਣੇ ਖਿਲਾਫ ਹੋ ਰਹੇ ਦੋਸਤਾਂ ਦੇ ਇਕੱਠ ਬਾਰੇ ਸੁਣ ਕੇ। ਜਦੋਂ ਬਿਨਾ ਬੁਲਾਏ ਉਥੇ ਆਪ ਹੀ ਚਲੇ ਗਿਆ ਤਾਂ ਦੇਖਿਆ, ਜਿਨ੍ਹਾਂ ਨੂੰ ਉਂਗਲ ਲਾ ਕੇ ਸਾਹਿਤ ਦੀ ਡੰਡੀ 'ਤੇ ਤੋਰਿਆ ਸੀ, ਉਹੀ ਮੇਰੇ ਖਿਲਾਫ ਬੋਲ ਰਹੇ ਸਨ। ਮੇਰੇ ਵਾਸਤੇ ਬੜਾ ਮਾਅਨੀਖੇਜ਼ ਅਨੁਭਵ ਸੀ। ਮੇਰੇ ਅੰਦਰ ਅਜਿਹੀ ਊਰਜਾ ਪੈਦਾ ਹੋਈ ਕਿ ਡਰ ਕਾਫੂਰ ਹੋ ਗਿਆ। ਉਹ ਅਨੁਭਵ ਮੇਰੀਆਂ ਬਹੁਤ ਸਾਰੀਆਂ ਗਜ਼ਲਾਂ 'ਚ ਰੂਪਾਂਤ੍ਰਿਤ ਹੋ ਕੇ ਪੇਸ਼ ਹੋਇਆ।

4. ਤੁਹਾਡਾ ਸਭ ਤੋਂ ਪਿਆਰਾ ਸੁਪਨਾ ਜੋ ਵਾਰ ਵਾਰ ਆਉਂਦਾ ਹੈ?

-ਪਿਆਰਾ ਤਾਂ ਨਹੀਂ ਕਿਹਾ ਜਾ ਸਕਦਾ। ਬਹੁਤ ਵਾਰ ਆਉਂਦਾ ਹੈ। ਮੈਂ ਭੀੜ 'ਚ ਅਲਫ-ਨੰਗਾ ਤੁਰਿਆ ਫਿਰਦਾ ਹਾਂ। ਉਹ ਅਨੁਭਵ ਮੇਰੇ ਇਸ ਸ਼ਿਅਰ 'ਚ ਢਲਿਆ,

ਤਮਾਸ਼ਬੀਨ ਸਾਂ, ਬਣਿਆਂ ਹਾਂ<br>
ਖੁਦ ਤਮਾਸ਼ਾ ਜਦੋਂ,<br>
ਤਾਂ ਲਗਿਆ ਭੀੜ 'ਚ<br>
ਕੱਪੜੇ ਉਤਾਰ ਬੈਠਾ ਹਾਂ।

5. ਆਪਣੇ ਆਪ ਨਾਲ ਵੀ ਲੜਾਈ ਕਰ ਕੇ ਅਕਸਰ ਕੀ ਖੋਇਆ, ਕੀ ਪਾਇਆ ਹੈ?

-ਆਪਣੀਆਂ ਗਲਤੀਆਂ 'ਤੇ ਸ਼ਰਮਿੰਦਗੀ। ਗਲਤੀਆਂ ਦੇ ਅਹਿਸਾਸ ਨੂੰ ਊਰਜਾ 'ਚ ਬਦਲ ਕੇ ਸਿਰਜੀ ਕੋਈ ਨਜ਼ਮ ਜਾਂ ਸ਼ਿਅਰ।

6. ਜ਼ਿੰਦਗੀ ਵਿਚ ਜਦੋਂ ਜਦੋਂ ਵੀ ਰੋਏ ਹੋ ਕੀ ਸਿਰਜਿਆ ਹੈ?

-ਬਾਰਿਸ਼ 'ਚ ਨਹਾਤੇ ਫੁੱਲਾਂ ਵਰਗੇ ਸ਼ਿਅਰ।

7. ਸ਼ੌਕ ਪੂਰਨ ਲਈ ਆਪਣੀ ਮਿਹਨਤ ਦੀ ਕਮਾਈ ਵਿਚੋਂ ਕਦੇ ਖਰਚ ਵੀ ਸਕੇ ਹੋ?

-ਕਦੇ-ਕਦੇ।

8. ਦੂਜਿਆਂ ਦੇ ਵਿਅਕਤੀਤਵ ਵਿਚੋਂ ਤੁਸੀਂ ਕੀ ਕੁਝ ਚੋਰੀ ਕੀਤਾ ਹੈ ਅੱਜ ਤੱਕ?

-ਚੰਗਾ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਮੁਲੰਮਾ ਹੀ ਹੱਥ ਲੱਗਾ ਹੈ। ਹੁਣ ਕੋਸ਼ਿਸ਼ ਛੱਡ ਦਿੱਤੀ ਹੈ।

9. ਆਪਣੇ ਵਿਅਕਤੀਤਵ ਵਿਚੋਂ ਤੁਸੀਂ ਕੀ ਕੀ ਹੋਰਨਾਂ ਨੂੰ ਵੰਡ ਦੇਣਾ ਚਾਹੁੰਦੇ ਹੋ?

-ਆਪਣੀਆਂ ਬੇਵਕੂਫੀਆਂ 'ਚੋਂ ਕਮਾਏ ਅਨੁਭਵ ਦਾ ਰਸ। (ਸ਼ਾਇਦ ਇਹ ਦੂਜੇ ਨੂੰ ਮੁਲੰਮਾ ਹੀ ਲੱਗੇ)

10. ਸਭ ਤੋਂ ਪਿਆਰੀ ਥਾਂ ਉੱਪਰ ਜਾ ਕੇ ਲਗਾਤਾਰ ਕੀ ਕਰਨਾ ਪਸੰਦ ਕਰਦੇ ਹੋ?

-ਰੁੱਖਾਂ ਦੇ ਝੁੰਡ 'ਚ ਜਾਂ ਸਮੁੰਦਰੀ ਚੱਟਾਨਾਂ 'ਤੇ ਬਹਿ ਅੱਖਾਂ ਮੀਟ ਕੇ ਅੰਦਰਲੀ ਯਾਤਰਾ ਕਰਨਾ ਜਾਂ ਅੱਖਾਂ ਖੋਲ੍ਹ ਕੇ ਕੁਦਰਤ ਦੇ ਬਲਿਹਾਰ ਜਾਣਾ।

11. ਸਾਹਿਤ ਦੇ ਸਭ ਤੋਂ ਵੱਡੇ ਦੁਸ਼ਮਣ ਨਾਲ ਮਿੱਤਰਤਾ ਕਿਵੇਂ ਹੋਣੀ ਚਾਹੀਦੀ ਹੈ?

-ਦੁਸ਼ਮਣ ਸ਼ਬਦ ਮੇਰੀ ਡਿਕਸ਼ਨਰੀ ਵਿਚ ਹੈ ਹੀ ਨਹੀਂ।

12. ਪਹਿਲੀ ਮੁਹੱਬਤ ਦੀ ਸੁੱਚਤਾ ਨੂੰ ਕਿਸ ਕਵਿਤਾ ਵਿਚ ਕਿਵੇਂ ਬਿਆਨ ਕੀਤਾ ਹੈ?

-ਕਿਸ ਤਰ੍ਹਾਂ ਤੇਰੇ ਲਈ ਪਾਗਲ ਮੈਂ ਹੁੰਦਾ ਸਾਂ ਕਦੇ।

ਮੇਲੇ ਵਿਚ ਦਿਲ 'ਤੇ ਲਿਖਾਇਆ ਸੀ 'ਸੁਰਿੰਦਰ' ਨਾਂ ਕਦੇ।

13. ਆਪਣੇ ਕਿਸ ਰੂਪ ਨੂੰ ਕਦੇ ਵੀ ਯਾਦ ਕੀਤਾ ਜਾਣਾ ਪਸੰਦ ਨਹੀਂ ਕਰੋਗੇ?

-ਆਪਣੇ ਅੰਦਰਲੇ ਉਸ ਬੰਦੇ ਨੂੰ, ਜਿਸ ਨੇ ਉਨ੍ਹਾਂ ਲੋਕਾਂ ਦੀ ਲੋੜੋਂ ਵੱਧ ਮਦਦ ਕੀਤੀ, ਜੋ ਇਸ ਦੇ ਯੋਗ ਨਹੀਂ ਸਨ।

14. ਜੇ ਪੁਨਰ ਜਨਮ ਵਿਚ ਵਿਸ਼ਵਾਸ ਹੈ ਤਾਂ ਕਿਸ ਰੂਪ ਵਿਚ ਪੈਦਾ ਹੋਣਾ ਚਾਹੋਗੇ?

-ਬਿਲਕੁਲ ਹੁਣ ਵਾਲੇ ਰੂਪ 'ਚ।

15. ਪ੍ਰਾਪਤੀਆਂ ਤੋਂ ਸੰਤੁਸ਼ਟੀ ਅਤੇ ਅਸੰਤੁਸ਼ਟੀ ਵਿਚਕਾਰ ਕੀ ਤੰਗ ਕਰਦਾ ਹੈ?

-ਕੋਈ ਤੰਗ ਨਹੀਂ ਕਰਦੀ। ਪ੍ਰਾਪਤੀਆਂ ਸਕੂਨ ਦਿੰਦੀਆਂ ਨੇ, ਅਸੰਤੁਸ਼ਟੀ ਕੁਝ ਹੋਰ ਕਰਨ ਲਈ ਪ੍ਰੇਰਦੀ ਹੈ।

16. ਤੁਹਾਨੂੰ ਦੂਜਿਆਂ ਦੀਆਂ ਕਿਹੜੀਆਂ ਗੱਲਾਂ ਤੋਂ ਜਲਨ ਮਹਿਸੂਸ ਹੁੰਦੀ ਹੈ?

-ਜਲਨ ਨਹੀਂ ਕਹਿ ਸਕਦੇ। ਹਾਂ! ਜੋ ਆਪਣੇ ਘਿਨੌਣੇ ਏਜੰਡਿਆਂ ਨੂੰ ਫੁੱਲਾਂ ਵਰਗੇ ਸ਼ਬਦਾਂ ਹੇਠ ਲੁਕੋ ਕੇ ਪੇਸ਼ ਕਰਦੇ ਨੇ, ਉਨ੍ਹਾਂ ਨਾਲ ਵਿਰੋਧ ਜ਼ਰੂਰ ਹੈ।



ਸੁਰਿੰਦਰ ਸੋਹਲ, ਹਰਨਾਮ ਸਿੰਘ ਸ਼ਾਨ ਅਤੇ ਇੰਦਰਜੀਤ ਪੁਰੇਵਾਲ

17. ਕਿਹੜੀਆਂ ਗੱਲਾਂ ਅਤੇ ਕਿਹੜੇ ਮੌਕਿਆਂ ਉੱਪਰ ਝੂਠ ਬੋਲਣਾ ਪਸੰਦ ਕਰਦੇ ਹੋ?

-ਜਿੱਥੇ ਅਗਲੇ ਨੂੰ ਸਿੱਧਾ ਫਾਇਦਾ ਪਹੁੰਚਦਾ ਹੋਵੇ।

18. ਕਿਹੜੀ ਆਦਤ ਜਿਹੜੀ ਵਾਰ ਵਾਰ ਬਦਲਣਾ ਚਾਹੁੰਦੇ ਹੋਏ ਵੀ ਬਦਲ ਨਹੀਂ ਸਕੇ

-ਜਿਹੜਾ ਬਹੁਤ ਚੁਸਤ-ਚਲਾਕ ਬਣ ਕੇ ਮੂਰਖ ਬਣਾਉਣ ਦੀ ਕੋਸ਼ਿਸ਼ ਕਰੇ, ਹਰ ਵਾਰ ਉਸ ਤੋਂ ਪਾਸਾ ਵੱਟਣ ਦੀ ਸੋਚਦਾ ਹਾਂ। ਪਾਸਾ ਵੱਟ ਨਹੀਂ ਹੁੰਦਾ, ਆਢਾ ਲੱਗ ਜਾਂਦਾ ਹੈ।

19. ਕਿਹੋ ਜਿਹੇ ਕੱਪੜਿਆਂ ਵਿਚ ਚੁਸਤ ਦਰੁਸਤ ਮਹਿਸੂਸ ਕਰਦੇ ਹੋ?

-ਕਦੇ ਸੋਚਿਆ ਹੀ ਨਹੀਂ।

20. ਤੁਰੰਤ ਆਪਣੀ ਗਲਤੀ ਉੱਪਰ ਕਿਸ ਤਰ੍ਹਾਂ ਪਰਦਾ ਪਾਉਂਦੇ ਹੋ?

-ਜੇ ਸੱਚਮੁੱਚ ਮੇਰੀ ਗਲਤੀ ਹੋਵੇ ਤਾਂ 'ਸੌਰੀ' ਕਹਿ ਕੇ ਗਲਤੀ ਮੰਨ ਲੈਂਦਾ ਹਾਂ।

21. ਅੱਜ ਤੱਕ ਅਨਿਆਂ ਦੇ ਖਿਲਾਫ ਕਿਸ ਰੂਪ ਵਿਚ ਆਵਾਜ਼ ਉਠਾਈ ਹੈ?

-90ਵਿਆਂ 'ਚ ਸਿਰਫ ਇਕ ਵਾਰ ਦੇਸ਼-ਭਗਤ ਯਾਦਗਾਰ ਹਾਲ 'ਚ ਸਟੇਜ ਤੋਂ ਬੋਲ ਕੇ। ਮਗਰੋਂ ਸਿਰਫ ਲਿਖ ਕੇ ਹੀ।

22. ਜੇ ਸੰਘਰਸ਼ ਦੀ ਕਹਾਣੀ ਦੋ ਲਾਈਨਾਂ ਵਿਚ ਕਹਿਣੀ ਹੋਵੇ ਤਾਂ ਕਿਵੇਂ ਕਹੋਗੇ?

-ਸੰਘਰਸ਼ ਕੀਤਾ ਹੀ ਨਹੀਂ। ਮੇਰੇ ਜੀਵਨ ਵਿਚ ਮੌਕਾ-ਮੇਲ ਦਾ ਬਹੁਤ ਯੋਗਦਾਨ ਰਿਹਾ ਹੈ।

23. ਅਜਿਹਾ ਕੰਮ, ਜਿਹੜਾ ਤੁਸੀਂ ਹਰ ਰੋਜ਼ ਸਭ ਤੋਂ ਪਹਿਲਾਂ ਕਰਨ ਲਈ ਉਤਸੁਕ ਰਹਿੰਦੇ ਹੋ, ਪਰ ਅੱਜ ਤੱਕ ਨਹੀਂ ਕਰ ਸਕੇ?

-ਕਸਰਤ ਕਰਨ ਦਾ।

24. ਹਰ ਇੱਛਾ ਪੂਰੀ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਸਭ ਤੋਂ ਪਹਿਲਾਂ ਕਿਹੜੀ ਇੱਛਾ ਪੂਰੀ ਕਰਨੀ ਚਾਹੋਗੇ?

-ਜਿਹੜਾ ਪੜ੍ਹਨੋ ਰਹਿ ਗਿਆ ਹੈ, ਵਿਸ਼ਵ ਦਾ ਬਿਹਤਰੀਨ ਸਾਹਿਤ ਪੜ੍ਹਾਂਗਾ।

25. ਅਜਿਹਾ ਕੀ ਸੀ ਜੋ ਅਣਮੰਨੇ ਮਨ ਨਾਲ ਕੀਤਾ ਅਤੇ ਅਜੇ ਵੀ ਕਰ ਰਹੇ ਹੋ?

-ਮੈਂ ਹਰ ਕੰਮ 'ਚੋਂ ਅਨੰਦ ਲੈਂਦਾ ਹਾਂ।

26. ਜਦੋਂ ਪਹਿਲੀ ਵਾਰ ਜੇਬ ਖਰਚੀ ਮਿਲੀ ਤਾਂ ਤੁਹਾਡੇ ਮਨ ਦੀ ਖੁਸ਼ੀ ਕਿਹੋ ਜਿਹੀ ਸੀ?

-ਯਾਦ ਨਹੀਂ।

27. ਦੋਬਾਰਾ ਵੀਹ ਸਾਲ ਦਾ ਹੋਣ ਦਾ ਮੌਕਾ ਦਿੱਤਾ ਜਾਵੇ ਤਾਂ ਸਭ ਤੋਂ ਪਹਿਲਾਂ ਕੀ ਕਰੋਗੇ?

-ਮੁਹੱਬਤ ਦੀ ਜੋ ਕਹਾਣੀ ਅਧੂਰੀ ਰਹਿ ਗਈ ਸੀ, ਮੁਕੰਮਲ ਕਰਨ ਦੀ ਕੋਸ਼ਿਸ਼ ਕਰਾਂਗਾ।

28. ਅੱਜ ਤੱਕ ਦਾ ਸਭ ਤੋਂ ਯਾਦਗਾਰੀ ਪਲ ਕਿਹੜਾ ਹੈ, ਜਿਸ ਨੂੰ ਲਿਖਣਾ ਬਾਕੀ ਹੈ?

-ਜਦੋਂ ਪਹਿਲੀ ਵਾਰ ਸਮੁੰਦਰ ਦੇਖਿਆ ਸੀ।

29. ਮਨਪਸੰਦ ਖਾਣੇ ਕਿਹੜੇ ਹਨ ਅਤੇ ਉਹੀ ਕਿਉਂ ਹਨ?

-ਪਹਿਲਾਂ ਮਾਂ ਤੇ ਹੁਣ ਪਤਨੀ ਦਾ ਪੱਕਿਆ ਖਾਣਾ।

30. ਮਨਪਸੰਦ ਸੰਗੀਤ ਸੁਣਨ ਵੇਲੇ ਆਲੇ-ਦੁਆਲੇ ਦਾ ਮਾਹੌਲ ਕਿਹੋ ਜਿਹਾ ਚਾਹੁੰਦੇ ਸੀ?

-ਇਕੱਲ।

31. ਤੁਹਾਡੇ ਘਰ ਅਤੇ ਦਫਤਰ ਵਿਚ ਤੁਹਾਡਾ ਸਭ ਤੋਂ ਪਿਆਰਾ ਕੋਨਾ ਕਿਹੜਾ ਹੈ?

-ਘਰ 'ਚ ਲਾਇਬ੍ਰੇਰੀ ਤੇ ਕੰਮ 'ਤੇ ਫੁੱਲਾਂ ਨਾਲ ਭਰੀ ਕਿਆਰੀ।

32. ਅਜਿਹਾ ਕੰਮ ਜਿਹੜਾ ਕਦੇ ਵੀ ਨਹੀਂ ਸੀ ਕਰਨਾ ਚਾਹਿਆ, ਪਰ ਉਹੀ ਹੁੰਦਾ ਗਿਆ?

-ਕਿਸੇ ਮਾੜੀ ਰਚਨਾ ਬਾਰੇ ਬੋਲਣਾ ਨਹੀਂ ਚਾਹਿਆ, ਪਰ ਬੋਲ ਹੋ ਜਾਂਦਾ ਹੈ।

33. ਤੁਹਾਡੇ ਮੂੰਹੋਂ ਆਪਣੀ ਕਿਹੜੀ ਖਾਸੀਅਤ ਦੱਸਦਿਆਂ ਚਾਅ ਚੜ੍ਹ ਜਾਂਦਾ ਹੈ?

-ਮੇਰੇ ਦਿਮਾਗ ਦਾ ਰਸੀਵਰ ਕਮਜ਼ੋਰ ਹੈ।



ਬਿੰਦਰ ਬਿਸਮ, ਸੁਰਿੰਦਰ ਸੋਹਲ ਅਤੇ ਰਵਿੰਦਰ ਸਹਿਰਾਅ

34. ਆਪਣੇ ਘਰ ਵਿਚ ਸਭ ਤੋਂ ਪਿਆਰਾ ਦਿਨ ਕਿਹੜਾ ਬਿਤਾਇਆ ਹੈ?

-ਜਦੋਂ ਸਾਰੇ ਜਣੇ ਦਿਨ ਭਰ ਕੀਤੀਆਂ ਬੇਵਕੂਫੀਆਂ ਸਾਂਝੀਆਂ ਕਰ ਕੇ ਹੱਸਦੇ ਹਾਂ।

35. ਉਹ ਬੁਰੀ ਆਦਤ, ਜਿਸ ਨੂੰ ਤੁਸੀਂ ਸਭ ਤੋਂ ਵੱਧ ਪਿਆਰ ਕਰਦੇ ਹੋ?

-ਇਕੱਲੇ ਡਰਾਈਵ ਕਰਦੇ ਹੋਏ ਉੱਚੀ-ਉੱਚੀ ਉਰਦੂ ਗਜ਼ਲਾਂ ਗਾਉਣਾ।

36. ਸਟੱਡੀ ਰੂਮ ਵਿਚ ਰੱਖੇ ਟੇਬਲ ਉੱਪਰ ਕੀ ਕੀ ਸਜਾ ਕੇ ਰੱਖਣਾ ਪਸੰਦ ਕਰਦੇ ਹੋ?

-ਲਿਖੇ ਜਾ ਰਹੇ ਕਾਰਜ ਦੇ ਪ੍ਰਿੰਟ ਆਊਟ, ਜਿਨ੍ਹਾਂ ਵੱਲ ਦੇਖ-ਦੇਖ ਮੇਰੇ ਜ਼ਿਹਨ 'ਚ ਸ਼ਬਦਾਂ ਦੀ ਬਰਖਾ ਹੋਣ ਲੱਗ ਪੈਂਦੀ ਹੈ।

37. ਘਰ ਛੱਡਣ ਵੇਲੇ ਕਿਹੜੀਆਂ ਕਿਹੜੀਆਂ ਚੀਜ਼ਾਂ ਨਾਲ ਲੈ ਕੇ ਜਾਣਾ ਪਸੰਦ ਕਰੋਗੇ?

-ਵਾਪਸ ਮੁੜਨ ਦੀ ਆਸ।

38. ਉਹ ਗੱਲ ਦੱਸੋ ਜਿਹੜੀ ਤੁਸੀਂ ਕਦੇ ਵੀ ਕਿਸੇ ਨੂੰ ਵੀ ਨਹੀਂ ਦੱਸਣੀ ਚਾਹੁੰਦੇ?

-ਫਿਰ ਤੁਹਾਨੂੰ ਵੀ ਕਿਉਂ ਦੱਸਾਂ!

39. ਤੁਸੀਂ ਆਪਣੇ ਪਰਸ ਵਿਚ ਸਭ ਤੋਂ ਵੱਧ ਕੀ ਸੰਭਾਲ ਕੇ ਰੱਖਦੇ ਹੋ?

-ਡਰਾਈਵਿੰਗ ਲਾਈਸੈਂਸ ਤੇ ਦੋ ਕਰੈਡਿਟ ਕਾਰਡ।

40. ਆਪਣੀ ਕਿਹੜੀ ਇੱਛਾ ਪੂਰਤੀ ਲਈ ਅੱਤ ਦੇ ਰੁਝੇਵੇਂ 'ਚੋਂ ਵੀ ਵਕਤ ਕੱਢ ਹੀ ਲੈਂਦੇ ਹੋ?

-ਪੜ੍ਹਨ ਤੇ ਲਿਖਣ ਦੀ।

41. ਕਿਹੜੀ ਚੀਜ਼ ਹੈ, ਜਿਹੜੀ ਤੁਹਾਨੂੰ ਹਰ ਸਮੇਂ ਚੁਸਤ-ਦਰੁਸਤ ਰੱਖਦੀ ਹੈ?

-ਕੁਝ ਨਾ ਕੁਝ ਲਿਖਣ ਜਾਂ ਪੜ੍ਹਨ ਦੀ ਖਾਹਿਸ਼।

42. ਉਹ ਖੂਬਸੂਰਤ ਪਲ, ਜਿਹੜਾ ਤੁਸੀਂ ਸਭ ਤੋਂ ਵੱਧ ਅਤੇ ਵਾਰ ਵਾਰ ਜੀਵਿਆ ਹੈ?

-ਦੋਸਤਾਂ ਨਾਲ ਮੁਹੱਬਤੀ ਤੇ ਪਰਿਵਾਰ ਨਾਲ ਮੋਹ-ਭਿੱਜੇ ਪਲ।

43. ਉਹ ਕੌਣ ਹੈ, ਜਿਸ ਨਾਲ ਤੁਸੀਂ ਆਪਣੇ ਮਨ ਦਾ ਹਰੇਕ ਕੋਨਾ ਸਾਂਝਾ ਕਰ ਲੈਂਦੇ ਹੋ?

-ਕੁਝ ਕੋਨੇ ਤਾਂ ਮੈਂ ਆਪਣੇ-ਆਪ ਨਾਲ ਵੀ ਸਾਂਝੇ ਨਹੀਂ ਕੀਤੇ।

44. ਜੇ ਇੱਕ ਮਹੀਨੇ ਦੀਆਂ ਛੁੱਟੀਆਂ ਮਿਲ ਜਾਣ ਤਾਂ ਕਿਸ ਤਰ੍ਹਾਂ ਬਿਤਾਉਣੀਆਂ ਪਸੰਦ ਕਰੋਗੇ?

-ਆਪਣੀਆਂ ਅਧੂਰੀਆਂ ਕਿਰਤਾਂ ਪੂਰੀਆਂ ਕਰਦਿਆਂ।

45. ਹਰੇਕ ਇਨਸਾਨ ਦੀਆਂ ਕਿਹੜੀਆਂ ਪੰਜ ਖੂਬੀਆਂ ਤੁਸੀਂ ਪਸੰਦ ਕਰਦੇ ਹੋ?

-ਇਨਸਾਨ ਹੋਣਾ ਹੀ ਆਪਣੇ ਆਪ 'ਚ ਸਭ ਤੋਂ ਵੱਡੀ ਖੂਬੀ ਹੈ।

46. ਤੁਸੀਂ ਕਿਹੜੀ ਫਿਲਮ ਜਾਂ ਪੜ੍ਹੀ ਹੋਈ ਰਚਨਾ ਦੇ ਕਿਸ ਕਿਰਦਾਰ ਵਰਗੀ ਜ਼ਿੰਦਗੀ ਜਿਊਣ ਦੀ ਕਦੇ ਲਾਲਸਾ ਕੀਤੀ ਸੀ?

-ਸਿਰਫ ਆਪਣੇ-ਆਪ ਵਰਗਾ।

47. ਆਪਣੇ ਮਾਂ-ਬਾਪ ਨਾਲ ਬਿਤਾਇਆ ਹੋਇਆ ਸਭ ਤੋਂ ਸ਼ਾਨਦਾਰ ਪਲ?

-ਹਰ ਪਲ, ਜੋ ਉਨ੍ਹਾਂ ਨਾਲ ਬੀਤਿਆ।

48. ਤੁਹਾਡਾ ਰੋਡ ਸਾਈਡ ਫੇਵਰਟ ਫੂਡ ਕਿਹੜਾ ਹੈ?

-ਜੀਭ ਦੇ ਸਵਾਦ ਬਹੁਤ ਪਿੱਛੇ ਰਹਿ ਗਏ ਨੇ।

49. ਤੁਸੀਂ ਅੱਜ ਤੱਕ ਦਾ ਸਭ ਤੋਂ ਮਹਿੰਗਾ ਖਾਣਾ ਕਦੋਂ ਅਤੇ ਕਿੱਥੇ ਖਾਧਾ?

-ਕਿਤੇ ਵੀ ਨਹੀਂ। ਮਹਿੰਗੇ ਤੋਂ ਮਹਿੰਗੇ ਹੋਟਲ ਵਿਚ ਵੀ ਦੋਸਤ ਮਿਹਰਬਾਨ ਰਹੇ।

50. ਤੁਹਾਨੂੰ ਕਿਸੇ ਮਜ਼ਬੂਰੀ ਵੱਸ ਸਭ ਤੋਂ ਸਸਤਾ ਖਾਣਾ ਕਦੋਂ ਅਤੇ ਕਿੱਥੇ ਖਾਣਾ ਪਿਆ

-ਕਦੇ ਮੌਕਾ ਹੀ ਨਹੀਂ ਬਣਿਆ।

51. ਇੱਕ ਖੂਬਸੂਰਤ ਘਰ ਕਿਹੋ ਜਿਹਾ ਹੋਣਾ ਚਾਹੀਦਾ ਹੈ?

-ਜਿਸ ਵਿਚ ਫੁੱਲਾਂ ਵਰਗੇ ਜੀਅ ਅਤੇ ਜੀਆਂ ਵਰਗੇ ਫੁੱਲ ਹੋਣ।

52. ਭਾਰਤੀ ਇਤਿਹਾਸ ਵਿਚ ਤੁਹਾਡਾ ਸਭ ਤੋਂ ਪਿਆਰਾ ਨਾਇਕ ਕੌਣ ਹੈ?

-ਭਾਈ ਕਨੱਈਆ।

53. ਫੁਰਸਤ ਦੇ ਪਲਾਂ ਵਿਚ ਆਪਣੇ ਆਪ ਲਈ ਕਿੰਨ੍ਹਾਂ ਕੁ ਜਿਊਂਦੇ ਹੋ?

-ਏਨੀ ਫੁਰਸਤ ਅਜੇ ਮਿਲੀ ਹੀ ਨਹੀਂ।

54. ਤੁਹਾਨੂੰ ਕਿਹੜੀਆਂ ਅਤੇ ਕਿਹੋ ਜਿਹੀਆਂ ਗੱਲਾਂ 'ਤੇ ਹਾਸਾ ਆਉਂਦਾ ਹੈ?

-ਜਦੋਂ ਕੋਈ ਬੇਵਕੂਫ ਬਣਾ ਰਿਹਾ ਹੋਵੇ।

55. ਕਦੇ ਜ਼ਿੰਦਗੀ ਵਿਚ ਸ਼ਰਮਿੰਦਾ ਵੀ ਹੋਣਾ ਪਿਆ ਹੈ?

-ਬਹੁਤ ਵਾਰ। ਸ਼ਰਮਿੰਦਾ ਹੋਣਾ ਹੀ ਤੁਹਾਡੇ ਸੰਵੇਦਨਸ਼ੀਲ ਹੋਣ ਦੀ ਨਿਸ਼ਾਨੀ ਹੈ। ਵਰਨਾ ਬੰਦਾ ਬੇਸ਼ਰਮ ਹੁੰਦਾ ਹੈ।

56. ਸਾਹਿਤ ਨਾਲ ਮੋਹ ਭੰਗ ਵਾਲੀ ਸਥਿਤੀ ਕਿਹੋ ਜਿਹੀ ਹੁੰਦੀ ਹੈ?

-ਅਜੇ ਇਹ ਨੌਬਤ ਆਈ ਨਹੀਂ।

57. ਸਭ ਤੋਂ ਮਨਪਸੰਦ ਫਿਲਮ ਕਿਹੜੀ ਹੈ ਅਤੇ ਕਿਉਂ?

-'ਪੁਸ਼ਪ।' ਜ਼ਿੰਦਗੀ ਦੀਆਂ ਪਰਤਾਂ ਖੋਲ੍ਹਦੀ ਫਿਲਮ। ਕਮਾਲ ਇਹ ਕਿ ਇਸ ਫਿਲਮ 'ਚ ਇਕ ਵੀ ਡਾਇਲਾਗ ਨਹੀਂ, ਪਰ ਸੰਚਾਰ ਬੋਲਾਂ ਤੋਂ ਵੀ ਵਧ ਕੇ।

58. ਕੋਈ ਅਜਿਹਾ ਕੌੜਾ ਸੱਚ, ਜੋ ਵਾਰ ਵਾਰ ਸਤਾਉਂਦਾ ਹੋਵੇ?

-ਜਦ ਜਦ ਕਿਸੇ ਨੇ ਦੋਸਤੀ ਦਾ ਨਕਾਬ ਪਾ ਕੇ ਮੇਰੀ ਮਾਸੂਮੀਅਤ ਦਾ ਨਾਜਾਇਜ਼ ਫਾਇਦਾ ਉਠਾਇਆ।

59. ਹਰ ਪਲ ਸੁਰਖੀਆਂ ਵਿਚ ਬਣੇ ਰਹਿਣ ਦਾ ਤਰੀਕਾ ਕਿੰਨਾ ਕੁ ਜਾਇਜ਼ ਮੰਨਦੇ ਹੋ?

-ਜੇ ਹੋਵੇ ਤਾਂ ਤਰੀਕਿਆਂ ਦੀ ਲੋੜ ਪੈਂਦੀ ਹੀ ਨਹੀਂ।

60. ਜ਼ਿੰਦਗੀ ਵਿਚ ਕਿਸ ਦਾ ਸਾਥ ਸਭ ਤੋਂ ਪਿਆਰਾ ਲੱਗਦਾ ਹੈ, ਜਿਸਮਾਨੀ ਜਾਂ ਰੂਹਾਨੀ?

-ਦੋਹਾਂ ਬਿਨਾ ਹੀ ਗੁਜ਼ਾਰਾ ਨਹੀਂ।

61. ਜ਼ਿੰਦਗੀ ਦਾ ਸਭ ਤੋਂ ਵੱਡਾ ਸਬਕ ਕਦੋਂ, ਕਿੱਥੋਂ, ਕਿਸ ਕੋਲੋਂ ਮਿਲਿਆ ਸੀ?

-ਜ਼ਿੰਦਗੀ ਤੋਂ ਹਰ ਕਦਮ, ਹਰ ਮੋੜ 'ਤੇ।

62. ਜੇ ਤੁਹਾਨੂੰ ਦੇਸ਼ ਦੇ ਕਿਸੇ ਇਤਿਹਾਸਕ ਦੌਰ ਵਿਚ ਰਹਿਣ ਅਤੇ ਉਵੇਂ ਹੀ ਜੀਣ ਵਾਸਤੇ ਆਖਿਆ ਜਾਵੇ, ਤਾਂ ਤੁਸੀਂ ਕਿਸ ਦੌਰ ਵਿਚ ਜਾਣਾ ਪਸੰਦ ਕਰੋਗੇ?

-ਵੈਸੇ ਤਾਂ ਮੈਨੂੰ ਵਰਤਮਾਨ ਅਜ਼ੀਜ਼ ਹੈ, ਫਿਰ ਵੀ ਸਿੰਧੂ ਘਾਟੀ ਦੀ ਸਭਿਅਤਾ 'ਚ ਜਾਣਾ ਚਾਹੁੰਦਾ ਹਾਂ, ਜੋ ਉਸ ਵੇਲੇ ਦਾ ਪੰਜਾਬ ਸੀ। ਉਸ ਦੀ ਬੋਲੀ ਉਸ ਵੇਲੇ ਦੀ ਪੰਜਾਬੀ ਸੀ। ਉਹ ਬੋਲੀ ਸਮਝਣੀ ਤੇ ਲਿਪੀ ਪੜ੍ਹਨੀ ਚਾਹੁੰਦਾ ਹਾਂ।

63. ਤੁਹਾਡੀ ਪਹਿਲੀ ਮਨਪਸੰਦ ਜਗ੍ਹਾ, ਜਿੱਥੇ ਤੁਸੀਂ ਲੱਖ ਚਾਹ ਕੇ, ਅੱਜ ਤੱਕ ਵੀ ਨਹੀਂ ਜਾ ਸਕੇ?

-ਲੈਨਿਨ ਦੀ ਦੇਹ ਦੇਖਣ।

64. ਆਪਣੀ ਅਦਾ ਕਿਹੋ ਜਿਹੇ ਰੂਪ ਵਿਚ ਝਲਕਦੀ ਖੂਬਸੂਰਤ ਪੁਆੜਾ ਪਾਉਂਦੀ ਹੈ?

-ਮਸਤੀ 'ਚ ਆਇਆ ਜਦੋਂ ਮੈਂ ਕਿਸੇ ਦੀ ਰਚਨਾ ਬਾਰੇ ਸੱਚੀ ਰਾਇ ਦੇ ਦਿੰਦਾ ਹਾਂ।

65. ਆਪਣੇ ਵੱਲੋਂ ਨਾ ਛੁਪਾਈ ਜਾ ਸਕਣ ਵਾਲੀ ਸਭ ਤੋਂ ਵੱਡੀ ਬੁਰਾਈ ਕਿਹੜੀ ਹੈ?

-ਮੂੰਹ-ਫਟ ਹੋਣਾ।

66. ਅਚਨਚੇਤ ਤੁਹਾਨੂੰ ਵੀਹ ਲੱਖ ਰੁਪਿਆ ਮਿਲ ਜਾਵੇ ਅਤੇ ਇੱਕ ਦਿਨ ਵਿਚ ਹੀ ਖਰਚਣਾ ਪੈ ਜਾਵੇ ਤਾਂ ਤੁਸੀਂ ਕਿਸ ਵਾਸਤੇ ਖਰਚ ਕਰੋਗੇ?

-ਵੀਹ ਲੱਖ ਮਿਲਣ 'ਤੇ ਫੈਸਲਾ ਕਰਾਂਗਾ।

67. ਉਨ੍ਹਾਂ ਪਲਾਂ ਦੀ ਕੀ ਅਹਿਮੀਅਤ ਹੈ, ਜਦੋਂ ਪਹਿਲੀ ਕਿਤਾਬ ਪੜ੍ਹੀ ਜਾਂ ਪਹਿਲੀ ਫਿਲਮ ਵੇਖੀ ਸੀ?

-ਪਹਿਲੀ ਕਿਤਾਬ ਪੜ੍ਹਨਾ ਹੀ ਸਾਹਿਤ ਦੀ ਦਿਸ਼ਾ ਵੱਲ ਜਾਣ ਦਾ ਸੰਕੇਤ ਸੀ ਸ਼ਾਇਦ।

68. ਤੁਹਾਡੇ ਘਰ ਵਿਚ ਅਚਾਨਕ ਹੀ ਦੋ ਬਹੁਤ ਹੀ ਪਿਆਰੇ ਅਤੇ ਨਜ਼ਦੀਕੀ ਮਹਿਮਾਨ ਆ ਜਾਣ ਤਾਂ ਤੁਸੀਂ ਉਨ੍ਹਾਂ ਨਾਲ ਕਿਸ ਮੁੱਦੇ ਉੱਪਰ ਵਿਚਾਰ-ਵਟਾਂਦਰਾ ਕਰਨਾ ਚਾਹੋਗੇ?

-ਮੈਂ ਮਹਿਮਾਨਾਂ ਦੀਆਂ ਗੱਲਾਂ ਸੁਣਨ 'ਚ ਜ਼ਿਆਦਾ ਅਨੰਦ ਮਾਣਦਾ ਹਾਂ। ਇਹ ਉਨ੍ਹਾਂ ਦੇ ਨਿਰਭਰ ਹੈ ਕਿ ਉਹ ਕਿਹੋ ਜਿਹਾ ਵਿਸ਼ਾ ਛੋਹਣਗੇ।

69. ਤੁਹਾਡੀ ਨਜ਼ਰ ਵਿਚ ਕੋਈ ਦਿਨ ਅਹਿਮ ਕਿਵੇਂ ਬੀਤਣਾ ਚਾਹੀਦੈ?

-ਮੇਰੇ ਵਾਸਤੇ ਹਰ ਦਿਨ ਅਹਿਮ ਹੈ, ਉਹ ਜਿਹੋ-ਜਿਹਾ ਮਰਜ਼ੀ ਬੀਤੇ।

70. ਬੋਰੀਅਤ ਨੂੰ ਵਾਰ ਵਾਰ ਕਿਵੇਂ ਮਾਣਦੇ

(ਬਾਕੀ ਅਗਲੇ ਸਫੇ 'ਤੇ)

# ਲੋਕ ਸੰਘਰਸ਼ਾਂ ਨੂੰ 'ਇੰਵ ਹੀ ਹੋਵੇਗਾ' ਦੇ ਇੱਛਤ ਸੰਕਲਪ ਨਾਲ ਜੋੜਦਾ ਨਾਵਲ

ਆਪਣੇ ਪਹਿਲੇ ਨਾਵਲ 'ਕ੍ਰਿਸ਼ਨ ਪ੍ਰਤਾਪ ਹਾਜ਼ਰ ਹੋ' ਦੇ ਪ੍ਰਕਾਸ਼ਨ ਨਾਲ ਹੀ ਪੰਜਾਬੀ ਭਾਸ਼ਾ ਦੇ ਨੌਜਵਾਨ ਨਾਵਲਕਾਰ ਕ੍ਰਿਸ਼ਨ ਪ੍ਰਤਾਪ ਨੇ ਆਪਣਾ ਨਾਂ ਉਨ੍ਹਾਂ ਗਿਣਤੀ ਦੇ ਨਾਵਲਕਾਰਾਂ ਵਿਚ ਲਿਖਵਾ ਲਿਆ ਸੀ, ਜੋ ਆਪਣੇ ਸਾਹਿਤਕ ਸਫਰ ਦੇ ਮੁੱਢਲੇ ਪੜਾਅ ਤੋਂ ਹੀ ਸਾਹਿਤ ਦੀ ਜਨਵਾਦੀ ਧਾਰਾ ਨਾਲ ਜੁੜੇ ਹੋਏ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਵਿਸ਼ਵ ਬਾਜ਼ਾਰ ਦਾ ਖਪਤ ਸਭਿਆਚਾਰ, ਸਸਤੀ ਪ੍ਰਸਿੱਧੀ ਤੇ ਪੈਸੇ ਦਾ ਲਾਲਚ ਕਿਸੇ ਵੀ ਕੀਮਤ 'ਤੇ ਆਪਣੇ ਵੱਲ ਨਹੀਂ ਖਿੱਚ ਸਕਦਾ। ਹੁਣ ਜਦੋਂ ਉਸ ਦਾ ਦੂਸਰਾ ਨਾਵਲ 'ਇੰਵ ਹੀ ਹੋਵੇਗਾ' (ਨਵਰੰਗ ਪਬਲੀਕੇਸਨਜ਼, ਸਮਾਣਾ; ਪੰਨੇ: 222, ਮੁੱਲ: 200 ਰੁਪਏ) ਛਪ ਕੇ ਆਇਆ ਹੈ ਤਾਂ ਉਸ ਦੀ ਆਪਣੇ ਆਲੇ-ਦੁਆਲੇ ਦੇ ਵਰਤਾਰਿਆਂ ਨੂੰ ਵੇਖਣ ਤੇ ਪਰਖਣ ਦੀ ਸੂਝ ਹੋਰ ਵੀ ਤੀਖਣ ਹੋਈ ਵਿਖਾਈ ਦਿੰਦੀ ਹੈ। ਉਸ ਦਾ ਲੋਕ ਪ੍ਰਤੀਬੱਧ ਸਮਾਜਿਕ




**ਨਿਰੰਜਣ ਬੋਹਾ, ਮਾਨਸਾ**
**ਫੋਨ: 91-89682-82700**

ਦ੍ਰਿਸ਼ਟੀਕੋਣ ਮੌਜੂਦਾ ਰਾਜਨੀਤਕ ਤੇ ਆਰਥਿਕ ਪ੍ਰਬੰਧ ਨੂੰ ਲੋਕ ਦੁਸ਼ਮਣ ਦੀ ਨਜ਼ਰ ਨਾਲ ਵੇਖਦਾ ਹੈ। ਇਸ ਨੂੰ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਉਸ ਨੂੰ ਲੋਕ ਮੁਕਤੀ ਦਾ ਮਾਰਗ ਲੱਗਦੀਆਂ ਹਨ। ਇਨ੍ਹਾਂ ਸੰਘਰਸ਼ੀ ਕੋਸ਼ਿਸ਼ਾਂ ਦੇ ਬਲਬੂਤੇ 'ਤੇ ਹੀ ਉਹ ਕਾਰਪੋਰੇਟ ਜਗਤ ਦੇ ਇਸ਼ਾਰਿਆਂ ਅਨੁਸਾਰ ਚੱਲਣ ਵਾਲੇ ਦੇਸ਼ ਦੇ ਮੌਜੂਦਾ ਸੱਤਾ ਪ੍ਰਬੰਧ ਨੂੰ ਚੁਣੌਤੀ ਦਿੰਦਾ ਹੈ ਕਿ ਉਸ ਦੀ ਲੁੱਟ ਖਸੁੱਟ ਦਾ ਸ਼ਿਕਾਰ ਲੋਕ ਇਕ ਦਿਨ ਜ਼ਰੂਰ ਇੱਕਠੇ ਹੋ ਕੇ ਉਸ ਨਾਲ ਫੈਸਲਾਕੁਨ ਟੱਕਰ ਲੈਣਗੇ ਤੇ ਫਿਰ ਇਸ ਟੱਕਰ 'ਇੰਵ ਹੀ ਹੋਵੇਗਾ' ਦੇ ਸੰਘਰਸ਼ੀ ਸੰਕਲਪ 'ਚ ਤਬਦੀਲ ਹੋ ਜਾਵੇਗੀ। ਪੰਜਾਬ ਦੇ ਕਿਸਾਨਾਂ ਵੱਲੋਂ ਆਪਣੀ ਖੇਤੀ ਨੂੰ ਬਚਾਉਣ ਲਈ ਕੀਤੇ ਜਾ ਰਹੇ ਅੱਜ ਦੇ ਸੰਘਰਸ਼ ਨੂੰ ਵੀ ਇਸ ਸਕੰਲਪ ਦੀ ਰੋਸ਼ਨੀ ਵਿਚ ਵਿਚਾਰਿਆ ਜਾ ਸਕਦਾ ਹੈ।

ਇਸ ਨਾਵਲ ਦੀ ਕਹਾਣੀ ਸੰਨ ਸੰਤਾਲੀ ਵਿਚ ਹੋਈ ਭਾਰਤ-ਪਾਕਿ ਵੰਡ ਤੋਂ ਲੈ ਕੇ ਪੰਜਾਬ ਵਿਚ ਚੱਲੀ ਨਕਸਲੀ ਲਹਿਰ ਦੇ ਦੌਰ ਤੱਕ ਦੇ ਇਤਿਹਾਸ ਨੂੰ ਲੋਕ ਪੱਖੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਿਤ ਤੇ ਪ੍ਰਭਾਸ਼ਿਤ ਕਰਦੀ ਹੈ। ਨਾਵਲਕਾਰ ਦਾ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਸੰਨ ਸੰਤਾਲੀ ਨੂੰ ਦੇਸ਼ ਦੀ ਕਥਿਤ ਆਜ਼ਾਦੀ ਦੇ ਸਾਲ ਵਜੋਂ ਨਹੀਂ ਸਵੀਕਾਰਦਾ, ਸਗੋਂ ਮੁਲਕ ਦੀ ਵੰਡ ਦੇ ਨਾਂ 'ਤੇ ਹੋਏ ਸੰਸਾਰ ਦੇ ਸਭ ਤੋਂ ਵੱਡੇ ਮਨੁੱਖੀ ਕਤਲੇਆਮ ਦੇ ਸਾਲ ਵਜੋਂ ਵੇਖਦਾ ਹੈ। ਅੰਗਰੇਜ਼ਾਂ ਨੇ ਦੋਹਾਂ ਮੁਲਕਾਂ ਨੂੰ ਪੜਾਅ ਵਾਰ ਆਜ਼ਾਦ ਕਰਨ ਲਈ ਇਕ ਸਾਲ ਦੀ ਸਮਾਂ ਸੀਮਾ ਨਿਸ਼ਚਿਤ ਕੀਤੀ ਸੀ, ਪਰ ਦੋਹਾਂ ਮੁਲਕਾਂ ਦੇ ਤੱਤਕਾਲੀ ਆਗੂਆਂ ਨੇ ਸੱਤਾ ਪ੍ਰਾਪਤੀ ਦੀ ਕਾਹਲ ਵਿਚ ਇਸ ਸਮਾਂ ਸੀਮਾ ਤੋਂ ਦਸ ਮਹੀਨੇ ਪਹਿਲਾਂ ਹੀ ਆਪਣੀਆਂ ਕੁਰਸੀਆਂ ਸੰਭਾਲ ਲਈਆਂ। ਅਜਿਹੇ ਹਲਾਤ ਵਿਚ ਅਬਾਦੀ ਤਬਾਦਲੇ ਸਬੰਧੀ ਉਹ ਪੁਖਤਾ ਇੰਤਜਾਮ ਨਾ ਹੋ ਸਕੇ, ਜਿਨ੍ਹਾਂ ਦੇ ਚਲਦਿਆਂ ਬੇ- ਕਸੂਰ ਲੋਕਾਂ ਦੇ ਕਤਲੇਆਮ ਨੂੰ ਰੋਕਿਆ ਜਾ ਸਕਦਾ ਹੋਵੇ। ਮੁਲਕ ਦੀ ਵੰਡ ਸਮੇਂ ਫੈਲੀਆਂ ਅਫਵਾਹਾਂ ਕਾਰਨ ਨਫਰਤ ਦਾ ਵਰਤਾਰਾ ਏਨੀ ਤੇਜ਼ੀ ਨਾਲ ਵਾਪਰਿਆ ਕਿ ਦੋਹਾਂ ਪਾਸਿਆਂ ਦੇ ਲੋਕਾਂ ਦੇ ਅੰਦਰਲੀ ਮਾਨਵੀ ਸੰਵੇਦਨਾ ਇਸ ਨਫਰਤੀ ਮਾਹੌਲ ਵਿਚ ਮੂਰਛਿਤ ਹੋ ਗਈ ਅਤੇ ਸਦੀਆਂ ਤੋਂ ਭਰਾਵਾਂ ਵਾਂਗ ਇੱਕਠੇ ਰਹਿੰਦੇ ਆ ਰਹੇ ਲੋਕ ਵੇਖਦਿਆਂ ਹੀ ਵੇਖਦਿਆਂ ਇਕ ਦੂਜੇ ਦੇ ਖੂਨ ਦੇ ਪਿਆਸੇ ਬਣ ਗਏ।

ਨਾਵਲ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਫਿਰਕੂ ਜਨੂੰਨ ਭਾਵੇਂ ਆਪਣੀ ਸਿਖਰ 'ਤੇ ਪਹੁੰਚ ਕੇ ਬਿਲਕੁਲ ਬੇ-ਕਿਰਕ, ਹਿੰਸਕ ਤੇ ਜਾਨ ਲੇਵਾ ਹੋ ਜਾਂਦਾ ਹੈ, ਪਰ ਇਸ ਦੇ ਸਮਾਂ ਪੈਣ 'ਤੇ ਮੂਰਛਿਤ ਹੋਈਆਂ ਮਾਨਵੀ ਭਾਵਨਾਵਾਂ ਫਿਰ ਤੋਂ ਹੋਸ਼ ਵਿਚ ਆ ਜਾਂਦੀਆ ਹਨ। ਨਾਵਲ ਵਿਚ ਪਹਿਲਵਾਨ ਜਗੀਰ ਸਿੰਘ ਧੋਖੇ ਨਾਲ ਸੈਂਕੜੇ ਮੁਸਲਮਾਨਾਂ ਦਾ ਕਤਲ ਕਰਵਾਉਂਦਾ ਹੈ, ਪਰ ਸਮਾਂ ਪਾ ਕੇ ਉਸ ਦੀ ਆਪਣੀ ਜ਼ਮੀਰ ਹੀ ਉਸ ਨੂੰ ਲਾਹਣਤਾਂ ਪਾਉਣ ਲੱਗਦੀ ਹੈ ਤੇ ਉਹ ਅਪਰਾਧ ਬੋਧ ਦਾ ਸ਼ਿਕਾਰ ਹੋ ਕੇ ਪਾਗਲ ਹੋਣ ਦੀ ਸਥਿਤੀ ਵਿਚ ਜਾ ਪਹੁੰਚਦਾ ਹੈ। ਜਗੀਰ ਦਾ ਭਰਾ ਤੇਜੂ ਆਪਣੇ ਹਮਸਾਏ ਮੁਸਲਮਾਨਾਂ ਦੇ ਕਤਲੇਆਮ ਵਿਰੁੱਧ ਹਾਅ ਦਾ ਨਾਅਰਾ ਮਾਰ ਕੇ ਭਾਵੇਂ ਆਪਣਾ ਮਨੁੱਖੀ ਫਰਜ਼ ਨਿਭਾਉਂਦਾ ਹੈ, ਪਰ ਆਪਣੀਆਂ ਅੱਖਾਂ ਸਾਹਮਣੇ ਆਪਣੇ ਭਰਾ ਤੇ ਉਸ ਦੇ ਸਾਥੀ ਪਹਿਲਵਾਨਾਂ ਵੱਲੋਂ ਵੱਲੋਂ ਕੀਤਾ ਵਹਿਸ਼ੀ ਖੂਨ ਖਰਾਬਾ ਉਸ ਦੇ ਦਿਲ ਦਿਮਾਗ 'ਤੇ ਹਾਵੀ ਹੋ ਕੇ ਉਸ ਨੂੰ ਵੀ ਪਾਗਲਾਂ ਦੀ ਸ਼੍ਰੇਣੀ ਵਿਚ ਲੈ ਆਉਂਦਾ ਹੈ। ਇੱਥੇ ਪਹੁੰਚ ਕੇ ਨਾਵਲਕਾਰ ਪਾਠਕਾਂ ਦੇ ਮਨਾਂ ਵਿਚ ਇਹ ਸੁਆਲ ਪੈਦਾ ਕਰਦਾ ਹੈ ਕਿ ਕੀ ਏਨੀਆਂ ਮਨੁੱਖੀ ਜਾਨਾਂ ਗੁਆ ਕੇ ਹਾਸਲ ਕੀਤੀ ਅਗਜ਼ਾਦੀ ਤੋਂ ਬਾਅਦ ਲੋਕਾਂ ਦੇ ਜੀਵਨ ਵਿਚ ਕੋਈ ਸਿਫਤੀ ਤਬਦੀਲੀ ਆਈ ਹੈ ਜਾਂ ਉਹ ਸਮਾਜਿਕ ਤੇ ਆਰਥਿਕ ਤੌਰ 'ਤੇ ਹੋਰ ਵੀ ਹਾਸ਼ੀਏ ਵੱਲ ਧੱਕ ਦਿੱਤੇ ਗਏ ਹਨ।

**ਪੁਸਤਕ ਚਰਚਾ**




ਨਾਵਲ ਦੀ ਕਹਾਣੀ ਅੱਗੇ ਤੁਰਦੀ ਹੈ ਤਾਂ ਅਪਰਾਧ ਬੋਧ ਕਾਰਨ ਪਾਗਲ ਹੋਏ ਜਗੀਰ ਤੇ ਤੇਜੂ ਦੀ ਥਾਂ 'ਤੇ ਉਨ੍ਹਾਂ ਦੀ ਜ਼ਮੀਨ ਦੀ ਸੰਭਾਲ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੇ ਸੀਰੀ ਮਹਿੰਗਾ ਸਿੰਘ ਦੇ ਸਿਰ ਆ ਪੈਂਦੀ ਹੈ ਤੇ ਬਦਲੇ ਵਿਚ ਇਸ ਸੀਰੀ ਦੇ ਮਾਂ ਮਹਿੱਟਰ ਪੁੱਤਰ ਕਰਮੇ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਜਗੀਰ ਤੇ ਤੇਜੂ ਦੀਆਂ ਪਤਨੀਆਂ ਨੂੰ ਚੁੱਕਣੀ ਪੈਂਦੀ ਹੈ। ਜਦੋਂ ਨਾਵਲ ਕਰਮੇ ਦੇ ਸਕੂਲੀ ਜੀਵਨ ਸਮੇਂ ਪੰਜਾਬ ਵਿਚ ਕਾਇਮ ਜਗੀਰਦਾਰੀ ਵਿਵਸਥਾ ਦੇ ਜਾਤ-ਪਾਤ ਪ੍ਰਬੰਧ ਦੀ ਕਰੂਰਤਾ ਦੇ ਵੇਰਵਿਆਂ ਨੂੰ ਪੜਾਅ ਵਾਰ ਉਭਾਰਦਾ ਹੈ ਤਾਂ ਪਤਾ ਚਲਦਾ ਹੈ ਕਿ ਉਸ ਸਮੇਂ ਦੀ ਸਮਾਜਿਕ ਵਿਵਸਥਾ ਕਿਵੇਂ ਦਲਿਤ ਤੇ ਸਾਧਨ ਹੀਣ ਲੋਕਾਂ ਤੋਂ ਉਨ੍ਹਾਂ ਦੇ ਹਿੱਸੇ ਦੀਆਂ ਖੁਸ਼ੀਆਂ ਜਬਰੀ ਖੋਂਹਦੀ ਰਹੀ ਹੈ। ਸਕੂਲ ਅਤੇ ਕਾਲਜ ਦੀ ਪੜ੍ਹਾਈ ਦੌਰਾਨ ਕਰਮੇ ਦੀ ਜਾਤ ਨੂੰ ਨਿਸ਼ਾਨਾ ਬਣਾ ਕੇ ਜਦੋਂ ਵਾਰ ਵਾਰ ਉਸ ਨਾਲ ਅਮਾਨਵੀ ਵਿਹਾਰ ਕੀਤਾ ਜਾਂਦਾ ਹੈ ਤਾਂ ਉਸ ਦੇ ਬਾਲ ਮਨ 'ਤੇ ਇਸ ਦਾ ਗਹਿਰਾ ਅਸਰ ਪੈਂਦਾ ਹੈ ਤੇ ਉਸ ਦੇ ਇਸ ਵਿਵਸਥਾ ਤੋਂ ਬਾਗੀ ਹੋਣ ਦੀ ਸ਼ੁਰੂਆਤ ਹੋ ਜਾਂਦੀ ਹੈ। ਕਾਲਜ ਦੀ ਪੜ੍ਹਾਈ ਅੱਧ ਵਿਚਾਕਾਰ ਛੱਡ ਕੇ ਜਦੋਂ ਉਹ ਜੇ. ਬੀ. ਟੀ. ਦਾ ਕੋਰਸ ਕਰਨ ਲੱਗਦਾ ਤਾਂ ਸਮਾਜ ਦੀ ਜਮਾਤੀ ਬਣਤਰ ਬਾਰੇ ਉਸ ਦੀ ਸੂਝ ਵੀ ਵਿਕਸਿਤ ਹੋਣ ਲੱਗਦੀ ਹੈ।

ਨਾਵਲ ਦੀ ਕਹਾਣੀ ਅਤੇ ਕਰਮੇ ਦੀ ਜ਼ਿੰਦਗੀ ਵਿਚ ਫੈਸਲਾਕੁਨ ਮੋੜ ਉਸ ਵੇਲੇ ਆਉਂਦਾ ਹੈ, ਜਦੋਂ ਉਹ ਇਸ ਵਿਵਸਥਾ ਨੂੰ ਬਦਲ ਕੇ ਨਵੀਂ ਲੋਕ ਪੱਖੀ ਵਿਵਸਥਾ ਸਿਰਜਣ ਦੇ ਸੁਪਨੇ ਨਾਲ ਜੁੜ ਚੁਕੇ ਨੌਜਵਾਨ ਚਾਨਣ ਸਿੰਘ ਦੇ ਸੰਪਰਕ ਵਿਚ ਆਉਂਦਾ ਹੈ। ਖੱਬੇ ਪੱਖੀ ਵਿਚਾਰਧਾਰਾ ਵਾਲੇ ਚਾਨਣ ਸਿੰਘ ਦੀ ਸੰਗਤ ਅਤੇ ਇਨਕਲਾਬੀ ਸਾਹਿਤ ਦੇ ਪਾਠ ਦੇ ਪ੍ਰਭਾਵ ਅਧੀਨ ਉਹ ਇਕ ਅਧਿਆਪਕ ਦੇ ਨਾਲ ਹਥਿਆਰਬੰਦ ਸੰਘਰਸ਼ ਵਿਚ ਵਿਸ਼ਵਾਸ ਰੱਖਦੀ ਇਨਕਲਾਬੀ ਸੰਸਥਾ ਦਾ ਕਾਰਕੁਨ ਵੀ ਬਣ ਜਾਂਦਾ ਹੈ। ਉਹ ਆਪਣੇ ਪਿੰਡ ਦੇ ਨੌਜਵਾਨਾਂ ਨੂੰ ਨੌਜਵਾਨ ਭਾਰਤ ਸਭਾ ਦੇ ਬੈਨਰ ਹੇਠ ਚੇਤੰਨ ਤੇ ਸੰਗਠਿਤ ਕਰਨ ਦਾ ਕਾਰਜ ਅਰੰਭਦਾ ਹੈ ਤਾਂ ਉਸ ਦੀਆਂ ਸਰਗਰਮੀਆਂ ਵਿਧਾਇਕ ਸੇਵਾ ਸਿੰਘ ਤੇ ਉਸ ਦੇ ਪਿਛਲੱਗੂ ਸਰਪੰਚ ਨੱਥਾ ਸਿੰਘ ਨੂੰ ਆਪਣੇ ਰਾਜਨੀਤਕ ਭਵਿੱਖ ਲਈ ਖਤਰਾ ਜਾਪਦੀਆਂ ਹਨ। ਨੱਥਾ ਸਿੰਘ ਸੱਤਾ ਦੇ ਗੁਲਾਮ ਸ਼ੇਰ ਸਿੰਘ ਵਰਗੇ ਪੁਲਿਸ ਅਫਸਰ ਦੀ ਮਦਦ ਨਾਲ ਕਰਮੇ ਤੇ ਉਸ ਦੇ ਸਾਥੀਆਂ ਨੂੰ ਝੂਠੇ ਮੁਕੱਦਮਿਆਂ ਵਿਚ ਫਸਾ ਕੇ ਉਨ੍ਹਾਂ ਨੂੰ ਅਮਾਨਵੀ ਢੰਗ ਦੇ ਤਸੀਹੇ ਦਿੰਦਾ ਹੈ ਤਾਂ ਪੈਰ ਪੈਰ 'ਤੇ ਆਪਣੇ ਨਾਲ ਹੋ ਰਹੇ ਇਸ ਤਰ੍ਹਾਂ ਦੇ ਅਨਿਆਂ ਖਿਲਾਫ ਉਸ ਅੰਦਰ ਪੈਦਾ ਹੋਇਆ ਰੋਸ ਅੰਤ ਉਸ ਨੂੰ ਆਪਣੀ ਸਰਕਾਰੀ ਨੌਕਰੀ ਦਾ ਤਿਆਗ ਕਰ ਕੇ ਹਥਿਆਰਬੰਦ ਨਕਸਲੀ ਸੰਘਰਸ਼ ਦੇ ਰਾਹ ਵੱਲ ਲੈ ਜਾਂਦਾ ਹੈ।

ਕਰਮਾ ਰਾਜਸੀ ਤੌਰ 'ਤੇ ਬਹੁਤ ਚੇਤੰਨ ਹੈ ਤੇ ਉਹ ਇਹ ਵੀ ਸਮਝਦਾ ਹੈ ਕਿ ਵਿਧਾਇਕ ਸੇਵਾ ਸਿੰਘ, ਸਰਪੰਚ ਨੱਥਾ ਸਿੰਘ ਤੇ ਡੀ. ਐਸ. ਪੀ. ਸਿੰਘ ਸ਼ੇਰ ਸਿੰਘ ਵਰਗੇ ਲੋਕ ਪੂੰਜੀਵਾਦੀ ਲੁਟੇਰੇ ਪ੍ਰਬੰਧ ਦੇ ਬਹੁਤ ਛੋਟੇ ਪੁਰਜੇ ਹਨ। ਇਹ ਨਾਵਲ ਦੀ ਸਿਧਾਂਤਕ ਉਕਾਈ ਹੈ ਕਿ ਏਨੀ ਰਾਜਸੀ ਚੇਤਨਾ ਰੱਖਣ ਦੇ ਬਾਵਜੂਦ ਉਹ ਉਕਤ ਵਿਅਕਤੀਆਂ ਦੇ ਕਤਲਾਂ ਵਿਚ ਸ਼ਮੂਲੀਅਤ ਤੋਂ ਇਲਾਵਾ ਉਹ ਕੋਈ ਹੋਰ ਵਿਵਸਥਾ ਪਲਟਾਊ ਸਰਗਰਮੀ ਦਰਜ ਨਹੀਂ ਕਰਵਾ ਸਕਿਆ। ਭਾਵੇਂ ਸੱਤਾ ਪੱਖ ਨਾਲ ਜੁੜੇ ਕਤਲਾਂ ਤੋਂ ਬਾਅਦ ਵੀ ਸਰਕਾਰੀ ਧਿਰ ਵੱਲੋਂ ਉਸ 'ਤੇ ਕੋਈ ਦੋਸ਼ ਸਿੱਧ ਨਾ ਕਰ ਸਕਣ ਦੀ ਗੱਲ ਯਥਾਰਥਕ ਘੱਟ ਤੇ ਇੱਛਾ ਮੂਲਕ ਵਧੇਰੇ ਹੈ, ਪਰ ਲੋਕਾਂ ਘੋਲਾਂ ਨੂੰ ਅੱਗੇ ਲੈ ਕੇ ਜਾਣ ਲਈ ਅਜਿਹੇ ਇੱਛਤ ਯਥਾਰਥ ਸਿਰਜੇ ਜਾਣ ਦੀ ਵੀ ਬਹੁਤ ਲੋੜ ਹੈ।

ਨਾਵਲ ਦੇ ਅੰਤ ਵਿਚ ਮੁੱਖ ਪਾਤਰ ਕਰਮੇ ਵੱਲੋਂ ਬੇ-ਇਨਸਾਫੀ ਦੇ ਖਿਲਾਫ ਜੰਗ ਜਾਰੀ ਰੱਖਣ ਦਾ ਲਿਆ ਸੰਕਲਪ ਇਸ ਇੱਛਤ ਯਥਾਰਥ ਨੂੰ ਹਕੀਕੀ ਯਥਾਰਥ ਵਿਚ ਬਦਲਣ ਲਈ ਕੀਤੀ ਯਤਨਸ਼ੀਲਤਾ ਦਾ ਪ੍ਰਗਟਾਵਾ ਕਰਕੇ ਨਾਵਲ ਦੀ ਉਦੇਸ਼ਾਤਮਕ ਪਹੁੰਚ ਨੂੰ ਹੋਰ ਮਜਬੂਤੀ ਪ੍ਰਦਾਨ ਕਰਦਾ ਹੈ। ਭਾਵੇਂ ਨਾਵਲ ਨਕਸਲਬਾੜੀ ਦੌਰ ਤੋਂ ਵੱਡੇ ਅੰਤਰਾਲ ਬਾਅਦ ਲਿਖਿਆ ਗਿਆ ਹੈ, ਫਿਰ ਵੀ ਕ੍ਰਿਸ਼ਨ ਪ੍ਰਤਾਪ ਇਸ ਲਹਿਰ ਦੇ ਵਿਚਾਰਧਾਰਕ ਫਲਸਫੇ ਨਾਲ ਇਨਸਾਫ ਕਰਨ ਵਿਚ ਬਹੁਤ ਸਫਲ ਰਿਹਾ ਹੈ।

ਨਾਵਲ ਵਿਚ ਦਰਪੇਸ਼ ਘਟਨਾਵਾਂ ਦੀ ਤਰਤੀਬ ਤੇ ਸੰਪਾਦਨ ਏਨਾ ਸੁੱਚਜਾ ਹੈ ਕਿ ਪਾਠਕੀ ਮਨੋ-ਬਿਰਤੀਆਂ ਨਾਵਲ ਪਾਠ ਦੇ ਅਰੰਭ ਤੋਂ ਲੈ ਕੇ ਅੰਤ ਤੱਕ ਇਸ ਦੇ ਘਟਨਾਕ੍ਰਮ ਨਾਲ ਜੁੜੀਆਂ ਰਹਿੰਦੀਆਂ ਹਨ। ਨਾਵਲ ਵਿਚ ਵਾਪਰਦੀ ਹਰ ਘਟਨਾ ਦਾ ਆਪਣਾ ਇਤਿਹਾਸਕ ਪਿਛੋਕੜ ਹੈ ਤੇ ਨਾਵਲਕਾਰ ਇਸ ਪਿਛੋਕੜ ਦੇ ਦੁਹਰਾਅ ਰਹੀ ਵਰਤਮਾਨ ਸਮੇਂ ਦੇ ਰਾਜਨੀਤਕ ਤੇ ਆਰਥਿਕ ਪ੍ਰਬੰਧ ਵੱਲੋਂ ਨਪੀੜੇ ਜਾ ਰਹੇ ਲੋਕਾਂ ਦੀ ਚੇਤਨਾ ਨੂੰ ਪ੍ਰਚੰਡ ਕਰਨ ਦੀ ਸੁਹਿਰਦ ਇੱਛਾ ਰੱਖਦਾ ਹੈ। ਨਾਵਲ ਦੀ ਸੰਗਠਨਾਤਕ ਬੁਣਤ ਬਹੁਤ ਕੱਸਵੀਂ ਰਹੀ ਹੈ ਤੇ ਲੇਖਕ ਨੇ ਵਾਧੂ ਦੇ ਵਿਸਥਾਰ ਤੋਂ ਬਚਣ ਦੀ ਸੁਚੇਤ ਕੋਸ਼ਿਸ਼ ਕੀਤੀ ਲੱਗਦੀ ਹੈ। ਨਾਵਲ ਦੇ ਪਾਤਰਾਂ ਦਾ ਆਪਸੀ ਵਾਰਤਾਲਾਪ, ਬੋਲੀ ਤੇ ਸ਼ੈਲੀ ਪੰਜਾਬ ਦੇ ਮਲਵਈ ਉਪ ਸਭਿਆਚਾਰ ਦੀ ਸਜੀਵ ਪੇਸ਼ਕਾਰੀ ਕਰਨ ਵਿਚ ਸਫਲ ਰਹੀ ਹੈ।

ਕੁਲ ਮਿਲਾ ਕੇ ਇਹ ਨਾਵਲ ਨਕਸਲਬਾੜੀ ਦੌਰ ਦੀ ਇਤਿਹਾਸਕਤਾ ਨਾਲ ਮਾਨਸਿਕ ਨੇੜਤਾ ਵਾਲਾ ਮੁੱਲਵਾਂ ਇਤਿਹਾਸਕ ਦਸਤਾਵੇਜ਼ ਹੈ। ਭਾਵੇਂ ਇਸ ਲਹਿਰ ਦੇ ਕੁਝ ਪਸਾਰ ਇਸ ਨਾਵਲ ਵਿਚ ਅਣਛੋਹੇ ਰਹਿ ਗਏ ਹਨ, ਫਿਰ ਵੀ ਨਾਵਲਕਾਰ ਨੇ ਇਸ ਲਹਿਰ ਦਾ ਗੰਭੀਰ ਅਧਿਐਨ ਕਰਕੇ ਇਸ ਸਿੱਟੇ ਦੀ ਨਿਸ਼ਾਨਦੇਹੀ ਕੀਤੀ ਹੈ ਕਿ ਅਨਿਆਂ ਤੇ ਲੁੱਟ ਖਸੁੱਟ ਖਿਲਾਫ ਉਸ ਸਮੇਂ ਹੋਈ ਲੜਾਈ ਖਤਮ ਨਹੀਂ ਹੋਈ, ਸਗੋਂ ਹੁਣ ਨਵੇਂ ਦੌਰ ਵਿਚ ਦਾਖਲ ਹੋ ਚੁਕੀ ਹੈ। ਦਸਤਾਵੇਜ਼ੀ ਮਹੱਤਤਾ ਰੱਖਣ ਵਾਲੇ ਇਸ ਨਾਵਲ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ।

# ਦਰਸ਼ਨ ਦਰਵੇਸ਼ ਦੇ ਸੁਰਿੰਦਰ ਸੋਹਲ ਨੂੰ 101 ਸਵਾਲ

*(ਪਿਛਲੇ ਸਫੇ ਦੀ ਬਾਕੀ)*

ਹੋ?

-ਮੈਂ ਕਦੇ ਬੋਰ ਨਹੀਂ ਹੁੰਦਾ। ਹਰ ਹਾਲ ਵਿਚ ਆਪਣੇ ਆਪ ਨੂੰ ਢਾਲ ਲੈਂਦਾ ਹਾਂ।

71. ਤੁਹਾਡਾ ਸੁਪਨਾ, ਜਿਸ ਨੂੰ ਕਿਸੇ ਵੀ ਕੀਮਤ ਉੱਪਰ ਵਿਕਸਿਤ ਕਰਨਾ ਹੀ ਕਰਨਾ ਹੈ?

-ਇਹੋ ਜਿਹੇ ਅਫਲਾਤੂਨੀ ਵਿਚਾਰਾਂ ਦੀ ਉਮਰ ਹੁਣ ਰਹੀ ਨਹੀਂ।

72. ਪੂਰੀ ਦੁਨੀਆਂ ਵਿਚ ਤੁਹਾਡੀ ਸਭ ਤੋਂ ਪਿਆਰੀ ਥਾਂ ਕਿਹੜੀ ਹੈ?

-ਜਿੱਥੇ ਜਾ ਕੇ ਅਜਿਹੀ ਮਿੱਠੀ ਨੀਂਦੇ ਸੌਣਾ ਹੈ ਕਿ ਭੁਚਾਲ ਵੀ ਨੀਂਦ ਭੰਗ ਨਾ ਕਰ ਸਕਣ।

73. ਦੁਨੀਆਂ ਦੀ ਉਹ ਕਿਹੜੀ ਸ਼ਖਸੀਅਤ ਹੈ, ਜਿਹੜੀ ਹਰ ਸਮੇਂ ਪਰਛਾਵੇਂ ਵਾਂਗ ਤੁਹਾਡੇ ਨਾਲ ਰਹਿੰਦੀ ਹੈ?

-ਮੇਰਾ ਬਾਪ।

74. ਅਜਿਹੀ ਕਿਹੜੀ ਚੀਜ਼ ਹੈ, ਜਿਸ ਬਾਰੇ ਅਕਸਰ ਹੀ ਤੁਹਾਡਾ ਦਿਮਾਗ ਕਸਰਤ ਕਰਦਾ ਰਹਿੰਦਾ ਹੈ?

-ਸਾਹਿਤ।

75. ਆਪਣੇ ਸਭ ਤੋਂ ਨੇੜਲੇ ਮਿੱਤਰਾਂ ਨਾਲ ਤੁਸੀਂ ਕਿਹੋ ਜਿਹੇ ਰਾਜ਼ ਸਾਂਝੇ ਕਰਦੇ ਹੋ?

-ਜਿਸ ਨਾਲ ਮਿੱਤਰ ਨੂੰ ਫਾਇਦਾ ਹੁੰਦਾ ਹੋਵੇ।

76. ਤੁਹਾਡੀ ਕੋਈ ਅਜਿਹੀ ਗੱਲ, ਜਿਹੜੀ ਕੋਈ ਵੀ ਨਹੀਂ ਜਾਣਦਾ, ਪਰ ਤੁਸੀਂ ਦੱਸਣ ਲਈ ਕਾਹਲੇ ਹੋ?

-ਆਪਣੀਆਂ ਢੇਰ ਸਾਰੀਆਂ ਬੇਵਕੂਫੀਆਂ।

77. ਜੇ ਤੁਸੀਂ ਅੱਜ ਸਾਹਿਤਕਾਰ ਨਾ ਹੁੰਦੇ ਤਾਂ ਕੀ ਹੁੰਦੇ?

-ਇਹ ਮਰਮ ਤਾਂ ਵਕਤ ਦੀ ਕਿਸੇ ਪਰਤ ਓਹਲੇ ਪਿਆ ਹੋਵੇਗਾ।

78. ਅਜਿਹਾ ਕਿਹੜਾ ਕੰਮ ਹੈ, ਜਿਹੜਾ ਵਾਰ ਵਾਰ ਕਰਨ ਨੂੰ ਤੁਹਾਡਾ ਦਿਲ ਕਰਦਾ ਹੈ, ਪਰ ਤੁਹਾਡੀ ਪਕੜ ਵਿਚ ਨਹੀਂ ਆ ਰਿਹਾ?

-ਹਾਰਮੋਨੀਅਮ ਸਿੱਖਣ ਦਾ।

79. ਜ਼ਿੰਦਗੀ ਦੇ ਕਿਹੋ ਜਿਹੇ ਵਰਤਾਰੇ ਨਾਲ ਸਖਤ ਨਫਰਤ ਹੈ ਤੁਹਾਨੂੰ?

-ਨਫਰਤ ਕਿਸੇ ਨਾਲ ਨਹੀਂ। ਮੌਕਾਪ੍ਰਸਤ ਵਰਤਾਰੇ ਨਾਲ ਵਿਰੋਧ ਜ਼ਰੂਰ ਹੈ।

80. ਕਿਹੜੀ ਚੀਜ਼ ਹੈ, ਜੇ ਉਹ ਤੁਹਾਥੋਂ ਖੋਹ ਲਈ ਜਾਵੇ ਤਾਂ ਤੁਸੀਂ ਗੁੰਮ ਜਾਓਗੇ?

-ਕਲਮ।

81. ਕਿਹੋ ਜਿਹੀਆਂ ਸਥਿਤੀਆਂ ਹੁੰਦੀਆਂ ਨੇ, ਜਦੋਂ ਤੁਸੀਂ ਲੰਮੇ ਸਮੇਂ ਲਈ ਸੁਰਿੰਦਰ ਸੋਹਲ ਨਹੀਂ ਹੁੰਦੇ?

-ਕੰਮ 'ਤੇ ਮੈਂ ਸੁਰਿੰਦਰ ਹੁੰਦਾ ਹਾਂ, ਬੱਚਿਆਂ 'ਚ ਬੈਠਾਂ ਤਾਂ ਡੈਡੀ, ਪਤਨੀ ਕੋਲ ਸੋਹਲ। ਇਕੱਲਾ ਹੋਵਾਂ ਤਾਂ ਸੁਰਿੰਦਰ ਸੋਹਲ।

82. ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਟਰਨਿੰਗ ਪੁਆਇੰਟ ਕਿਹੜਾ ਸੀ?

-ਅਮਰੀਕਾ ਆਉਣ ਦਾ ਮੌਕਾ-ਮੇਲ।

83. ਕਿਸ ਮਹਾਨ ਜਾਂ ਬਦਨਾਮ ਸ਼ਖਸੀਅਤ ਨਾਲ ਮਿਲਣ ਲਈ ਤਤਪਰ ਰਹਿੰਦੇ ਹੋ?

-ਕਿਸੇ ਨਾਲ ਵੀ ਨਹੀਂ। ਮਿਲਣ 'ਤੇ ਮਹਾਨਤਾ ਦਾ ਮੁਲੰਮਾ ਲਹਿੰਦਿਆਂ ਦੇਰ ਨਹੀਂ ਲੱਗਦੀ।

84. ਸਮੇਂ ਨੂੰ ਮੁੱਠੀ ਵਿਚ ਕਰਨ ਦੀ ਸੋਚ ਕਦੋਂ ਜਿਊਂਦੀ, ਕਦੋਂ ਮਰ ਜਾਂਦੀ ਹੈ?

-ਸਮੇਂ ਨੂੰ ਮੁੱਠੀ 'ਚ ਕਰਨ ਦੀ ਖਾਮ-ਖਿਆਲੀ 'ਚ ਮੈਂ ਕਦੇ ਨਹੀਂ ਪਿਆ।

85. ਤੁਸੀਂ ਕਿਹੋ ਜਿਹੀਆਂ ਸਥਿਤੀਆਂ ਵਿਚ ਅਧਿਆਤਮਕ ਅਨੰਦ ਮਹਿਸੂਸ ਕਰਦੇ ਹੋ?

-ਤਾਰਿਕਾ ਮੰਡਲ ਦੇਖ ਕੇ।

86. ਕਿਹੜਾ ਸੰਗੀਤ ਹੈ, ਜਿਹੜਾ ਤੁਹਾਨੂੰ ਰੁਮਾਂਟਿਕ ਬਣਾ ਦਿੰਦਾ ਹੈ?

-ਗਜ਼ਲਾਂ।

87. ਅੱਜ ਤੱਕ ਦੇਖੀਆਂ ਫਿਲਮਾਂ ਦਾ ਸਭ ਤੋਂ ਯਾਦਗਾਰੀ ਕਿਰਦਾਰ, ਜਿਸ ਨੂੰ ਦੇਖ ਕੇ ਤੁਹਾਨੂੰ ਮਨੋਰੰਜਨ ਦੀ ਦੁਨੀਆਂ ਉੱਪਰ ਮਾਣ ਮਹਿਸੂਸ ਹੋਇਆ ਹੋਵੇ?

-'ਬਿਹਾਈਂਡ ਦਾ ਸੀਨ' ਦੇਖਣ ਤੋਂ ਬਾਅਦ ਮੈਂ ਫਿਲਮਾਂ ਦੇਖਣੀਆਂ ਛੱਡ ਦਿੱਤੀਆਂ। ਫਿਲਮਾਂ ਮੈਨੂੰ ਪ੍ਰਭਾਵਿਤ ਨਹੀਂ ਕਰਦੀਆਂ। ਕਦੇ-ਕਦੇ ਹੀ ਕੋਈ ਫਿਲਮ ਦੇਖਦਾ ਹਾਂ।

88. ਤੁਹਾਡੇ ਆਪਣੇ ਸ਼ਹਿਰ ਦਾ ਫੇਵਰਟ ਰੈਸਟੋਰੈਂਟ ਕਿਹੜਾ ਹੈ?

-ਜਿੱਥੇ ਜਾਣ ਦਾ ਮੌਕਾ-ਮੇਲ ਬਣ ਜਾਏ।

89. ਤੁਹਾਡਾ ਮਨਪਸੰਦ ਨਾਈਟ ਸਪੌਟ ਕਿਹੜਾ ਹੈ?

-ਰੋਜ਼ਵੈੱਲਟ ਆਈਲੈਂਡ 'ਤੇ ਖੜ੍ਹ ਕੇ ਮੈਨਹਾਟਨ ਸ਼ਹਿਰ ਦੇਖਣਾ। ਇਥੋਂ ਸ਼ਹਿਰ ਸਮੁੰਦਰੀ ਜਹਾਜ ਵਰਗਾ ਲੱਗਦਾ ਹੈ ਅਤੇ ਖੱਬੇ ਪਾਸੇ ਕੁਈਨਜ਼ ਬੋਰੋ ਬ੍ਰਿਜ ਜਿਵੇਂ ਖਲਾਅ 'ਚ ਪਾਈ ਪੀਂਘ ਹੋਵੇ।

90. ਘੱਟ ਬਿਲ ਵਿਚ ਕਿਸ ਥਾਂ ਦਾ ਖਾਣਾ ਸਭ ਤੋਂ ਵਧੀਆ ਲੱਗਦਾ ਹੈ?

-ਹਾਲਾਤ 'ਤੇ ਨਿਰਭਰ ਕਰਦਾ ਹੈ।

91. ਕਿਸ ਥਾਂ ਤੋਂ ਆਊਟਫਿਟਸ ਖਰੀਦਣ ਵਾਸਤੇ ਹਰ ਪਲ ਤੁਹਾਡਾ ਮਨ ਕਾਹਲਾ ਪੈਂਦਾ ਰਹਿੰਦਾ ਹੈ?

-ਕੋਈ ਵੀ ਨਹੀਂ।

92. ਪਹਿਰਾਵੇ ਪ੍ਰਤੀ ਖੁਦ ਸੁਚੇਤ ਰਹਿੰਦੇ ਹੋ ਜਾਂ ਕੋਈ ਯਾਦ ਕਰਾਉਂਦਾ ਹੈ?

-ਮੈਂ ਬਹੁਤ ਬੇਪਰਵਾਹ ਹਾਂ। ਪਤਨੀ ਯਾਦ ਕਰਵਾਉਂਦੀ ਹੈ।

93. ਆਪਣੇ ਸ਼ਹਿਰ ਦੀ ਕਿਸ ਥਾਂ ਉੱਪਰ ਦੋਸਤਾਂ ਦਾ ਇਕੱਠ ਵੇਖ ਕੇ ਖੁਸ਼ੀ ਹੁੰਦੀ ਹੈ?

-ਸੁਰਤ ਹੁਣ ਦੋਸਤੀ-ਦੁਸ਼ਮਣੀ ਤੋਂ ਉਪਰ ਉਠ ਗਈ ਹੈ।

94. ਕੰਮ ਤੋਂ ਆਉਂਦਿਆਂ ਸਭ ਤੋਂ ਪਹਿਲਾਂ ਕਿਹੜੀ ਵਸਤੂ ਨੂੰ ਬਹੁਤ ਪਿਆਰ ਨਾਲ ਨਿਹਾਰਦੇ ਹੋ?

-ਘਰ ਦੇ ਇਕ-ਇਕ ਜੀਅ ਦਾ ਚਿਹਰਾ।

95. ਆਪਣੀ ਮਨਪਸੰਦ ਖਰੀਦਦਾਰੀ ਕਰਨ ਲਈ ਕਿੰਨਾ ਲੰਮਾਂ ਸਮਾਂ ਸੋਚਣਾ ਪੈਂਦਾ ਹੈ?

-ਅੱਖ ਦੇ ਫੋਰ ਤੋਂ ਵੀ ਘੱਟ।

96. ਕਿਤਾਬਾਂ ਜਦੋਂ ਬੋਝ ਲੱਗਣ ਲੱਗ ਪੈਂਦੀਆਂ ਨੇ, ਕੀ ਫੈਸਲਾ ਲੈਂਦੇ ਹੋ?

-ਕਿਤਾਬਾਂ ਬੋਝ ਨਹੀਂ ਲੱਗਦੀਆਂ। ਲਾਇਬ੍ਰੇਰੀ ਵੱਲ ਦੇਖ ਕੇ ਇਹ ਜ਼ਰੂਰ ਸੋਚਦਾਂ ਮੇਰੇ ਤੋਂ ਬਾਅਦ ਇਨ੍ਹਾਂ ਦਾ ਕੀ ਬਣੇਗਾ।

97. ਅੱਜ ਤੱਕ ਦੀ ਸਭ ਤੋਂ ਸਸਤੀ ਅਤੇ ਮਹਿੰਗੀ ਸ਼ਾਪਿੰਗ ਕਿਹੜੀ ਕੀਤੀ ਸੀ?

-ਡੇਢ ਸੌ ਡਾਲਰ 'ਚ ਰਿਗ ਵੇਦ ਦਾ ਹਿੰਦੀ ਅਨੁਵਾਦ। ਇਹ ਭਾਵੇਂ ਸਸਤੇ ਪਾਸੇ ਪਾ ਲਓ ਭਾਵੇਂ ਮਹਿੰਗੇ।

98. ਦੇਸ਼ ਦੀ ਕਿਸ ਥਾਂ ਉੱਪਰ ਰਹਿਣਾ ਪਸੰਦ ਹੈ?

-ਦੇਸ਼ ਦਾ ਸੰਕਲਪ ਤਾਂ ਜ਼ਿਹਨ 'ਚੋਂ ਖੁਰ ਹੀ ਗਿਆ ਹੈ। ਜਿੱਥੇ ਰਹਿਣ ਦਾ ਮੌਕਾ-ਮੇਲ ਬਣ ਜਾਏ, ਓਹੀ ਥਾਂ ਪਸੰਦ ਆ ਜਾਏਗੀ।

99. ਕਿਹੜੀ ਇਤਿਹਾਸਕ ਥਾਂ ਦੇ ਖੰਡਰ ਦੇਖ ਕੇ ਮਨ ਕੁਸੈਲਾ ਹੁੰਦਾ ਹੈ?

-ਕਿਸੇ ਵੀ ਤਰ੍ਹਾਂ ਦਾ ਖੰਡਰ ਮਨ ਉਦਾਸ ਕਰ ਦਿੰਦਾ ਹੈ। ਖੰਡਰਾਂ ਨੂੰ ਦੇਖ ਕਈ ਵਾਰ ਲੱਗਦਾ ਹੈ, ਇਹੋ ਜਿਹੇ ਖੰਡਰ ਤਾਂ ਮਨ ਅੰਦਰ ਵੀ ਪਏ ਨੇ।

100. ਸਭ ਤੋਂ ਚੰਗੀ ਅਤੇ ਮਾੜੀ ਯਾਦ ਕਿਸ ਥਾਂ ਨਾਲ ਜੁੜੀ ਹੋਈ ਹੈ?

-ਚੰਗੀ ਥਾਂ ਜਿੱਥੇ ਕੋਈ ਪਿਆਰਾ ਮਿਲਿਆ। ਮਾੜੀ ਥਾਂ ਜਿੱਥੇ ਕੋਈ ਪਿਆਰਾ ਵਿਛੜਿਆ।

101. ਉਹ ਥਾਂ ਜਿੱਥੇ ਰਹਿਣ ਦਾ ਸੁਪਨਾ ਅਜੇ ਤੱਕ ਪੂਰਾ ਨਹੀਂ ਹੋਇਆ?

-ਫੁੱਲਾਂ 'ਚ ਘਿਰੀ ਹੋਈ ਕਾਨਿਆਂ ਦੀ ਝੁੱਗੀ ਵਿਚ।

###

# ਬੈਚ ਫੁੱਲ-ਅਜਾਤਾ ਡਰ

ਬੈਚ ਫਲਾਵਰ ਦਵਾਈਆਂ ਦੇ ਨਾਂ ਤੋਂ ਕਈ ਲੋਕ ਸੋਚਦੇ ਹੋਣਗੇ ਕਿ ਇਹ ਫੁੱਲਾਂ ਦੇ ਇਤਰ ਵਾਂਗ ਖੁਸ਼ਬੂਦਾਰ ਹੋਣਗੀਆਂ, ਜੋ ਲੈਣ ਸਾਰ ਮਨੁੱਖ ਨੂੰ ਮੁਸ਼ਕਾ ਦਿੰਦੀਆਂ ਹੋਣਗੀਆਂ। ਕਈ ਸਮਝਦੇ ਹੋਣਗੇ ਕਿ ਇਹ ਜੜ੍ਹੀ-ਬੂਟੀਆਂ ਦੇ ਕਾਹੜਿਆਂ ਵਾਂਗ ਕੌੜੀਆਂ ਕੁਸੈਲੀਆਂ ਤੇ ਰੰਗਦਾਰ ਹੋਣਗੀਆਂ; ਪਰ ਨਾ ਇਨ੍ਹਾਂ ਦਾ ਕੋਈ ਰੰਗ ਹੁੰਦਾ ਹੈ, ਨਾ ਗੰਧ ਤੇ ਨਾ ਹੀ ਸਵਾਦ। ਇਹ ਡਿਸਟਿਲਡ ਪਾਣੀ ਵਿਚ ਬਣਦੀਆਂ ਹਨ ਤੇ ਪਾਣੀ ਵਾਂਗ ਹੀ ਰੰਗ, ਗੰਧ ਤੇ ਸਵਾਦਹੀਣ ਹੁੰਦੀਆਂ ਹਨ। ਇਨ੍ਹਾਂ ਦੇ ਬਣਾਉਣ ਦਾ ਤਰੀਕਾ ਵੀ ਰਸਮੀ ਕਸ਼ੀਦਕਾਰੀ ਤੋਂ ਵਖਰਾ ਤੇ ਸਿੱਧਾ ਸਾਦਾ ਹੈ।

ਡਾ. ਬੈਚ ਨੇ ਫੁੱਲਾਂ ਤੋਂ ਦਵਾਈ ਬਣਾਉਣ ਦੇ ਦੋ ਢੰਗ ਦੱਸੇ ਹਨ। ਪਹਿਲਾ ਨਾਜ਼ੁਕ ਫੁੱਲਾਂ ਲਈ ਹੈ, ਜੋ ਗਰਮੀ ਰੁੱਤ ਵਿਚ ਖਿਲਦੇ ਹਨ। ਕਿਸੇ ਧੁੱਪ ਵਾਲੇ ਦਿਨ ਇਨ੍ਹਾਂ ਫੁੱਲਾਂ ਨੂੰ ਬਿਨਾ ਛੂਹੇ ਤੋੜ ਲਿਆ ਜਾਂਦਾ ਹੈ ਤੇ ਫਿਰ ਇਨ੍ਹਾਂ ਨੂੰ ਸਾਫ ਸਪਰਿੰਗ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਵਾਟਰ ਦੇ ਭਰੇ ਕੱਚ ਦੇ ਕਟੋਰੇ ਵਿਚ ਤੈਰਾ ਦਿੱਤਾ ਜਾਂਦਾ ਹੈ। ਤਿੰਨ ਘੰਟੇ ਧੁੱਪ ਦੀਆਂ ਕਿਰਣਾਂ ਵਿਚ ਪਏ ਰਹਿਣ ਤੋਂ ਬਾਅਦ ਕਟੋਰੇ ਦੇ ਪਾਣੀ ਨੂੰ ਫੁਲਾਂ ਤੋਂ ਅੱਡ ਕਰ ਲਿਆ ਜਾਂਦਾ ਹੈ। ਜਿਨ੍ਹਾਂ ਪੌਦਿਆਂ ਦੇ ਫੁੱਲ ਸਰਦੀਆਂ ਵਿਚ ਖਿਲਦੇ ਹਨ ਜਾਂ ਜਿਨ੍ਹਾਂ ਦੀਆਂ ਡੰਡੀਆਂ ਸਖਤ ਹੁੰਦੀਆਂ ਹਨ, ਉਨ੍ਹਾਂ ਨੂੰ ਡੰਡੀਆਂ ਪੱਤੀਆਂ ਸਮੇਤ ਸਾਫ ਪਾਣੀ ਵਿਚ ਅੱਧੇ ਘੰਟੇ ਲਈ ਉਬਾਲਿਆ ਜਾਂਦਾ ਹੈ। ਠੰਡਾ ਹੋਣ ਉਪਰੰਤ ਫੁੱਲਾਂ ਪੱਤੀਆਂ ਆਦਿ ਨੂੰ ਪਾਣੀ ਤੋਂ ਵੱਖ ਕਰ ਦਿੱਤਾ ਜਾਂਦਾ ਹੈ।

ਇਸ ਤੋਂ ਅੱਗੇ ਸਭ ਫੁੱਲਾਂ ਲਈ ਤਰੀਕਾ ਇਕੋ ਹੈ। ਦੋਹਾਂ ਢੰਗਾਂ ਤੋਂ ਪ੍ਰਾਪਤ ਪਾਣੀ ਨੂੰ ਫਿਲਟਰ ਕੀਤਾ ਜਾਂਦਾ ਹੈ ਤੇ ਇਸ ਵਿਚ ਬਰਾਬਰ ਮਾਤਰਾ ਵਿਚ ਬ੍ਰਾਂਡੀ ਜਾਂ ਅਲਕੋਹਲ ਮਿਲਾ ਦਿੱਤੀ ਜਾਂਦੀ ਹੈ। ਇਸ ਘੋਲ ਨੂੰ ਮਦਰ ਟਿੰਕਚਰ ਕਿਹਾ ਜਾਂਦਾ ਹੈ। ਮਦਰ ਟਿੰਕਚਰ ਦੇ ਇਕ ਹਿੱਸੇ ਨੂੰ ਤੀਹ ਹਿੱਸੇ ਸਾਫ ਪਾਣੀ ਨਾਲ ਮਿਲਾ ਕੇ ਵੇਚਣ ਲਈ ਸ਼ੀਸ਼ੀਆਂ ਵਿਚ ਪੈਕ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਸ ਦਵਾਈ ਦੀ ਸ਼ੀਸ਼ੀ ਵਿਚ ਭਰੇ ਦ੍ਰਵ ਵਿਚ ਸਿਰਫ ਸੱਠਵੇਂ ਹਿੱਸੇ ਦਾ ਫੁੱਲਾਂ ਦਾ ਰਸ ਤੇ ਸੱਠਵੇਂ ਹਿੱਸੇ ਦੀ ਹੀ ਅਲਕੋਹਲ ਹੁੰਦੀ ਹੈ। ਅੱਗੇ ਖੁਰਾਕ ਬਣਾਉਣ ਵੇਲੇ ਸ਼ੀਸ਼ੀ ਵਿਚੋਂ ਚਾਰ ਤੁਪਕੇ ਦ੍ਰਵ ਲੈ ਕੇ ਪੰਜਾਹ ਮਿਲੀਲਿਟਰ ਪਾਣੀ ਵਿਚ ਪਾਏ ਜਾਂਦੇ ਹਨ, ਜਿਸ ਨਾਲ ਦਵਾ-ਦ੍ਰਵ ਢਾਈ ਸੌ ਗੁਣਾ ਹੋਰ ਪਤਲਾ ਹੋ ਜਾਂਦਾ ਹੈ।

ਕੁਲ ਮਿਲਾ ਕੇ ਜੁਬਾਨ 'ਤੇ ਰੱਖਣ ਵੇਲੇ ਫੁੱਲਾਂ ਤੋਂ ਪ੍ਰਾਪਤ ਕੀਤਾ ਰਸ ਅਲਕੋਹਲ ਤੇ ਪਾਣੀ ਮਿਲਾਉਣ ਤੋਂ ਬਾਅਦ ਕਰੀਬ ਪੰਦਰਾਂ ਹਜ਼ਾਰ ਗੁਣਾ ਪਤਲਾ ਹੋ ਜਾਂਦਾ ਹੈ। ਇਸੇ ਲਈ ਇਸ ਵਿਚ ਫੁੱਲਾਂ ਦਾ ਕੋਈ ਨਿਸ਼ਾਨ ਨਹੀਂ ਰਹਿ ਜਾਂਦਾ। ਇਹ ਘੋਲ ਹੋਮਿਓਪੈਥੀ ਦੇ ਸਿਰਫ ਪਹਿਲੀ ਤੇ ਦੂਜੀ ਪੋਟੈਂਸੀ ਦੇ ਵਿਚਕਾਰ ਦਾ ਹੁੰਦਾ ਹੈ। ਫਿਰ ਵੀ ਇਹ ਜੀਵ ਦੇ ਕਾਰ-ਵਿਹਾਰੀ ਢਾਂਚੇ ਦੇ ਵਿਚ ਦੀ ਫਿਰ ਜਾਂਦਾ ਹੈ ਤੇ ਇਸ ਦੀਆਂ ਤਰੁਟੀਆਂ ਨੂੰ ਧਰੂਹ ਕੇ ਬਾਹਰ ਕੱਢ ਦਿੰਦਾ ਹੈ। ਬੈਚ ਦਵਾਈਆਂ ਨੂੰ ਬਣਾਉਣ ਦਾ ਢੰਗ ਇੰਨਾ ਸੌਖਾ ਹੈ ਕਿ ਇਹ ਘਰੇ ਵੀ ਬਣਾਈਆਂ ਜਾ ਸਕਦੀਆਂ ਹਨ; ਪਰ ਇੰਦਾਂ ਹੋ ਨਹੀਂ ਸਕਦਾ, ਕਿਉਂਕਿ ਜਿਹੜੇ ਫੁੱਲਾਂ ਤੋਂ ਇਹ ਬਣਦੀਆਂ ਹਨ, ਉਨ੍ਹਾਂ ਦੇ ਪੌਦੇ ਇੰਗਲੈਂਡ ਦੇ ਇਕ ਖਾਸ ਖਿੱਤੇ ਵਿਚ ਉੱਗਦੇ ਹਨ।

ਸਭ ਫੁੱਲਾਂ ਦੀਆਂ ਆਪਣੀਆਂ ਆਪਣੀਆਂ ਵਿਲੱਖਣਤਾਵਾਂ ਤੇ ਸ਼ੋਖੀਆਂ ਹਨ ਅਤੇ ਇਹ ਆਪਣੀਆਂ ਵਿਲੱਖਣਤਾਵਾਂ ਦੇ ਅਨੁਕੂਲ ਸੁਭਾਅ ਵਾਲੇ ਵਿਅਕਤੀਆਂ 'ਤੇ ਹੀ ਅਸਰ ਕਰਦੇ ਹਨ। ਐਸਪਨ (Aspen) ਨੂੰ ਹੀ ਲੈ ਲਵੋ। ਬੜਾ ਟੇਢਾ, ਗੁੱਝਾ, ਝੰਜੋੜਦਾ ਤੇ ਡਰਾਊ ਕਿਸਮ ਦਾ ਕਿਰਦਾਰ ਹੈ ਇਸ ਫੁੱਲ ਦਾ ਤੇ ਇਹ ਆਪਣੀ ਫਿਤਰਤ ਵਰਗੇ ਇਨਸਾਨਾਂ 'ਤੇ ਹੀ ਕੰਮ ਕਰਦਾ ਹੈ। ਜੇ ਦੁਨੀਆਂ ਇਸ ਦੇ ਗੁਣਾਂ ਨੂੰ ਸਮਝ ਕੇ ਇਨ੍ਹਾਂ ਤੋਂ ਲਾਭ ਉਠਾ ਲਵੇ ਤਾਂ ਇਸ ਸੰਸਾਰ ਦੇ ਘੱਟੋ ਘੱਟ ਢਾਈ ਪ੍ਰਤੀਸ਼ਤ ਮਾਨਸਿਕ ਰੋਗੀ ਤੁਰੰਤ ਠੀਕ ਹੋ ਜਾਣ।

ਚਰਿਤਰ ਦੀਆਂ ਜਿਨ੍ਹਾਂ ਖਾਮੀਆਂ ਜਾਂ ਤਨ-ਮਨ ਦੀਆਂ ਜਿਨ੍ਹਾਂ ਬਿਮਾਰੀਆਂ ਦਾ ਐਸਪਨ ਇਲਾਜ ਕਰਦਾ ਹੈ, ਉਹ ਕਿਸੇ ਨੂੰ ਵੀ ਤੇ ਕਦੇ ਵੀ ਹੋ ਸਕਦੀਆਂ ਹਨ। ਥੋੜ੍ਹੀ ਬਹੁਤ ਮਾਤਰਾ ਵਿਚ ਤਾਂ ਹਰ ਵਿਅਕਤੀ ਹਰ ਵੇਲੇ ਇਸ ਦੀਆਂ ਅਲਾਮਤਾਂ ਤੋਂ ਪ੍ਰਭਾਵਿਤ ਰਹਿੰਦਾ ਹੀ ਹੈ, ਜੋ ਦੁਨੀਆਂ ਵਿਚ ਸੁਚੇਤ ਰਹਿਣ ਲਈ ਹੋਣਾ ਵੀ ਚਾਹੀਦਾ ਹੈ, ਪਰ ਜਦੋਂ ਇਸ ਦੇ ਪ੍ਰਭਾਵ ਦੀ ਮਾਨਸਿਕਤਾ ਇਕ ਹੱਦ ਤੋਂ ਵਧ ਜਾਵੇ ਤਾਂ ਸਥਿਤੀ ਰੋਗ ਵਾਲੀ ਹੋ ਜਾਂਦੀ ਹੈ। ਇਸ ਰੋਗ ਦੀ ਮੁੱਖ ਗੱਲ ਇਕ ਖਾਸ ਕਿਸਮ ਦਾ ਡਰ ਹੈ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਪਸਰੇ ਹੋਏ (Diffused) ਡਰ ਤੇ ਘਬਰਾਹਟ ਦਾ ਕੋਈ ਅਤਾ-ਪਤਾ ਨਾ ਲੱਗਣ ਕਰਕੇ ਕਈ ਵਾਰ ਲੋਕ ਇਸ ਨੂੰ ਓਪਰੀ ਹਵਾ ਜਾਂ ਓਪਰੀ ਕਸਰ ਵੀ ਕਹਿੰਦੇ ਹਨ। ਇੱਥੇ ਓਪਰੀ ਦਾ ਅਰਥ ਅਗਿਆਤ ਤੇ ਕਸਰ ਦਾ ਮਤਲਬ ਕਮੀ ਭਾਵ ਊਣਤਾਈ (Negativity) ਜਾਂ ਬਿਮਾਰੀ ਹੈ। ਕਈ ਪੁਰਾਣੇ ਵਿਅਕਤੀ ਇਸ ਬਿਮਾਰੀ ਨੂੰ ਰੋਗੀ ਵਿਚ ਪ੍ਰੇਤਾਂ ਦਾ ਪ੍ਰਵੇਸ ਵੀ ਦੱਸਦੇ ਹਨ।

ਇਸ ਰੋਗ ਵਿਚ ਰੋਗੀ ਅਚਨਚੇਤ ਇਕ ਅਜਿਹੇ ਭਿਆਨਕ ਡਰ ਦਾ ਸ਼ਿਕਾਰ ਹੋ ਜਾਂਦਾ ਹੈ, ਜਿਸ ਨੂੰ ਉਹ ਨਾਂ ਲੈ ਕੇ ਨਹੀਂ ਦੱਸ ਸਕਦਾ। ਉਸ ਦਾ ਚਿਹਰਾ ਪੀਲਾ ਹੋ ਜਾਂਦਾ ਹੈ, ਡਰ ਦੇ ਚਿੰਨ੍ਹ ਉੱਭਰ ਆਉਂਦੇ ਹਨ, ਨਿਗਾਹ ਸਥਿਲ ਹੋ ਜਾਂਦੀ ਹੈ ਤੇ ਉਹ ਥਰ ਥਰ ਕੰਬਣ ਲੱਗ ਜਾਂਦਾ ਹੈ। ਇਸ ਹਾਲਤ ਵਿਚ ਕਈ ਵਾਰ ਤਾਂ ਉਸ ਦਾ ਮਲ-ਮੂਤਰ ਵੀ ਖਲਾਸ ਹੋ ਜਾਂਦਾ ਹੈ। ਇੰਜ ਲਗਦਾ ਹੈ ਕਿ ਜਿਵੇਂ ਉਸ ਨੂੰ ਕਿਸੇ ਅਦ੍ਰਿਸ਼ ਤੇ ਅਗਿਆਤ ਹੱਥ ਨੇ ਘੁੱਟ ਕੇ ਨਪੀੜ ਕੇ ਜਾਮ ਕਰ ਦਿੱਤਾ ਹੋਵੇ। ਆਮ ਤੌਰ 'ਤੇ ਕੁਝ ਸਮੇਂ ਬਾਅਦ ਮਰੀਜ਼ ਦੇ ਡਰ ਦਾ ਦੌਰਾ ਛੱਟ ਜਾਂਦਾ ਹੈ। ਉਹ ਇੰਜ ਮਹਿਸੂਸ ਕਰਦਾ ਹੈ, ਜਿਵੇਂ ਉਹ ਕਿਸੇ ਲੋਹ-ਪੰਜੇ ਦੀ ਗ੍ਰਿਫਤ ਵਿਚੋਂ ਛੁਟ ਗਿਆ ਹੋਵੇ। ਬਾਅਦ ਵਿਚ ਉਸ ਨੂੰ ਪੁੱਛੋ ਕਿ ਕੀ ਹੋਇਆ ਸੀ, ਉਹ ਇਕ ਅਜਾਤ ਦਹਿਸ਼ਤ ਨਾਲ ਡੌਰ ਭੌਰ ਹੋਇਆ ਕੁਝ ਨਹੀਂ ਦੱਸੇਗਾ।

ਉਸ ਨੂੰ ਤਾਂ ਕੀ, ਉਸ ਕੋਲ ਖੜ੍ਹੇ ਵਿਅਕਤੀ ਨੂੰ ਵੀ ਉਸ ਨਾਲ ਇਸ ਤਰ੍ਹਾਂ ਵਾਪਰਨ ਦਾ ਅਚੰਭਾ ਹੁੰਦਾ ਹੈ। ਡਾਕਟਰ ਹਕੀਮ ਵੀ ਇਸ ਗੱਲ ਨੂੰ ਬੁੱਝਣ ਵਿਚ ਅਸਮਰੱਥ ਰਹਿੰਦੇ ਹਨ। ਇਸ ਲਈ ਉਸ ਨੂੰ ਕਿਸੇ ਭੂਤ ਕੱਢਣ ਵਾਲੇ ਕੋਲ ਲਿਜਾਇਆ ਜਾਂਦਾ ਹੈ। ਸਮਾਜ ਵਿਚ ਭੂਤ-ਪ੍ਰੇਤ ਤੇ ਓਪਰੀ ਹਵਾ ਨੂੰ ਕੱਢਣ ਵਾਲਿਆਂ ਦੀ ਵੱਡੀ ਗਿਣਤੀ ਦਾ ਹੋਣਾ ਇਸ ਗੱਲ ਦਾ ਸੂਚਕ ਹੈ ਕਿ ਇਹ ਰੋਗ ਕਾਫੀ ਵਿਆਪਕ ਹੈ। ਸੰਸਾਰ ਦੇ ਸਭ ਸਮਾਜਾਂ ਵਿਚ ਭੂਤ ਪ੍ਰੇਤਾਂ ਦੀ ਚਰਚਾ ਵੀ ਇਹ ਦਰਸਾਉਂਦੀ ਹੈ ਕਿ "ਓਪਰੀ ਕਸਰ" ਦੀ ਬੀਮਾਰੀ ਸੰਸਾਰ ਭਰ ਵਿਚ ਫੈਲੀ ਹੋਈ ਹੈ ਤੇ ਬੜੀ ਪੁਰਾਣੀ ਹੈ। ਇਸ ਬਿਮਾਰੀ ਬਾਰੇ ਗਲਤ ਸਮਝ ਹੋਣ ਕਰਕੇ ਹੀ ਲੋਕਾਂ ਦੇ ਮਨ ਵਿਚ ਇਹ ਵਿਚਾਰ ਘਰ ਕੀਤਾ ਹੋਇਆ ਹੈ ਕਿ ਇਸ ਸੰਸਾਰ ਨੂੰ ਚਲਾਉਣ ਤੇ ਪ੍ਰਭਾਵਿਤ ਕਰਨ ਵਿਚ ਕਈ ਅਦਿੱਖ ਸ਼ਕਤੀਆਂ ਕੰਮ ਕਰਦੀਆਂ ਹਨ।

ਮਰੀਜ਼ ਦੀ ਉਪਰੋਕਤ ਦੌਰੇ ਵਾਲੀ ਅਵਸਥਾ ਤਾਂ ਉਦੋਂ ਹੁੰਦੀ ਹੈ, ਜਦੋਂ ਉਸ ਦੀ ਬੀਮਾਰੀ ਪੂਰੀ ਭੜਕੀ (Accentuated) ਹੋਵੇ; ਪਰ ਤੰਦਰੁਸਤੀ ਤੇ ਭੜਕਣ ਵਿਚਕਾਰ ਬਹੁਤ ਸਾਰੇ ਅਜਿਹੇ ਰੰਗ ਹਨ, ਜੋ ਐਸਪਨ ਦੇ ਵੱਖ ਵੱਖ ਮਨੋ-ਰੋਗੀਆਂ ਵਿਚ ਮਿਲਦੇ ਹਨ। ਉਨ੍ਹਾਂ ਦਾ ਅਕਾਰਨ ਦਿਲ ਨਹੀਂ ਲਗਦਾ। ਉਹ ਹਨੇਰੇ ਵਿਚ ਜਾਣ ਤੋਂ ਡਰਦੇ ਹਨ। ਉਹ ਸੜਕ, ਭੀੜ, ਜੰਗਲ ਤੇ ਉੱਚੀਆਂ ਇਮਾਰਤਾਂ ਵਾਲੇ ਬਾਜ਼ਾਰਾਂ ਵਿਚ ਜਾਣ ਤੋਂ ਝਿਜਕਦੇ ਹਨ। ਉਹ ਪਰਾਈਆਂ ਥਾਂਵਾਂ ਤੇ ਨਵੇਂ ਸ਼ਹਿਰਾਂ ਵਿਚ ਜਾਣ ਤੋਂ ਠਠੰਬਰਦੇ ਹਨ। ਪਾਣੀ ਦੇ ਤਲਾਅ ਜਾਂ ਖੁਲ੍ਹੇ ਸਮੁੰਦਰ ਤੋਂ ਭੈਅ ਆਉਂਦਾ ਹੈ। ਉਹ ਐਸਕੇਲੇਟਰ, ਝੂਲੇ ਤੇ ਹਵਾਈ ਜਹਾਜ ਵਿਚ ਬੈਠਣ ਤੋਂ ਡਰਦੇ ਹਨ। ਉਹ ਓਪਰੇ ਵਿਅਕਤੀਆਂ ਨਾਲ ਦੋਸਤੀ ਪਾਉਣ ਤੋਂ ਝਿਜਕਦੇ ਹਨ ਤੇ ਸਟੇਜ 'ਤੇ ਚੜ੍ਹਨ ਤੋਂ ਘਬਰਾਉਂਦੇ ਹਨ। ਡਾਕੀਏ ਨੂੰ ਆਉਂਦਾ ਦੇਖ ਜਾਂ ਅਚਨਚੇਤ ਦਰਵਾਜੇ 'ਤੇ ਦਸਤਕ ਸੁਣਦਿਆਂ ਹੀ ਉਹ ਕਿਸੇ ਅਣਕਹੀ ਕਿਆਮਤ ਦਾ ਸ਼ਿਕਾਰ ਹੋ ਜਾਂਦੇ ਹਨ। ਦਰਖਤ 'ਤੇ ਚੜ੍ਹਨਾ, ਪੌੜੀ ਚੜ੍ਹਨਾ ਤੇ ਪੁਲ ਉਤੋਂ ਦੀ ਲੰਘਣਾ ਇਨ੍ਹਾਂ ਮਰੀਜ਼ਾਂ ਲਈ ਮੁਹਾਲ ਹੁੰਦਾ ਹੈ। ਡਿਗਣ ਦੇ ਡਰ ਤੋਂ ਸਤਾਏ ਬੱਚੇ ਬਚਪਨ ਵਿਚ ਖੜ੍ਹਾ ਹੋਣ ਤੇ ਚਲਣ ਵਿਚ ਪਛੜ ਜਾਂਦੇ ਹਨ ਤੇ ਵੱਡੇ ਹੋ ਕੇ ਸਾਈਕਲ ਵੀ ਨਹੀਂ ਸਿੱਖ ਸਕਦੇ। ਡਰੇ ਘਬਰਾਏ ਬੱਚੇ ਮਾਂ ਪਿਉ ਦਾ ਪੱਲਾ ਫੜ ਕੇ ਚਲਦੇ ਹਨ ਤੇ ਉਨ੍ਹਾਂ ਤੋਂ ਦੂਰ ਹੁੰਦੇ ਰੋਂਦੇ ਹਨ। ਦਾਦੀ ਜਾਂ ਨਾਨੀ ਮਾਂ ਤੋਂ ਡਰਾਵਣੀਆਂ ਕਹਾਣੀਆਂ ਸੁਣ ਕੇ ਰਾਤ ਨੂੰ ਇੱਕਲੇ ਨਹੀਂ ਸੌਂ ਸਕਦੇ। ਜੇ ਸੁਣ ਲੈਣ ਕਿ ਬਾਹਰ ਬਾਘ, ਬਿੱਲਾ ਜਾਂ ਚੋਰ ਆਇਆ ਹੈ ਤਾਂ ਅੰਦਰੋਂ ਬਾਹਰ ਨਹੀਂ ਨਿਕਲਦੇ। ਉਹ ਸਕੂਲ ਜਾਣ ਤੋਂ ਡਰਦੇ ਹਨ ਤੇ ਕਿਸੇ ਅਣਜਾਣ ਜਾਂ ਨਵੇਂ ਖਿਡੌਣੇ ਦੇ ਨੇੜੇ ਨਹੀਂ ਲਗਦੇ।

ਐਪਸਨ ਦੇ ਮਰੀਜ਼ ਅਕਸਰ ਡਰੇ ਸਹਿਮੇ ਰਹਿੰਦੇ ਹਨ। ਉਨ੍ਹਾਂ ਨੂੰ ਅੰਦਰੋਂ ਹੀ ਕੁਝ ਅਜਿਹਾ ਹੁੰਦਾ ਰਹਿੰਦਾ ਹੈ, ਜਿਸ ਨੂੰ ਉਹ ਕਹਿ ਕੇ ਨਹੀਂ ਸੁਣਾ ਸਕਦੇ। ਉਹ ਨਾ ਆਪਣੀ ਚਿੰਤਾ ਨੂੰ ਬਿਆਨ ਕਰ ਸਕਦੇ ਹਨ ਤੇ ਨਾ ਹੀ ਇਸ ਦਾ ਕਾਰਨ ਦੱਸ ਸਕਦੇ ਹਨ। ਉਹ ਕਦੇ ਆਪਣੇ ਬੱਚਿਆਂ ਨੂੰ ਲੈ ਕੇ, ਕਦੇ ਉਨ੍ਹਾਂ ਦੀ ਪੜ੍ਹਾਈ ਨੂੰ ਲੈ ਕੇ ਤੇ ਕਦੇ ਉਨ੍ਹਾਂ ਦੇ ਰੁਜਗਾਰ ਨੂੰ ਲੈ ਕੇ ਬੇਚੈਨ ਰਹਿੰਦੇ ਹਨ। ਪਰ ਇਨ੍ਹਾਂ ਚੀਜ਼ਾਂ ਬਾਰੇ ਪ੍ਰੇਸ਼ਾਨੀ ਦੀ ਵਜ੍ਹਾ ਨਹੀਂ ਦੱਸ ਸਕਦੇ। ਸਭ ਕੁਝ ਹੁੰਦਿਆਂ ਸੁੰਦਿਆਂ ਵੀ ਉਹ ਆਪਣੇ ਜਾਂ ਆਪਣੇ ਨਜ਼ਦੀਕੀਆਂ ਦੇ ਭੱਵਿਖ ਦੀ ਚਿੰਤਾ ਵਿਚ ਡੁੱਬੇ ਰਹਿੰਦੇ ਹਨ। ਉਨ੍ਹਾਂ ਦੀ ਚਿੰਤਾ ਅਨਿਸ਼ਚਿਤ ਤੇ ਨਿਰਾਧਾਰ (Vague and unfounded) ਹੁੰਦੀ ਹੈ। ਉਨ੍ਹਾਂ ਨੂੰ ਸੰਸਾਰ ਦੀ ਹਰ ਚੀਜ਼ ਇੰਨੀ ਥੋੜ੍ਹੀ, ਅਸਥਾਈ ਤੇ ਪਰਾਈ ਲਗਦੀ ਹੈ ਕਿ ਉਹ ਇਸ 'ਤੇ ਭਰੋਸਾ ਨਹੀਂ ਜਮਾ ਸਕਦੇ। ਉਨ੍ਹਾਂ ਦੇ ਬੇਬੁਨਿਆਦ ਵਿਚਾਰਾਂ ਦਾ ਆਧਾਰ ਉਨ੍ਹਾਂ ਦੀ ਢਹਿੰਦੀ ਸੋਚ ਹੁੰਦੀ ਹੈ, ਜੋ ਅੱਗੇ ਕਿਸੇ ਪਸਰੀ ਹੋਈ ਭਾਵ ਬੇਸਿਰ (Diffused) ਪੀੜਾ



ਦਾ ਪ੍ਰਗਟਾਵਾ ਹੁੰਦੀ ਹੈ। ਅਜਿਹੀ ਮਾਨਸਿਕ ਤਰੁਟੀ ਵਾਲਾ ਵਿਅਕਤੀ ਆਪ ਤਾਂ ਦੁਖੀ ਰਹਿੰਦਾ ਹੀ ਹੈ, ਦੂਜਿਆਂ ਲਈ ਵੀ ਚਿੰਤਾ ਦਾ ਮਾਹੌਲ ਬਣਾ ਕੇ ਰੱਖਦਾ ਹੈ।

ਕਹਿੰਦੇ ਹਨ, ਵਹਿਮ ਦਾ ਇਲਾਜ ਹਕੀਮ ਲੁਕਮਾਨ ਕੋਲ ਵੀ ਨਹੀਂ ਸੀ, ਪਰ ਐਸਪਨ ਨੇ ਇਹ ਕਹਾਵਤ ਝੂਠੀ ਕਰ ਵਿਖਾਈ ਹੈ। ਐਸਪਨ ਦੇ ਮਰੀਜ਼ ਅਤਿ ਦੇ ਵਹਿਮੀ ਹੁੰਦੇ ਹਨ ਤੇ ਵਹਿਮਾਂ ਦਾ ਸੰਜੀਦਗੀ ਨਾਲ ਪਾਲਨ ਕਰਨ ਵਾਲੇ ਹੁੰਦੇ ਹਨ। ਜੇ ਉਨ੍ਹਾਂ ਦੇ ਤੁਰਨ ਵੇਲੇ ਕੋਈ ਛਿੱਕ ਮਾਰ ਦੇਵੇ ਤਾਂ ਉਹ ਰੁਕ ਜਾਂਦੇ ਹਨ। ਜੇ ਚਲਣ ਵੇਲੇ ਉਨ੍ਹਾਂ ਦੇ ਰਸਤੇ ਵਿਚ ਬਿੱਲੀ ਆ ਜਾਵੇ ਤਾਂ ਉਹ ਵਾਪਸ ਆ ਜਾਂਦੇ ਹਨ। ਉਨ੍ਹਾਂ ਦੇ ਸ਼ੱਕ ਜਾਂ ਵਹਿਮ ਦਾ ਕਾਰਨ ਵੀ ਉਨ੍ਹਾਂ ਦਾ ਅਚੇਤ ਡਰ ਹੁੰਦਾ ਹੈ, ਜਿਸ ਨੇ ਉਨ੍ਹਾਂ ਦੇ ਮਨ 'ਤੇ ਕਬਜਾ ਕੀਤਾ ਹੁੰਦਾ ਹੈ। ਉਹ ਇਸ ਵਿਰੁਧ ਜਾਣ ਤੋਂ ਡਰਦੇ ਹਨ। ਕਈ ਇਸ ਨੂੰ ਬੁਰੀ ਨਜ਼ਰ ਸਮਝ ਕੇ ਬਚਾਅ ਲਈ ਮਿਰਚਾਂ ਧੂੜਦੇ ਤੇ ਧਾਗੇ, ਤਾਵੀਜ਼ ਬੰਨ੍ਹਦੇ ਹਨ। ਕਈ ਮੁੰਦਰੀਆਂ ਪਾਉਂਦੇ ਹਨ ਤੇ ਉਹ ਇਨ੍ਹਾਂ ਨੂੰ ਇਕ ਪਲ ਲਈ ਵੀ ਆਪਣੇ ਤਨ ਤੋਂ ਦੂਰ ਨਹੀਂ ਕਰਦੇ। ਅਜਿਹੇ ਲੋਕ ਕਿਸੇ ਧਾਕੜ ਸੋਚ ਵਾਲੇ ਤੋਂ ਜਲਦੀ ਪ੍ਰਭਾਵਿਤ ਵੀ ਜਾਂਦੇ ਹਨ। ਜਾਦੂ, ਧਰਮ ਤੇ ਮਿਥਿਹਾਸ ਨੂੰ ਉਹ ਖਰਾ ਸੱਚ ਸਮਝਦੇ ਹਨ ਤੇ ਇਨ੍ਹਾਂ ਦੇ ਪ੍ਰਚਾਰ ਦਾ ਸਾਧਨ ਬਣਦੇ ਹਨ। ਉਹ ਮਾਨਸਿਕ ਡਰ ਨਾਲ ਇੰਨਾ ਬੰਨ੍ਹੇ ਹੁੰਦੇ ਹਨ ਕਿ ਦੂਜਿਆਂ ਤੋਂ ਪੁੱਛੇ ਬਿਨਾ ਕੋਈ ਗੱਲ ਨਹੀਂ ਕਰਦੇ। ਐਪਸਨ ਦੀਆਂ ਕੁਝ ਖੁਰਾਕਾਂ ਉਨ੍ਹਾਂ ਦੇ ਡਰ ਨੂੰ ਦੂਰ ਕਰ ਕੇ ਸੋਚ ਨੂੰ ਸਾਫ ਕਰਦੀਆਂ ਹਨ, ਪਰ ਜਿਹੜੇ ਲੋਕ ਡਰ ਦੀ ਥਾਂ ਕਿਸੇ ਮਾਨਸਿਕ ਕਮਜ਼ੋਰੀ ਕਾਰਨ ਦੂਜਿਆਂ ਦੀ ਸਲਾਹ ਤੋਂ ਬਿਨਾ ਨਹੀਂ ਚਲ ਸਕਦੇ, ਉਹ ਇਸ ਔਸ਼ਧੀ ਨਾਲ ਠੀਕ ਨਹੀਂ ਹੁੰਦੇ। ਉਨ੍ਹਾਂ ਦੀ ਤੰਦਰੁਸਤੀ ਲਈ ਕੁਦਰਤ ਨੇ ਇਕ ਹੋਰ ਫੁੱਲ ਘੜ੍ਹਿਆ ਹੋਇਆ ਹੈ।

ਐਸਪਨ ਦੇ ਰੋਗੀ ਆ ਕੇ ਅਕਸਰ ਕਹਿੰਦੇ ਹਨ ਕਿ ਉਨ੍ਹਾਂ ਦੇ ਦਿਲ ਨੂੰ ਕੁਝ ਹੋਈ ਜਾਂਦਾ ਹੈ। ਉਨ੍ਹਾਂ ਦਾ ਕਿਤੇ ਦਿਲ ਨਹੀਂ ਲਗਦਾ। ਇਸ ਨੂੰ ਉਹ ਇੰਜ ਬਿਆਨ ਕਰਦੇ ਹਨ, "ਕਾਲਜੇ ਵਿਚ ਹੌਲ ਜਿਹੇ ਪੈਂਦੇ ਹਨ। ਬੈਠੇ ਬੈਠੇ ਨੂੰ ਹੀ ਕੁਝ ਹੋਈ ਜਾਂਦਾ ਹੈ। ਮਨ ਡੋਬੇ ਸੋਕੇ ਖਾਈ ਜਾਂਦਾ ਹੈ। ਸੋਚਦਾ ਰਹਿੰਦਾ ਹਾਂ ਕਿਤੇ ਐਂ ਨਾ ਹੋ ਜਾਵੇ ਜਾਂ ਊਂ ਨਾ ਹੋ ਜਾਵੇ। ਜੇ ਐਂ ਹੋ ਗਿਆ ਤਾਂ ਕੀ ਕਰਾਂਗਾ ਤੇ ਜੇ ਊਂ ਹੋ ਗਿਆ ਤਾਂ ਕੀ ਬਣੇਗਾ? ਕਿੱਧਰ ਭੱਜ ਜਾਵਾਂ, ਕਿਤੇ ਚੈਨ ਨਹੀਂ ਆਉਂਦਾ। ਰਾਤ ਨੂੰ ਭੈੜੇ ਸੁਪਨੇ ਆਉਂਦੇ ਹਨ, ਜਿਨ੍ਹਾਂ ਨਾਲ ਸਾਰਾ ਦਿਨ ਉਦਾਸ ਰਹਿੰਦਾ ਹਾਂ। ਅੰਦਰੋ ਅੰਦਰ ਝੂਰਦਾ ਰਹਿੰਦਾ ਹਾਂ। ਕਈ ਡਾਕਟਰਾਂ ਨੂੰ ਦਿਖਾਇਆ ਹੈ, ਕੋਈ ਕੁਝ ਨਹੀਂ ਦੱਸਦੇ। ਸਾਰੇ ਟੈਸਟ ਠੀਕ ਹਨ, ਪਰ ਚਿੱਤ ਵਿਚ ਖੁਸ਼ੀ ਵਿਚ ਨਹੀਂ ਆਉਂਦੀ।"

ਅਜਿਹੇ ਮਨੋ-ਰੋਗੀਆਂ ਨੂੰ ਕਿਸੇ ਡਾਕਟਰ ਜਾਂ ਸਾਈਕੈਟਰਿਸਟ ਕੋਲ ਜਾਣ ਨਾਲ ਲਾਭ ਨਹੀਂ ਹੁੰਦਾ। ਉਨ੍ਹਾਂ ਨੂੰ ਬੱਸ ਐਸਪਨ ਦੀਆਂ ਕੁਝ ਬੂੰਦਾਂ ਦੀ ਲੋੜ ਹੁੰਦੀ ਹੈ। ਡਾ. ਦਰਸ਼ਨ ਸਿੰਘ ਵੋਹਰਾ, ਜਿਨ੍ਹਾਂ ਨੇ ਭਾਰਤ ਵਿਚ ਬੈਚ ਫੁੱਲਾਂ ਦੀਆਂ ਔਸ਼ਧੀਆਂ 'ਤੇ ਮੋਢੀ ਕੰਮ ਕੀਤਾ ਹੈ, ਲਿਖਦੇ ਹਨ ਕਿ ਅਕਥ ਭੈ ਤੇ ਸਰੀਰਕ ਕਾਂਬੇ ਨਾਲ ਜੁੜੀ ਕਿਸੇ ਵੀ ਤਕਲੀਫ ਦਾ ਹੱਲ ਐਸਪਨ ਵਿਚ ਹੈ।

ਐਸਪਨ ਨਾਲ ਦੇ ਠੀਕ ਕੀਤੇ ਇਕ ਤਾਜ਼ਾ ਕੇਸ ਦਾ ਜ਼ਿਕਰ ਕਰਦਾ ਹਾਂ। ਪਿਛਲੇ ਐਤਵਾਰ ਅਸੀਂ ਸਾਰਾ ਪਰਿਵਾਰ ਆਪਣੇ ਸ਼ਹਿਰ ਤੋਂ ਕੈਲੀਫੋਰਨੀਆ ਦੀ ਇਕ ਮਸ਼ਹੂਰ ਬੀਚ 'ਤੇ ਗਏ। ਰਾਹ ਵਿਚ ਪੈਂਦੀ ਖਾੜੀ ਤੋਂ ਇਕ ਅੱਠ ਮੀਲ ਲੰਮਾ ਪੁਲ ਲੰਘਣਾ ਪਿਆ। ਜਾਣ ਵੇਲੇ ਦਿਨ ਸੀ, ਸਭ ਕੁਝ ਠੀਕ ਠਾਕ ਰਿਹਾ। ਮੁੜਨ ਵੇਲੇ ਰਾਤ ਹੋ ਚੁਕੀ ਸੀ। ਪੁਲ ਉੱਤੋਂ ਦੀ ਲੰਘਣ ਵੇਲੇ ਖਾੜੀ ਦੇ ਦਿਲਚਸਪ ਨਜ਼ਾਰਿਆਂ ਦੀ ਥਾਂ ਹਨੇਰੇ ਵਿਚ ਦੂਰ ਦੂਰ ਫੈਲਿਆ ਕਾਲਾ ਪਾਣੀ ਨਜ਼ਰ ਆਉਂਦਾ ਸੀ। ਇਸ ਪੁਲ ਦਾ ਕੁਝ ਭਾਗ ਬਹੁਤ ਉੱਚਾ ਬਣਿਆ ਹੋਇਆ ਸੀ, ਜਿਵੇਂ ਅਸਮਾਨ ਵਿਚ ਲਟਕ ਰਿਹਾ ਹੋਵੇ ਤੇ ਬਾਕੀ ਪਾਣੀ ਉੱਤੇ ਵਿਛਿਆ ਹੋਇਆ ਸੀ। ਪੁਲ ਦੇ ਸਿਖਰ 'ਤੇ ਜਾ ਕੇ ਅਸੀਂ ਦੇਖਿਆ ਅੱਗੇ ਮੀਲਾਂ ਤੀਕ ਟ੍ਰੈਫਿਕ ਜਾਮ ਲੱਗਾ ਹੋਇਆ ਹੈ। ਸਾਡਾ ਡਰਾਈਵਰ ਜਾਮ ਦੇਖ ਕੇ ਘਬਰਾ ਗਿਆ। ਕਹਿਣ ਲੱਗਾ, "ਇਸ ਪਾਸੇ ਆ ਕੇ ਗਲਤੀ ਕੀਤੀ।" ਮੈਂ ਕਿਹਾ, "ਕੋਈ ਨਹੀਂ, ਚਾਰ ਕੁ ਮੀਲ ਦਾ ਹੀ ਟ੍ਰੈਫਿਕ ਹੈ, ਦੂਜੇ ਰਸਤੇ ਤੋਂ ਤਾਂ ਫਿਰ ਵੀ ਛੇਤੀ ਪਹੁੰਚ ਜਾਵਾਂਗੇ।" ਉਹ ਬੋਲਿਆ, "ਗੱਲ ਛੇਤੀ ਬਾਅਦ ਦੀ ਨਹੀਂ ਜੀ। ਇੰਨੀਆਂ ਗੱਡੀਆਂ ਪੁਲ 'ਤੇ ਇੱਕਠੀਆਂ ਹੋ ਗਈਆਂ ਹਨ, ਮੈਨੂੰ ਤਾਂ ਡਰ ਹੈ ਕਿਤੇ ਪੁਲ ਹੀ ਨਾ ਬੈਠ ਜਾਵੇ। ਗੱਡੀ ਵਿਚ ਤਾਂ ਕੋਈ ਹਥੌੜਾ ਵੀ ਨਹੀਂ ਜੋ ਸ਼ੀਸ਼ੇ ਤੋੜ ਕੇ ਕਾਰ 'ਚੋਂ ਬਾਹਰ ਨਿਕਲ ਜਾਂਦੇ।"

ਮੇਰੀ ਪਤਨੀ ਨੇ ਕਿਹਾ, "ਓਹੀ ਪੁਲ ਹੈ ਕਾਕਾ ਜਿਸ ਤੋਂ ਗਏ ਸਾਂ, ਜੇ ਉਦੋਂ ਨੀ ਗਿਰਿਆ ਹੁਣ ਕਿਵੇਂ ਗਿਰਜੇਗਾ?" ਉਹ ਬੋਲਿਆ, "ਮੇਰਾ ਮੱਥਾ ਦੱਸ ਰਿਹਾ ਹੈ ਅੱਜ ਸ਼ਾਇਦ ਹੀ ਬੰਨੇ ਲੱਗੀਏ।" ਇੰਨਾ ਕਹਿ ਕੇ ਉਹ ਬੋਲਿਆ, "ਇੱਥੇ ਤਾਂ ਕੋਈ ਬਾਥਰੂਮ ਵੀ ਨਹੀਂ ਮਿਲਣਾ। ਨਾ ਪਿੱਛੇ ਮੁੜ ਸਕਦੇ ਹਾਂ।" ਮੈਂ ਸੋਚਿਆ ਬਾਥਰੂਮ ਤਾਂ ਅਜੇ ਇਹ ਅੱਧਾ ਘੰਟਾ ਪਹਿਲਾਂ ਕਰ ਕੇ ਚੱਲਿਆ ਸੀ, ਇੰਨੀ ਛੇਤੀ ਕਿਉਂ ਫਿਕਰ ਕਰਨ ਲੱਗਿਆ ਹੈ? ਮੈਨੂੰ ਉਹ ਕਿਸੇ ਅਣਪਛਾਤੇ ਡਰ ਦਾ ਸ਼ਿਕਾਰ ਲੱਗਿਆ। ਤੁਰੰਤ ਬੈਗ ਵਿਚੋਂ ਦੋ ਗੋਲੀਆਂ ਐਸਪਨ ਕੱਢ ਕੇ ਉਸ ਦੇ ਮੂੰਹ ਵਿਚ ਪਾਈਆਂ। ਮੈਂ ਸ਼ੀਸ਼ੀ ਹਾਲੇ ਵਾਪਸ ਰੱਖੀ ਹੀ ਸੀ ਕਿ ਉਹ ਉਚਰਿਆ, ਉਂਜ ਜਾਮ ਤਾਂ ਇੱਥੇ ਪਹਿਲਾਂ ਵੀ ਲਗਦੇ ਈ ਹੋਣਗੇ। ਸਗੋਂ ਮੀਂਹ, ਝੱਖੜ ਤੇ ਤੁਫਾਨ ਵਿਚ ਵੀ ਲੱਗਦੇ ਹੋਣਗੇ। ਜੇ ਇਹ ਪੁਲ ਉਦੋਂ ਖੜ੍ਹਿਆ ਰਿਹਾ ਤਾਂ ਅੱਜ ਇਸ ਨੂੰ ਕੀ ਹੋਣ ਲੱਗਿਆ ਹੈ। ਗੈਸ ਦਾ ਕੋਈ ਫਿਕਰ ਨੀਂ, ਉਹ ਆਪਣੇ ਕੋਲ ਵਾਧੂ ਹੈ।" ਦੇਖਦੇ ਦੇਖਦੇ ਉਹ ਠਰੰਮੇ ਵਾਲੀਆਂ ਗੱਲਾਂ ਕਰਨ ਲੱਗਾ। ਬੈਚ ਦਵਾਈਆਂ ਦਾ ਮਨੋਰੋਗਾਂ ਨੂੰ ਦੂਰ ਕਰਨ ਦਾ ਇਹੀ ਢੰਗ ਤਰੀਕਾ ਹੈ, ਜੋ ਮੈਂ ਅਨੇਕ ਵਾਰੀ ਅਜਮਾਇਆ ਹੋਇਆ ਹੈ।

ਦੂਜੀ ਘਟਨਾ ਇਕ ਹੋਰ ਨੌਜਵਾਨ ਦੀ ਹੈ, ਜਿਸ ਨੇ ਆਪਣੀ ਤਕਲੀਫ ਦੱਸਣ ਲਈ ਮੈਨੂੰ ਮਿਲਣ ਦੀ ਇੱਛਾ ਜਾਹਰ ਕੀਤੀ। ਆ ਕੇ ਕਹਿਣ ਲੱਗਾ, "ਡਾਕਟਰ ਸਾਹਿਬ ਮੈਂ ਕਾਫੀ ਬਿਮਾਰ ਹਾਂ, ਪਰ ਮੇਰੇ ਕੋਲ ਆਪਣਾ ਦੁਖ ਦੱਸਣ ਦਾ ਵੱਲ ਨਹੀਂ।" ਮੈਂ ਹੱਸ ਕੇ ਕਿਹਾ, "ਇਹ ਕੀ ਗੱਲ ਹੋਈ? ਜੇ ਤੂੰ ਬਿਮਾਰ ਹੈਂ ਤਾਂ ਦੱਸਣਾ ਕੀ ਮੁਸ਼ਕਿਲ ਹੈ? ਜਿਵੇਂ ਹੁੰਦਾ ਹੈ, ਉਵੇਂ ਦੱਸ।" ਉਸ ਨੇ ਜੋ ਬਿਆਨ ਕੀਤਾ, ਉਸ ਦਾ ਸੰਖੇਪ ਸਾਰ ਇੰਜ ਹੈ:

"ਅਮਰੀਕਾ ਆਉਣ ਤੋਂ ਬਾਅਦ ਮੇਰੀ ਸਿਹਤ ਬਹੁਤੀ ਠੀਕ ਨਹੀਂ ਰਹੀ। ਹੁਣ ਪਿਛਲੇ ਦੋ ਸਾਲਾਂ ਤੋਂ ਮੈਨੂੰ ਕਦੇ ਕਦੇ ਹਾਰਟ ਅਟੈਕ ਵਾਂਗ ਛਾਤੀ ਵਿਚ ਦਰਦ ਉੱਠਦਾ ਹੈ। ਕਦੇ ਮਹੀਨੇ ਬਾਅਦ, ਕਦੇ ਹਫਤੇ ਬਾਅਦ। ਇਸ ਦਾ ਕੋਈ ਪਤਾ ਨਹੀਂ, ਕਿਸ ਵੇਲੇ ਉੱਠ ਖੜ੍ਹੇ। ਜਦੋਂ ਉੱਠਦਾ ਹੈ, ਪਹਿਲਾਂ ਦਿਮਾਗ ਵਿਚ ਡਰ ਵਾਲੇ ਖਿਆਲ ਆਉਂਦੇ ਹਨ ਤੇ ਫਿਰ ਦਿਲ ਦੀ ਧੜਕਣ ਵਧਦੀ ਹੈ। ਇਸ ਦੇ ਨਾਲ ਹੀ ਛਾਤੀ ਦੇ ਵਿਚਕਾਰ ਜਿਹੇ ਖੱਬੇ ਪਾਸੇ ਤੇਜ ਪੀੜ ਉੱਠਦੀ ਹੈ, ਜੋ ਬੜੀ ਤਿੱਖੀ ਤੇ ਭਿਆਨਕ ਹੁੰਦੀ ਹੈ। ਇਸ ਨਾਲ ਮੇਰੇ ਹੱਥ ਪੈਰ ਜਾਮ ਹੋ ਜਾਂਦੇ ਹਨ ਤੇ ਮੈਂ ਹੇਠੋਂ ਲੈ ਕੇ ਉੱਤੋਂ ਤੀਕ ਕੰਬਣ ਲਗਦਾ ਹਾਂ। ਇਸ ਹਾਲਤ ਵਿਚ ਮੇਰਾ ਨੰਬਰ ਵੰਨ ਤੇ ਨੰਬਰ ਟੂ 'ਤੇ ਵੀ ਕੰਟਰੋਲ ਨਹੀਂ ਰਹਿੰਦਾ। ਸਭ ਕੁਝ ਮੇਰੇ ਸਾਹਮਣੇ ਹੋ ਰਿਹਾ ਹੁੰਦਾ ਹੈ, ਪਰ ਮੈਂ ਨੂੜਿਆਂ ਹੋਇਆਂ ਵਾਂਗ ਬੇਵਸ ਝਾਕਦਾ ਰਹਿੰਦਾ ਹਾਂ। ਉਸ ਵੇਲੇ ਮੈਂ ਨਾ ਤੁਰ ਸਕਦਾ ਹਾਂ, ਨਾ ਹੱਥ ਹਿਲਾ ਸਕਦਾ ਹਾਂ। ਇੱਥੋਂ ਤੀਕ ਕਿ ਸ਼ੀਸ਼ੀ ਚੁੱਕ ਕੇ ਦਵਾਈ ਵੀ ਨਹੀਂ ਲੈ ਸਕਦਾ। ਮੈਂ ਜੇਬ 'ਚੋਂ ਫੋਨ ਕੱਢ ਕੇ 911 ਵੀ ਡਾਇਲ ਨਹੀਂ ਕਰ ਸਕਦਾ। ਜੇ ਕੋਈ ਦੂਜਾ ਕਾਲ ਕਰ ਵੀ ਦੇਵੇ ਤਾਂ ਦਰਦ ਵੈਨ ਦੇ ਆਉਣ ਤੋਂ ਪਹਿਲਾਂ ਹੀ ਗਾਇਬ ਹੋਇਆ ਹੁੰਦਾ ਹੈ। ਦਰਦ ਜਾਣ ਮਗਰੋਂ ਮੈਨੂੰ ਬਹੁਤ ਕਮਜ਼ੋਰੀ ਆਈ ਹੁੰਦੀ ਹੈ। ਡਾਕਟਰ ਵੀ ਇਹੀ ਕੁਝ ਕਹਿੰਦੇ ਹਨ। ਇੰਨਾ ਸ਼ੁਕਰ ਮੈਨੂੰ ਇਸ ਕਹਿਰ ਦਾ ਪਹਿਲਾਂ ਪਤਾ ਲੱਗ ਜਾਂਦਾ ਹੈ। ਜੇ ਡਰਾਈਵ ਕਰ ਰਿਹਾ ਹੋਵਾਂ ਤਾਂ ਗੱਡੀ ਕਿਨਾਰੇ ਲਾ ਕੇ ਰੋਕ ਲੈਂਦਾ ਹਾਂ।"

ਉਸ ਦੇ ਕੇਸ ਨੂੰ ਕਈ ਪਾਸਿਆਂ ਤੋਂ ਵਿਚਾਰ ਕੇ ਮੇਰੇ ਦਿਮਾਗ ਵਿਚ ਘੱਟੋ ਘੱਟ ਦੋ ਹੋਮਿਓਪੈਥਿਕ ਦਵਾਈਆਂ ਆਈਆਂ, ਪਰ ਉਸ ਦੇ ਕੰਬਣ ਦੇ ਸਿੰਪਟਮ (ਲੱਛਣ) ਕਾਰਨ ਮੈਂ ਉਸ ਨੂੰ ਐਸਪਨ ਦੇਣ ਦਾ ਫੈਸਲਾ ਕੀਤਾ। ਐਸਪਨ ਫੁੱਲ ਦਾ ਦਰਖਤ ਹਮੇਸ਼ਾ ਕੰਬਦਾ ਰਹਿੰਦਾ ਹੈ ਤੇ ਇਹ ਇਸ ਦੀ ਹਸਤਾਖਰੀ ਪਛਾਣ ਹੈ। ਮੈਂ ਉਸ ਨੂੰ ਐਸਪਨ ਦੀਆਂ ਵੀਹ ਖੁਰਾਕਾਂ ਦੇ ਦਿੱਤੀਆਂ, ਜੋ ਉਸ ਨੇ ਪਹਿਲੇ ਦੋ ਦਿਨ ਸਵੇਰੇ ਸ਼ਾਮ ਲੈਣੀਆਂ ਸਨ ਤੇ ਬਾਅਦ ਵਿਚ ਦੌਰੇ ਆਸਾਰ ਉਤਪੰਨ ਹੋਣ ਵੇਲੇ। ਵੀਹ ਦਿਨਾਂ ਬਾਅਦ ਉਹ ਹੋਰ ਦਵਾਈ ਲੈਣ ਆਇਆ। ਉਸ ਨੇ ਦੱਸਿਆ ਕਿ ਇਹ ਦਵਾ ਸ਼ੁਰੂ ਕਰਨ ਤੋਂ ਬਾਅਦ ਉਸ ਨੂੰ ਕੋਈ ਦੌਰਾ ਨਹੀਂ ਆਇਆ ਤੇ ਉਹ ਇੰਨਾ ਚੰਗਾ ਮਹਿਸੂਸ ਕਰਦਾ ਰਿਹਾ, ਜਿੰਨਾ ਪਹਿਲਾਂ ਕਦੇ ਨਹੀਂ ਕੀਤਾ।

ਇਸੇ ਤਰ੍ਹਾਂ ਭਾਰਤ ਵਿਚ ਪਤੀ ਦੀ ਮੌਤ ਤੋਂ ਬਾਅਦ ਆਪਣੇ ਪੇਕੇ ਰਹਿੰਦੀ ਇਕ 32 ਸਾਲਾ ਕੁੜੀ ਨੂੰ ਢਾਈ ਸਾਲ ਤੋਂ ਦੌਰੇ ਪੈਂਦੇ ਸਨ। ਉਸ ਦੇ ਮਾਪੇ ਮੇਰੇ ਇੰਡੀਆ ਜਾਣ ਤੋਂ ਦੂਜੇ ਦਿਨ ਹੀ ਆ ਉਸ ਨੂੰ ਦੇਖਣ ਲਈ ਆਪਣੇ ਪਿੰਡ ਲੈ ਗਏ। ਲੜਕੀ ਨੂੰ ਮੇਰੇ ਸਾਹਮਣੇ ਲਿਆਂਦਾ ਗਿਆ, ਪਰ ਚਾਰ ਮਿੰਟ ਬਾਅਦ ਹੀ ਉਸ ਨੂੰ ਅਚਨਚੇਤ ਦੌਰਾ ਪੈ ਗਿਆ। ਮੈਂ ਖੁਦ ਦੇਖਿਆ ਕਿ ਉਹ ਕਿਸੇ ਡਰ ਕਾਰਨ ਬੋਲਦੀ ਬੋਲਦੀ ਰੁਕ ਗਈ ਤੇ ਉਸ ਦੇ ਹੱਥ ਪੈਰ ਕੰਬਣ ਲੱਗੇ। ਦੂਜੀਆਂ ਲੜਕੀਆਂ ਨੇ ਉਸ ਨੂੰ ਉਥੇ ਹੀ ਲਿਟਾ ਦਿਤਾ ਤੇ ਦੋ ਕੁ ਮਿੰਟਾਂ ਬਾਅਦ ਦੌਰਾ ਲੰਘ ਗਿਆ। ਉਸ ਮਾਯੂਸ ਜਿਹੀ ਬੈਠੀ ਨਾਲ ਮੈਂ ਇਕਾਂਤ ਵਿਚ ਗੱਲ ਕੀਤੀ। ਪੁੱਛਣ 'ਤੇ ਉਸ ਨੇ ਦੱਸਿਆ ਕਿ ਉਸ ਨੂੰ ਨਹੀਂ ਪਤਾ ਉਸ ਨੂੰ ਕੀ ਹੋ ਜਾਂਦਾ ਹੈ, ਪਰ ਉਸ ਦੇ ਪਤੀ ਦੀ ਮੌਤ ਦਾ ਉਸ ਨੂੰ ਡੂੰਘਾ ਸਦਮਾ ਹੈ। ਆਪਣੇ ਭਵਿੱਖ ਨੂੰ ਲੈ ਕੇ ਉਸ ਦੇ ਦਿਲ ਵਿਚ ਤਰ੍ਹਾਂ ਤਰ੍ਹਾਂ ਦੇ ਡਰ ਤੇ ਤੌਖਲੇ ਮੰਡਰਾਉਂਦੇ ਰਹਿੰਦੇ ਸਨ। ਮੈਂ ਉਸ ਨੂੰ ਹੋਮਿਓਪੈਥਿਕ ਇਗਨੇਸ਼ੀਆ 200 ਦੀ ਇਕ ਖੁਰਾਕ ਦੇ ਕੇ ਇਕ ਮਹੀਨਾ ਭਰ ਸਵੇਰੇ ਸ਼ਾਮ ਲੈਣ ਲਈ ਐਸਪਨ ਦਿੱਤੀ। ਮੇਰੀ ਜਾਣਕਾਰੀ ਮੁਤਾਬਿਕ ਪੂਰੇ ਚਾਰ ਸਾਲ ਲੰਘਿਆਂ ਵੀ ਉਸ ਨੂੰ ਕੋਈ ਦੌਰਾ ਨਹੀਂ ਪਿਆ। ਇਹ ਵਾਕ ਪੂਰਾ ਕਰਨ ਤੋਂ ਪਹਿਲਾਂ ਮੈਂ ਫਿਰ ਇੰਡੀਆ ਫੋਨ ਕਰ ਕੇ ਪਤਾ ਕੀਤਾ, ਮੇਰੀ ਜਾਣਕਾਰੀ ਸਹੀ ਨਿਕਲੀ। ਇਹ ਲੜਕੀ ਪਹਿਲਾਂ ਕਈ ਡਾਕਟਰਾਂ, ਹਕੀਮਾਂ ਤੇ ਸਿਆਣਿਆਂ ਦੇ ਇਲਾਜ ਤੋਂ ਬਿਨਾ ਦੋ ਵਾਰ ਵਡਭਾਗ ਸਿੰਘ ਦੇ ਡੇਰੇ ਵੀ ਜਾ ਆਈ ਸੀ।

ਇਹ ਕੋਈ ਗਲਪ ਜਾਂ ਕਵਿਤਾ ਨਹੀਂ ਹੈ ਤੇ ਨਾ ਹੀ ਕੋਈ ਪੰਜ ਨੁਕਾਤੀ ਪ੍ਰਸਤਾਵ ਦਾ ਪਲਾਟ, ਜਿਸ ਵਿਚ ਜੋ ਮਰਜ਼ੀ ਭਰ ਦਿਓ ਚਲ ਜਾਂਦਾ ਹੈ। ਇਹ ਅਤਿਅੰਤ ਹੀ ਉਪਯੋਗੀ ਫੁੱਲ ਐਸਪਨ ਦੀ ਮਨੁੱਖੀ ਮਨ ਨੂੰ ਨਿਰਮਲ ਕਰਨ ਦੀ ਸਮਰਥਾ ਦਾ ਬਿਆਨ ਹੈ, ਜੋ ਪਿਛਲੀ ਇਕ ਸਦੀ ਦੀ ਕਲਿਨਿਕਲ ਗਵਾਹੀ 'ਤੇ ਆਧਾਰਿਤ ਹੈ। ਇਸ ਵਿਚ ਕਿਸੇ ਤੁੱਕੇ-ਬਾਜੀ, ਸ਼ੱਕ-ਸੁਬਾਹ, ਅਤਿ-ਕਥਨੀ ਜਾਂ ਗਲਤ-ਬਿਆਨੀ ਦੀ ਕੋਈ ਗੁੰਜਾਇਸ਼ ਨਹੀਂ ਹੈ। ਕਿਸੇ ਓਹਲੇ ਦਾ ਵੀ ਇਸ ਵਿਚ ਕੋਈ ਸਵਾਲ ਨਹੀਂ, ਕਿਉਂਕਿ ਦਵਾਈ ਤੇ ਮਰੀਜ਼ ਦੋਹਾਂ ਵਿਚੋਂ ਕੋਈ ਵੀ ਦੂਰ ਤੇ ਦੁਰਲੱਭ ਨਹੀਂ। ਸਨਕੀ ਤੋਂ ਸਨਕੀ ਬੰਦਾ ਵੀ ਇਨ੍ਹਾਂ ਸਿੱਟਿਆਂ ਨੂੰ ਅਜਮਾ ਸਕਦਾ ਹੈ!

# ਅਕੀਰਾ ਦੀ ਫਿਲਮ 'ਰਾਸ਼ੋਮੋਨ': ਇੱਕ ਕਹਾਣੀ ਚਾਰ ਸੱਚ

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਅਕੀਰਾ ਕੁਰੋਸਾਵਾ ਦੀ ਫਿਲਮ 'ਰਾਸ਼ੋਮੋਨ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਨੇ ਸੰਸਾਰ ਲਈ ਜਪਾਨ ਦੀ ਇਕ ਵੱਖਰੀ ਖਿੜਕੀ ਖੋਲ੍ਹੀ ਅਤੇ ਦਰਸ਼ਕਾਂ ਨੂੰ ਅਚੰਭੇ ਵਿਚ ਪਾ ਦਿੱਤਾ। -ਸੰਪਾਦਕ*



ਜਪਾਨੀ ਫਿਲਮਸਾਜ਼ ਅਕੀਰਾ ਕੁਰੋਸੋਵਾ ਦੀ ਇਸ ਫਿਲਮ ਬਾਰੇ ਸੰਸਾਰ ਪੱਧਰ 'ਤੇ ਲਗਾਤਾਰ ਲਿਖਿਆ ਗਿਆ ਹੈ। ਇਸ ਫਿਲਮ ਨੂੰ ਫਿਲਮਾਂ ਦੇ ਇਤਿਹਾਸ ਨਾਲ ਸਬੰਧਿਤ ਅਦਾਰਿਆਂ ਅਤੇ ਸੰਸਥਾਵਾਂ ਨੇ ਵਾਰ-ਵਾਰ ਸਾਂਭਣ ਦੀ ਕੋਸ਼ਿਸ਼ ਕੀਤੀ ਹੈ। ਇਸ ਫਿਲਮ ਨੇ ਉਸ ਪੱਧਰ ਤੱਕ ਮਕਬੂਲੀਅਤ ਹਾਸਲ ਕੀਤੀ ਹੈ ਜਿੱਥੇ ਸੱਚ ਨਾਲ ਸਬੰਧਿਤ ਬਹਿਸਾਂ ਵਿਚ 'ਰਾਸ਼ੋਮੋਨ ਇਫੈਕਟ' ਦੀ ਵਰਤੋਂ ਦਲੀਲ ਵਾਂਗ ਕੀਤੀ ਜਾਂਦੀ ਹੈ ਅਤੇ ਸੰਸਾਰ ਦੇ ਸਾਰੇ ਵਧੀਆਂ ਫਿਲਮ ਸਕੂਲਾਂ ਵਿਚ ਇਹ ਫਿਲਮ ਸਬਕ ਦੇ ਤੌਰ 'ਤੇ ਪੜ੍ਹਾਈ ਜਾਂਦੀ ਹੈ। ਇਸ ਸਭ ਦੇ ਬਾਵਜੂਦ ਇਹ ਫਿਲਮ ਦੇਖਣੀ ਔਖੀ ਹੈ। ਫਿਲਮ ਮਨੁੱਖੀ ਦਿਮਾਗ ਤੇ ਸੱਚ ਦੀ ਧਾਰਨਾ ਵਿਚਲੇ ਦਵੰਦ ਦੇ ਇਰਦ-ਗਿਰਦ ਘੁੰਮਦੀ ਹੈ। ਫਿਲਮ ਅਜਿਹੇ ਚਾਰ ਕਿਰਦਾਰਾਂ ਦੀ ਆਪਬੀਤੀ ਦੇ ਆਸ-ਪਾਸ ਬੁਣੀ ਗਈ ਹੈ ਜਿਹੜੇ ਜੰਗਲ ਵਿਚ ਵਾਪਰੀ ਘਟਨਾ ਦਾ ਬਿਰਤਾਂਤ ਅਦਾਲਤ ਅੱਗੇ ਪੇਸ਼ ਕਰਦੇ ਹਨ ਪਰ ਉਨ੍ਹਾਂ ਚਾਰਾਂ ਦੀ ਕਹਾਣੀ ਇੱਕ-ਦੂਜੇ ਨਾਲੋਂ ਬਿਲਕੁੱਲ ਵੱਖਰੀ ਹੈ। ਹਰ ਕਿਰਦਾਰ ਦੀ ਕਹਾਣੀ ਪੂਰੀ ਤਰ੍ਹਾਂ ਸੱਚੀ ਭਾਸਦੀ ਹੋਣ ਦੇ ਬਾਵਜੂਦ ਬਿਲਕੁੱਲ ਝੂਠੀ ਹੈ। ਫਿਲਮ ਦੇ ਅੰਤ ਤੱਕ ਪਹੁੰਚਦਿਆਂ ਦਰਸ਼ਕ, ਅਦਾਲਤ ਅਤੇ ਖੁਦ ਗਵਾਹਾਂ ਨੂੰ ਇਹ ਨਿਖੇੜਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਆਖਿਰ ਵਿਚ ਘਟਨਾ ਵਾਪਰੀ ਕਿਵੇਂ ਸੀ?

ਇਸ ਫਿਲਮ ਦੀ ਪਟਕਥਾ ਅਤੇ ਖਾਸਾ ਫਿਓਦੋਰ ਦੋਸਤੋਵਸਕੀ ਦੇ ਸ਼ਾਹਕਾਰ ਨਾਵਲ 'ਜੁਰਮ ਤੇ ਸਜ਼ਾ' ਨਾਲ ਮਿਲਦਾ-ਜੁਲਦਾ ਹੈ। ਇਸ ਫਿਲਮ ਅਤੇ ਦੋਸਤੋਵਸਕੀ ਦੇ ਨਾਵਲ ਦਾ ਧੁਰਾ ਮਨੁੱਖੀ ਹੋਂਦ ਦੇ ਸਵਾਲਾਂ ਅਤੇ ਮਨੁੱਖੀ ਕਮਜ਼ੋਰੀਆਂ ਦੇ ਆਸ-ਪਾਸ ਘੁੰਮਦਾ ਹੈ। ਦੁਨੀਆ ਦੀਆਂ ਨਜ਼ਰਾਂ ਵਿਚ ਸਦਾ ਹੀ ਨੈਤਿਕ ਤੇ ਸੱਚਾ ਬਣੇ ਰਹਿਣ ਦਾ ਦਬਾਉ, ਸਾਰਿਆਂ ਨਾਲ ਹੀ ਚੰਗਿਆਈ ਕਰਨ ਦੀ ਗੈਰ-ਕੁਦਰਤੀ ਜ਼ਿੱਦ ਦਾ ਪ੍ਰਵਚਨ, ਝੂਠ ਦਾ ਤਿਲਸਮੀ ਸੰਸਾਰ, ਸੱਚ ਦੇ ਸਾਰੇ ਘੇਰਿਆਂ ਨੂੰ ਨਾ ਸਮਝ ਸਕਣ ਦੀ ਮਨੁੱਖੀ ਕਮੀ ਤੇ ਦੁਨੀਆਦਾਰੀ ਦੇ ਪੇਚਾਂ ਵਿਚ ਉਲਝੇ ਕਿਰਦਾਰਾਂ ਦਾ ਇਸ ਫਿਲਮ ਵਿਚ ਸਟੀਕ ਵਰਨਣ ਕੀਤਾ ਗਿਆ ਹੈ ਜਿਹੜੇ ਸੱਚ ਦੀ ਤਲਾਸ਼ ਵਿਚ ਹਨ ਪਰ ਖੁਦ ਹੀ ਝੂਠੇ ਹਨ।

ਫਿਲਮ ਦੀ ਕਹਾਣੀ ਅਨੁਸਾਰ ਜੰਗਲ ਵਿਚ ਬਲਾਤਕਾਰ ਅਤੇ ਕਤਲ ਦੀ ਘਟਨਾ ਵਾਪਰੀ ਹੈ। ਘੁੱਗ ਵੱਸਦੇ ਰਾਸ਼ੋਮਾਨ ਸ਼ਹਿਰ ਲਈ ਜਿਵੇਂ ਇਹ ਅਣਹੋਣੀ ਅਤੇ ਅਣਕਿਆਸੀ ਘਟਨਾ ਹੈ। ਸਭ ਕੁਝ ਅਣਮਿੱਥਿਆ ਅਤੇ ਅਣਮਿਣੇ ਮੀਂਹ ਵਾਂਗ ਵਰਸ ਰਿਹਾ ਹੈ ਜਿਸ ਤੋਂ ਸ਼ਹਿਰ ਦਾ ਹਰ ਬਾਸ਼ਿੰਦਾ ਬਚਣ ਦੀ ਕੋਸ਼ਿਸ਼ ਕਰ ਰਿਹਾ ਹੈ। ਘਟਨਾ ਵਾਪਰਨ ਦਾ ਸਮਾਂ ਅਤੇ ਸਪੇਸ ਇੰਨਾ ਅਸੁਭਾਵਿਕ ਤੇ ਅਣਪਛਾਤਾ ਹੈ ਕਿ ਜਿਨ੍ਹਾਂ ਨਾਲ ਘਟਨਾ ਵਾਪਰੀ ਹੈ, ਉਹ ਵੀ ਇਸ ਦੀ ਸਹੀ-ਸਹੀ ਤਸਦੀਕ ਕਰਨ ਵਿਚ ਅਸਮਰੱਥ ਹਨ। ਅਦਾਲਤ ਅਤੇ ਇਨਸਾਫ ਦਾ ਪਹੀਆ ਗਿੜਨ ਲਈ ਜ਼ਰੂਰੀ ਹੈ ਕਿ ਸੱਚ ਨੂੰ ਇਸ ਸਾਰੇ ਹਾਲਾਤ ਵਿਚੋਂ ਨਿਤਾਰਿਆ ਜਾਵੇ ਤਾਂ ਕਿ ਸਮਾਜ ਆਪਣੀ ਨੈਤਕਿਤਾ ਅਤੇ ਸੱਚੇ ਹੋਣ 'ਤੇ ਮੁਹਰ ਲਾ ਕੇ ਤਸੱਲੀ ਨਾਲ ਜੀਅ ਸਕੇ ਪਰ ਇਸ ਵਾਰ ਸਮਾਜ ਅੱਗੇ ਪੇਚੀਦਾ ਹਾਲਤ ਦਰਪੇਸ਼ ਹੈ। ਸੱਚ ਅੱਖਾਂ ਦੇ ਸਾਹਮਣੇ ਹੈ ਪਰ ਜਿਉਂ ਹੀ ਇਸ ਨੂੰ ਸ਼ਬਦਾਂ ਵਿਚ ਬਿਆਨ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਂਦੀ ਹੈ, ਹਰ ਅਗਲਾ ਕਿਰਦਾਰ ਝੂਠ ਬੋਲਦਾ ਜਾਪਦਾ ਹੈ। ਹਰ ਕੋਈ ਨਿਰਦੋਸ਼ ਸਾਬਿਤ ਹੁੰਦਾ ਹੈ ਪਰ ਕਤਲ ਅਤੇ ਬਲਾਤਕਾਰ ਤਾਂ ਵਾਪਰਿਆ ਹੈ। ਇਸ ਫਿਲਮ ਰਾਹੀਂ ਅਕੀਰਾ ਮਨੁੱਖੀ ਸਮਾਜਾਂ ਵਿਚ ਸੱਚ-ਝੂਠ, ਨੈਤਿਕ-ਅਨੈਤਿਕ, ਇਨਸਾਫ-ਬੇਇਨਸਾਫੀ ਤੇ ਕਹਾਣੀ ਦੇ ਆਦਿ-ਅੰਤ ਬਾਰੇ ਕਈ ਗੁੰਝਲਦਾਰ ਸਵਾਲ ਖੜ੍ਹਾ ਕਰਦਾ ਹੈ। ਅੰਤ ਵਿਚ ਉਹ ਦਰਸ਼ਕਾਂ ਨੂੰ ਹੀ ਸੱਚ ਦਾ ਨਿਤਾਰਾ ਕਰਨ ਲਈ ਆਖਦਾ ਹੈ।

ਇਸ ਫਿਲਮ ਦੀ ਕਹਾਣੀ ਬਾਰੇ ਇੱਕ ਦਿਲਚਸਪ ਕਿੱਸਾ ਮੌਜੂਦ ਹੈ। ਜਦੋਂ ਅਕੀਰਾ ਕੁਰੋਸਾਵਾ ਨੇ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ ਤਾਂ ਉਸ ਦੇ ਤਿੰਨ ਸਹਾਇਕ ਨਿਰਦੇਸ਼ਕਾਂ ਨੇ ਉਸ ਕੋਲ ਆ ਕੇ ਕਿਹਾ ਕਿ ਉਨ੍ਹਾਂ ਨੂੰ ਇਸ ਫਿਲਮ ਦੀ ਕਹਾਣੀ ਦੀ ਕੋਈ ਸਮਝ ਨਹੀਂ ਆ ਰਹੀ। ਕਈ ਸਾਲਾਂ ਬਾਅਦ ਆਪਣੀ ਆਤਮ-ਕਥਾ ਵਿਚ ਅਕੀਰਾ ਨੇ ਇਸ ਦਾ ਜਵਾਬ ਲਿਖਿਆ। ਇਸ ਕਹਾਣੀ ਵਿਚ ਇੱਕੋ ਘਟਨਾ ਦੇ ਚਾਰ ਵੱਖ-ਵੱਖ ਰੂਪ ਸਨ ਤੇ ਉਨ੍ਹਾਂ ਦਾ ਆਪਸੀ ਸਬੰਧ ਕਿਤੇ ਨਹੀਂ ਸੀ ਬਣ ਰਿਹਾ। ਇੱਕ ਅਜੀਬ ਕਿਸਮ ਦੀ ਉਲਝਣ ਅਤੇ ਬੇਚੈਨੀ ਵਿਚ ਇਸ ਫਿਲਮ ਦੀ ਸ਼ੂਟਿੰਗ ਚੱਲਦੀ ਰਹੀ। ਜਦੋਂ ਇਹ ਫਿਲਮ ਬਣ ਕੇ ਤਿਆਰ ਹੋ ਗਈ ਤਾਂ ਇਸ ਦੇ ਨਿਰਮਾਤਾ ਅਤੇ ਸਟੂਡੀਓ ਦੇ ਮਾਲਕ ਨੇ ਅਕੀਰਾ ਨੂੰ ਉਨ੍ਹਾਂ ਦੇ ਨਾਮ ਫਿਲਮ ਵਿਚ ਹਟਾਉਣ ਲਈ ਕਹਿ ਦਿੱਤਾ। ਫਿਰ ਫਿਲਮ ਨੇ ਵੀਨਸ ਫਿਲਮ ਫੈਸਟੀਵੈਲ ਵਿਚ ਗੋਲਡਨ ਲਾਇਨ ਜਿੱਤ ਲਿਆ। ਕੁਝ ਹੀ ਦਿਨਾਂ ਬਾਅਦ ਫਿਲਮ ਨੇ ਵਿਦੇਸ਼ੀ ਫਿਲਮਾਂ ਦੀ ਸ਼੍ਰੇਣੀ ਵਿਚ ਆਸਕਰ ਆਪਣੀ ਝੋਲੀ ਵਿਚ ਪੁਆ ਲਿਆ। ਹੁਣ ਜਾਪਾਨੀ ਸਮਾਜ ਅਤੇ ਸਟੇਟ ਲਈ ਇਹ ਜ਼ਰੂਰੀ ਹੋ ਗਿਆ ਕਿ ਉਹ ਇਸ ਫਿਲਮ ਨੂੰ ਸੰਜੀਦਗੀ ਨਾਲ ਲੈਣ। ਇਸ ਫਿਲਮ ਨੇ ਪਹਿਲੀ ਵਾਰ ਪੱਛਮੀ ਦਰਸ਼ਕਾਂ ਲਈ ਜਾਪਾਨੀ ਸਮਾਜ ਵੱਲ ਨਵੀਂ ਖਿੜਕੀ ਖੋਲ੍ਹ ਦਿੱਤੀ ਜਿਸ ਨਾਲ ਨਾ ਸਿਰਫ ਜਪਾਨ ਵਿਚ ਫਿਲਮਾਂ ਬਣਾਉਣ ਦੇ ਕੰਮ ਵਿਚ ਇਜ਼ਾਫਾ ਹੋਇਆ ਬਲਕਿ ਫਿਲਮਾਂ ਦੀ ਗੁਣਵੱਤਾ ਵਿਚ ਵੀ ਸੁਧਾਰ ਆਉਣਾ ਸ਼ੁਰੂ ਹੋ ਗਿਆ।





ਫਿਲਮ 'ਰਾਸ਼ੋਮੋਨ' ਦਾ ਪੋਸਟਰ

ਇਸ ਫਿਲਮ ਦੀ ਸਫਲਤਾ ਕਈ ਪੱਖਾਂ ਤੋਂ ਨਕਾਰਾਤਮਿਕ ਵੀ ਰਹੀ। ਜਪਾਨ ਅਤੇ ਪੱਛਮੀ ਕਲਾ ਸੰਸਾਰ ਨੇ ਅਜਿਹੀ ਕੋਈ ਕਥਾ ਪਹਿਲਾ ਸੁਣੀ ਹੀ ਨਹੀਂ ਸੀ। ਇਸ ਫਿਲਮ ਵਿਚ ਪਹਿਲੀ ਵਾਰ ਫਲੈਸ਼-ਬੈਕ ਤਕਨੀਕ ਦੀ ਵਰਤੋਂ ਵੱਖ-ਵੱਖ ਕਿਰਦਾਰਾਂ ਦੇ ਨਜ਼ਰੀਏ ਤੋਂ ਕਹਾਣੀ ਸੁਣਾਉਣ ਲਈ ਵਰਤੀ ਗਈ ਹੈ। ਫਿਲਮ ਬਣਾਉਣ ਪਿੱਛੇ ਕੰਮ ਕਰਦੀ ਸੋਚ ਨੂੰ ਪ੍ਰਗਟ ਕਰਦਿਆਂ ਆਪਣੇ ਅੰਤਲੇ ਦਿਨਾਂ ਵਿਚ ਅਕੀਰਾ ਨੇ ਆਪਣੀ ਆਤਮ-ਕਥਾ ਵਿਚ ਲਿਖਿਆ, "ਮਨੁੱਖ ਆਪਣੇ ਆਪ ਨਾਲ, ਆਪਣੇ ਆਪ ਬਾਰੇ ਵੀ ਇਮਾਨਦਾਰ ਨਹੀਂ ਹੋ ਸਕਦਾ। ਉਹ ਖੁਦ ਬਾਰੇ ਹਰ ਚੀਜ਼ ਅਤੇ ਪਹਿਲੂ ਨੂੰ ਵਧਾ-ਚੜ੍ਹਾ ਕੇ ਦੱਸਣ ਦਾ ਆਦੀ ਹੈ। ਆਪਣੇ ਬਾਰੇ ਉਹ ਲੱਗਭੱਗ ਹਰ ਸਮੇਂ ਹੀ ਸ਼ਬਦੀ ਜਾਲ ਬੁਣਨ ਤੇ ਹੇਰ-ਫੇਰ ਵਿਚ ਉਲਝੇ ਨਜ਼ਰ ਆਉਂਦੇ ਹਨ।"

ਫਿਲਮ ਦੇਖਦਿਆਂ ਸਭ ਤੋਂ ਕਸੂਤੀ ਹਾਲਤ ਵਿਚ ਦਰਸ਼ਕ ਫਸਦੇ ਹਨ। ਦਰਸ਼ਕ ਚਾਰ ਕਿਰਦਾਰਾਂ ਦੇ ਮੂੰਹੋਂ ਅਤੇ ਕੈਮਰੇ ਦੀ ਅੱਖ ਰਾਹੀ ਇੱਕ ਕਹਾਣੀ ਨੂੰ ਚਾਰ ਤਰ੍ਹਾਂ ਨਾਲ ਦੇਖਦਾ ਅਤੇ ਸੁਣਦਾ ਹੈ। ਉਹ ਸੱਚ ਦਾ ਨਿਤਾਰਾ ਕਿਵੇਂ ਕਰੇ? ਆਪਣੀਆਂ ਪਹਿਲਾਂ ਦੇਖੀਆਂ ਫਿਲਮਾਂ ਅਤੇ ਸੁਣੀਆਂ ਕਹਾਣੀਆਂ ਦੇ ਆਧਾਰ 'ਤੇ ਉਸ ਨੂੰ ਵਹਿਮ ਹੋ ਜਾਂਦਾ ਹੈ ਕਿ ਅੰਤ ਤੱਕ ਪੁੱਜਦੇ-ਪੁੱਜਦੇ ਕਹਾਣੀ ਵਿਚ ਸੱਚ ਖੁਦ-ਬ-ਖੁਦ ਪ੍ਰਗਟ ਹੋ ਜਾਵੇਗਾ ਪਰ ਅਜਿਹਾ ਨਹੀਂ ਹੁੰਦਾ ਸਗੋਂ ਫਿਲਮ ਦੇ ਅੰਤ ਤੱਕ ਪਹੁੰਚਦਿਆਂ ਮਨੁੱਖ ਅਤੇ ਰੱਬ ਦੀ ਚੰਗਿਆਈ 'ਤੇ ਵਿਸ਼ਵਾਸ ਕਰਨ ਵਾਲੇ ਇੱਕੋ-ਇੱਕ ਕਿਰਦਾਰ ਪ੍ਰੋਹਿਤ ਦਾ ਯਕੀਨ ਵੀ ਤਿੜਕ ਜਾਂਦਾ ਹੈ। ਦਰਸ਼ਕ ਨੂੰ ਫਿਲਮ ਦਾ ਅੰਤ ਦੇਖਦਿਆਂ ਇਹ ਵੀ ਸ਼ੱਕ ਹੋ ਸਕਦਾ ਹੈ ਕਿ ਹੋ ਸਕਦਾ ਹੈ, ਫਿਲਮ ਵਿਚ ਕੋਈ ਘਟਨਾ ਵਾਪਰੀ ਹੀ ਨਾ ਹੋਵੇ ਤੇ ਸਾਰੀਆਂ ਕਹਾਣੀਆਂ ਕਿਰਦਾਰਾਂ ਨੇ ਹੀ ਘੜੀਆਂ ਹੋਣ।

ਬਹਰਹਾਲ, ਇੱਥੇ ਫਿਲਮ ਦੀ ਕਹਾਣੀ ਬਾਰੇ ਗੱਲ ਕਰਨਾ ਜ਼ਰੂਰੀ ਹੈ। ਫਿਲਮ ਦੀ ਕਹਾਣੀ ਅਨੁਸਾਰ ਕਿਸੇ ਜੰਗਲ ਵਿਚ ਇੱਕ ਯੋਧਾ ਆਪਣੀ ਪਤਨੀ ਸਮੇਤ ਜਾ ਰਿਹਾ ਹੈ ਕਿ ਉਸ ਦਾ ਮੁਕਾਬਲਾ ਖਤਰਨਾਕ ਡਾਕੂ ਨਾਲ ਹੋ ਜਾਂਦਾ ਹੈ ਜਿਸ ਦੌਰਾਨ ਕਤਲ ਅਤੇ ਬਲਾਤਕਾਰ ਦੀ ਘਟਨਾ ਵਾਪਰ ਜਾਂਦੀ ਹੈ। ਇਸ ਘਟਨਾ ਤੋਂ ਕਈ ਦਿਨਾਂ ਬਾਅਦ ਇੱਕ ਸਰਾਂ ਵਿਚ ਲੱਕੜਹਾਰਾ, ਪ੍ਰੋਹਿਤ ਅਤੇ ਕੋਈ ਆਮ ਨਾਗਰਿਕ ਇਸ ਘਟਨਾ ਬਾਰੇ ਚਰਚਾ ਕਰ ਰਹੇ ਹਨ। ਉਨ੍ਹਾਂ ਨੇ ਅਦਾਲਤ ਵਿਚ ਇਸ ਘਟਨਾ ਦੀ ਸੁਣਵਾਈ ਦੇਖੀ ਹੈ। ਸਭ ਤੋਂ ਪਹਿਲਾਂ ਅਦਾਲਤ ਵਿਚ ਕਤਲ ਦੇ ਇਲਜ਼ਾਮ ਹੇਠ ਰੱਸੀਆਂ ਵਿਚ ਨੂੜਿਆਂ ਉਹ ਡਾਕੂ ਕਹਾਣੀ ਸੁਣਾਉਂਦਾ ਹੈ ਕਿ ਉਸ ਨੇ ਉਸ ਯੋਧੇ ਨੂੰ ਵਧੀਆ ਤਲਵਾਰਾਂ ਦਾ ਲਾਲਚ ਦੇ ਕੇ ਵਰਗਲਾ ਲਿਆ ਜਿਸ ਦੌਰਾਨ ਉਸ ਦੀ ਪਤਨੀ ਉਸ ਉਤੇ ਮੋਹਿਤ ਹੋ ਗਈ। ਉਸ ਨੇ ਬਲਾਤਕਾਰ ਨਹੀਂ ਕੀਤਾ ਸਗੋਂ ਸਾਰਾ ਕੁਝ ਉਸ ਔਰਤ ਦੀ ਮਰਜ਼ੀ ਨਾਲ ਵਾਪਰਿਆ। ਉਸ ਅਨੁਸਾਰ, ਉਸ ਔਰਤ ਨੇ ਹੀ ਉਸ ਨੂੰ ਆਪਣੇ ਪਤੀ ਨੂੰ ਮਾਰਨ ਲਈ ਕਿਹਾ ਤਾਂ ਕਿ ਉਹ ਆਤਮ-ਗਿਲਾਨੀ ਤੋਂ ਬਚ ਸਕੇ। ਇਸ ਤੋਂ ਬਾਅਦ ਉਹ ਔਰਤ ਉਥੋਂ ਦੌੜ ਗਈ। ਇਸ ਤੋਂ ਬਾਅਦ ਜੋ ਹੋਇਆ, ਉਹ ਉਸ ਨੂੰ ਚੰਗੀ ਤਰ੍ਹਾਂ ਯਾਦ ਨਹੀਂ ਰਿਹਾ।

ਦੂਜੀ ਗਵਾਹੀ ਉਸ ਔਰਤ ਦੀ ਹੈ ਜਿਸ ਵਿਚ ਉਹ ਦੱਸਦੀ ਹੈ ਕਿ ਕਿਵੇਂ ਉਸ ਡਾਕੂ ਨੇ ਉਸ ਨਾਲ ਖੰਜਰ ਦੀ ਨੋਕ 'ਤੇ ਬਲਾਤਕਾਰ ਕੀਤਾ ਅਤੇ ਉਸ ਤੋਂ ਬਾਅਦ ਉਸ ਦੇ ਪਤੀ ਨੇ ਉਸ ਨਾਲ ਨਫਰਤ ਕਰਨੀ ਸ਼ੁਰੂ ਕਰ ਦਿੱਤੀ। ਇਹ ਸਾਰਾ ਕੁਝ ਇੰਨੀ ਤੇਜ਼ੀ ਨਾਲ ਹੋਇਆ ਕਿ ਉਹ ਸਦਮੇ ਨਾਲ ਬੇਹੋਸ਼ ਹੋ ਗਈ ਅਤੇ ਹੋਸ਼ ਆਉਣ 'ਤੇ ਉਸ ਨੇ ਪਤੀ ਨੂੰ ਮਰਿਆ ਹੋਇਆ ਦੇਖਿਆ। ਤੀਜੀ ਕਹਾਣੀ ਉਸ ਦੇ ਮਰੇ ਪਤੀ ਦੀ ਕਹਾਣੀ ਆਤਮਾਵਾਂ ਨਾਲ ਗੱਲ ਕਰਨ ਵਾਲੇ ਜੋਤਸ਼ੀ ਦੇ ਮੂੰਹੋਂ ਸੁਣਨ ਨੂੰ ਮਿਲਦੀ ਹੈ ਜੋ ਦੱਸਦਾ ਹੈ ਕਿ ਕਿਵੇਂ ਜਦੋਂ ਡਾਕੂ ਨੇ ਉਸ ਨੂੰ ਦਰਖੱਤ ਨਾਲ ਨੂੜ ਕੇ ਉਸ ਦੀ ਪਤਨੀ ਨਾਲ ਜ਼ਬਰਦਸਤੀ ਕੀਤੀ ਤਾਂ ਪਤਨੀ ਨੇ ਉਸ ਨੂੰ ਵੀ ਗੁੱਸੇ ਵਿਚ ਤਿਆਗ ਦਿੱਤਾ ਅਤੇ ਉਸ ਡਾਕੂ ਨਾਲ ਜਾਣ ਲਈ ਤਿਆਰ ਹੋ ਗਈ। ਉਸ ਨੇ ਡਾਕੂ ਨੂੰ ਉਸ (ਯੋਧੇ) ਨੂੰ ਮਾਰ ਦੇਣ ਲਈ ਵੀ ਕਿਹਾ ਤਾਂ ਕਿ ਸਮਾਜ ਵਿਚ ਉਸ ਨੂੰ ਨਮੋਸ਼ੀ ਨਾ ਹੋਵੇ। ਡਾਕੂ ਉਸ ਨੂੰ ਪਤਨੀ ਨੂੰ ਮੁਆਫ ਕਰਨ ਲਈ ਆਖਦਾ ਹੈ ਅਤੇ ਉਸ ਦੀ ਪਤਨੀ ਨਾਲ ਉੱਥੋਂ ਦੌੜ ਜਾਂਦਾ ਹੈ। ਉਸ ਯੋਧੇ ਅਨੁਸਾਰ, ਇਸ ਅਚਾਨਕ ਘਟਨਾ ਨੇ ਉਸ ਨੂੰ ਸੁੰਨ ਕਰ ਦਿੱਤਾ ਤੇ ਉਸ ਨੇ ਖੰਜਰ ਮਾਰ ਕੇ ਖੁਦਕੁਸ਼ੀ ਕਰ ਲਈ।

ਆਖਰੀ ਕਹਾਣੀ ਵਿਚ ਲੱਕੜਹਾਰਾ ਦੱਸਦਾ ਹੈ ਕਿ ਇਹ ਸਾਰੀਆਂ ਕਹਾਣੀਆਂ ਝੂਠੀਆਂ ਹਨ। ਉਸ ਅਨੁਸਾਰ ਅਸਲ ਵਿਚ ਸਾਰਾ ਕਸੂਰ ਉਸ ਔਰਤ ਦਾ ਹੈ। ਉਸ ਨੇ ਹੀ ਪਹਿਲਾਂ ਉਸ ਡਾਕੂ ਨੂੰ ਉਕਸਾਇਆ ਅਤੇ ਬਾਅਦ ਵਿਚ ਦੋਵਾਂ ਨੂੰ ਲੜਨ ਲਈ ਮਜਬੂਰ ਕਰ ਦਿੱਤਾ। ਜਦੋਂ ਡਾਕੂ ਨੇ ਉਸ ਦੇ ਪਤੀ ਨੂੰ ਤਲਵਾਰ ਨਾਲ ਕਤਲ ਕਰ ਦਿੱਤਾ ਤਾਂ ਉਹ ਔਰਤ ਉੱਥੋਂ ਭੱਜ ਗਈ। ਇਸ ਨਾਲ ਅਦਾਲਤ ਵਿਚ ਮੌਜੂਦ ਸਾਰੇ ਲੋਕ ਹੈਰਾਨ-ਪ੍ਰੇਸ਼ਾਨ ਹੋ ਜਾਂਦੇ ਹਨ। ਕਹਾਣੀ ਦਾ ਸਥਾਨ ਹੁਣ ਸਰਾਂ ਬਣਦੀ ਹੈ ਜਿੱਥੇ ਛੋਟਾ ਬੱਚਾ ਰੋ ਰਿਹਾ ਹੈ। ਲੱਕੜਹਾਰਾ ਉੱਥੇ ਮੌਜੂਦ ਆਮ ਨਾਗਰਿਕ 'ਤੇ ਇਲਜ਼ਾਮ ਲਗਾਉਂਦਾ ਹੈ ਕਿ ਉਸ ਨੇ ਬੱਚੇ ਦਾ ਸਾਮਾਨ ਚੋਰੀ ਕਰ ਲਿਆ ਹੈ। ਆਮ ਨਾਗਰਿਕ ਉਸ ਨੂੰ ਤਾਹਨਾ ਦਿੰਦਿਆਂ ਆਖਦਾ ਹੈ ਕਿ ਮੈਂ ਤੇਰੀ ਵਾਂਗ ਝੂਠਾ ਨਹੀਂ ਕਿ ਮਹਿੰਗੇ ਖੰਜਰ ਦੀ ਖਾਤਿਰ ਅਦਾਲਤ ਵਿਚ ਝੂਠੀ ਕਹਾਣੀ ਸੁਣਾਵਾਂ। ਇਹ ਗੱਲ ਸੁਣ ਕੇ ਪ੍ਰੋਹਿਤ ਸੁੰਨ ਹੋ ਜਾਂਦਾ ਹੈ। ਉਹ ਕਿਸ 'ਤੇ ਵਿਸ਼ਵਾਸ ਕਰੇ ਅਤੇ ਕਿਸ ਤੇ ਨਾ ਕਰੇ? ਲੱਕੜਹਾਰਾ ਉਸ ਨੂੰ ਆਖਦਾ ਹੈ ਕਿ ਉਹ ਉਸ ਬੱਚੇ ਨੂੰ ਪਾਲਣ ਲਈ ਉਸ ਦੀ ਝੋਲੀ ਪਾ ਦੇਵੇ, ਉਹ ਉਸ ਦੀ ਵਧੀਆ ਸੰਭਾਲ ਕਰੇਗਾ।

ਕੀ ਪ੍ਰੋਹਿਤ ਨੂੰ ਦੁਬਾਰਾ ਉਸ 'ਤੇ ਭਰੋਸਾ ਕਰਨਾ ਚਾਹੀਦਾ ਹੈ? ਅਕੀਰਾ ਇਹ ਸਵਾਲ ਦਰਸ਼ਕਾਂ ਲਈ ਖੁੱਲ੍ਹਾ ਛੱਡ ਦਿੰਦਾ ਹੈ ਅਤੇ ਇਸ ਦੇ ਨਾਲ ਹੀ ਫਿਲਮ ਖਤਮ ਹੋ ਜਾਂਦੀ ਹੈ।

ਇਸ ਫਿਲਮ ਦਾ ਪਹਿਲਾ ਡਾਇਲਾਗ ਹੈ: "ਮੈਨੂੰ ਕੁਝ ਸਮਝ ਨਹੀਂ ਲੱਗ ਰਿਹਾ"। ਇਹੀ ਇਸ ਫਿਲਮ ਦੀ ਆਖਰੀ ਸਤਰ ਵੀ ਹੈ।







ਜਪਾਨੀ ਫਿਲਮਸਾਜ਼ ਅਕੀਰਾ ਕੁਰੋਸੋਵਾ ਦੀ ਮਸ਼ਹੂਰ ਫਿਲਮ 'ਰਾਸ਼ੋਮੋਨ' ਦੇ ਤਿੰਨ ਵੱਖ-ਵੱਖ ਦ੍ਰਿਸ਼।

Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ






ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA

IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com